ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 21 | Issue 135| 7 to 13 August , 2024 | Ph.: (510) 240-5949 | Email: asrtimes@gmail.com

# ਬੰਗਲਾਦੇਸ਼ 'ਚ ਸ਼ੇਖ ਹਸੀਨਾ ਸਰਕਾਰ ਦਾ ਤਖ਼ਤਾ ਪਲਟ

## ➢ ਮੁਹੰਮਦ ਯੂਨਸ ਬਣੇ ਅੰਤਰਿਮ ਸਰਕਾਰ ਦੇ ਮੁਖੀ ➢ ਸ਼ੇਖ ਹਸੀਨਾ ਨੇ ਲਈ ਭਾਰਤ ਵਿੱਚ ਸ਼ਰਨ

ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੇ ਅਸਤੀਫ਼ੇ ਤੇ ਦੇਸ਼ ਛੱਡ ਕੇ ਭੱਜਣ ਤੋਂ ਇੱਕ ਦਿਨ ਮਗਰੋਂ ਬੰਗਲਾਦੇਸ਼ ਦੇ ਰਾਸ਼ਟਰਪਤੀ ਮੁਹੰਮਦ ਸ਼ਹਾਬੂਦੀਨ ਨੇ ਸੰਸਦ ਭੰਗ ਕਰ ਦਿੱਤੀ ਹੈ। ਇਸ ਦੌਰਾਨ ਨੋਬੇਲ ਪੁਰਸਕਾਰ ਜੇਤੂ ਮੁਹੰਮਦ ਯੂਨਸ (84) ਨੂੰ ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਦਾ ਮੁਖੀ ਥਾਪ ਦਿੱਤਾ ਗਿਆ ਹੈ। ਉਨ੍ਹਾਂ ਨੂੰ ਪ੍ਰਧਾਨ ਮੰਤਰੀ ਅਹੁਦੇ ਦੀਆਂ ਤਾਕਤਾਂ ਹਾਸਲ ਹੋਣਗੀਆਂ। ਰਾਸ਼ਟਰਪਤੀ ਨੇ ਤਿੰਨਾਂ ਸੈਨਾਵਾਂ ਦੇ ਮੁਖੀਆਂ, ਸਿਆਸੀ ਪਾਰਟੀਆਂ ਦੇ ਆਗੂਆਂ, ਸਿਵਲ ਸੁਸਾਇਟੀ ਦੇ ਨੁਮਾਇੰਦਿਆਂ ਤੇ ਐਂਟੀ-ਡਿਸਕ੍ਰਿਮੀਨੇਸ਼ਨ ਸਟੂਡੈਂਟ ਮੂਵਮੈਂਟ ਦੇ ਨੇਤਾਵਾਂ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਹੀ ਯੂਨਸ ਨੂੰ ਅੰਤਰਿਮ ਸਰਕਾਰ ਦਾ ਮੁਖੀ ਨਿਯੁਕਤ ਕਰਨ ਦਾ ਫੈਸਲਾ ਲਿਆ।

ਯਾਦ ਰਹੇ ਕਿ ਬੀਤੇ ਦਿਨੀਂ ਸਰਕਾਰ ਖ਼ਿਲਾਫ਼ ਵੱਡੇ ਪੱਧਰ 'ਤੇ ਹੋ ਰਹੇ ਰੋਸ ਪ੍ਰਦਰਸ਼ਨਾਂ ਨੇ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਅਹੁਦਾ ਛੱਡਣ ਲਈ ਮਜਬੂਰ ਕਰ ਦਿੱਤਾ। ਪਿਛਲੇ ਤਿੰਨ ਹਫ਼ਤਿਆਂ ਦੌਰਾਨ ਹੋਈ ਵਿਆਪਕ ਹਿੰਸਾ 'ਚ 500 ਤੋਂ ਉਪਰ ਲੋਕਾਂ ਦੀ ਮੌਤ ਮਗਰੋਂ ਫੈਲੇ ਰੋਹ ਦੌਰਾਨ ਪ੍ਰਧਾਨ ਮੰਤਰੀ ਨੂੰ ਦੇਸ਼ ਛੱਡ ਕੇ ਭਾਰਤ ਦੌੜਨਾ ਪਿਆ ਸੀ। ਭਾਰਤ ਦੇ ਕੌਮੀ ਸੁਰੱਖਿਆ ਸਲਾਹਕਾਰ (ਐੱਨਐੱਸਏ) ਅਜੀਤ ਡੋਵਾਲ ਨੇ ਸ਼ੇਖ ਹਸੀਨਾ ਦਾ ਭਾਰਤ ਪੁਜਣ ਉਪਰ ਸਵਾਗਤ ਕੀਤਾ ਸੀ।

ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਸਰਬ ਪਾਰਟੀ ਮੀਟਿੰਗ ਵਿੱਚ ਦਸਿਆ ਕਿ ਭਾਰਤ ਨੇ ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ ਹੈ ਅਤੇ ਭਵਿੱਖ ਦੀ ਰਣਨੀਤੀ ਤੈਅ ਕਰਨ ਲਈ ਉਨ੍ਹਾਂ ਨੂੰ ਸਮਾਂ ਦਿੱਤਾ ਹੈ।

ਬੰਗਲਾਦੇਸ਼ ਵਿੱਚ ਫੌਜ ਨੂੰ ਵੀ ਇਹ ਹਾਲਾਤ ਸੰਭਾਲਣੇ ਔਖੇ ਹੋਏ ਪਏ ਹਨ। ਇਸ ਨਾਟਕੀ ਘਟਨਾਕ੍ਰਮ ਨੇ ਦੇਸ਼ ਨੂੰ ਗਹਿਰੀ ਅਰਾਜਕਤਾ ਤੇ ਅਨਿਸ਼ਚਿਤਤਾ ਵੱਲ ਧੱਕ ਦਿੱਤਾ ਹੈ। ਬੰਗਲਾਦੇਸ਼



ਵਿੱਚ ਹਿੰਦੂ ਭਾਈਚਾਰਾ ਹਿੰਸਕ ਗਰੋਹਾਂ ਦਾ ਨਿਸ਼ਾਨਾ ਹਨ। ਚਸ਼ਮਦੀਦਾਂ ਅਨੁਸਾਰ ਬੰਗਲਾਦੇਸ਼ ਦੀ ਰਾਜਧਾਨੀ ਢਾਕਾ ਵਿੱਚ ਬੇਕਾਬੂ ਭੀੜ ਨੇ ਇੱਕ ਭਾਰਤੀ ਸੱਭਿਆਚਾਰਕ ਕੇਂਦਰ ਦੀ ਭੰਨ-ਤੋੜ ਕੀਤੀ ਤੇ ਦੇਸ਼ ਭਰ 'ਚ 4 ਹਿੰਦੂ ਮੰਦਰਾਂ ਨੂੰ 'ਮਾਮੂਲੀ' ਨੁਕਸਾਨ ਪਹੁੰਚਾਇਆ। ਇਸ ਤਣਾਅਪੂਰਨ ਸਥਿਤੀ ਦੇ ਮੱਦੇਨਜ਼ਰ ਹਿੰਦੂ ਭਾਈਚਾਰੇ ਦੇ ਲੋਕ ਡਰੇ ਹੋਏ ਹਨ। ਚਸ਼ਮਦੀਦਾਂ ਅਨੁਸਾਰ ਬੇਕਾਬੂ ਭੀੜ ਨੇ ਧਾਨਮੰਡੀ ਖੇਤਰ 'ਚ ਸਥਿਤ ਇੰਦਰਾ ਗਾਂਧੀ ਸੱਭਿਆਚਾਰਕ ਕੇਂਦਰ ਨੂੰ ਨੁਕਸਾਨ ਪਹੁੰਚਾਇਆ। ਢਾਕਾ ਦੇ ਧਾਨਮੰਡੀ ਇਲਾਕੇ 'ਚ ਸਥਿਤ ਇੰਦਰਾ ਗਾਂਧੀ ਕਲਚਰਲ ਸੈਂਟਰ (ਆਈ.ਜੀ.ਸੀ.ਸੀ.) ਤੇ ਬੰਗਬੰਧੂ ਮੈਮੋਰੀਅਲ ਮਿਊਜ਼ੀਅਮ ਨੂੰ ਬੇਕਾਬੂ ਭੀੜ ਨੇ ਨੁਕਸਾਨ ਪਹੁੰਚਾਇਆ ਹੈ।

ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਕਿਹਾ ਕਿ ਬੰਗਲਾਦੇਸ਼ ਵਿੱਚ ਮੰਦਰਾਂ, ਹਿੰਦੂਆਂ ਦੇ ਘਰਾਂ ਅਤੇ ਸੰਸਥਾਨਾਂ 'ਤੇ ਹਮਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਬੰਗਲਾਦੇਸ਼ 'ਚ ਲੋਕ ਸੜਕਾਂ 'ਤੇ ਹਨ, ਪਰ ਸਥਿਤੀ ਇੰਨੀ ਖ਼ਰਾਬ ਨਹੀਂ ਹੈ ਕਿ ਹਿੰਸਾ ਪ੍ਰਭਾਵਿਤ ਦੇਸ਼ 'ਚ 12 ਤੋਂ 13 ਹਜ਼ਾਰ ਭਾਰਤੀਆਂ ਨੂੰ ਕੱਢਣ ਦੀ ਲੋੜ ਪਵੇ। ਵਿਦੇਸ਼ ਮੰਤਰੀ ਨੇ ਕਿਹਾ ਕਿ ਉਥੇ 20 ਹਜ਼ਾਰ ਭਾਰਤੀ ਨਾਗਰਿਕ ਹਨ। ਇਨ੍ਹਾਂ ਵਿਚੋਂ ਤਕਰੀਬਨ 8 ਹਜ਼ਾਰ ਭਾਰਤੀ ਵਾਪਸ ਆ ਗਏ। ਸਰਕਾਰ ਬੰਗਲਾਦੇਸ਼ ਵਿੱਚ ਪੈਦਾ ਹੋਏ ਹਾਲਾਤਾਂ 'ਤੇ ਨੇੜਿਓਂ ਨਜ਼ਰ ਰੱਖ ਰਹੀ ਹੈ। ਕਾਂਗਰਸੀ ਨੇਤਾ ਸ਼ਸ਼ੀ ਥਰੂਰ ਨੇ ਬੰਗਲਾਦੇਸ਼ ਦੇ ਨਾਲ ਖੜ੍ਹੇ ਹੋਣ ਪ੍ਰਤੀ ਵਚਨਬੱਧਤਾ ਪ੍ਰਗਟਾਉਂਦਿਆਂ ਕਿਹਾ ਕਿ ਉਮੀਦ ਹੈ ਕਿ ਉਥੇ ਇੱਕ-ਦੋ ਦਿਨ ਵਿੱਚ ਹਾਲਾਤ ਸਥਿਰ ਹੋ ਸਕਦੇ ਹਨ, ਪਰ ਜੇਕਰ ਅਜਿਹਾ ਨਹੀਂ ਹੁੰਦਾ ਤਾਂ ਨਿਸਚਿਤ ਤੌਰ 'ਤੇ ਸਾਡੇ ਦੇਸ਼ ਵਿੱਚ ਸ਼ਰਨਾਰਥੀ ਆਉਣ ਦਾ ਖ਼ਤਰਾ ਹੈ। ਜ਼ਿਕਰਯੋਗ ਹੈ ਕਿ ਇਹ ਸਭ ਆਮ ਚੋਣਾਂ ਤੋਂ ਮਹਿਜ਼ ਸੱਤ ਮਹੀਨਿਆਂ ਬਾਅਦ ਵਾਪਰ ਰਿਹਾ ਹੈ ਹਾਲਾਂਕਿ ਚੋਣਾਂ ਵੀ ਵਿਵਾਦਾਂ ਵਿੱਚ ਹੀ ਘਿਰੀਆਂ ਰਹੀਆਂ ਸਨ ਜਿਨ੍ਹਾਂ ਦਾ ਬੰਗਲਾਦੇਸ਼ ਦੀ ਨੈਸ਼ਨਲਿਸਟ ਪਾਰਟੀ ਅਤੇ ਹੋਰਾਂ ਰਾਜਨੀਤਕ ਧਿਰਾਂ ਨੇ ਬਾਈਕਾਟ ਕੀਤਾ ਸੀ। ਹਸੀਨਾ ਲਗਾਤਾਰ ਚੌਥੀ ਵਾਰ ਸੱਤਾ ਵਿੱਚ ਆਈ ਸੀ ਪਰ ਚੋਣਾਂ ਵਿਚ ਹੇਰ-ਫੇਰ ਤੇ ਧੱਕੇਸ਼ਾਹੀ ਦੇ ਦੋਸ਼ਾਂ ਨੇ ਉਸ ਦੀ ਜਿੱਤ 'ਤੇ ਕਈ ਸਵਾਲ ਖੜ੍ਹੇ ਕਰ ਦਿੱਤੇ ਸਨ। ਆਪਣੇ ਤੇ ਆਪਣੀ ਸਰਕਾਰ ਲਈ ਅਤਿ ਲੋੜੀਂਦਾ ਸਮਰਥਨ ਜੁਟਾਉਣ ਖ਼ਾਤਿਰ ਉਸ ਨੇ ਹਾਲ ਦੇ ਮਹੀਨਿਆਂ ਦੌਰਾਨ ਭਾਰਤ ਤੇ ਚੀਨ ਦਾ ਦੌਰਾ ਵੀ ਕੀਤਾ ਸੀ ਪਰ ਪਿੱਛੇ ਜਿਹੇ ਬੰਗਲਾਦੇਸ਼ ਵਿੱਚ ਹਾਲਾਤ ਵਿਗੜਦੇ ਰਹੇ। ਹਸੀਨਾ ਸਰਕਾਰ ਵਿਦਿਆਰਥੀਆਂ ਦੇ ਰਾਖਵੇਂਕਰਨ ਵਿਰੁੱਧ ਵਿੱਢੇ ਅੰਦੋਲਨ ਨਾਲ ਨਜਿੱਠਣ ਵਿੱਚ ਬੁਰੀ ਤਰ੍ਹਾਂ ਨਾਕਾਮ ਰਹੀ। ਸਰਕਾਰ ਵੱਲੋਂ ਇਹ ਰਾਖਵਾਂਕਰਨ ਬੰਗਲਾਦੇਸ਼ ਦੀ ਆਜ਼ਾਦੀ ਲਈ ਜੰਗ (1971) ਲੜਨ ਵਾਲੇ ਸੁਤੰਤਰਤਾ ਸੈਨਾਨੀਆਂ ਦੇ ਰਿਸ਼ਤੇਦਾਰਾਂ ਨੂੰ ਦਿੱਤਾ ਗਿਆ ਸੀ। ਇਹ 30 ਪ੍ਰਤੀਸ਼ਤ ਰਾਖਵਾਂਕਰਨ ਸਰਕਾਰੀ ਨੌਕਰੀਆਂ ਵਿੱਚ ਲਾਗੂ ਹੋਣਾ ਸੀ ਪਰ ਹਿੰਸਾ ਦੀ ਲਹਿਰ ਪੂਰੇ ਦੇਸ਼ ਵਿੱਚ ਫੈਲ ਗਈ ਤੇ ਸੁਰੱਖਿਆ ਕਰਮੀਆਂ ਨੇ ਲਗਾਤਾਰ ਵਧ ਰਹੀ ਗੜਬੜੀ ਨਾਲ ਨਜਿੱਠਣ ਲਈ ਹਰ ਤਰ੍ਹਾਂ ਦੀ ਤਾਕਤ ਵਰਤੀ। ਸੁਪਰੀਮ ਕੋਰਟ ਨੇ ਹਾਲਾਂਕਿ ਰਾਖਵਾਂਕਰਨ ਘਟਾ ਕੇ ਮਗਰੋਂ 5 ਪ੍ਰਤੀਸ਼ਤ ਕਰ ਦਿੱਤਾ ਪਰ ਸਰਕਾਰ ਵੱਲੋਂ ਗ੍ਰਿਫ਼ਤਾਰ ਵਿਦਿਆਰਥੀ ਆਗੂਆਂ ਨੂੰ ਛੱਡਣ ਵਿਚ ਕੀਤੀ ਜਾ ਰਹੀ ਨਾਂਹ-ਨੁੱਕਰ ਨੇ ਮੁਜ਼ਾਹਰਾਕਾਰੀਆਂ ਨੂੰ ਹੋਰ ਭੜਕਾ ਦਿੱਤਾ। ਲੋਕਾਂ ਦੀ ਭੀੜ ਨੇ ਸ਼ੇਖ ਹਸੀਨਾ ਦੇ ਪਿਤਾ 'ਬੰਗਬੰਧੂ' ਸ਼ੇਖ ਮੁਜੀਬੁਰ ਰਹਿਮਾਨ ਦੇ ਬੁੱਤ ਦੀ ਵੀ ਤੋੜ-ਭੰਨ ਕੀਤੀ ਹੈ ਜਿਨ੍ਹਾਂ ਦੇਸ਼ ਦੇ ਆਜ਼ਾਦੀ ਅੰਦੋਲਨ ਦੀ ਅਗਵਾਈ ਕੀਤੀ ਸੀ ਤੇ ਰਾਸ਼ਟਰਪਤੀ ਵੀ ਰਹੇ। ਇਸ ਅੰਦੋਲਨ ਵਿਚ ਵਿਰੋਧੀ ਪਾਰਟੀਆਂ ਨੇ ਵੀ ਆਪਣਾ ਪੂਰਾ ਹਿੱਸਾ ਪਾਇਆ। ਜਾਣਕਾਰੀ ਅਨੁਸਾਰ 76 ਸਾਲਾ ਹਸੀਨਾ ਬਰਤਾਨੀਆ ਵਿੱਚ ਸ਼ਰਨ ਮੰਗ ਕਰ ਰਹੀ ਹੈ। ਹਸੀਨਾ ਦੀ ਭੈਣ ਰੇਹਾਨਾ ਬਰਤਾਨੀਆ ਦੀ ਨਾਗਰਿਕ ਹੈ, ਵੀ ਉਨ੍ਹਾਂ ਦੇ ਨਾਲ ਹੈ। ਸੂਤਰਾਂ ਮੁਤਾਬਕ ਹਸੀਨਾ ਨੂੰ ਸਿਆਸੀ ਸ਼ਰਨ ਦਿੱਤੇ ਜਾਣ ਸਬੰਧੀ ਬਰਤਾਨੀਆ ਨੇ ਅਜੇ ਪੁਸ਼ਟੀ ਨਹੀਂ ਕੀਤੀ ਹੈ। ਇਸੇ ਦੌਰਾਨ ਸ਼ੇਖ ਹਸੀਨਾ ਦੇ ਪੁੱਤਰ ਸਾਜੀਬ ਵਾਜ਼ੇਦ ਜੁਆਏ ਨੇ ਪੁਲਿਸ, ਬਾਰਡਰ ਗਾਰਡ ਬੰਗਲਾਦੇਸ਼ ਅਤੇ ਫ਼ੌਜ ਨੂੰ ਸੰਵਿਧਾਨ ਨੂੰ ਬਰਕਰਾਰ ਰੱਖਣ ਤੇ ਕਿਸੇ ਵੀ ਬਿਨਾ ਚੁਣੀ ਸਰਕਾਰ ਨੂੰ ਸੱਤਾ ਸੰਭਾਲਣ ਤੋਂ ਰੋਕਣ ਲਈ ਕਿਹਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਅਜਿਹਾ ਕਰਨ ਨਾਲ ਬੰਗਲਾਦੇਸ਼ ਦੀ 15 ਸਾਲਾਂ ਦੀ ਤਰੱਕੀ ਖਤਰੇ ਵਿੱਚ ਪੈ ਸਕਦੀ ਹੈ ਅਤੇ ਇਹ ਸਥਿਤੀ ਸੰਭਾਵੀ ਤੌਰ 'ਤੇ ਦੇਸ਼ ਨੂੰ ਪਾਕਿਸਤਾਨ ਦੀ ਤਰ੍ਹਾਂ ਉਸ ਰਸਤੇ 'ਤੇ ਲੈ ਕੇ ਜਾ ਸਕਦੀ ਹੈ, ਜੋ ਕਿ ਦੇਸ਼ ਦੇ ਭਵਿੱਖ ਲਈ ਤਬਾਹਕੁਨ ਸਾਬਿਤ ਹੋਵੇਗੀ।

## ਫ਼ਾਈਨਲ ਤੋਂ ਪਹਿਲਾਂ ਵਿਨੇਸ਼ ਫੋਗਾਟ ਫ਼੍ਰੀਸਟਾਈਲ ਕੁਸ਼ਤੀ 'ਚ ਅਯੋਗ ਕਰਾਰ

ਪੈਰਿਸ/ਏ.ਟੀ.ਨਿਊਜ਼ : ਫ਼੍ਰੀਸਟਾਈਲ ਕੁਸ਼ਤੀ 50 ਕਿਲੋਗ੍ਰਾਮ ਵਰਗ ਦੇ ਫਾਈਨਲ 'ਚ ਪਹੁੰਚਣ ਤੋਂ ਬਾਅਦ ਭਾਰਤੀ ਮਹਿਲਾ ਪਹਿਲਵਾਨ ਵਿਨੇਸ਼ ਫੋਗਾਟ ਨੂੰ ਫਾਈਨਲ 'ਚੋਂ ਡਿਸਕੁਆਲੀਫਾਈ ਕਰ ਦਿੱਤਾ ਗਿਆ ਹੈ। ਜਾਣਕਾਰੀ ਮੁਤਾਬਕ ਵਿਨੇਸ਼ ਦਾ ਭਾਰ 50 ਕਿਲੋ ਤੋਂ ਜ਼ਿਆਦਾ ਸੀ। ਭਾਰਤ ਨੇ ਇਸ 'ਤੇ ਇਤਰਾਜ਼ ਜਤਾਇਆ ਹੈ। ਇਸ ਤੋਂ ਪਹਿਲਾਂ ਮੰਗਲਵਾਰ ਨੂੰ ਵਿਨੇਸ਼ ਫੋਗਾਟ 50 ਕਿਲੋਗ੍ਰਾਮ ਮਹਿਲਾ ਕੁਸ਼ਤੀ ਵਰਗ ਦੇ ਸੈਮੀਫਾਈਨਲ ਮੁਕਾਬਲੇ 'ਚ ਕਿਊਬਾ ਦੀ ਗੁਜ਼ਮੈਨ ਲੋਪੇਜ਼ ਯੂਸਨੇਲਿਸ ਨੂੰ ਹਰਾ ਕੇ ਫਾਈਨਲ 'ਚ ਪਹੁੰਚਣ ਵਾਲੀ ਪਹਿਲੀ ਭਾਰਤੀ ਮਹਿਲਾ ਬਣੀ। ਇਸ ਤੋਂ ਪਹਿਲਾਂ ਟੋਕੀਓ ਖੇਡਾਂ ਦੀ ਸੋਨ ਤਗ਼ਮਾ ਜੇਤੂ ਵਿਨੇਸ਼ ਅਤੇ 4 ਵਾਰ ਦੀ ਵਿਸ਼ਵ ਚੈਂਪੀਅਨ ਸੁਸਾਕੀ ਨੂੰ ਆਪਣੇ ਅੰਤਰਰਾਸ਼ਟਰੀ ਕੈਰੀਅਰ 'ਚ 82 'ਚੋਂ ਕਿਸੇ ਵੀ ਮੈਚ 'ਚ ਹਾਰ ਦਾ ਸਾਹਮਣਾ ਨਹੀਂ ਕਰਨਾ ਪਿਆ ਸੀ ਪਰ ਵਿਨੇਸ਼ ਨੇ ਆਖਰੀ ਕੁਝ ਸਕਿੰਟਾਂ 'ਚ 3-2 ਦੀ ਯਾਦਗਾਰ ਜਿੱਤ ਦਰਜ਼ ਕੀਤੀ। ਉਨ੍ਹਾਂ ਨੇ



ਫਿਰ ਕੁਆਰਟਰ ਫਾਈਨਲ ਵਿੱਚ ਸਾਬਕਾ ਯੂਰਪੀਅਨ ਚੈਂਪੀਅਨ ਅਤੇ 2018 ਵਿਸ਼ਵ ਚੈਂਪੀਅਨਸ਼ਿਪ ਦੀ ਕਾਂਸੀ ਤਗ਼ਮਾ ਜੇਤੂ ਲਿਵਾਚ ਦੀ ਚੁਣੌਤੀ ਨੂੰ 7-5 ਨਾਲ ਖਤਮ ਕੀਤਾ।

ਇਸ ਸਬੰਧੀ ਵਿਸ਼ੇਸ਼ ਰਿਪੋਰਟ ਖੇਡ ਸਫ਼ਾ 28 'ਤੇ

## ਕਮਲਾ ਹੈਰਿਸ ਨੇ ਰਾਸ਼ਟਰਪਤੀ ਅਹੁਦੇ ਲਈ ਅਧਿਕਾਰਤ ਨਾਮਜ਼ਦਗੀ ਕੀਤੀ ਹਾਸਲ

ਵਾਸ਼ਿੰਗਟਨ/ਏ.ਟੀ.ਨਿਊਜ਼ : ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਡੈਮੋਕ੍ਰੇਟਿਕ ਪਾਰਟੀ ਤੋਂ ਰਾਸ਼ਟਰਪਤੀ ਅਹੁਦੇ ਲਈ ਅਧਿਕਾਰਤ ਨਾਮਜ਼ਦਗੀ ਪ੍ਰਾਪਤ ਕੀਤੀ। ਇਸ ਨਾਲ ਉਹ ਪਾਰਟੀ ਤੋਂ ਰਾਸ਼ਟਰਪਤੀ ਚੋਣ ਟਿਕਟ ਹਾਸਲ ਕਰਨ ਵਾਲੀ ਪਹਿਲੀ ਭਾਰਤੀ-ਅਫਰੀਕੀ ਮਹਿਲਾ ਬਣ ਗਈ ਹੈ। ਪਿਛਲੇ ਮਹੀਨੇ ਰਾਸ਼ਟਰਪਤੀ ਜੋਅ ਬਾਈਡੇਨ ਨੇ ਆਉਣ ਵਾਲੀਆਂ ਚੋਣਾਂ ਵਿੱਚ ਰਾਸ਼ਟਰਪਤੀ ਦੀ ਦੌੜ ਤੋਂ ਬਾਹਰ ਹੋਣ ਦਾ ਐਲਾਨ ਕੀਤਾ ਸੀ, ਜਿਸ ਤੋਂ ਬਾਅਦ ਭਾਰਤੀ ਮੂਲ ਦੇ ਉਪ ਰਾਸ਼ਟਰਪਤੀ ਹੈਰਿਸ ਨੂੰ ਸੱਤਾਧਾਰੀ ਡੈਮੋਕ੍ਰੇਟਿਕ ਪਾਰਟੀ ਦਾ 2024 ਦਾ ਰਾਸ਼ਟਰਪਤੀ ਉਮੀਦਵਾਰ ਐਲਾਨਿਆ ਗਿਆ ਸੀ। ਬਾਈਡੇਨ ਦੇ ਅਚਾਨਕ ਦੌੜ ਤੋਂ ਪਿੱਛੇ ਹਟਣ ਤੋਂ ਤੁਰੰਤ ਬਾਅਦ ਹੈਰਿਸ ਅਤੇ ਉਸਦੀ ਟੀਮ ਨੇ ਅਧਿਕਾਰਤ ਨਾਮਜ਼ਦਗੀ ਪ੍ਰਾਪਤ ਕਰਨ ਲਈ ਲੋੜੀਂਦੇ 1,976 ਪਾਰਟੀ ਡੈਲੀਗੇਟਾਂ ਦਾ ਸਮਰਥਨ ਪ੍ਰਾਪਤ ਕਰਨ ਲਈ ਤੇਜ਼ੀ ਨਾਲ ਕੰਮ ਕੀਤਾ।



ਡੈਮੋਕ੍ਰੇਟਿਕ ਨੈਸ਼ਨਲ ਕਨਵੈਨਸ਼ਨ ਲਈ ਡੈਲੀਗੇਟਾਂ ਦੀ ਪੰਜ ਦਿਨਾਂ ਦੀ ਔਨਲਾਈਨ ਵੋਟ ਤੋਂ ਬਾਅਦ ਹੈਰਿਸ ਦੀ ਉਮੀਦਵਾਰੀ ਦਾ ਅਧਿਕਾਰਤ ਐਲਾਨ ਕੀਤਾ ਗਿਆ ਸੀ। ਪਾਰਟੀ ਨੇ ਅੱਧੀ ਰਾਤ ਤੋਂ ਪਹਿਲਾਂ ਜਾਰੀ ਬਿਆਨ ਵਿੱਚ ਕਿਹਾ ਕਿ 99 ਫ਼ੀਸਦੀ ਡੈਲੀਗੇਟਾਂ ਨੇ ਹੈਰਿਸ ਦੇ ਹੱਕ ਵਿੱਚ ਵੋਟ ਪਾਈ। ਬਾਈਡੇਨ ਵੱਲੋਂ ਆਪਣੀ ਉਮੀਦਵਾਰੀ ਵਾਪਸ ਲੈਣ ਤੋਂ ਬਾਅਦ ਕਰਵਾਏ ਗਏ ਸਰਵੇਖਣ ਵਿੱਚ ਪਾਇਆ ਗਿਆ ਕਿ 46 ਫ਼ੀਸਦੀ ਅਮਰੀਕੀ ਲੋਕ ਹੈਰਿਸ ਦੇ ਹੱਕ ਵਿੱਚ ਹਨ, ਜਦੋਂ ਕਿ ਲਗਭਗ ਇੰਨੇ ਹੀ ਲੋਕ ਉਸ ਦੀ ਉਮੀਦਵਾਰੀ ਦੇ ਵਿਰੁੱਧ ਹਨ। ਪਰ ਜ਼ਿਆਦਾਤਰ ਡੈਮੋਕ੍ਰੇਟ ਸਮਰਥਕਾਂ ਨੇ ਕਿਹਾ ਕਿ ਉਹ ਬਾਈਡੇਨ ਦੇ ਮੁਕਾਬਲੇ ਹੈਰਿਸ ਦੀ ਉਮੀਦਵਾਰੀ ਤੋਂ ਸੰਤੁਸ਼ਟ ਹਨ।

ਕਮਲਾ ਦੇਵੀ ਹੈਰਿਸ ਦਾ ਜਨਮ ਓਕਲੈਂਡ, ਕੈਲੀਫੋਰਨੀਆ ਵਿੱਚ 20 ਅਕਤੂਬਰ, 1964 ਨੂੰ ਸ਼ਿਆਮਲਾ ਗੋਪਾਲਨ ਅਤੇ ਡੋਨਾਲਡ ਹੈਰਿਸ ਦੇ ਘਰ ਹੋਇਆ ਸੀ। ਗੋਪਾਲਨ 19 ਸਾਲ ਦੀ ਉਮਰ ਵਿੱਚ ਭਾਰਤ ਤੋਂ ਅਮਰੀਕਾ ਆਇਆ ਸੀ। ਉਹ ਇੱਕ ਛਾਤੀ ਦੇ ਕੈਂਸਰ ਵਿਗਿਆਨੀ ਸੀ ਜਦੋਂ ਕਿ ਡੋਨਾਲਡ ਹੈਰਿਸ ਸਟੈਨਫੋਰਡ ਯੂਨੀਵਰਸਿਟੀ ਵਿੱਚ ਇੱਕ ਪ੍ਰੋਫੈਸਰ ਸੀ। ਡੋਨਾਲਡ ਮੂਲ ਰੂਪ ਵਿੱਚ ਜਮਾਇਕਾ ਦਾ ਰਹਿਣ ਵਾਲਾ ਸੀ। ਕਮਲਾ ਹੈਰਿਸ ਨੇ 2010 ਵਿੱਚ ਅਟਾਰਨੀ ਜਨਰਲ ਬਣਨ ਤੋਂ ਪਹਿਲਾਂ ਬੇ ਏਰੀਆ ਵਿੱਚ ਇੱਕ ਸਰਕਾਰੀ ਵਕੀਲ ਵਜੋਂ ਕੰਮ ਕੀਤਾ ਸੀ ਅਤੇ ਉਹ 2016 ਵਿੱਚ ਸੈਨੇਟਰ ਚੁਣੀ ਗਈ ਸੀ।

# ਭਾਰਤੀ ਹਾਕੀ ਟੀਮ ਨੇ ਸੈਮੀ ਫ਼ਾਈਨਲ ਜਰਮਨੀ ਤੋਂ ਹਾਰਿਆ ਪਰ ਖੇਡ ਪ੍ਰੇਮੀਆਂ ਦਾ ਦਿੱਲ ਜਿੱਤਿਆ




ਪੈਰਿਸ/ਏ.ਟੀ.ਨਿਊਜ਼: ਪੈਰਿਸ ਉਲੰਪਿਕ ਦੇ ਸੈਮੀ ਫਾਈਨਲ ਵਿੱਚ ਭਾਰਤੀ ਪੁਰਸ਼ ਹਾਕੀ ਟੀਮ ਨੇ ਕਲਾਤਮਕ ਖੇਡ ਦਾ ਪ੍ਰਦਰਸ਼ਨ ਕੀਤਾ ਪਰ ਉਹ ਜਰਮਨੀ ਤੋਂ 2-3 ਨਾਲ ਹਾਰ ਗਈ। ਇਸ ਮੈਚ ਦੇ ਸ਼ੁਰੂ ਹੋਣ ਸਾਰ ਹੀ ਭਾਰਤੀ ਹਾਕੀ ਟੀਮ ਨੇ ਆਪਣੀ ਜੇਤੂ ਲੈਅ ਕਾਇਮ ਕਰਨੀ ਸ਼ੁਰੂ ਕਰ ਦਿੱਤੀ ਅਤੇ ਜਰਮਨੀ ਦੀ ਟੀਮ 'ਤੇ ਦਬਾਓ ਪਾਉਣਾ ਸ਼ੁਰੂ ਕਰ ਦਿੱਤਾ। ਭਾਰਤ ਲਈ ਹਰਮਨਪ੍ਰੀਤ ਸਿੰਘ ਨੇ 7ਵੇਂ ਅਤੇ ਸੁਖਜੀਤ ਸਿੰਘ ਨੇ 36ਵੇਂ ਮਿੰਟ ਵਿੱਚ ਗੋਲ ਕੀਤੇ ਜਦੋਂਕਿ ਜਰਮਨੀ ਦੇ ਪੀ ਗੁੰਜ਼ਾਲੋ ਨੇ 18ਵੇਂ, ਆਰ ਕ੍ਰਿਸਟੋਫਰ ਨੇ 27ਵੇਂ ਅਤੇ ਐੱਮ. ਮਾਰਕੋ ਨੇ 54ਵੇਂ ਮਿੰਟ ਵਿੱਚ ਗੋਲ ਦਾਗ਼ੇ। ਇਸ ਤੋਂ ਪਹਿਲਾਂ ਨੈਦਰਲੈਂਡਜ਼ ਸੈਮੀ ਫਾਈਨਲ ਵਿੱਚ ਸਪੇਨ ਨੂੰ 4-0 ਨਾਲ ਹਰਾ ਕੇ ਫਾਈਨਲ ਵਿੱਚ ਪਹੁੰਚ ਗਿਆ।

ਹਮਲਾਵਰ ਖੇਡ ਦੀ ਸ਼ੁਰੂਆਤ ਕਰਦਿਆਂ ਭਾਰਤ ਨੇ ਪਹਿਲੇ ਕੁਆਰਟਰ ਵਿੱਚ ਪੈਨਲਟੀ ਕਾਰਨਰ ਬਣਾਇਆ ਜਿਸ ਨੂੰ ਹਰਮਨਪ੍ਰੀਤ ਸਿੰਘ ਨੇ 7ਵੇਂ ਮਿੰਟ ਵਿੱਚ ਗੋਲ ਵਿੱਚ ਬਦਲ ਦਿੱਤਾ। ਭਾਰਤੀ ਟੀਮ ਪਹਿਲੇ ਕੁਆਰਟਰ ਵਿੱਚ ਮਿਲੀ ਲੀਡ ਨੂੰ ਬਰਕਰਾਰ ਨਹੀਂ ਰੱਖ ਸਕੀ। ਟੀਮ ਦੀ ਫਾਰਵਰਡ ਲਾਈਨ ਦਬਾਅ ਵਿੱਚ ਨਜ਼ਰ ਆਈ, ਜਦੋਂਕਿ ਮਿੱਡਫੀਲਡ ਵਿੱਚ ਵੀ ਕਈ ਗ਼ਲਤੀਆਂ ਹੋਈਆਂ। ਭਾਰਤ ਨੂੰ ਪੈਨਲਟੀ ਕਾਰਨਰ ਦੌਰਾਨ ਆਪਣੇ ਡਿਫੈਂਡਰ ਤੇ ਫਸਟ ਰਸ਼ਰ ਅਮਿਤ ਰੋਹੀਦਾਸ ਦੀ ਘਾਟ ਰੜਕਦੀ ਰਹੀ ਜੋ ਰੈੱਡ ਕਾਰਡ ਕਰ ਕੇ ਅੱਜ ਦਾ ਮੈਚ ਨਹੀਂ ਖੇਡ ਸਕਿਆ। ਭਾਰਤ ਨੂੰ ਕੁੱਲ ਮਿਲਾ ਕੇ 12 ਪੈਨਲਟੀ ਕਾਰਨਰ ਮਿਲੇ, ਪਰ ਟੀਮ ਇਨ੍ਹਾਂ ਵਿੱਚੋਂ ਦੋ ਨੂੰ ਹੀ ਗੋਲ ਵਿੱਚ ਬਦਲ ਸਕੀ। ਮੈਚ ਦੇ ਆਖ਼ਰੀ ਪਲਾਂ ਵਿੱਚ ਗੋਲਕੀਪਰ ਸ੍ਰੀਜੇਸ਼ ਮੈਦਾਨ ਵਿੱਚੋਂ ਬਾਹਰ ਚਲਾ ਗਿਆ ਤਾਂ ਕਿ ਇੱਕ ਹੋਰ ਹਮਲਾਵਰ ਖਿਡਾਰੀ ਮੈਦਾਨ ਵਿੱਚ ਉਤਰ ਸਕੇ। ਉਸ ਦੀ ਥਾਂ ਸਮਸ਼ੇਰ ਸਿੰਘ ਨੂੰ ਮੈਦਾਨ ਵਿੱਚ ਉਤਾਰਿਆ ਗਿਆ, ਪਰ ਭਾਰਤੀ ਟੀਮ ਕੋਈ ਕ੍ਰਿਸ਼ਮਾ ਕਰਨ ਵਿੱਚ ਨਾਕਾਮ ਰਹੀ। ਇੱਕ ਸਮਾਂ ਅਜਿਹਾ ਵੀ ਆਇਆ ਜਦੋਂ ਸ੍ਰੀਜੇਸ਼ ਦੀ ਗ਼ੈਰਮੌਜੂਦਗੀ ਵਿੱਚ ਟੀਮ ਨੇ ਜਰਮਨੀ ਨੂੰ ਮਿਲੇ ਪੈਨਲਟੀ ਕਾਰਨਰ ਨੂੰ ਨਾਕਾਮ ਕੀਤਾ। ਭਾਰਤੀ ਟੀਮ ਹੁਣ ਕਾਂਸੀ ਦੇ ਤਗ਼ਮੇ ਲਈ 8 ਅਗਸਤ ਨੂੰ ਸਪੇਨ ਖ਼ਿਲਾਫ਼ ਖੇਡੇਗੀ ਜਦੋਂਕਿ ਖ਼ਿਤਾਬੀ ਮੁਕਾਬਲਾ ਜਰਮਨੀ ਤੇ ਨੀਦਰਲੈਂਡਜ਼ ਵਿਚਾਲੇ ਖੇਡਿਆ ਜਾਵੇਗਾ।

ਭਾਰਤ ਦੀ ਹਾਕੀ ਟੀਮ ਭਾਵੇਂ ਸੈਮੀਫਾਈਨਲ ਵਿੱਚ ਜਰਮਨੀ ਕੋਲੋਂ ਹਾਰ ਗਈ ਹੈ, ਪਰ ਇਸ ਮੈਚ ਵਿੱਚ ਭਾਰਤੀ ਟੀਮ ਦੀ ਕਲਾਤਮਕ ਖੇਡ ਨੇ ਖੇਡ ਪ੍ਰੇਮੀਆਂ ਦਾ ਦਿਲ ਜਿੱਤ ਲਿਆ। ਮੈਚ ਦੇ ਅੰਤਲੇ ਸਮੇਂ ਜਦੋਂ ਭਾਰਤੀ ਖਿਡਾਰੀਆਂ ਨੇ ਜਰਮਨੀ ਵਿਰੁੱਧ ਗੋਲ ਕਰਨ ਦਾ ਯਤਨ ਕੀਤਾ ਤਾਂ ਇਕ ਵਾਰ ਤਾਂ ਮੈਚ ਵੇਖਣ ਵਾਲਿਆਂ ਦੇ ਸਾਹ ਰੁਕਦੇ ਪ੍ਰਤੀਤ ਹੋਏ ਸਨ ਪਰ ਜਰਮਨੀ ਦਾ ਗੋਲਕੀਪਰ ਇਹ ਗੋਲ ਬਚਾਅ ਗਿਆ, ਜੇ ਇਹ ਗੋਲ ਹੋ ਜਾਂਦਾ ਤਾਂ ਮੈਚ ਦਾ ਨਤੀਜਾ ਹੀ ਕੁਝ ਹੋਰ ਹੋਣਾ ਸੀ। ਭਾਰਤੀ ਹਾਕੀ ਟੀਮ ਨੇ ਪੂਰੇ ਮਨੋਬਲ ਨਾਲ ਖੇਡ ਕੇ ਇਸ ਮੈਚ ਵਿੱਚ ਪਹਿਲਾਂ ਗੋਲ ਕਰਕੇ ਲੀਡ ਹਾਸਲ ਕੀਤਾ ਪਰ ਭਾਰਤੀ ਹਾਕੀ ਟੀਮ ਆਪਣੀ ਜੇਤੂ ਲੈਅ ਪੂਰੇ ਮੈਚ ਦੌਰਾਨ ਕਾਇਮ ਨਾ ਰੱਖ ਸਕੀ। ਭਾਵੇਂ ਭਾਰਤੀ ਟੀਮ ਜਰਮਨੀ ਤੋਂ ਹਾਰ ਗਈ ਪਰ ਫਿਰ ਵੀ ਉਸ ਦੀ ਖੇਡ ਨੇ ਹਾਕੀ ਪ੍ਰੇਮੀਆਂ ਦੇ ਦਿਲ ਜਿੱਤ ਲਏ।

ਜ਼ਿਕਰਯੋਗ ਹੈ ਕਿ ਇਹ ਮਾਣ ਸਿਰਫ ਭਾਰਤੀ ਹਾਕੀ ਟੀਮ ਨੂੰ ਹੀ ਜਾਂਦਾ ਹੈ ਕਿ ਭਾਰਤ ਨੇ ਉਲੰਪਿਕ ਖੇਡਾਂ ਵਿੱਚ ਹੁਣ ਤੱਕ ਸਭ ਤੋਂ ਜਿਆਦਾ ਮੈਡਲ (8 ਸੋਨੇ ਦੇ, 1 ਚਾਂਦੀ ਦਾ ਅਤੇ ਦੋ ਤਾਂਬੇ ਦੇ) ਹਾਕੀ ਵਿੱਚ ਹੀ ਜਿੱਤੇ ਹਨ। ਭਾਰਤ ਨੇ ਪਹਿਲੀ ਵਾਰ ਉਲੰਪਿਕ ਖੇਡਾਂ ਵਿੱਚ 1928 ਦੀਆਂ ਐਮਸਟਰਡਮ ਵਿਖੇ ਹੋਈਆਂ ਉਲੰਪਿਕ ਖੇਡਾਂ ਵਿੱਚ ਹਿੱਸਾ ਲਿਆ। ਇਹਨਾਂ ਖੇਡਾਂ ਵਿੱਚ ਭਾਰਤੀ ਹਾਕੀ ਟੀਮ ਨੇ ਹੂੰਝਾ ਫੇਰੂ ਜਿੱਤ ਪ੍ਰਾਪਤ ਕਰਦਿਆਂ ਆਪਣੇ ਸੁਨਿਹਰੀ ਇਤਿਹਾਸ ਦਾ ਆਗਾਜ਼ ਕੀਤਾ।

# ਹੁਣ ਸੌਖਾ ਨਹੀਂ ਹੈ ਗ਼ੈਰ ਕਾਨੂੰਨੀ ਪਰਵਾਸੀਆਂ ਦਾ ਅਮਰੀਕਾ 'ਚ ਦਾਖ਼ਲ ਹੋਣਾ

## ਅਮਰੀਕਾ ਦੀ ਬਾਰਡਰ ਪੁਲਿਸ ਪੂਰੀ ਤਰ੍ਹਾਂ ਅਲਰਟ



ਨਿਊਯਾਰਕ/ਏ.ਟੀ.ਨਿਊਜ਼ : ਅਮਰੀਕਾ ਵਿੱਚ ਬਾਰਡਰ ਪੈਟਰੋਲ ਪੁਲਿਸ ਦੁਆਰਾ ਪਰਵਾਸੀਆਂ ਨੂੰ ਰੋਕਿਆ ਜਾ ਰਿਹਾ ਹੈ। ਲੋਕਾਂ ਨੂੰ ਸਾਫ਼-ਸਾਫ਼ ਦੱਸਿਆ ਜਾਂਦਾ ਹੈ ਕਿ ਅਮਰੀਕਾ ਵਿੱਚ ਸ਼ਰਨਾਰਥੀਆਂ ਲਈ ਹੁਣ ਕੋਈ ਥਾਂ ਨਹੀਂ ਹੈ। ਰਾਸ਼ਟਰਪਤੀ ਬਾਈਡੇਨ ਦੇ ਕਾਰਜਕਾਰੀ ਆਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾ ਰਹੀ ਹੈ। ਹੁਣ ਉਨ੍ਹਾਂ ਲੋਕਾਂ ਲਈ ਵੀ ਇਹ ਰਸਤਾ ਬੰਦ ਹੈ, ਜਿਨ੍ਹਾਂ ਨੂੰ ਅਮਰੀਕਾ ਵਿੱਚ ਦਾਖਲਾ ਦਿੱਤਾ ਜਾਣਾ ਚਾਹੀਦਾ ਸੀ। ਅਧਿਕਾਰੀਆਂ ਨੂੰ ਸਪੱਸ਼ਟ ਨਿਰਦੇਸ਼ ਦਿੱਤੇ ਗਏ ਹਨ ਕਿ ਕਿਸੇ ਨੂੰ ਵੀ ਗ਼ੈਰ-ਕਾਨੂੰਨੀ ਤਰੀਕੇ ਨਾਲ ਦਾਖਲ ਨਾ ਹੋਣ ਦਿੱਤਾ ਜਾਵੇ।

ਅਮਰੀਕਾ 'ਚ ਗੈਰ-ਕਾਨੂੰਨੀ ਲੋਕਾਂ ਨੂੰ ਸ਼ਰਨ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਹੁਣ ਅਮਰੀਕੀ ਸਰਹੱਦ 'ਤੇ ਪਰਵਾਸੀਆਂ ਦਾ ਇਲਾਜ ਵੀ ਨਹੀਂ ਕੀਤਾ ਜਾਂਦਾ ਹੈ। ਕਿਉਂਕਿ ਹਰ ਸਾਲ ਲੱਖਾਂ ਪ੍ਰਵਾਸੀ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹਨ ਅਤੇ ਉਹ ਫੜੇ ਜਾਂਦੇ ਹਨ। ਉਨ੍ਹਾਂ ਵਿੱਚੋਂ ਬਹੁਤ ਸਾਰੇ ਕਹਿੰਦੇ ਹਨ ਕਿ ਉਹ ਤਸ਼ੱਦਦ ਜਾਂ ਅਤਿਆਚਾਰ ਦੇ ਸ਼ਿਕਾਰ ਹੋਏ ਹਨ, ਪਰ ਯੂ.ਐਸ ਬਾਰਡਰ ਪੈਟਰੋਲ ਅਧਿਕਾਰੀ ਇਸ ਗੱਲ 'ਤੇ ਵਿਸ਼ਵਾਸ ਨਹੀਂ ਕਰਦੇ ਹਨ। ਬਾਰਡਰ ਗਸ਼ਤੀ ਇਹ ਸਪੱਸ਼ਟ ਕਰਦੀ ਹੈ ਕਿ ਤੁਹਾਡੇ ਦੇਸ਼ ਵਿੱਚ ਤੁਹਾਡੇ ਨਾਲ ਜੋ ਵਾਪਰਦਾ ਹੈ, ਉਸ ਨਾਲ ਸਾਡਾ ਕੋਈ ਲੈਣਾ-ਦੇਣਾ ਨਹੀਂ ਹੈ। ਇੰਨਾ ਹੀ ਨਹੀਂ ਬਾਰਡਰ ਪੈਟਰੋਲ ਅਧਿਕਾਰੀਆਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਅਮਰੀਕਾ ਵਿੱਚ ਕਿਸੇ ਨੂੰ ਵੀ ਸ਼ਰਨ ਨਹੀਂ ਦਿੱਤੀ ਜਾਵੇਗੀ ਅਤੇ ਸਾਨੂੰ ਰਾਸ਼ਟਰਪਤੀ ਬਾਈਡੇਨ ਨੂੰ ਸਪੱਸ਼ਟ ਆਦੇਸ਼ ਦੇ ਦਿੱਤੇ ਹਨ।

ਉਨ੍ਹਾਂ ਲੋਕਾਂ ਦੇ ਤਜਰਬਿਆਂ 'ਤੇ ਇੱਕ ਰਿਪੋਰਟ, ਜੋ ਪਰਵਾਸੀਆਂ ਵਜੋਂ ਅਮਰੀਕਾ ਵਿੱਚ ਦਾਖਲ ਹੋਣਾ ਚਾਹੁੰਦੇ ਹਨ ਅਤੇ ਇਸ ਵਿੱਚ ਕਿਹਾ ਗਿਆ ਹੈ ਕਿ ਬਾਈਡੇਨ ਦੇ ਕਾਰਜਕਾਰੀ ਆਦੇਸ਼ ਦੀ ਨੇੜਿਓਂ ਪਾਲਣਾ ਕੀਤੀ ਜਾ ਰਹੀ ਹੈ। ਅਮਰੀਕਾ ਦੇ ਨਿਊਜ਼ਵੀਕ ਮੈਗਜ਼ੀਨ ਵਿੱਚ ਇਕ ਰਿਪੋਰਟ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਅਮਰੀਕਾ-ਮੈਕਸੀਕੋ ਸਰਹੱਦ 'ਤੇ ਪਰਵਾਸੀਆਂ ਨੂੰ ਮੰਗਿਆ ਵੀ ਨਹੀਂ ਜਾ ਰਿਹਾ ਅਤੇ ਉਨ੍ਹਾਂ ਦੀ ਦੇਖਭਾਲ ਵੀ ਨਹੀਂ ਕੀਤੀ ਜਾ ਰਹੀ ਹੈ। ਇਸ ਕਾਰਨ ਕਈ ਪ੍ਰਵਾਸੀ ਉਥੇ ਹੀ ਫਸੇ ਹੋਏ ਹਨ। ਬਹੁਤ ਸਾਰੇ ਪ੍ਰਵਾਸੀ ਉਹ ਹੁੰਦੇ ਹਨ ਜਿਨ੍ਹਾਂ ਦੇ ਦੇਸ਼ ਬਹੁਤ ਜ਼ਿਆਦਾ ਹਿੰਸਾ ਦਾ ਅਨੁਭਵ ਕਰਦੇ ਹਨ ਅਤੇ ਉਹਨਾਂ ਨੂੰ ਤੁਰੰਤ ਡਾਕਟਰੀ ਇਲਾਜ ਦੀ ਲੋੜ ਹੁੰਦੀ ਹੈ, ਜਾਂ ਅਤਿਆਚਾਰ ਦੇ ਸ਼ਿਕਾਰ ਹੁੰਦੇ ਹਨ। ਅਜਿਹੇ ਲੋਕਾਂ ਦੇ ਅਮਰੀਕਾ ਵਿੱਚ ਸ਼ਰਨ ਮੰਗਣ ਵਿੱਚ ਕੁਝ ਵੀ ਗਲਤ ਨਹੀਂ ਹੈ। ਪਰ ਇਸ ਸਮੇਂ ਉਨ੍ਹਾਂ ਲਈ ਅਮਰੀਕਾ ਵਿੱਚ ਕੋਈ ਦਾਖਲਾ ਨਹੀਂ ਹੈ, ਕਿਉਂਕਿ ਬਾਈਡੇਨ ਨਹੀਂ ਚਾਹੁੰਦਾ ਕਿ ਗੈਰ-ਕਾਨੂੰਨੀ ਇੱਥੇ ਘੁਸਪੈਠ ਕਰਨ। ਬਾਈਡੇਨ ਪ੍ਰਸ਼ਾਸਨ ਦੇ ਕਾਰਜਕਾਰੀ ਆਦੇਸ਼ ਨੂੰ ਛੇ ਹਫ਼ਤੇ ਹੋ ਗਏ ਹਨ ਅਤੇ ਸਰਹੱਦ 'ਤੇ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਕੁਝ ਸਮਾਂ ਹੋ ਗਿਆ ਹੈ। ਇਸ ਨੇ ਪਾਇਆ ਕਿ ਯੂ.ਐਸ-ਮੈਕਸੀਕੋ ਸਰਹੱਦ 'ਤੇ ਬਹੁਤ ਸਾਰੇ ਲੋਕਾਂ ਕੋਲ ਕਾਨੂੰਨੀ ਸਹਾਇਤਾ ਤੱਕ ਪਹੁੰਚ ਨਹੀਂ ਹੈ, ਉਹ ਆਪਣੇ ਪਰਿਵਾਰਾਂ ਤੋਂ ਵੱਖ ਹੋਏ ਹਨ ਅਤੇ ਇਹ ਨਿਰਧਾਰਤ ਕਰਨ ਲਈ ਸਰਹੱਦੀ ਅਧਿਕਾਰੀਆਂ 'ਤੇ ਭਰੋਸਾ ਕਰਦੇ ਹਨ ਕਿ ਕੀ ਉਹ ਸ਼ਰਨ ਲਈ ਯੋਗ ਹਨ ਜਾਂ ਨਹੀਂ। ਸੰਸਥਾ ਰਫ਼ਿਊਜੀ ਇੰਟਰਨੈਸ਼ਨਲ ਦੇ ਇੱਕ ਵਕੀਲ ਨੇ ਕਿਹਾ ਕਿ ਅਮਰੀਕਾ ਦੇ ਸ਼ਰਨ ਮਾਪ ਦੰਡ ਬਿਲਕੁਲ ਅਜੀਬ ਹਨ। ਇਹ ਨਹੀਂ ਕਿਹਾ ਜਾ ਸਕਦਾ ਕਿ ਕੌਣ ਗਿਣਿਆ ਜਾਵੇਗਾ ਅਤੇ ਕਿਸ ਨੂੰ ਨਹੀਂ ਗਿਣਿਆ ਜਾਵੇਗਾ।

ਅਮਰੀਕੀ ਸਰਹੱਦ 'ਤੇ ਚੱਲ ਰਹੇ ਮਸਲੇ ਦਾ ਕੋਈ ਹੱਲ ਹੁੰਦਾ ਨਜ਼ਰ ਨਹੀਂ ਆ ਰਿਹਾ। ਉਨ੍ਹਾਂ ਦਾ ਕਹਿਣਾ ਹੈ ਕਿ ਕੁਝ ਲੋਕਾਂ ਨੂੰ ਇੱਕ ਦਿਨ ਵਿੱਚ ਹੀ ਡਿਪੋਰਟ ਕਰ ਦਿੱਤਾ ਜਾਂਦਾ ਹੈ, ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੁੰਦੀ। ਹੁਣ ਤੱਕ ਇਹ ਮੰਨਿਆ ਜਾਂਦਾ ਸੀ ਕਿ ਲੈਸਬੀਅਨ ਜਾਂ ਗੇ ਲੋਕ, ਜਾਂ ਮੂਲ-ਕਬੀਲਿਆਂ ਨੂੰ ਆਸਾਨੀ ਨਾਲ ਸ਼ਰਨ ਮਿਲ ਜਾਂਦੀ ਹੈ ਕਿਉਂਕਿ ਉਨ੍ਹਾਂ ਦੇ ਦੇਸ਼ਾਂ ਵਿੱਚ ਉਨ੍ਹਾਂ ਨੂੰ ਸਤਾਇਆ ਜਾਂਦਾ ਹੈ।

(ਬਾਕੀ ਸਫ਼ਾ 30 'ਤੇ)

# ਲੱਖਾਂ ਭਾਰਤੀ ਕਿਉਂ ਛੱਡ ਰਹੇ ਨੇ ਭਾਰਤੀ ਨਾਗਰਿਕਤਾ?

## ਅਮਰੀਕਾ, ਕੈਨੇਡਾ ਤੇ ਆਸਟ੍ਰੇਲੀਆ ਵੱਲ ਜਾਰੀ ਹੈ ਧੜੱਲੇ ਨਾਲ ਪਰਵਾਸ







ਭਾਰਤ ਦੇਸ਼ ਨੂੰ ਛੱਡਣ ਵਾਲਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਜਿਸ ਦੀ ਜਾਣਕਾਰੀ ਖ਼ੁਦ ਵਿਦੇਸ਼ ਮੰਤਰਾਲੇ ਨੇ ਸਾਂਝੀ ਕੀਤੀ ਹੈ। ਇਸ ਮੌਕੇ ਉਨ੍ਹਾਂ ਨੇ ਨਾਗਰਿਕਤਾ ਛੱਡਣ ਦੇ ਪਿਛੇ ਦੇ ਕਾਰਨ ਦੱਸੇ ਹਨ। ਦੱਸ ਦੇਈਏ ਕਿ ਵਿਦੇਸ਼ ਮੰਤਰਾਲੇ ਨੇ ਇਹ ਜਾਣਕਾਰੀ ਪੰਜਾਬ ਦੇ ਸਾਂਸਦ ਮੈਂਬਰ ਰਾਘਵ ਚੱਢਾ ਵਲੋਂ ਰਾਜ ਸਭਾ ਵਿੱਚ ਪੁੱਛੇ ਗਏ ਸਵਾਲ ਦੇ ਜਵਾਬ ਦਿੱਤੀ ਹੈ।

ਵਿਦੇਸ਼ ਮੰਤਰਾਲੇ ਦਾ ਕਹਿਣਾ ਹੈ ਕਿ 2019 ਵਿੱਚ 1,44,017 ਭਾਰਤੀਆਂ ਨੇ ਨਾਗਰਿਕਤਾ ਛੱਡੀ ਹੈ ਜਦੋਂ ਕਿ 2020 ਵਿੱਚ 85256, 2021 ਵਿੱਚ 1,63,370 ਤੇ 2022 ਵਿੱਚ 2,25,620 ਲੋਕਾਂ ਨੇ ਨਾਗਰਿਕਤਾ ਛੱਡੀ ਹੈ। ਪਿਛਲੇ ਸਾਲ ਦੀ ਗੱਲ ਕੀਤੀ ਜਾਵੇ ਤਾਂ 2 ਲੱਖ 16 ਹਜ਼ਾਰਾਂ ਲੋਕਾਂ ਨੇ ਭਾਰਤ ਦੇਸ਼ ਦੀ ਨਾਗਰਿਕਤਾ ਛੱਡੀ ਹੈ।

ਜ਼ਿਆਦਾਤਰ ਭਾਰਤੀ ਆਪਣੀ ਨਾਗਰਿਕਤਾ ਤਿਆਗ ਕੇ ਅਮਰੀਕਾ ਜਾ ਰਹੇ ਹਨ। 2018 ਤੋਂ 2023 ਦੇ ਮੱਧ ਤੱਕ ਭਾਰਤ ਤੋਂ 3,28,619 ਭਾਰਤੀਆਂ ਨੇ ਅਮਰੀਕਾ ਦੀ ਨਾਗਰਿਕਤਾ ਲਈ। ਜਦਕਿ 1,61,917 ਨੇ ਕੈਨੇਡੀਅਨ ਅਤੇ 1,31,883 ਨੇ ਆਸਟ੍ਰੇਲੀਆ ਦੀ ਨਾਗਰਿਕਤਾ ਹਾਸਲ ਕੀਤੀ ਹੈ।

**ਕਿਹੜੀ ਵਜ੍ਹਾ ਕਰਕੇ ਨਾਗਰਿਕਤਾ ਛੱਡ ਰਹੇ ਨੇ ਲੋਕ ?**

ਗਲੋਬਲ ਵਾਰਮਿੰਗ ਕਾਰਨ ਵਧਦੇ ਭਾਰਤੀ ਤਾਪਮਾਨ ਨੂੰ ਵੀ ਮੁੱਖ ਕਾਰਨ ਮੰਨਿਆ ਜਾ ਰਿਹਾ ਹੈ। ਮਾਹਿਰਾਂ ਨੇ ਸਵਾਲ ਉਠਾਉਣੇ ਸ਼ੁਰੂ ਕਰ ਦਿੱਤੇ ਹਨ ਕਿ ਕੀ ਆਉਣ ਵਾਲੇ 10 ਸਾਲਾਂ ਵਿੱਚ ਦਿੱਲੀ, ਮੁੰਬਈ ਅਤੇ ਬੈਂਗਲੁਰੂ ਵਰਗੇ ਵੱਡੇ ਸ਼ਹਿਰ ਰਹਿਣ ਯੋਗ ਰਹਿਣਗੇ ਜਾਂ ਨਹੀਂ।

(ਬਾਕੀ ਸਫ਼ਾ 30 'ਤੇ)

# ਸੁਖਬੀਰ ਸਿੰਘ ਬਾਦਲ ਦੇ ਸਪਸ਼ਟੀਕਰਨ ਤੋਂ ਸਿੱਖ ਪੰਥ ਸੰਤੁਸ਼ਟ ਨਹੀਂ, ਸਿੰਘ ਸਾਹਿਬਾਨ ਉੱਪਰ ਨਜ਼ਰਾਂ ਲੱਗੀਆਂ

## ਜਥੇਦਾਰ ਅਕਾਲ ਤਖ਼ਤ ਸੁਖਬੀਰ ਬਾਦਲ ਕੋਲੋਂ ਸਪੱਸ਼ਟ ਪੁੱਛਣ ਕਿ ਜਾਣੇ ਤੇ ਅਨਜਾਣੇ ਵਿੱਚ ਕਿਹੜੀਆਂ ਭੁੱਲਾਂ ਕੀਤੀਆਂ?

### ਪੰਥ ਵਿਰੁੱਧ ਕਿਹੜੀਆਂ ਭੁੱਲਾਂ ਤੇ ਅਪਰਾਧ ਜਾਣ ਬੁੱਝ ਕੇ ਕੀਤੇ?

### ਅਕਾਲ ਤਖ਼ਤ ਤੇ ਪੰਥ ਨੂੰ ਗੁੰਮਰਾਹ ਕਰਨ ਵਾਲੇ ਦੋਸ਼ੀਆਂ ਦਾ ਜਥੇਦਾਰ ਪਰਦਾਫਾਸ਼ ਕਰਨ



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916





ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਸਿੱਖ ਪੰਥ ਦੀ ਮੰਗ ਉੱਪਰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਸ੍ਰੀ ਅਕਾਲ ਤਖ਼ਤ ਨੂੰ ਸੌਂਪੀ ਮੁਆਫ਼ੀ ਨਾਮੇ ਦੀ ਚਿੱਠੀ ਜਨਤਕ ਕਰ ਦਿੱਤੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁਆਫ਼ੀ ਨਾਮੇ ਵਿੱਚ ਲਿਖਿਆ ਹੈ ਕਿ ਦਾਸ ਕੋਲੋਂ ਚੇਤ- ਅਚੇਤ ਵਿੱਚ ਹੋਈਆਂ ਸਾਰੀਆਂ ਭੁੱਲਾਂ -ਚੁੱਕਾਂ ਲਈ ਖਿਮਾ ਦਾ ਜਾਚਕ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗੁਰਮਤਿ ਪਰੰਪਰਾਵਾਂ ਅਨੁਸਾਰ ਜਾਰੀ ਕੀਤੇ ਹਰ ਹੁਕਮ ਨੂੰ ਦਾਸ ਅਤੇ ਮੇਰੇ ਸਾਥੀ ਬਿਨਾਂ ਸ਼ਰਤ ਖਿੜੇ ਮੱਥੇ ਪ੍ਰਵਾਨ ਕਰਨਗੇ। ਕੀ ਸੁਖਬੀਰ ਬਾਦਲ ਅਕਾਲ ਤਖ਼ਤ ਸਾਹਿਬ ਦੱਸਣਗੇ ਕਿ ਕਿਹੜੀਆਂ ਜਾਣੇ ਅਨਜਾਣੇ ਵਿੱਚ ਭੁੱਲਾਂ ਹੋਈਆਂ, ਕਿਹੜੀਆਂ ਜਾਣ ਬੁਝ ਕੇ ਕੀਤੀਆਂ? ਇਹ ਵੇਰਵਾ ਸਿੰਘ ਸਾਹਿਬਾਨਾਂ ਨੂੰ ਸੁਖਬੀਰ ਸਿੰਘ ਬਾਦਲ ਕੋਲੋਂ ਪ੍ਰਾਪਤ ਕਰਕੇ ਗੁਰੂ ਪੰਥ ਦੀ ਕਚਹਿਰੀ ਵਿੱਚ ਰਖਣਾ ਚਾਹੀਦਾ ਹੈ।

* ਸੁਖਬੀਰ ਨੂੰ ਦੱਸਣਾ ਚਾਹੀਦਾ ਸੀ ਕਿ ਸੌਦਾ ਸਾਧ ਸੰਬੰਧੀ ਪੋਸ਼ਾਕ ਦਾ ਕੇਸ ਕਿਉਂ ਵਾਪਸ ਕਰਵਾਇਆ? ਕੀ ਇਹ ਜਾਣੇ ਅਨਜਾਣੇ ਵਿੱਚ ਭੁੱਲ ਸੀ?

* ਕੀ ਸੌਦਾ ਸਾਧ ਨਾਲ ਵੋਟਾਂ ਦੀ ਸੌਦੇਬਾਜ਼ੀ ਜਾਣੇ ਅਨਜਾਣੇ ਵਿੱਚ ਭੁੱਲ ਸੀ?

* ਸਭ ਤੋਂ ਬੱਜਰ ਗੁਨਾਹ ਜੋ ਅਕਾਲੀ ਸਰਕਾਰ ਵੇਲੇ ਹੋਇਆ ਉਹ ਸੀ ਸੌਦਾ ਸਾਧ ਨੂੰ ਮੁਆਫ਼ੀ। ਇਹ ਜਾਣਦੇ ਹੋਏ ਵੀ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਰਚਣ ਵਾਲੇ ਸੌਦਾ ਸਾਧ ਖ਼ਿਲਾਫ਼ ਸਿੱਖ ਪੰਥ ਦੀ ਵੱਡੇ ਪੱਧਰ 'ਤੇ ਨਰਾਜ਼ਗੀ ਹੈ, ਸੁਖਬੀਰ ਸਿੰਘ ਬਾਦਲ ਨੇ ਅਕਾਲ ਤਖ਼ਤ ਸਾਹਿਬ ਦਾ ਸਿਧਾਂਤ ਭੰਗ ਕਰਦਿਆਂ ਸੌਦਾ ਸਾਧ ਨੂੰ ਬਿਨਾਂ ਮੰਗਿਆਂ ਹੀ ਓਸ ਵਕਤ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੋਂ ਮੁਆਫ਼ੀ ਦੁਆ ਦਿੱਤੀ ਸੀ। ਇਸ ਮੁਆਫ਼ੀ ਨੂੰ ਸਹੀ ਸਾਬਤ ਕਰਨ ਲਈ ਅਖ਼ਬਾਰਾਂ ਵਿੱਚ ਫੁੱਲ ਪੇਜ ਦੇ ਕਰੋੜਾਂ ਰੁਪਏ ਦੇ ਇਸ਼ਤਿਹਾਰ ਵੀ ਛਪਵਾਏ ਗਏ। ਕੀ ਡੇਰੇ ਨੂੰ ਮੁਆਫ਼ੀ ਦਿਵਾਉਣ ਦੇ ਲਈ ਅਕਾਲ ਤਖ਼ਤ ਦੇ ਜਥੇਦਾਰ ਗੁਰਬਚਨ ਸਿੰਘ ਉੱਪਰ ਦਬਾਅ ਪਾਉਣਾ ਜਾਣੇ ਅਨਜਾਣੇ ਵਿੱਚ ਭੁੱਲ ਸੀ?

* ਬਾਦਲ ਸਰਕਾਰ ਵਲੋਂ ਕੋਟਕਪੂਰਾ, ਬਹਿਬਲ ਕਲਾਂ ਗੋਲੀ ਕਾਂਡ ਤੋਂ ਬਾਅਦ ਜਵਾਬ ਇਹ ਦਿੱਤਾ ਗਿਆ ਕਿ ਗੋਲੀ ਚਲਾਉਣ ਵਾਲੀ ਪੁਲਿਸ ਅਣਪਛਾਤੀ ਸੀ। ਕੀ ਇਹ ਜਾਣੇ ਅਨਜਾਣੇ ਵਿੱਚ ਭੁੱਲ ਸੀ?

#ਪੰਜਾਬ ਸੰਤਾਪ ਦੌਰ ਦੌਰਾਨ ਬੇਕਸੂਰ ਸਿੱਖ ਨੌਜਵਾਨਾਂ ਦਾ ਘਾਣ ਕਰਨ ਵਾਲੇ ਪੁਲਿਸ ਅਫ਼ਸਰ ਸੁਮੇਧ ਸੈਣੀ ਨੂੰ ਅਕਾਲੀ ਸਰਕਾਰ ਵੇਲੇ ਪੰਜਾਬ ਦਾ ਡੀ.ਜੀ.ਪੀ. ਲਗਾਇਆ ਗਿਆ, ਕੀ ਇਹ ਜਾਣੇ ਅਨਜਾਣੇ ਵਿੱਚ ਭੁੱਲ ਸੀ?

\# ਕੀ ਅਕਾਲੀ ਦਲ ਬਾਦਲ ਵਿੱਚ ਇਜ਼ਹਾਰ ਆਲਮ ਵਰਗੇ ਸਿੱਖ ਨੌਜਵਾਨਾਂ ਦੇ ਕਾਤਲਾਂ ਨੂੰ ਅਹੁਦੇਦਾਰੀਆ ਨਹੀਂ ਦਿੱਤੀਆਂ ਸਰਕਾਰੀ ਕੁਰਸੀਆਂ ਉੱਪਰ ਨਹੀਂ ਨਿਵਾਜਿਆ? ਕੀ ਇਹ ਜਾਣੇ ਅਨਜਾਣੇ ਵਿੱਚ ਭੁੱਲ ਸੀ?

ਇਹ ਸਾਰੇ ਵੱਡੇ ਅਪਰਾਧ ਹਨ ਜੋ ਹੁਣ ਤਕ ਛੁਪਾਏ ਜਾ ਰਹੇ ਹਨ।

ਸੁਖਬੀਰ ਬਾਦਲ ਤੇ ਉਨ੍ਹਾਂ ਦਾ ਧੜਾ ਬਾਗੀ ਅਕਾਲੀਆਂ ਸਿਰ ਭਾਂਡਾ ਭੰਨ ਰਿਹਾ ਹੈ?

ਜਦਕਿ ਦੋਸ਼ੀ ਸੀਨੀਅਰ ਬਾਗੀ ਅਕਾਲੀ ਆਗੂਆਂ ਨੇ ਅਕਾਲ ਤਖ਼ਤ ਸਾਹਮਣੇ ਇਹ ਦੋਸ਼ ਸਿੱਧੇ ਤੌਰ ਉੱਪਰ ਸਵੀਕਾਰ ਕੀਤੇ ਹਨ ਕਿ ਸਾਡੇ ਕੋਲੋਂ ਇਹ ਗ਼ਲਤੀਆਂ ਹੋਈਆਂ ਹਨ, ਸਾਨੂੰ ਸਮੇਂ ਸਿਰ ਬੋਲਣਾ ਚਾਹੀਦਾ ਸੀ, ਰੋਕਣਾ ਚਾਹੀਦਾ ਸੀ, ਪਰ ਰੋਕ ਨਹੀਂ ਸਕੇ। ਜਦਕਿ ਸੁਖਬੀਰ ਸਿੰਘ ਬਾਦਲ ਨੇ ਬਿਨਾਂ ਘਟਨਾਵਾਂ ਦਾ ਜ਼ਿਕਰ ਕਰਦੇ ਹੋਏ ਕਹਿ ਰਹੇ ਹਨ ਕਿ ਅਸੀਂ ਚੇਤ-ਅਚੇਤ ਹੋਈਆਂ ਭੁੱਲਾਂ ਦੀ ਮੁਆਫ਼ੀ ਮੰਗਦੇ ਹਾਂ।

**ਸੁਖਬੀਰ ਬਾਦਲ ਦੇ ਸਪੱਸ਼ਟੀਕਰਨ ਬਾਰੇ ਢੀਂਡਸਾ ਦੀ ਰਾਇ**

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾ ਅਤੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੀ ਚਿੱਠੀ ਜਗ ਜ਼ਾਹਰ ਹੋਣ 'ਤੇ ਉਸ ਵਿਚੋਂ ਕੁਝ ਨਵਾਂ ਨਹੀਂ ਨਿਕਲਿਆ ਅਤੇ ਇਹ ਚਿੱਠੀ ਅਜੇ ਵੀ ਮੁਆਫ਼ੀ ਮੰਗਣ ਦੇ ਮਾਮਲੇ ਵਿੱਚ ਗੋਲਮੋਲ ਹੈ।

ਢੀਂਡਸਾ ਨੇ ਕਿਹਾ ਕਿ ਹੁਣ ਸਮੁੱਚੇ ਸਿੱਖ ਕੌਮ ਦੀਆਂ ਨਜ਼ਰਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਵੀਰ ਸਿੰਘ ਅਤੇ ਬਾਕੀ ਸਿੰਘ ਸਾਹਿਬਾਨਾਂ 'ਤੇ ਟਿਕੀਆਂ ਹੋਈਆਂ ਹਨ ਕਿ ਉਹ ਅਕਾਲੀ ਦਲ ਦੀ ਸਰਕਾਰ ਮੌਕੇ ਬਰਗਾੜੀ ਕਾਂਡ, ਬਹਿਬਲ ਕਾਂਡ, ਡੀ.ਜੀ.ਪੀ. ਸੈਣੀ, ਆਲਮ ਵਿਧਾਇਕ ਮਾਮਲਾ, ਡੇਰਾ ਸਾਧ ਨੂੰ ਮੁਆਫ਼ੀ ਸਮੇਤ ਹੋਰ ਵਾਪਰੀਆਂ ਘਟਨਾਵਾਂ ਵਿੱਚ ਕਿਸ ਤਰ੍ਹਾਂ ਦਾ ਫੈਸਲਾ ਸੁਣਾਉਂਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਜਿਸ ਤਰ੍ਹਾਂ ਦੇ ਅਕਾਲੀ ਦਲ ਦੇ ਹਾਲਾਤ ਸੁਖਬੀਰ ਸਿੰਘ ਬਾਦਲ ਨੇ ਕਰ ਦਿੱਤੇ ਹਨ, ਹੁਣ ਅਕਾਲੀ ਦਲ ਨੂੰ ਮੁੜ ਪੈਰਾਂ 'ਤੇ ਖੜ੍ਹਾ ਕਰਨ ਅਤੇ ਭਰੋਸਾ ਬਣਾਉਣ ਵਿੱਚ ਲੰਬਾ ਸਮਾਂ ਲੱਗੇਗਾ।

**ਬਾਗ਼ੀਆਂ 'ਤੋਂ ਔਖੇ ਡਾਕਟਰ ਚੀਮਾ**

ਸ਼੍ਰੋਮਣੀ ਅਕਾਲੀ ਦਲ ਦੇ ਲੀਡਰ ਦਲਜੀਤ ਸਿੰਘ ਚੀਮਾ ਨੇ ਬਾਗ਼ੀਆਂ ਨੂੰ ਨਿਸ਼ਾਨੇ ਉੱਤੇ ਲੈਂਦਿਆਂ ਕਿਹਾ ਕਿ ਬਾਗੀ ਅਕਾਲੀਆਂ ਨੂੰ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਵੀ ਭਰੋਸਾ ਨਹੀਂ ਹੈ, ਕਿਉਂਕਿ ਜਦੋਂ ਸਪੱਸ਼ਟੀਕਰਨ ਦਿੱਤਾ ਗਿਆ ਤਾਂ ਉਨ੍ਹਾਂ ਵੱਲੋਂ ਪ੍ਰਚਾਰ ਕੀਤਾ ਗਿਆ ਕਿ ਇਸ ਨੂੰ ਜਥੇਦਾਰ ਸਾਹਿਬ ਜਨਤਕ ਕਰਨ। ਚੀਮਾ ਨੇ ਕਿਹਾ ਕਿ ਜੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਭਰੋਸਾ ਹੀ ਨਹੀਂ ਤਾਂ ਫਿਰ ਉਥੇ ਕੀ ਕਰਨ ਗਏ ਸੀ?

## ਕੀ ਸਿੱਖ ਕੌਮ ਦੋਸ਼ੀ ਲੀਡਰਸ਼ਿਪ ਨੂੰ ਮਾਫ਼ ਕਰੇਗੀ?

ਪੰਥਕ ਹਲਕਿਆਂ ਅਨੁਸਾਰ ਬਾਦਲ ਧੜਾ ਬਾਗੀ ਅਕਾਲੀਆਂ ਨਾਲੋਂ ਜ਼ਿਆਦਾ ਸਿੱਖ ਪੰਥ ਦਾ ਵੱਡਾ ਦੋਸ਼ੀ ਹੈ। ਜੋ ਬਾਦਲ ਪਰਿਵਾਰ ਨੇ ਅਕਾਲੀ ਦਲ, ਅਕਾਲ ਤਖਤ ਸਾਹਿਬ, ਸ਼੍ਰੋਮਣੀ ਕਮੇਟੀ ਨੂੰ ਢਾਹ ਲਗਾਉਣ ਲਈ ਅਪਰਾਧ ਕੀਤੇ ਹਨ, ਉਹ ਸਿੱਖ ਪੰਥ ਨੇ ਕਦੇ ਮਾਫ਼ ਨਹੀਂ ਕਰਨੇ। ਸਰਦਾਰ ਗੁਰਤੇਜ ਸਿੰਘ ਆਈਏਐਸ ਨੇ ਕਿਹਾ ਕਿ ਅਕਾਲ ਤਖ਼ਤ ਦੇ ਜਥੇਦਾਰ ਨੂੰ ਸਿੱਖ ਸਿਧਾਂਤ ਅਨੁਸਾਰ ਪਹਿਰੇਦਾਰੀ ਕਰਨੀ ਪੈਣੀ ਹੈ। ਫੈਸਲਾ ਉਨ੍ਹਾਂ ਦੇ ਹੱਥ ਵਿੱਚ ਹੈ ਕਿ ਉਨ੍ਹਾਂ ਨੇ ਬਾਦਲ ਪਰਿਵਾਰ ਦੇ ਦੋਸ਼ਾਂ ਨੂੰ ਗਿਆਨੀ ਗੁਰਬਚਨ ਸਿੰਘ ਵਾਂਗ ਢਕਣਾ ਹੈ ਜਾਂ ਉਨ੍ਹੀਵੀਂ ਸਦੀ ਦੇ ਅਕਾਲ ਤਖ਼ਤ ਦੇ ਜਥੇਦਾਰ ਬਾਬਾ ਅਕਾਲੀ ਫੂਲਾ ਸਿੰਘ ਵਾਂਗ ਸਿਖ ਪੰਥ ਦੀ ਸ਼ਾਨ ਤੇ ਅਕਸ ਵਿੱਚ ਇਤਿਹਾਸਕ ਵਾਧਾ ਕਰਨਾ ਹੈ, ਜਿਨ੍ਹਾਂ ਨੂੰ ਕਿਸੇ ਸੱਤਾ ਦਾ ਭੈਅ ਨਹੀਂ ਸੀ?

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਵੱਲੋਂ ਬਾਦਲ ਪਰਿਵਾਰ ਤੇ ਧੜੇ ਦੀ ਇੱਕ-ਇੱਕ ਗੁਨਾਹ ਦਾ ਜ਼ਿਕਰ ਕੀਤਾ ਜਾਣਾ ਚਾਹੀਦਾ ਹੈ ਕਿ ਇਹਨਾਂ ਦੋਸ਼ਾਂ ਵਿੱਚ ਕਿਹੜੀ ਜਾਣੇ ਅਨਜਾਣੇ ਵਿੱਚ ਗਲਤੀ ਹੋਈ ਤੇ ਕਿਹੜੀ ਜਾਣ ਬੁਝ ਕੇ ਪੰਥ ਵਿਰੋਧੀ ਗਲਤੀ ਕੀਤੀ?

ਜੇ ਕਿਸੇ ਵੀ ਦੋਸ਼ ਦਾ ਜ਼ਿਕਰ ਨਹੀਂ ਹੋਵੇਗਾ ਤਾਂ ਸੰਗਤ ਦੇ ਸਾਹਮਣੇ ਸਾਰਾ ਸੱਚ ਕਿਵੇਂ ਸਾਹਮਣੇ ਆਵੇਗਾ?

ਉਨ੍ਹਾਂ ਕਿਹਾ ਕਿ ਅਕਾਲ ਤਖਤ ਸਾਹਿਬ ਤੋਂ ਰੱਬੀ ਸੱਚ ਪ੍ਰਗਟ ਹੋਣਾ ਚਾਹੀਦਾ ਹੈ। ਇਹ ਗੁਰੂ ਦਾ ਤਖਤ ਹੈ? ਗੁਰੂ ਤੋਂ ਬਾਅਦ ਤਖ਼ਤ ਦਾ ਮਾਲਕ ਬਾਦਲ ਪਰਿਵਾਰ ਨਹੀਂ ਗੁਰੂ ਪੰਥ ਹੈ। ਜਥੇਦਾਰ ਅਕਾਲ ਤਖ਼ਤ ਨੇ ਗੁਰੂ ਸਿਧਾਂਤ ਦੀ ਪਹਿਰੇਦਾਰੀ ਕਰਨੀ ਹੈ। ਸੁਖਬੀਰ ਬਾਦਲ ਦੀ ਚਿੱਠੀ ਤੋਂ ਖਾਲਸਾ ਪੰਥ ਸੰਤੁਸ਼ਟ ਨਹੀਂ। ਇਹ ਆਪਣੇ ਦੋਸ਼ ਤੇ ਅਪਰਾਧ ਲੁਕਾਉਣ ਦੀ ਕਾਰਵਾਈ ਹੈ। ਇਨ੍ਹਾਂ ਦੋਸ਼ੀਆਂ ਨੂੰ ਸਿੱਖ ਪੰਥ ਕਦੇ ਮਾਫ਼ ਨਹੀਂ ਕਰ ਸਕਦਾ।

ਸ਼੍ਰੋਮਣੀ ਕਮੇਟੀ ਦੀ ਮੈਂਬਰ ਬੀਬੀ ਕਿਰਨਜੋਤ ਨੇ ਕਿਹਾ ਕਿ ਸੁਖਬੀਰ ਦੀ ਚਿੱਠੀ ਦੋਸ਼ਾਂ ਬਾਰੇ ਸਪਸ਼ਟ ਨਹੀਂ। ਉਨ੍ਹਾਂ ਨੂੰ ਅਕਾਲ ਤਖ਼ਤ ਸਾਹਮਣੇ ਸੱਚ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਕੀ ਗੁਨਾਹ ਤੇ ਭੁੱਲਾਂ ਕੀਤੀਆਂ। ਗੁਰੂ ਗ੍ਰੰਥ ਤੇ ਗੁਰੂ ਪੰਥ ਅੱਗੇ ਸਪਸ਼ਟ ਹੋਕੇ ਹੀ ਗੁਨਾਹ ਬਖ਼ਸ਼ਾਏ ਜਾ ਸਕਦੇ ਹਨ।

ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਤੋਂ ਅਕਾਲੀ ਸੰਕਟ ਹਲ਼ ਕਰਨ ਲਈ ਗਿਆਰਾਂ ਮੈਂਬਰੀ ਪੰਥਕ ਫੇਸ ਵਾਲੀ ਕਮੇਟੀ ਬਣਾਉਣੀ ਚਾਹੀਦੀ ਹੈ ਜੋ ਅਕਾਲੀ ਦਲ ਦਾ ਅਕਸ ਬਹਾਲ ਕਰੇ ਤੇ ਨਵੀਂ ਲੀਡਰਸ਼ਿਪ ਦੀ ਚੋਣ ਕਰੇ। ਦਾਗੀ ਲੀਡਰਸ਼ਿਪ ਨਾਲ ਅਕਾਲੀ ਦਲ ਨਹੀਂ ਬਚ ਸਕਦਾ।

## ਬਾਗ਼ੀ ਅਕਾਲੀ ਲੀਡਰਸ਼ਿਪ ਦੀ ਕਾਨਫਰੰਸ ਕੋਈ ਪ੍ਰਭਾਵ ਨਾ ਛੱਡ ਸਕੀ

ਚੰਡੀਗੜ੍ਹ: ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਵੱਲੋਂ ਸ਼ੁਰੂ ਕੀਤੇ ਸੈਮੀਨਾਰਾਂ ਦੀ ਲੜੀ ਤਹਿਤ ਇੱਥੇ ਚੰਡੀਗੜ੍ਹ ਚੰਡੀਗੜ੍ਹ ਦੇ ਸੈਕਟਰ-30 ਸਥਿਤ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਸਿੱਖ ਪੰਥ ਅੱਗੇ ਚੁਣੌਤੀਆਂ ਤੇ ਸਿੱਖ ਸੰਸਥਾਵਾਂ ਦੀ ਭੂਮਿਕਾ ਵਿਸ਼ੇ 'ਤੇ ਪਹਿਲ਼ਾ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ ਜੋ ਸਿੱਖ ਪੰਥ ਉੱਪਰ ਕੋਈ ਪ੍ਰਭਾਵ ਨਹੀਂ ਜਮਾ ਸਕਿਆ। ਬਾਗੀ ਅਕਾਲੀ ਧੜਾ ਸਿੱਖ ਪੰਥ ਦੇ ਇਸ ਸੰਕਟ ਬਾਰੇ ਆਪਣੀ ਧਾਰਨਾ ਸਪਸ਼ਟ ਕਰਨ ਤੋਂ ਅਸਫਲ ਰਿਹਾ। ਮੀਡੀਆ ਵਿੱਚ ਉਸ ਦਾ ਪ੍ਰਭਾਵ ਨਹੀਂ ਬਣ ਸਕਿਆ। ਇਸ ਸੈਮੀਨਾਰ ਵਿੱਚ ਸਿੱਖ ਪੰਥ ਦੇ ਵੱਡੇ ਸਿੱਖ ਚਿੰਤਕ ਤੇ ਪੰਥਕ ਹਸਤੀਆਂ ਵੀ ਸ਼ਾਮਲ ਨਹੀਂ ਹੋਈਆਂ।

ਇਸ ਮੌਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੇ ਸਾਬਕਾ ਮੁਖੀ ਤੇ ਉੱਘੇ ਸਿੱਖ ਵਿਦਵਾਨ ਡਾ. ਬਲਕਾਰ ਸਿੰਘ ਨੇ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਮੌਜੂਦਾ ਦੌਰ ਅੰਦਰ ਲੀਡਰ ਵਿਹੂਣੀ ਹੋਈ ਕੌਮ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸੇਧ ਲੈਣ ਦੀ ਲੋੜ ਹੈ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਸ੍ਰੀ ਫਤਿਹਗੜ੍ਹ ਸਾਹਿਬ ਦੇ ਸਾਬਕਾ ਉੱਪ ਕੁਲਪਤੀ ਤੇ ਸਿੱਖ ਬੁੱਧੀਜੀਵੀ ਡਾ. ਗੁਰਮੋਹਨ ਸਿੰਘ ਵਾਲੀਆ ਨੇ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖ ਸੰਸਥਾਵਾਂ ਵਿੱਚ ਆ ਰਹੀ ਗਿਰਾਵਟ 'ਤੇ ਚਿੰਤਾ ਪ੍ਰਗਟ ਕੀਤੀ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਕਨਵੀਨਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਅਕਾਲੀ ਦਲ ਦੇ ਇਤਿਹਾਸ ਸਬੰਧੀ ਸੰਖੇਪ ਵਿੱਚ ਜਾਣਕਾਰੀ ਦਿੱਤੀ। ਸਟੇਜ ਦੀ ਕਾਰਵਾਈ ਅਕਾਲੀ ਦਲ ਦੇ ਸੀਨੀਅਰ ਆਗੂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਨਿਭਾਈ। ਇਸ ਮੌਕੇ ਬੀਬੀ ਜਗੀਰ ਕੌਰ, ਸੁਰਜੀਤ ਸਿੰਘ ਰੱਖੜਾ, ਪਰਮਿੰਦਰ ਸਿੰਘ ਢੀਂਡਸਾ, ਚਰਨਜੀਤ ਸਿੰਘ ਬਰਾੜ, ਗਗਨਜੀਤ ਸਿੰਘ ਬਰਨਾਲਾ, ਸੁੱਚਾ ਸਿੰਘ ਛੋਟੇਪੁਰ, ਜਸਟਿਸ ਨਿਰਮਲ ਸਿੰਘ, ਸਰਵਨ ਸਿੰਘ ਫਿਲੌਰ, ਹਰਿੰਦਰਪਾਲ ਸਿੰਘ ਚੰਦੂਮਾਜਰਾ, ਪਰਮਜੀਤ ਕੌਰ ਗੁਲਸ਼ਨ, ਸਤਵਿੰਦਰ ਕੌਰ ਧਾਲੀਵਾਲ, ਹਰਿੰਦਰਪਾਲ ਸਿੰਘ ਟੌਹੜਾ, ਬੀਬੀ ਹਰਜੀਤ ਕੌਰ ਤਲਵੰਡੀ ਆਦਿ ਹਾਜ਼ਰ ਸਨ।




## ਸਾਬਕਾ ਪੁਲਿਸ ਅਫਸਰ ਖੱਟੜਾ ਕਾਰਨ ਬਾਦਲ ਦਲ ਉੱਪਰ ਸੰਕਟ ਮੰਡਰਾਇਆ

### ਸੌਦਾ ਸਾਧ ਦੀਆਂ ਵੋਟਾਂ ਕਾਰਨ ਸੁਖਬੀਰ ਬਾਦਲ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਸਥਾ ਨੂੰ ਛਿੱਕੇ ਟੰਗਿਆ: ਖੱਟੜਾ



ਬੇਅਦਬੀ ਮਾਮਲੇ ਵਿੱਚ ਵਿਸ਼ੇਸ਼ ਜਾਂਚ ਟੀਮ ਦੇ ਸਾਬਕਾ ਪੁਲਿਸ ਮੁਖੀ ਰਣਬੀਰ ਸਿੰਘ ਖੱਟੜਾ ਨੇ ਸੁਖਬੀਰ ਸਿੰਘ ਬਾਦਲ ਸਣੇ ਕਈ ਅਕਾਲੀ ਆਗੂਆਂ ਨੂੰ ਨਿਸ਼ਾਨੇ 'ਤੇ ਲਿਆ ਹੈ। ਉਨ੍ਹਾਂ ਕਿਹਾ, "ਸੁਖਬੀਰ ਸਿੰਘ ਬਾਦਲ ਨੇ ਡੇਰਾ ਸੱਚਾ ਸੌਦਾ ਸਿਰਸਾ ਦੀਆਂ ਵੋਟਾਂ ਲੈਣ ਲਈ ਗੁਰੂ ਗ੍ਰੰਥ ਸਾਹਿਬ ਦੀ ਆਸਥਾ ਨੂੰ ਛਿੱਕੇ ਟੰਗਿਆ ਸੀ, ਅਸੀਂ ਪ੍ਰੇਮੀਆਂ ਦੀਆਂ ਵੋਟਾਂ ਲੈਣ ਲਈ ਤਿਆਰ ਨਹੀਂ ਸੀ, ਜਿਸ ਕਾਰਨ ਅਸੀਂ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਵਾਪਸ ਕੀਤੀ ਤੇ ਪਾਰਟੀ ਛੱਡ ਦਿੱਤੀ।" ਉਨ੍ਹਾਂ ਸਪੱਸ਼ਟ ਕਿਹਾ ਕਿ ਬੁਰਜ ਜਵਾਹਰ ਸਿੰਘ ਵਾਲਾ ਜਾਂ ਫਿਰ ਬਰਗਾੜੀ ਵਿੱਚ ਬੇਅਦਬੀ ਬਾਰੇ ਤੱਥ ਗੁਰਦੇਵ ਪ੍ਰੇਮੀ ਦੇ ਸਕਦਾ ਸੀ ਪਰ ਉਹ ਮਾਰ ਦਿੱਤਾ ਗਿਆ, ਜਿਸ ਤੋਂ ਬਾਅਦ ਡੇਰਾ ਪ੍ਰੇਮੀਆਂ (**ਬਾਕੀ ਸਫ਼ਾ 30 'ਤੇ**)

# ਅਮਰੀਕੀ ਚੋਣਾਂ ਨੂੰ ਲੈ ਕੇ ਸੱਟੇਬਾਜ਼ੀ ਦਾ ਬਾਜ਼ਾਰ ਗਰਮ

## ਕਮਲਾ ਹੈਰਿਸ- ਟਰੰਪ ਵਿਚਾਲੇ ਕਿਸ ਦੀ ਜਿੱਤ ਦੀ ਜ਼ਿਆਦਾ ਸੰਭਾਵਨਾ ?

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਦੇ ਰਾਸ਼ਟਰਪਤੀ ਦੇ ਅਹੁਦੇ ਲਈ ਇਸ ਵਾਰ ਹੋਣ ਵਾਲੀਆਂ ਚੋਣਾਂ ਇਤਿਹਾਸਕ ਹੋਣ ਦੀ ਸੰਭਾਵਨਾ ਹੈ। ਇਸ ਵਾਰ ਇੱਕ ਪਾਸੇ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਇੱਕ ਵਾਰ ਫਿਰ ਤੋਂ ਚੋਣ ਲੜਨ ਲਈ ਮੈਦਾਨ ਵਿੱਚ ਹਨ।

ਦੂਜੇ ਪਾਸੇ ਸੇਵਾਮੁਕਤ ਹੋ ਰਹੇ ਰਾਸ਼ਟਰਪਤੀ ਜੋਅ ਬਾਈਡੇਨ ਦੇ ਆਸ਼ੀਰਵਾਦ ਨਾਲ ਮੌਜੂਦਾ ਉਪ -ਰਾਸ਼ਟਰਪਤੀ ਭਾਰਤੀ ਮੂਲ ਦੀ ਕਮਲਾ ਹੈਰਿਸ ਡੈਮੋਕ੍ਰੇਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਦੀ ਦੌੜ ਵਿੱਚ ਸ਼ਾਮਲ ਹੋ ਗਈ ਹੈ। ਇਸ ਤੋਂ ਪਹਿਲਾਂ ਕੀਤੇ ਗਏ ਪ੍ਰੀਪੋਲ ਸਰਵੇਖਣ ਨੇ ਮੁੱਖ ਸੂਬਿਆਂ ਵਿੱਚ ਟਰੰਪ ਨੂੰ 54% ਨਾਲ ਅੱਗੇ ਕੀਤਾ ਸੀ। ਜਦੋਂ ਕਿ ਸਿਰਫ਼ 45% ਵੋਟਰ ਕਮਲਾ ਹੈਰਿਸ ਨੂੰ ਗਏ ਸਨ। ਗੋਲੀਬਾਰੀ ਦੀ ਘਟਨਾ ਤੋਂ ਬਾਅਦ, ਟਰੰਪ ਦੀ ਜਿੱਤ ਦੀ ਸੰਭਾਵਨਾ ਬਹੁਤ ਜ਼ਿਆਦਾ ਸੀ, ਪਰ ਉਸ ਘਟਨਾ ਨੂੰ ਹੁਣ ਹੌਲੀ-ਹੌਲੀ ਭੁਲਾਇਆ ਜਾ ਰਿਹਾ ਹੈ। ਇੱਕ ਸਮੇਂ, ਟਰੰਪ ਨੂੰ ਨੇਵਾਡਾ, ਐਰੀਜ਼ੋਨਾ, ਜਾਰਜੀਆ ਅਤੇ ਉੱਤਰੀ ਕੈਰੋਲੀਨਾ ਵਿੱਚ 54% ਵੋਟਰਾਂ ਦੁਆਰਾ ਸਮਰਥਨ ਦਿੱਤਾ ਗਿਆ ਸੀ, ਜਦੋਂ ਕਿ ਕਮਲਾ ਹੈਰਿਸ ਨੇ ਪੈਨਸਿਲਵੇਨੀਆ ਸੂਬੇ ਵਿੱਚ 45% ਵੋਟਾਂ ਜਿੱਤੀਆਂ ਸਨ। ਪਰ ਜਿਵੇਂ-ਜਿਵੇਂ ਚੋਣ ਅੱਗੇ ਵਧਦੀ ਜਾ ਰਹੀ ਹੈ, ਦੋਵਾਂ ਵਿਚਲਾ ਪਾੜਾ ਘਟਦਾ ਜਾ ਰਿਹਾ ਹੈ। ਨਤੀਜੇ ਵਜੋਂ, ਪਿਛਲੇ ਦਿਨੀਂ ਸੱਟੇਬਾਜ਼ੀ ਬਾਜ਼ਾਰ ਵਿੱਚ ਕਮਲਾ ਦੀ ਜਿੱਤ ਲਈ 31,375 ਸੱਟੇ ਲਗਾਏ ਗਏ ਹਨ, ਜਦੋਂ ਕਿ ਟਰੰਪ ਦੀ ਜਿੱਤ ਲਈ 25,985 ਸੱਟੇ ਲਗਾਏ ਗਏ ਹਨ। ਜ਼ਿਕਰ ਯੋਗ ਹੈ ਕਿ ਸੱਟੇਬਾਜ਼ੀ ਕੋਈ ਚੰਗੀ ਗੱਲ ਨਹੀਂ ਹੈ, ਪਰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਇਨ੍ਹਾਂ ਸੱਟੇਬਾਜ਼ਾਂ ਕੋਲ ਵਿਸਥਾਰ ਪੂਰਵਕ ਜਾਣਕਾਰੀ ਵੀ ਹੁੰਦੀ ਹੈ ਕਿਉਂਕਿ ਇਸ ਵਿੱਚ ਪੈਸਾ ਜਿੱਤਣਾ ਜਾਂ ਹਾਰਨਾ ਸ਼ਾਮਲ ਹੈ। ਇਸ ਲਈ ਸੱਟੇਬਾਜ਼ ਪੂਰੀ ਤਰ੍ਹਾਂ ਜਾਂਚ ਕਰਦੇ ਹਨ। ਉਨ੍ਹਾਂ ਨੇ ਇਸ ਵਾਰ ਭਾਰਤੀ ਮੂਲ ਦੀ ਕਮਲਾ ਹੈਰਿਸ ਦੀ ਜਿੱਤ ਦਾ ਪੱਖ ਪੂਰਿਆ ਹੈ।





# ਟਰੰਪ ਸਰਹੱਦੀ ਸੁਰੱਖਿਆ ਬਿੱਲ ਖ਼ਤਮ ਕਰਨ ਲਈ ਜ਼ਿੰਮੇਵਾਰ ਹੈ: ਕਮਲਾ ਹੈਰਿਸ

## ਡੈਮੋਕਰੈਟਿਕ ਉਮੀਦਵਾਰ ਨੇ ਦਿੱਤੀ ਖੁੱਲ੍ਹੀ ਬਹਿਸ ਦੀ ਚੁਣੌਤੀ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਉੱਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਰਿਪਬਲੀਕਨ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਲਈ ਉਮੀਦਵਾਰ ਡੋਨਲਡ ਟਰੰਪ ਨੂੰ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੱਤੀ ਹੈ। ਰਾਸ਼ਟਰਪਤੀ ਅਹੁਦੇ ਲਈ ਡੈਮੋਕਰੈਟਿਕ ਉਮੀਦਵਾਰ ਵਜੋਂ ਰਸਮੀ ਦਾਅਵੇਦਾਰੀ ਪੇਸ਼ ਕਰਨ ਉਪਰੰਤ ਐਟਲਾਂਟਾ (ਜਾਰਜੀਆ) ਵਿੱਚ ਇੱਕ ਉਤਸ਼ਾਹ ਭਰਪੂਰ ਇਕੱਠ ਨੂੰ ਸੰਬੋਧਨ ਕਰਦਿਆਂ ਹੈਰਿਸ ਨੇ ਕਿਹਾ ਕਿ ਮੇਰੇ ਵੱਲੋਂ ਇਸ ਤੋਂ ਪਹਿਲਾਂ ਬਹਿਸ ਲਈ ਦਿੱਤੀ ਚੁਣੌਤੀ ਤੋਂ ਟਰੰਪ ਭੱਜ ਗਿਆ ਸੀ ਤੇ ਉਨ੍ਹਾਂ ਨੇ ਕਿਹਾ ਸੀ ਕਿ ਸੰਭਾਵੀ ਤੌਰ ’ਤੇ ਉਹ ਹੈਰਿਸ ਨਾਲ ਸਤੰਬਰ ਵਿੱਚ ਬਹਿਸ ਕਰਨਗੇ। ਹੈਰਿਸ ਨੇ ਕਿਹਾ ਕਿ ਬਹੁਤ ਵਧੀਆ, ਟਰੰਪ ਮੈਨੂੰ ਆਸ ਹੈ ਕਿ ਤੁਸੀਂ ਮੇਰੇ ਨਾਲ ਮੰਚ ਉਪਰ ਬਹਿਸ ਬਾਰੇ ਮੁੜ ਵਿਚਾਰ ਕਰੋਗੇ। ਉਨ੍ਹਾਂ ਕਿਹਾ ਕਿ ਜੇਕਰ ਤੁਹਾਡੇ ਕੋਲ ਮੇਰੇ ਲਈ ਕੁਝ ਕਹਿਣ ਲਈ ਹੈ ਤਾਂ ਆਹਮੋ ਸਾਹਮਣੇ ਆ ਕੇ ਕਹੋ। ਇਹ ਐਲਾਨ ਉਨ੍ਹਾਂ ਨੇ ਰੈਲੀ ਵਿੱਚ ਇਕੱਤਰ ਭੀੜ ਦੀਆਂ ਤਾੜੀਆਂ ਦੀ ਗੜਗੜਾਹਟ ਦਰਮਿਆਨ ਕੀਤਾ। ਹੈਰਿਸ ਨੇ ਵਚਨਬੱਧਤਾ ਪ੍ਰਗਟਾਈ ਕਿ ਜੇਕਰ ਉਹ ਜਿੱਤ ਜਾਂਦੇ ਹਨ ਤਾਂ ਆਮ ਸਹਿਮਤੀ ਵਾਲਾ ਇਮੀਗ੍ਰੇਸ਼ਨ ਬਿੱਲ ਲਿਆਉਣਗੇ ਜਿਸ ਬਾਰੇ ਸੈਨੇਟ ਵਿੱਚ ਬਹਿਸ ਹੋ ਚੁੱਕੀ ਹੈ ਤੇ ਪਾਸ ਹੋ ਚੁੱਕਾ ਹੈ। ਉਨ੍ਹਾਂ ਕਿਹਾ ਦੂਸਰੇ ਪਾਸੇ ਡੋਨਲਡ ਟਰੰਪ ਸਾਡੀਆਂ ਸਰਹੱਦਾਂ ਨੂੰ ਸੁਰੱਖਿਅਤ ਕਰਨ ਦੀ ਗੱਲ ਕਰਦੇ ਹਨ ਜਦ ਕਿ ਹਕੀਕਤ ਇਹ ਹੈ ਕਿ ਰਿਪਬਲੀਕਨਾਂ ਨੇ ਦੋ ਵਾਰ ਬਿੱਲ ਪਾਸ ਨਹੀਂ ਹੋਣ ਦਿੱਤਾ ਕਿਉਂਕਿ ਟਰੰਪ ਨੇ ਰਿਪਬਲੀਕਨ ਸਾਂਸਦਾਂ ਨੂੰ ਇਸ ਦਾ ਵਿਰੋਧ ਕਰਨ ਦੀ ਬੇਨਤੀ ਕੀਤੀ ਸੀ। ਟਰੰਪ

ਦਾ ਕਹਿਣਾ ਸੀ ਕਿ ਇਸ ਬਿੱਲ ਦੇ ਪਾਸ ਹੋਣ ਨਾਲ ਚੋਣ ਵਾਲੇ ਸਾਲ ਵਿੱਚ ਬਾਇਡੇਨ ਦੀ ਜਿੱਤ ਦਾ ਸੰਕੇਤ ਮਿਲੇਗਾ। ਹੈਰਿਸ ਨੇ ਕਿਹਾ ਕਿ ਇਸ ਤੋਂ ਸਾਫ ਪਤਾ ਲੱਗਦਾ ਹੈ ਕਿ ਟਰੰਪ ਨੂੰ ਸਰਹੱਦੀ ਸੁਰੱਖਿਆ ਦੀ ਚਿੰਤਾ ਨਹੀਂ ਹੈ ਤੇ ਉਹ ਕੇਵਲ ਆਪਣੀ ਚਿੰਤਾ ਕਰਦਾ ਹੈ।

ਜਦੋਂ ਮੈ ਰਾਸ਼ਟਰਪਤੀ ਬਣਾਂਗੀ ਤਾਂ ਮੈ ਜ਼ਮੀਨੀ ਪੱਧਰ ’ਤੇ ਸਮੱਸਿਆ ਦਾ ਹੱਲ ਕਰਨ ਲਈ ਕੰਮ ਕਰਾਂਗੀ। ਉਨ੍ਹਾਂ ਹੋਰ ਕਿਹਾ ਕਿ ਰਾਸ਼ਟਰਪਤੀ ਦੀ ਚੋਣ ਦੀ ਦੌੜ ਵਿੱਚ ਹਵਾ ਦਾ ਰੁਖ ਬਦਲ ਰਿਹਾ ਹੈ ਤੇ ਇਸ ਤਰ੍ਹਾਂ ਦੇ ਸੰਕੇਤ ਮਿਲੇ ਹਨ ਕਿ ਡੋਨਲਡ ਟਰੰਪ ਇਸ ਬਦਲੇ ਹਾਲਾਤ ਨੂੰ ਮਹਿਸੂਸ ਕਰ ਰਹੇ ਹਨ। ਉਨ੍ਹਾਂ ਜੁੜੀ ਭੀੜ ਨੂੰ ਕਿਹਾ ਹੋ ਸਕਦਾ ਹੈ ਕਿ ਤੁਸੀਂ ਵੀ ਇਸ ਨੂੰ ਮਹਿਸੂਸ ਕੀਤਾ ਹੋਵੇ।

ਆਪਣੇ ਭਾਸ਼ਣ ਦੌਰਾਨ ਹੈਰਿਸ ਨੇ ਜਾਰਜੀਆ ਵੱਲ ਆਪਣੀ ਤਵਜੋਂ ਉਪਰ ਜੋਰ ਦਿੱਤਾ। ਰਾਸ਼ਟਰਪਤੀ ਜੋ ਬਾਇਡਨ 2020 ਦੀਆਂ ਚੋਣਾਂ ਦੌਰਾਨ ਜਾਰਜੀਆ ਵਿਚੋਂ 12000 ਤੋਂ ਵੀ ਘੱਟ ਵੋਟਾਂ ਦੇ ਫਰਕ ਨਾਲ ਜਿੱਤੇ ਸਨ।

ਅਮਰੀਕੀ ਨਸਲ ਦੀ ਗੱਲ ਕਰਨ ਵਾਲੇ ਆਗੂ ਨੂੰ ਨਹੀਂ ਚਾਹੁੰਦੇ-ਹੇਸਟਨ ਵਿੱਚ ਇੱਕ ਵੱਖਰੇ ਸੰਬੋਧਨ ਵਿੱਚ ਕਮਲਾ ਹੇਰਿਸ ਨੇ ਡੋਨਲਡ ਟਰੰਪ ਵੱਲੋਂ ਇੱਕ ਮੁਲਾਕਾਤ ਦੌਰਾਨ ਉਸ ਦੀ ਨਸਲ ਬਾਰੇ ਝੂਠਾ ਦਾਅਵਾ ਕਰਨ ਬਾਰੇ ਕਿਹਾ ਕਿ ਅਮਰੀਕੀ ਇਸ ਤੋਂ ਉਪਰ ਸੋਚਦੇ ਹਨ ਤੇ ਉਹ ਇਸ ਤੋਂ ਵੱਧ ਦੇ ਹੱਕਦਾਰ ਹਨ। ਹੈਰਿਸ ਨੇ ਕਿਹਾ ਕਿ ਇਹ ਪੁਰਾਣਾ ਰਾਗ ਹੈ- ਵੰਡ ਪਾਓ ਤੇ ਅਪਮਾਨਿਤ ਕਰੋ। ਉਨ੍ਹਾਂ ਕਿਹਾ ਕਿ ਅਮਰੀਕੀ ਲੋਕ ਅਜਿਹਾ ਆਗੂ ਚਾਹੁੰਦੇ ਹਨ ਜੋ ਸੱਚ ਬੋਲੇ ਅਜਿਹਾ ਆਗੂ ਨਹੀਂ ਜੋ ਜਦੋਂ ਤੱਥਾਂ ਦਾ ਸਾਹਮਣਾ ਕਰਨਾ ਪਵੇ ਤਾਂ ਦੁਸ਼ਮਣੀ ਤੇ ਕਰੋਧ ਨਾਲ ਜਵਾਬ ਦੇਵੇ। ਹੈਰਿਸ ਨੇ ਕਿਹਾ ਅਸੀਂ ਅਜਿਹਾ ਆਗੂ ਚਾਹੁੰਦੇ ਹਾਂ ਜੋ ਇਸ ਸਮਝੇ ਕਿ ਸਾਡੇ ਵਖਰੇਵੇਂ ਸਾਨੂੰ ਵੰਡ ਨਹੀਂ ਸਕਦੇ ਜੋ ਸਾਡੀ ਤਾਕਤ ਲਈ ਜ਼ਰੂਰੀ ਸਾਧਨ ਹਨ।



# ਟਰੰਪ ਵੱਲੋਂ ਇਸਾਈ ਭਾਈਚਾਰੇ ਨੂੰ ਆਖ਼ਰੀ ਵਾਰ ਵੋਟ ਪਾਉਣ ਦੇ ਦਿੱਤੇ ਸੱਦੇ ਨੇ ਚੋਣ ਮੈਦਾਨ ਦਾ ਬਦਲਿਆ ਰੰਗ

ਸੈਕਰਾਮੈਂਟੋ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਰਾਸ਼ਟਰਪਤੀ ਅਹੁਦੇ ਲਈ ਰਿਪਬਲੀਕਨ ਉਮੀਦਵਾਰ ਡੋਨਲਡ ਟਰੰਪ ਨੇ ਇੱਕ ਇਕੱਠ ਨੂੰ ਸੰਬੋਧਨ ਕਰਦਿਆਂ ਇਸਾਈ ਭਾਈਚਾਰੇ ਨੂੰ ਸੱਦਾ ਦਿੱਤਾ ਕਿ ਉਹ ਇਸ ਸਾਲ ਨਵੰਬਰ ਵਿੱਚ ਜੇਕਰ ਉਸ ਨੂੰ ਵੋਟ ਪਾਉਂਦੇ ਹਨ ਤੇ 4 ਸਾਲ ਲਈ ਸੱਤਾ ਸੌਂਪਦੇ ਹਨ ਤਾਂ ਫਿਰ ਦੁਬਾਰਾ ਉਨ੍ਹਾਂ ਨੂੰ ਵੋਟ ਪਾਉਣ ਦੀ ਲੋੜ ਨਹੀਂ ਪਵੇਗੀ। ਅਸੀਂ ਇਸ ਦਾ ਬਹੁਤ ਚੰਗੀ ਤਰਾਂ ਪ੍ਰਬੰਧ ਕਰਾਂਗੇ ਕਿ ਤੁਸੀਂ ਦੁਬਾਰਾ ਵੋਟ ਪਾਉਣ ਨਹੀਂ ਜਾਓਗੇ। ਟਰੰਪ ਕੰਜ਼ਰਵੇਟਿਵ ਗਰੁਪ ਟਰਨਿੰਗ ਪੋਆਂਇੰਟ ਐਕਸ਼ਨ ਦੁਆਰਾ ਵੈਸਟ ਪਾਲਮ ਬੀਚ, ਫਲੋਰਿਡਾ ਵਿੱਚ ਆਯੋਜਿਤ ਇੱਕ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਇਹ ਸਪੱਸ਼ਟ ਨਹੀਂ ਹੈ ਕਿ ਸਾਬਕਾ ਰਾਸ਼ਟਰਪਤੀ ਦੇ ਸੱਦੇ ਦਾ ਕੀ ਅਰਥ ਹੈ।? ਖਾਸ ਕਰ ਉਸ ਹਾਲਾਤ ਵਿੱਚ ਜਦੋਂ ਉਨ੍ਹਾਂ ਦੇ ਡੈਮੋਕਰੈਟਿਕ ਵਿਰੋਧੀ ਕਹਿ ਰਹੇ ਹਨ ਕਿ ਉਹ ਲੋਕਤੰਤਰ ਲਈ ਖਤਰਾ ਹਨ।2020 ਵਿੱਚ ਰਾਸ਼ਟਰਪਤੀ ਜੋ ਬਾਈਡਨ ਕੋਲੋਂ ਚੋਣਾਂ ਹਾਰਨ ਤੋਂ ਬਾਅਦ ਟਰੰਪ ਵੱਲੋਂ ਨਤੀਜੇ ਉਲਟਾਉਣ ਦੀ ਕੀਤੀ ਗਈ ਹਮਲਾਵਰ ਕੋਸ਼ਿਸ਼ ਤੋਂ ਬਾਅਦ ਡੈਮੋਕਰੈਟਿਕ ਉਨ੍ਹਾਂ ਨੂੰ ਅਮਰੀਕਾ ਤੇ ਲੋਕਤੰਤਰ ਲਈ ਖਤਰਾ ਕਰਾਰ ਦੇ ਰਹੇ ਹਨ। ਟਰੰਪ ਨੇ ਕਿਹਾ ਕਿ ਇਸਾਈਓ ਬਾਹਰ ਨਿਕਲੋ ਤੇ ਵੋਟ ਪਾਓ, ਕੇਵਲ ਇਸ ਵਾਰ, ਤੁਹਾਨੂੰ ਦੁਬਾਰਾ ਅਜਿਹਾ ਨਹੀਂ ਕਰਨਾ ਪਵੇਗਾ। ਚਾਰ ਸਾਲ ਹੋਰ, ਤੁਸੀਂ ਜਾਣਦੇ ਹੋ, ਇਹ ਪੱਕੇ ਕਰ ਲਏ ਜਾਣਗੇ, ਮੇਰੇ ਸੋਹਣੇ ਇਸਾਈਓ ਇਹ ਸ਼ਾਨਦਾਰ ਰਹੇਗਾ। ਟਰੰਪ ਨੇ ਹੋਰ ਕਿਹਾ ਕਿ ਇਸਾਈਓ ਮੈਂ ਤੁਹਾਨੂੰ ਪਿਆਰ ਕਰਦਾ ਹਾਂ, ਮੈ ਇੱਕ ਇਸਾਈ ਹਾਂ, ਬਾਹਰ ਨਿਕਲੋ ਤੇ ਵੋਟ ਪਾਓ। ਟਰੰਪ ਦੀ ਮੁਹਿੰਮ ਦੇ ਬੁਲਾਰੇ ਸਟੀਵਨ ਚੇਉ'ਂਗ ਨੂੰ ਜਦੋਂ ਟਰੰਪ ਦੀਆਂ ਟਿਪਣੀਆਂ ਨੂੰ ਸਪੱਸ਼ਟ ਕਰਨ ਲਈ ਕਿਹਾ ਗਿਆ ਤਾਂ ਉਨਾਂ ਨੇ ਇਸ ਦਾ ਸਿੱਧਾ ਉੱਤਰ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਟਰੰਪ ਇਸ ਦੇਸ਼ ਨੂੰ ਇਕਜੁੱਟ ਕਰਨ ਦੀ ਗੱਲ ਕਰ ਰਹੇ ਹਨ ਤੇ 2 ਹਫਤੇ ਪਹਿਲਾਂ ਟਰੰਪ ਦੀ ਜਾਨ ਲੈਣ ਦੀ ਕੀਤੀ ਗਈ ਕੋਸ਼ਿਸ਼ ਨੂੰ ਉਨ੍ਹਾਂ ਨੇ ਵੰਡਪਾਊ ਰਾਜਸੀ ਵਾਤਾਵਰਣ ਦਾ ਸਿੱਟਾ ਕਰਾਰ ਦਿੱਤਾ। ਇਥੇ ਜ਼ਿਕਰਯੋਗ ਹੈ ਕਿ ਟਰੰਪ ਨੇ ਪਿਛਲੇ ਸਾਲ ਦਸੰਬਰ ਵਿੱਚ ਫੌਕਸ ਨਿਊਜ਼ ਨਾਲ ਇੱਕ ਮੁਲਾਕਾਤ ਦੌਰਾਨ ਕਿਹਾ ਸੀ ਕਿ ਜੇਕਰ ਉਹ ਚੋਣ ਜਿੱਤ ਗਏ ਤਾਂ ਪਹਿਲੇ ਦਿਨ ਤੋਂ ਹੀ ਤਾਨਾਸ਼ਾਹ ਹੋਣਗੇ। ਇਸ ਸਾਲ ਮਈ ਵਿੱਚ ਨੈਸ਼ਨਲ ਰਾਈਫਲ ਐਸੋਸੀਏਸ਼ਨ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਟਰੰਪ ਨੇ ਕਿਹਾ ਸੀ ਕਿ ਉਹ ਰਾਸ਼ਟਰਪਤੀ ਵਜੋਂ ਦੋ ਵਾਰ ਕਾਰਜਕਾਲ ਤੋਂ ਵਧ ਵਾਰ ਕੰਮ ਕਰਨਗੇ ਜਦ ਕਿ ਅਮਰੀਕੀ ਸੰਵਿਧਾਨ ਅਨੁਸਾਰ ਕੋਈ ਵੀ ਵਿਅਕਤੀ ਕੇਵਲ ਦੋ ਵਾਰ ਹੀ ਰਾਸ਼ਟਰਪਤੀ ਬਣ ਸਕਦਾ ਹੈ। ਦਰਅਸਲ ਜੋ ਬਾਈਡੇਨ ਦੀ ਜਗ੍ਹਾ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਦੇ ਮੈਦਾਨ ਵਿੱਚ ਆਉਣ ਤੋਂ ਬਾਅਦ ਮੁਕਾਬਲਾ ਬਹੁਤ ਫਸਵਾਂ ਬਣ ਗਿਆ ਹੈ ਤੇ ਤਕਰੀਬਨ 2020 ਵਾਲੇ ਹਾਲਾਤ ਹੀ ਬਣਦੇ ਨਜ਼ਰ ਆ ਰਹੇ ਹਨ।



# ਅਮਰੀਕਾ ’ਚ ਔਰਤ ਦੀ ਹੱਤਿਆ ਦੇ ਮਾਮਲੇ ਵਿੱਚ ਦੋਸ਼ੀ ਨੂੰ ਗੁਨਾਹ ਕਬੂਲਣ ਤੋਂ ਬਾਅਦ 30 ਸਾਲ ਕੈਦ

ਸੈਕਰਾਮੈਂਟੋ, ਕੈਲੀਫ਼ੋਰਨੀਆ / ਹੁਸਨ ਲੜੋਆ ਬੰਗਾ : 2022 ਵਿੱਚ ਨਿਊਯਾਰਕ ਸਿਟੀ ਅਪਾਰਟਮੈਂਟ ਵਿੱਚ ਇੱਕ 35 ਸਾਲ ਔਰਤ ਕ੍ਰਿਸਟੀਨਾ ਯੂਨਾ ਲੀ ਦੀ ਚਾਕੂ ਨਾਲ ਕੀਤੀ ਹੱਤਿਆ ਦੇ ਮਾਮਲੇ ਵਿੱਚ ਸ਼ੱਕੀ ਦੋਸ਼ੀ ਨੂੰ ਅਦਾਲਤ ਨੇ 30 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਮੈਨਹਟਨ ਡਿਸਟ੍ਰਿਕਟ ਅਟਾਰਨੀ ਦੇ ਦਫ਼ਤਰ ਅਨੁਸਾਰ 27 ਸਾਲਾ ਅਸਾਮਡ ਨੈਸ਼ ਨੇ ਇਸ ਸਾਲ ਜੂਨ ਵਿੱਚ ਹੱਤਿਆ ਤੇ ਲੁੱਟਮਾਰ ਦੇ ਦੋਸ਼ਾਂ ਨੂੰ ਮੰਨ ਲਿਆ ਸੀ। ਡਿਸਟ੍ਰਿਕਟ ਅਟਾਰਨੀ ਐਲਵਿਨ ਬਰੈਗ ਜੂਨੀਅਰ ਅਨੁਸਾਰ ਕ੍ਰਿਸਟੀਨਾ ਯੂਨਾ ਲੀ ਦੀ ਆਪਣੇ ਹੀ ਘਰ ਵਿੱਚ ਅਸਾਮਡ ਨੈਸ਼ ਨੇ ਬਹੁਤ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਸੀ। ਲੀ ਇੱਕ ਬਹੁਤ ਹੀ ਰਚਨਾਤਮਿੱਕ ਤੇ ਦਿਆਲੂ ਸਖਸ਼ੀਅਤ ਸੀ ਜਿਸ ਦੀ ਭਿਆਨਕ ਮੌਤ ਦਾ ਅਸਰ ਨਾ ਕੇਵਲ ਉਸ ਦੇ ਪਰਿਵਾਰ ਬਲਕਿ ਸਮੁੱਚੇ ਭਾਈਚਾਰੇ ਉੱਪਰ ਪਿਆ ਹੈ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

**Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu**

**Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਬਣਦੇ ਜਾ ਰਹੇ ਹਨ ਤੀਜੇ ਵਿਸ਼ਵ ਯੁੱਧ ਦੇ ਆਸਾਰ

## ਰੂਸ-ਯੂਕ੍ਰੇਨ ਅਤੇ ਇਜ਼ਰਾਈਲ-ਫਲਸਤੀਨ ਜੰਗਾਂ ਦੇ ਹੋਰ ਤੇਜ਼ ਹੋਣ ਦੀ ਸੰਭਾਵਨਾ ਬਣੀ






ਦੋ ਵਿਸ਼ਵ ਯੁੱਧਾਂ ਦਾ ਸਾਹਮਣਾ ਕਰ ਚੁੱਕੀ ਇਸ ਦੁਨੀਆਂ ਵਿੱਚ ਹੁਣ ਤੀਜੀ ਵਿਸ਼ਵ ਜੰਗ ਦੇ ਆਸਾਰ ਬਣਦੇ ਜਾ ਰਹੇ ਹਨ। ਇਸ ਸਮੇਂ ਇੱਕ ਪਾਸੇ ਕੁਝ ਸਾਲਾਂ ਤੋਂ ਰੂਸ ਅਤੇ ਯੂਕ੍ਰੇਨ ਵਿਚਾਲੇ ਜੰਗ ਜਾਰੀ ਹੈ, ਜੋ ਕਿ ਅਨੇਕਾਂ ਯਤਨਾਂ ਦੇ ਬਾਵਜੂਦ ਮੱਠੀ ਨਹੀਂ ਪੈ ਰਹੀ। ਦੂਜੇ ਪਾਸੇ ਇਜ਼ਰਾਈਲ ਅਤੇ ਫਲਸਤੀਨ (ਹਮਾਸ) ਵਿਚਾਲੇ ਜੰਗ ਜਾਰੀ ਹੈ। ਹੁਣ ਹਮਾਸ ਮੁਖੀ ਇਸਮਾਈਲ ਹਾਨੀਆ ਦੇ ਇਰਾਨ ਵਿੱਚ ਕਤਲ ਤੋਂ ਬਾਅਦ ਹਮਾਸ ਤੇ ਉਸ ਦੇ ਸਾਥੀ ਦਲਾਂ ਵੱਲੋਂ ਇਜ਼ਰਾਈਲ ਤੋਂ ਇਸ ਦਾ ਬਦਲਾ ਲੈਣ ਦੀ ਧਮਕੀ ਦਿੱਤੀ ਗਈ ਹੈ। ਹਮਾਸ ਅਤੇ ਉਸ ਦੇ ਸਾਥੀਆਂ ਵੱਲੋਂ ਕਿਹਾ ਜਾ ਰਿਹਾ ਹੈ ਕਿ ਹਮਾਸ ਮੁਖੀ ਦਾ ਕਤਲ ਵੀ ਇਜ਼ਰਾਈਲ ਨੇ ਹੀ ਕਰਵਾਇਆ ਹੈ। ਇਸ ਕਤਲ ਕਾਰਨ ਇਰਾਨ ਵੀ ਇਜ਼ਰਾਈਲ ਨੂੰ ਦੋਸ਼ੀ ਮੰਨ ਰਿਹਾ ਹੈ ਅਤੇ ਉਸ ਵੱਲੋਂ ਵੀ ਇਜ਼ਰਾਈਲ ਖ਼ਿਲਾਫ਼ ਸਖ਼ਤ ਕਦਮ ਚੁੱਕੇ ਜਾਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਘਟਨਾ ਕਾਰਨ ਇਜ਼ਰਾਈਲ ਅਤੇ ਹਮਾਸ ਵਿਚਾਲੇ ਪਹਿਲਾਂ ਤੋਂ ਜਾਰੀ ਜੰਗ ਦੇ ਹੋਰ ਤੇਜ਼ ਹੋਣ ਦੀ ਸੰਭਾਵਨਾ ਬਣ ਗਈ ਹੈ। ਜੇ ਕੁਝ ਹੋਰ ਦੇਸ਼ਾਂ ਉਪਰੋਕਤ ਦੋਵਾਂ ਜੰਗਾਂ ਵਿੱਚ ਸ਼ਾਮਲ ਹੋ ਗਏ ਤਾਂ ਤੀਜੀ ਵਿਸ਼ਵ ਜੰਗ ਸ਼ੁਰੂ ਹੋਣ ਵਿੱਚ ਸਮਾਂ ਨਹੀਂ ਲੱਗੇਗਾ। ਜੇ ਤੀਜੀ ਵਿਸ਼ਵ ਜੰਗ ਸ਼ੁਰੂ ਹੋ ਗਈ ਤਾਂ ਸਭ ਤੋਂ ਜ਼ਿਆਦਾ ਘਾਣ ਤਾਂ ਮਨੁੱਖਤਾ ਦਾ ਹੋਵੇਗਾ।

ਹਮਾਸ ਮੁਖੀ ਇਸਮਾਈਲ ਹਾਨੀਆ ਦੇ ਇਰਾਨ ਵਿੱਚ ਕਤਲ ਤੋਂ ਬਾਅਦ ਹਮਾਸ, ਇਰਾਨ ਅਤੇ ਹੋਰਨਾਂ ਦੇਸ਼ਾਂ ਵੱਲੋਂ ਜਿਸ ਤਰ੍ਹਾਂ ਇਜ਼ਰਾਈਲ ਨੂੰ ਘੇਰਿਆ ਜਾ ਰਿਹਾ ਹੈ, ਉਸ ਨਾਲ ਪੱਛਮੀ ਏਸ਼ੀਆ ਵਿੱਚ ਤਣਾਅ ਅਤੇ ਜੰਗ ਦੇ ਹੋਰ ਤੇਜ਼ ਹੋਣ ਦੀ ਸੰਭਾਵਨਾ ਵਧ ਗਈ ਹੈ। ਇੱਕ ਹੋਰ ਘਟਨਾਕ੍ਰਮ ਵਿੱਚ ਇਜ਼ਰਾਈਲ ਨੇ ਹਿਜ਼ਬੁੱਲਾ ਕਮਾਂਡਰ ਫੁਆਦ ਸ਼ੁਕਰ ਨੂੰ ਮਾਰ ਦਿੱਤਾ ਹੈ। ਫਿਲਹਾਲ ਲੇਬਨਾਨੀ ਅੱਤਵਾਦੀ ਸੰਗਠਨ ਹਿਜ਼ਬੁੱਲਾ ਅਤੇ ਇਜ਼ਰਾਈਲ ਵਿਚਾਲੇ ਮਾਮੂਲੀ ਝੜਪਾਂ ਹੋ ਰਹੀਆਂ ਹਨ ਪਰ ਜੇਕਰ ਆਉਣ ਵਾਲੇ ਦਿਨਾਂ ’ਚ ਇਨ੍ਹਾਂ ਵਿਚਾਲੇ ਖੁੱਲ੍ਹੀ ਜੰਗ ਹੋਈ ਤਾਂ ਹਜ਼ਾਰਾਂ ਲੋਕ ਮਾਰੇ ਜਾ ਸਕਦੇ ਹਨ। ਹਿਜ਼ਬੁੱਲਾ ਨੇ ਵੀ ਆਪਣੇ ਕਮਾਂਡਰ ਦੀ ਮੌਤ ਦਾ ਬਦਲਾ ਲੈਣ ਦੀ ਸਹੁੰ ਖਾਧੀ ਹੈ। ਇਰਾਨ ਵੀ ਬਦਲਾ ਲੈਣਾ ਚਾਹੁੰਦਾ ਹੈ ਅਤੇ ਹਮਾਸ ਅਤੇ ਕਤਰ ਨੇ ਵੀ ਜੰਗ ਦੇ ਫੈਲਾਓ ਦਾ ਡਰ ਜਤਾਇਆ ਹੈ। ਇਸ ਕਾਰਨ ਮੱਧ ਪੂਰਬ ਵਿੱਚ ਇਜ਼ਰਾਈਲ-ਫਲਸਤੀਨ ਯੁੱਧ ਫੈਲਣ ਦੇ ਪੂਰੇ ਆਸਾਰ ਹਨ। ਅਮਰੀਕਾ ਨੇ ਹਾਨੀਆ ਦੀ ਹੱਤਿਆ ’ਤੇ ਕੋਈ ਟਿੱਪਣੀ ਨਹੀਂ ਕੀਤੀ ਹੈ, ਪਰ ਰੱਖਿਆ ਸਕੱਤਰ ਲੋਇਡ ਆਸਟਿਨ ਨੇ ਕਿਹਾ ਹੈ ਕਿ ਜੇਕਰ ਇਰਾਨ, ਹਮਾਸ ਅਤੇ ਹਿਜ਼ਬੁੱਲਾ ਇਜ਼ਰਾਈਲ ’ਤੇ ਹਮਲਾ ਕਰਦੇ ਹਨ ਤਾਂ ਉਹ ਤਲ ਅਵੀਵ ਦੇ ਨਾਲ ਖੜ੍ਹਾ ਹੋਵੇਗਾ। ਅੰਤਰਰਾਸ਼ਟਰੀ ਦ੍ਰਿਸ਼ ਇਹ ਹੈ ਕਿ ਯੁੱਧ ਦੇ ਤਿੰਨ ਖੇਤਰ ਹਨ-ਰੂਸ-ਯੂਕਰੇਨ, ਇਜ਼ਰਾਈਲ-ਫਲਸਤੀਨ ਅਤੇ ਚੀਨ-ਤਾਈਵਾਨ। ਜੇਕਰ ਇਨ੍ਹਾਂ ਇਲਾਕਿਆਂ ਵਿੱਚ ਜੰਗ ਫੈਲ ਗਈ ਤਾਂ ਜਾਨ-ਮਾਲ ਦਾ ਭਾਰੀ ਨੁਕਸਾਨ ਹੋਵੇਗਾ। ਇਹਨਾਂ ਜੰਗਾਂ ਵਿੱਚ ਸਭ ਤੋਂ ਜ਼ਿਆਦਾ ਨੁਕਸਾਨ ਮਨੁੱਖਤਾ ਦਾ ਹੋਇਆ ਹੈ ਅਤੇ ਦੋਵਾਂ ਜੰਗਾਂ ਵਿੱਚ ਸਭ ਤੋਂ ਜ਼ਿਆਦਾ ਆਮ ਲੋਕ ਮਾਰੇ ਗਏ ਹਨ, ਜਿਹਨਾਂ ਵਿੱਚ ਵੱਡੀ ਗਿਣਤੀ ਬੱਚੇ ਵੀ ਸ਼ਾਮਲ ਹਨ।

ਇਜ਼ਰਾਈਲ ਦੇ ਜਨਮ ਤੋਂ ਹੀ ਉਸਦਾ ਫਲਸਤੀਨ ਨਾਲ ਵਿਵਾਦ ਚੱਲਦਾ ਆ ਰਿਹਾ ਹੈ, ਭਾਵੇਂ ਕਿ ਅੰਤਰਰਾਸ਼ਟਰੀ ਪੱਧਰ ’ਤੇ ਇਸ ਵਿਵਾਦ ਨੂੰ ਹੱਲ ਕਰਨ ਦੇ ਬਹੁਤ ਯਤਨ ਕੀਤੇ ਗਏ ਪਰ ਸਫ਼ਲਤਾ ਨਹੀਂ ਮਿਲੀ। 1993 ਦੇ ਓਸਲੋ ਸਮਝੌਤੇ ਨੇ ਇਜ਼ਰਾਈਲ ਅਤੇ ਫਲਸਤੀਨ ਵਿਚਕਾਰ ਸਹਿ-ਹੋਂਦ ਅਤੇ ਸ਼ਾਂਤੀ ਦੀਆਂ ਉਮੀਦਾਂ ਪੈਦਾ ਕੀਤੀਆਂ, ਪਰ ਦੋ ਸਾਲ ਬਾਅਦ, ਤਲ ਅਵੀਵ



ਵਿੱਚ ਇੱਕ ਸ਼ਾਂਤੀ ਮਾਰਚ ਦੌਰਾਨ ਇਜ਼ਰਾਈਲੀ ਪ੍ਰਧਾਨ ਮੰਤਰੀ ਯਿਤਜ਼ਾਕ ਰਾਬਿਨ ਦੀ ਹੱਤਿਆ ਕਰ ਦਿੱਤੀ ਗਈ। ਇਹ ਕਤਲ ਇੱਕ ਰਾਸ਼ਟਰਵਾਦੀ ਯਹੂਦੀ ਕੱਟੜਪੰਥੀ ਦੁਆਰਾ ਕੀਤਾ ਗਿਆ ਸੀ ਜੋ ਸ਼ਾਂਤੀ ਸਮਝੌਤੇ ਦੇ ਵਿਰੁੱਧ ਸੀ। ਇਜ਼ਰਾਈਲ ਦੀ ਸਥਾਪਨਾ ਸਮੇਂ ਫਲਸਤੀਨ ਦਾ ਵੱਡਾ ਹਿੱਸਾ ਯਹੂਦੀਆਂ ਨੂੰ ਦਿੱਤਾ ਗਿਆ ਸੀ, ਜਦੋਂ ਕਿ ਵੱਡੀ ਆਬਾਦੀ ਹੋਣ ਦੇ ਬਾਵਜੂਦ ਫਲਸਤੀਨ ਨੂੰ ਘੱਟ ਜ਼ਮੀਨ ਮਿਲੀ ਸੀ। ਜ਼ਮੀਨ ਅਤੇ ਰਾਸ਼ਟਰ ਦੀ ਵੰਡ ਨੂੰ ਲੈ ਕੇ ਪੈਦਾ ਹੋਏ ਹਿੰਸਕ ਟਕਰਾਅ ’ਤੇ ਕਾਬੂ ਪਾ ਕੇ, ਇਜ਼ਰਾਈਲ ਨੇ ਬਾਅਦ ਵਿੱਚ ਵੱਡੀਆਂ ਪ੍ਰਾਪਤੀਆਂ ਪ੍ਰਾਪਤ ਕੀਤੀਆਂ ਅਤੇ ਆਪਣੇ ਖੇਤਰ ਦਾ ਵਿਸਥਾਰ ਕੀਤਾ। ਹੁਣ ਮੱਧ ਪੂਰਬ ਵਿੱਚ ਇਜ਼ਰਾਈਲ ਦੀ ਸਥਿਤੀ ਬਹੁਤ ਮਜ਼ਬੂਤ ਹੈ ਅਤੇ ਮਿਸਰ, ਸੀਰੀਆ ਅਤੇ ਜਾਰਡਨ ਦੀ ਧਰਤੀ ਵੀ ਇਸ ਦੇ ਕਬਜ਼ੇ ਵਿੱਚ ਹੈ। ਕੋਈ ਵੀ ਇਜ਼ਰਾਈਲੀ ਸਰਕਾਰ ਜੰਗ ਵਿੱਚ ਜਿੱਤੀ ਜ਼ਮੀਨ ਵਾਪਸ ਕਰਨ ਦੀ ਹਿੰਮਤ ਨਹੀਂ ਕਰ ਸਕਦੀ। ਇਹ ਉਸ ਲਈ ਰਣਨੀਤਕ ਅਤੇ ਆਰਥਿਕ ਤੌਰ ’ਤੇ ਬਹੁਤ ਲਾਹੇਵੰਦ ਅਤੇ ਪ੍ਰਭਾਵਸ਼ਾਲੀ ਹੈ। 2006 ਵਿੱਚ ਇਸਲਾਮੀ ਸਮੂਹ ਹਮਾਸ ਨੇ ਗਾਜ਼ਾ ਵਿੱਚ ਚੋਣਾਂ ਜਿੱਤੀਆਂ। ਇੱਕ ਸਾਲ ਬਾਅਦ, ਹਮਾਸ ਨੇ ਗਾਜ਼ਾ ’ਤੇ ਪੂਰਾ ਕਬਜ਼ਾ ਕਰ ਲਿਆ ਅਤੇ ਫਲਸਤੀਨੀ ਅਥਾਰਟੀ ਨੂੰ ਖੇਤਰ ਤੋਂ ਬਾਹਰ ਕੱਢ ਦਿੱਤਾ। ਫਲਸਤੀਨ ਦੀ ਸਮੱਸਿਆ ਹੋਰ ਡੂੰਘੀ ਹੋ ਗਈ ਅਤੇ ਜਮਹੂਰੀ ਤਾਕਤਾਂ ਕਮਜ਼ੋਰ ਹੋ ਗਈਆਂ। ਇਸ ਕਰਕੇ ਹੀ ਹਮਾਸ ਅਤੇ ਉਸਦੇ ਸਹਿਯੋਗੀ ਸੰਗਠਨਾਂ ਇਜ਼ਰਾਈਲ ਵਿਰੁੱਧ ਸੰਘਰਸ਼ ਕੀਤਾ ਜਾ ਰਿਹਾ ਹੈ, ਦੂਜੇ ਪਾਸੇ ਇਜ਼ਰਾਈਲ ਵੱਲੋਂ ਵੀ ਹਮਾਸ ਵਿਰੁੱਧ ਕਾਰਵਾਈ ਜਾਰੀ ਹੈ। ਹਮਾਸ ਅਤੇ ਇਜ਼ਰਾਈਲ ਦੇ ਆਪੋ ਆਪਣੇ ਸਟੈਂਡ ’ਤੇ ਅੜੇ ਰਹਿਣ ਕਾਰਨ ਇਹ ਜੰਗ ਲੰਬੀ ਹੁੰਦੀ ਜਾ ਰਹੀ ਹੈ।

ਜਦੋਂ ਅਸੀਂ ਹੁਣ ਤੱਕ ਹੋਈਆਂ ਵਿਸ਼ਵ ਜੰਗਾਂ ਦਾ ਇਤਿਹਾਸ ਵੇਖਦੇ ਹਾਂ ਤਾਂ ਪਤਾ ਚਲਦਾ ਹੈ ਕਿ ਪਹਿਲਾ ਵਿਸ਼ਵ ਯੁੱਧ 1914 ਅਤੇ 1918 ਦੇ ਵਿਚਕਾਰ ਹੋਇਆ, ਜਿਸ ਵਿੱਚ 30 ਤੋਂ ਵੱਧ ਦੇਸ਼ਾਂ ਨੇ ਹਿੱਸਾ ਲਿਆ। ਇਸ ਯੁੱਧ ਵਿੱਚ ਇੱਕ ਪਾਸੇ ਸਰਬੀਆ, ਰੂਸ, ਫਰਾਂਸ, ਬ੍ਰਿਟੇਨ, ਇਟਲੀ ਅਤੇ ਸੰਯੁਕਤ ਰਾਜ ਅਮਰੀਕਾ ਸਮੇਤ ਬਹੁਤੇ ਦੇਸ਼ ਸ਼ਾਮਲ ਸਨ, ਜਦੋਂ ਕਿ ਦੂਜੇ ਪਾਸੇ ਜਰਮਨੀ, ਆਸਟਰੀਆ-ਹੰਗਰੀ, ਬੁਲਗਾਰੀਆ ਅਤੇ ਓਟੋਮੈਨ ਸਾਮਰਾਜ ਸਨ। ਇਸ ਯੁੱਧ ਵਿੱਚ ਨਵੀਂ ਫੌਜੀ ਤਕਨੀਕ ਨੇ ਵੱਡੇ ਕਤਲੇਆਮ ਕੀਤੇ। ਜਦੋਂ ਤੱਕ ਯੁੱਧ ਖਤਮ ਹੋਇਆ ਅਤੇ ਸਹਿਯੋਗੀ ਦੇਸ਼ਾਂ ਨੇ ਜਿੱਤ ਦਾ ਦਾਅਵਾ ਕੀਤਾ, ਉਦੋਂ ਤੱਕ ਯੂਰਪ ਦੇ ਪੱਛਮੀ ਅਤੇ ਪੂਰਬੀ ਮੋਰਚਿਆਂ ’ਤੇ 16 ਮਿਲੀਅਨ ਤੋਂ ਵੱਧ ਲੋਕ (ਸੈਨਿਕ ਅਤੇ ਨਾਗਰਿਕ ਦੋਵੇਂ) ਮਾਰੇ ਗਏ ਸਨ।

ਦੂਜਾ ਵਿਸ਼ਵ ਯੁੱਧ 1939 ਤੋਂ ਸ਼ੁਰੂ ਹੋ ਕੇ 1945 ਤੱਕ ਚੱਲਿਆ ਸੀ। ਇਸ ਯੁੱਧ ਵਿੱਚ ਲਗਭਗ 70 ਦੇਸ਼ਾਂ ਦੀਆਂ ਜ਼ਮੀਨੀ, ਸਮੁੰਦਰੀ ਅਤੇ ਹਵਾਈ ਫ਼ੌਜਾਂ ਸ਼ਾਮਲ ਸਨ। ਇਸ ਯੁੱਧ ਵਿੱਚ ਸੰਸਾਰ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਸੀ- ਇੱਕ ਪਾਸੇ ਮਿੱਤਰ ਦੇਸ਼ ਬ੍ਰਿਟੇਨ ਅਤੇ ਇਸਦੇ ਸਾਮਰਾਜ, ਸੰਯੁਕਤ ਰਾਜ, ਸੋਵੀਅਤ ਯੂਨੀਅਨ ਅਤੇ ਫਰਾਂਸ ਸਨ ਜਦੋਂਕਿ ਦੂਜੇ ਪਾਸੇ ਧੁਰੀ ਰਾਸ਼ਟਰ ਨਾਜ਼ੀ ਜਰਮਨੀ, ਫਾਸ਼ੀਵਾਦੀ ਇਟਲੀ ਅਤੇ ਸਾਮਰਾਜੀ ਜਾਪਾਨ ਸਨ। ਇਸ ਯੁੱਧ ਵਿੱਚ ਵੱਖ-ਵੱਖ ਦੇਸ਼ਾਂ ਦੇ ਲਗਭਗ 100 ਮਿਲੀਅਨ ਸੈਨਿਕਾਂ ਨੇ ਹਿੱਸਾ ਲਿਆ ਅਤੇ ਇਹ ਮਨੁੱਖੀ ਇਤਿਹਾਸ ਵਿੱਚ ਸਭ ਤੋਂ ਘਾਤਕ ਯੁੱਧ ਸਾਬਤ ਹੋਇਆ। ਇਸ ਯੁੱਧ ਦੇ ਨਤੀਜੇ ਵਜੋਂ 50 ਤੋਂ 70 ਮਿਲੀਅਨ ਲੋਕਾਂ ਦੀਆਂ ਮੌਤਾਂ ਹੋਈਆਂ, ਕਿਉਂਕਿ ਇਸ ਦੀਆਂ ਮੁੱਖ ਘਟਨਾਵਾਂ ਵਿੱਚ ਨਾਗਰਿਕਾਂ ਦਾ ਕਤਲੇਆਮ ਸ਼ਾਮਲ ਸੀ।

ਅਮਨ-ਸ਼ਾਂਤੀ ਦੇ ਵੈਰੀਆਂ ਨੇ ਦੋ ਵਿਸ਼ਵ ਯੁੱਧਾਂ ਵਿੱਚ ਹੋਏ ਆਮ ਲੋਕਾਂ ਦੇ ਕਤਲੇਆਮ ਤੋਂ ਕੋਈ ਸਬਕ ਨਹੀਂ ਲਿਆ, ਜਿਸ ਕਰਕੇ ਹੀ ਹੁਣ ਤੀਜੇ ਵਿਸ਼ਵ ਯੁੱਧ ਦੇ ਆਸਾਰ ਬਣਦੇ ਜਾ ਰਹੇ ਹਨ। ਇਸ ਸਮੇਂ ਅੰਤਰਰਾਸ਼ਟਰੀ ਹਾਲਾਤ ਇਹ ਹਨ ਕਿ ਰੂਸ-ਯੂਕਰੇਨ, ਇਜ਼ਰਾਈਲ-ਫਲਸਤੀਨ ਅਤੇ ਚੀਨ-ਤਾਈਵਾਨ ਵਿਚਾਲੇ ਪ੍ਰਤੱਖ ਅਤੇ ਅੰਦਰੂਨੀ ਜੰਗ ਜਾਰੀ ਹੈ, ਜੇ ਇਹ ਜੰਗ ਹੋਰ ਫੈਲ ਗਈ ਤਾਂ ਤੀਜਾ ਵਿਸ਼ਵ ਯੁੱਧ ਸ਼ੁਰੂ ਹੋਣ ਤੋਂ ਕੋਈ ਸ਼ਕਤੀ ਨਹੀਂ ਰੋਕ ਸਕੇਗੀ। ਇਹ ਤੀਜਾ ਵਿਸ਼ਵ ਯੁੱਧ ਕਿੰਨਾ ਭਿਅੰਕਰ ਹੋਵੇਗਾ, ਇਸ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ।

# ਅਮਰੀਕੀ ਰਾਸ਼ਟਰਪਤੀ ਚੋਣਾਂ : ਨਵੇਂ ਸਰਵੇਖਣ ’ਚ ਕਮਲਾ ਹੈਰਿਸ ਸਭ ਤੋਂ ਅੱਗੇ

ਵਾਸ਼ਿੰਗਟਨ/ਏ.ਟੀ.ਨਿਊਜ਼: ਤਾਜ਼ਾ ਸਰਵੇਖਣ ਵਿੱਚ ਕਮਲਾ ਹੈਰਿਸ ਸਭ ਤੋਂ ਅੱਗੇ ਹੈ। ਅਮਰੀਕੀ ਰਾਸ਼ਟਰਪਤੀ ਚੋਣਾਂ ਵਿੱਚ ਕਮਲਾ ਹੈਰਿਸ ਦਾ ਹਮਲਾ ਜਾਰੀ ਹੈ। ਪਾਰਟੀ ਨੇ ਹਾਲ ਹੀ ਵਿੱਚ ਕਮਲਾ ਹੈਰਿਸ, ਜੋ ਕਿ ਬਾਈਡੇਨ ਦੇ ਰਾਸ਼ਟਰਪਤੀ ਅਹੁਦੇ ਦੀ ਦੌੜ ਤੋਂ ਹਟਣ ਤੋਂ ਬਾਅਦ ਡੈਮੋਕ੍ਰੇਟਿਕ ਪਾਰਟੀ ਦੀ ਦੌੜ ਵਿੱਚ ਹੈ, ਨੂੰ ਆਪਣੇ ਉਮੀਦਵਾਰ ਵਜੋਂ ਘੋਸ਼ਿਤ ਕੀਤਾ ਹੈ। ਭਾਰਤੀ ਮੂਲ ਦੀ ਕਮਲਾ ਹੈਰਿਸ ਦੇ ਰਿੰਗ ਵਿੱਚ ਦਾਖਲ ਹੋਣ ਤੋਂ ਬਾਅਦ ਇਸ ਕ੍ਰਮ ਵਿੱਚ ਮੁਕਾਬਲਾ ਹੋਰ ਦਿਲਚਸਪ ਹੋ ਗਿਆ ਹੈ। ਕਮਲਾ ਹੈਰਿਸ ਤਾਜ਼ਾ ਸਰਵੇਖਣ ਵਿੱਚ ਟਰੰਪ ਤੋਂ ਅੱਗੇ ਹੈ। ਇਸ ਸਮੇਂ ਪੂਰੀ ਦੁਨੀਆਂ ਦਾ ਧਿਆਨ ਅਮਰੀਕੀ ਰਾਸ਼ਟਰਪਤੀ ਚੋਣਾਂ ’ਤੇ ਹੈ।

ਅਮਰੀਕੀ ਰਾਸ਼ਟਰਪਤੀ ਚੋਣਾਂ ਦੀ ਲੜਾਈ ਦਿਨੋ ਦਿਨ ਹੋਰ ਤਿੱਖੀ ਹੁੰਦੀ ਜਾ ਰਹੀ ਹੈ। ਹੁਣ ਤੱਕ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਅੱਗੇ ਚੱਲ ਰਹੇ ਸਨ। ਡੈਮੋਕ੍ਰੇਟਿਕ ਪਾਰਟੀ ਦੀ ਤਰਫੋਂ ਕਮਲਾ ਹੈਰਿਸ ਦੇ ਰਾਸ਼ਟਰਪਤੀ ਅਹੁਦੇ ਦੀ ਦੌੜ ਵਿੱਚ ਸ਼ਾਮਲ ਹੋਣ ਤੋਂ ਬਾਅਦ ਸਥਿਤੀ ਪੂਰੀ ਤਰ੍ਹਾਂ ਬਦਲ ਰਹੀ ਹੈ। ਮੌਜੂਦਾ ਰਾਸ਼ਟਰਪਤੀ ਜੋਅ ਬਾਈਡੇਨ ਦਾ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰੀ ਤੋਂ ਹਟਣਾ ਅਮਰੀਕੀ ਰਾਜਨੀਤੀ ਵਿੱਚ ਇੱਕ ਨਵਾਂ ਮੋੜ ਆ ਗਿਆ ਹੈ। ਉਸ ਤੋਂ ਬਾਅਦ ਕਮਲਾ ਹੈਰਿਸ, ਜੋ ਮੌਜੂਦਾ ਉਪ-ਰਾਸ਼ਟਰਪਤੀ ਹਨ ਅਤੇ ਰਾਸ਼ਟਰਪਤੀ ਦੀ ਦੌੜ ਵਿੱਚ ਕੁੱਦ ਪਈ। ਇਸ ਕ੍ਰਮ ਵਿੱਚ ਪਿਛਲੇ ਕੁਝ ਦਿਨਾਂ ਤੋਂ ਕਰਵਾਏ ਜਾ ਰਹੇ ਸਰਵੇਖਣਾਂ ਵਿੱਚ ਕਮਲਾ ਹੈਰਿਸ ਨੇ ਹਾਲ ਹੀ ਵਿੱਚ ਟਰੰਪ ਨੂੰ ਪਛਾੜ ਦਿੱਤਾ ਹੈ। ਕਮਲਾ ਹੈਰਿਸ ਨੇ ਤਾਜ਼ਾ ਚੋਣ ਸਰਵੇਖਣ ਵਿੱਚ ਟਰੰਪ ਨੂੰ ਪਿੱਛੇ ਧੱਕ ਦਿੱਤਾ ਹੈ।

ਸੀਬੀਐਸ ਨਿਊਜ਼/ਯੂ.ਗਵਰਨਰ ਦੁਆਰਾ ਜਾਰੀ ਕੀਤੇ ਗਏ ਇੱਕ ਚੋਣ



ਸਰਵੇਖਣ ਵਿੱਚ ਸਾਹਮਣੇ ਆਇਆ ਹੈ ਕਿ ਅਮਰੀਕੀ ਰਾਸ਼ਟਰਪਤੀ ਚੋਣਾਂ ਵਿੱਚ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਕਮਲਾ ਹੈਰਿਸ, ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਤੋਂ ਅੱਗੇ ਹੈ। ਅਮਰੀਕਾ ਦੀਆਂ ਕਈ ਸੰਸਥਾਵਾਂ ਦੇਸ਼ ਦੀਆਂ ਰਾਸ਼ਟਰਪਤੀ ਚੋਣਾਂ ਨੂੰ ਲੈ ਕੇ ਸਰਵੇਖਣ ਕਰ ਰਹੀਆਂ ਹਨ। ਕਿਹਾ ਜਾ ਰਿਹਾ ਹੈ ਕਿ ਕੁਝ ਰਾਜਾਂ ’ਚ ਦੋਵਾਂ ਵਿਚਾਲੇ ਟਕਰਾਅ ਜਾਰੀ ਰਹੇਗਾ। ਜਿਵੇਂ ਕਿ ਇਸ ਸਾਲ 5 ਨਵੰਬਰ ਨੂੰ ਅਮਰੀਕੀ ਰਾਸ਼ਟਰਪਤੀ ਚੋਣਾਂ ਹੋਣ ਜਾ ਰਹੀਆਂ ਹਨ। ਟਰੰਪ ਅਤੇ ਕਮਲਾ ਹੈਰਿਸ ਜਿੱਤਣ ਲਈ ਜ਼ੋਰ-ਸ਼ੋਰ ਨਾਲ ਚੱਲ ਰਹੇ ਹਨ। ਮੌਜੂਦਾ ਰਾਸ਼ਟਰਪਤੀ ਜੋਅ ਬਾਈਡੇਨ ਦੇ ਰਾਸ਼ਟਰਪਤੀ ਅਹੁਦੇ ਦੀ ਦੌੜ ਤੋਂ ਬਾਹਰ ਹੋਣ ਤੋਂ ਬਾਅਦ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੇ ਜਿੱਤਣ ਦੀਆਂ ਸੰਭਾਵਨਾਵਾਂ ਵਿੱਚ ਵਾਧਾ ਹੋਇਆ ਹੈ। ਹੁਣ ਇਹ ਡੈਮੋਕ੍ਰੇਟਿਕ ਪਾਰਟੀ ਲਈ ਰੈਲੀ ਪੁਆਇੰਟ ਬਣ ਗਈ ਹੈ। ਕਮਲਾ ਹੈਰਿਸ ਦੇ ਰਾਸ਼ਟਰਪਤੀ ਅਹੁਦੇ ਦੀ ਦੌੜ ਵਿੱਚ ਸ਼ਾਮਲ ਹੋਣ ਤੋਂ ਬਾਅਦ ਡੈਮੋਕ੍ਰੇਟਿਕ ਪਾਰਟੀ ਨੂੰ ਭਾਰੀ ਮਾਤਰਾ ਵਿੱਚ ਦਾਨ ਦਾ ਖੁੱਲ੍ਹਾ ਪ੍ਰਵਾਹ ਚੱਲ ਰਿਹਾ ਹੈ। ਕਮਲਾ ਹੈਰਿਸ ਦੁਆਰਾ ਆਯੋਜਿਤ ਆਨਲਾਈਨ ਮੀਟਿੰਗਾਂ ਵਿੱਚ ਵੱਡੀ ਗਿਣਤੀ ਵਿੱਚ ਲੋਕ ਸ਼ਾਮਲ ਹੁੰਦੇ ਹਨ। ਲੱਗਦਾ ਹੈ ਕਿ ਕਮਲਾ ਹੈਰਿਸ ਜਲਦ ਹੀ ਆਪਣੇ ਰਨਿੰਗ ਸਾਥੀ ਦਾ ਐਲਾਨ ਕਰੇਗੀ। ਦੂਜੇ ਪਾਸੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਿੰਮੀ ਕਾਰਟਰ ਨੇ ਵੀ ਕਮਲਾ ਹੈਰਿਸ ਦਾ ਸਮਰਥਨ ਕੀਤਾ ਹੈ। ਜਿੰਮੀ ਕਾਰਟਰ ਦੇ ਪੋਤੇ ਜੇਸਨ ਨੇ ਹਾਲ ਹੀ ’ਚ ਇਸ ਗੱਲ ਦਾ ਖੁਲਾਸਾ ਕੀਤਾ ਹੈ। ਜਿੰਮੀ ਕਾਰਟਰ ਨੇ 1977-81 ਤੱਕ ਸੰਯੁਕਤ ਰਾਜ ਦੇ ਰਾਸ਼ਟਰਪਤੀ ਵਜੋਂ ਸੇਵਾ ਕੀਤੀ। ਵਾਸ਼ਿੰਗਟਨ ਪੋਸਟ ਅਨੁਸਾਰ ਮਿਨੇਸੋਟਾ ਦੇ ਗਵਰਨਰ ਟਿਮ ਵਾਲਜ਼, ਪੈਨਸਿਲਵੇਨੀਆ ਦੇ ਗਵਰਨਰ ਜੋਸ਼ ਸ਼ਾਪੀਰੋ, ਅਰੀਜ਼ੋਨਾ ਦੇ ਸੈਨੇਟਰ ਮਾਰਕ ਕੈਲੀ ਨੇ ਬੀਤੇ ਦਿਨ ਐਤਵਾਰ ਨੂੰ ਵਾਸ਼ਿੰਗਟਨ ਵਿੱਚ ਹੈਰਿਸ ਨਾਲ ਮੁਲਾਕਾਤ ਕੀਤੀ। ਹਾਲਾਂਕਿ ਜੁਲਾਈ ਦੇ ਮਹੀਨੇ ਪੈਨਸਿਲਵੇਨੀਆ ’ਚ ਇੱਕ ਚੋਣ ਰੈਲੀ ’ਚ ਡੋਨਾਲਡ ਟਰੰਪ ’ਤੇ ਕਾਤਲਾਨਾ ਹਮਲਾ ਵੱਡਾ ਸਨਸਨੀ ਬਣ ਗਿਆ ਸੀ। ਇਸ ਤੋਂ ਬਾਅਦ ਅੰਤਰਰਾਸ਼ਟਰੀ ਮੀਡੀਆ ਨੇ ਕਿਹਾ ਕਿ ਡੋਨਾਲਡ ਟਰੰਪ ਦੇ ਅਮਰੀਕੀ ਰਾਸ਼ਟਰਪਤੀ ਚੋਣ ਜਿੱਤਣ ਦੀਆਂ ਸੰਭਾਵਨਾਵਾਂ ਵਧ ਗਈਆਂ ਹਨ। ਪਰ ਇਸ ਤੋਂ ਬਾਅਦ ਬਾਈਡੇਨ ਬਾਹਰ ਹੋ ਗਏ। ਅਤੇ ਸਿਆਸੀ ਹਲਕਿਆਂ ਦਾ ਦਾਅਵਾ ਹੈ ਕਿ ਟਰੰਪ ਵੱਲੋਂ ਆਯੋਜਿਤ ਕਈ ਰੈਲੀਆਂ ’ਚ ਕਮਲਾ ਹੈਰਿਸ ’ਤੇ ਕੀਤੀਆਂ ਗਈਆਂ ਸਖ਼ਤ ਟਿੱਪਣੀਆਂ ਕਾਰਨ ਟਰੰਪ ਦਾ ਗ੍ਰਾਫ ਹੁਣ ਡਿੱਗ ਰਿਹਾ ਹੈ।

# ਖ਼ਾਲਿਸਤਾਨੀ ਰੈਫ਼ਰੈਂਡਮ ਬਾਰੇ ਭਾਰਤ ਸਰਕਾਰ ਸਖ਼ਤ

## ਦੋ ਕੈਨੇਡੀਅਨ ਪੱਤਰਕਾਰਾਂ ਦੇ ਅਕਾਊਂਟ ਭਾਰਤ ਵਿੱਚ 'ਐਕਸ' ਉੱਪਰ ਹੋਣਗੇ ਬਲਾਕ

ਟੋਰਾਂਟੋ/ਏ.ਟੀ.ਨਿਊਜ਼: ਕੈਨੇਡਾ ਵਿੱਚ ਖ਼ਾਲਿਸਤਾਨ ਸਮਰਥਕ ਲਗਾਤਾਰ ਭਾਰਤ ਵਿਰੋਧੀ ਗਤੀਵਿਧੀਆਂ ਨੂੰ ਅੰਜਾਮ ਦੇ ਰਹੇ ਹਨ ਅਤੇ ਪਿਛਲੇ ਸਮੇਂ ਵਿੱਚ ਇਸ ਵਿੱਚ ਵਾਧਾ ਹੋਇਆ ਹੈ। ਭਾਰਤ ਸਰਕਾਰ ਇਸ ਬਾਰੇ ਕਈ ਵਾਰ ਕੈਨੇਡਾ ਨੂੰ ਚਿਤਾਵਨੀ ਦੇ ਚੁੱਕੀ ਹੈ। ਹਾਲਾਂਕਿ ਹੁਣ ਕੇਂਦਰ ਸਰਕਾਰ ਨੇ ਹੈਰਾਨ ਕਰਨ ਵਾਲਾ ਕਦਮ ਚੁੱਕਿਆ ਹੈ।




ਸਰਕਾਰ ਨੇ ਸੋਸ਼ਲ ਮੀਡੀਆ ਕੰਪਨੀ ਨੂੰ ਕਿਹਾ ਹੈ ਕਿ ਇਹ ਖਾਤੇ ਪੱਤਰਕਾਰਾਂ ਦੇ ਹਨ ਅਤੇ ਕੰਪਨੀ ਨੇ ਪੁਸ਼ਟੀ ਕੀਤੀ ਹੈ ਕਿ ਉਸ ਨੂੰ ਇਹ ਬੇਨਤੀ ਸਰਕਾਰ ਤੋਂ ਮਿਲੀ ਸੀ ਕਿ ਇਨ੍ਹਾਂ ਨੂੰ ਬਲਾਕ ਕੀਤਾ ਜਾਵੇ।

ਬਲੌਕ ਕੀਤੇ ਗਏ ਹੈਂਡਲ ਕੈਲਗਰੀ-ਅਧਾਰਿਤ ਫ੍ਰੀਲਾਂਸ ਪੱਤਰਕਾਰ ਮੋਚਾ ਬੇਜ਼ੀਰਗਨ ਅਤੇ ਪੱਤਰਕਾਰ 'ਵੀ' ਦੇ ਹਨ ਜੋ ਟੋਰਾਂਟੋ ਅਤੇ ਕੈਲੀਫੋਰਨੀਆ ਵਿੱਚ ਸਥਿਤ ਹਨ। ਉਨ੍ਹਾਂ ਨੂੰ ਬੀਤੇ ਦਿਨੀਂ ਇਸ ਨੋਟਿਸ ਦੀ ਜਾਣਕਾਰੀ ਮਿਲੀ। ਨੋਟਿਸ ਵਿੱਚ ਕਿਹਾ ਗਿਆ ਹੈ ਕਿ ਇਹ ਮੰਗ ਇਸ ਲਈ ਕੀਤੀ ਗਈ ਹੈ ਕਿਉਂਕਿ ਮੰਨਿਆ ਜਾ ਰਿਹਾ ਸੀ ਕਿ ਖਾਤੇ ਦੀ ਸਮੱਗਰੀ ਭਾਰਤ ਦੇ ਸੂਚਨਾ ਤਕਨਾਲੋਜੀ ਐਕਟ, 2000 ਦੀ ਉਲੰਘਣਾ ਕਰਦੀ ਹੈ। ਐਕਸ ਨੇ ਉਸ ਨੂੰ ਦੱਸਿਆ ਕਿ ਇਸ ਕਾਨੂੰਨ ਕਾਰਨ ਉਸ 'ਤੇ ਭਾਰਤ ਵਿਚ ਪਾਬੰਦੀ ਲੱਗ ਜਾਵੇਗੀ। ਹਾਲਾਂਕਿ ਇਹ ਦੂਜੇ ਦੇਸ਼ਾਂ ਵਿੱਚ ਮੌਜੂਦ ਹੋਵੇਗਾ। ਪੱਤਰਕਾਰ ਮੋਜ਼ਾ ਕੈਨੇਡਾ ਵਿੱਚ ਖ਼ਾਲਿਸਤਾਨ ਪੱਖੀ ਪ੍ਰੋਗਰਾਮਾਂ ਦੀ ਰਿਪੋਰਟਿੰਗ ਕਰ ਰਿਹਾ ਹੈ। ਉਨ੍ਹਾਂ ਪਿਛਲੇ ਐਤਵਾਰ ਕੈਲਗਰੀ ਵਿੱਚ ਸਿੱਖਸ ਫਾਰ ਜਸਟਿਸ ਵੱਲੋਂ ਕਰਵਾਏ ਖ਼ਾਲਿਸਤਾਨ ਰੈਫ਼ਰੈਂਡਮ ਬਾਰੇ ਵੀ ਜਾਣਕਾਰੀ ਦਿੱਤੀ। ਕੈਨੇਡਾ ਨੇ ਉਸ 'ਤੇ ਭਾਰਤ ਵੱਲੋਂ ਚਲਾਏ ਜਾ ਰਹੇ ਜਾਸੂਸੀ ਨੈੱਟਵਰਕ ਦਾ ਹਿੱਸਾ ਹੋਣ ਦਾ ਵੀ ਦੋਸ਼ ਲਾਇਆ ਹੈ।

# ਫ਼ਲੋਰਿਡਾ 'ਚ ਹੋਈ ਗੋਲ਼ੀਬਾਰੀ ਦੌਰਾਨ ਇੱਕ ਪੁਲਿਸ ਅਫ਼ਸਰ ਦੀ ਮੌਤ, 2 ਹੋਰ ਜ਼ਖ਼ਮੀ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਅਮਰੀਕਾ ਦੇ ਕੇਂਦਰੀ ਫ਼ਲੋਰਿਡਾ ਰਾਜ ਵਿੱਚ ਇੱਕ ਘਰ ਵਿੱਚ ਕੁਝ ਗੜਬੜ ਹੋਣ ਦੀ ਸੂਚਨਾ ਮਿਲਣ 'ਤੇ ਮੌਕੇ 'ਤੇ ਪੁੱਜੀ ਪੁਲਿਸ ਉੱਪਰ ਕੀਤੇ ਘਾਤ ਲਾ ਕੇ ਹਮਲੇ ਵਿੱਚ ਇੱਕ ਪੁਲਿਸ ਅਫ਼ਸਰ ਦੀ ਮੌਤ ਹੋ ਗਈ ਤੇ 2 ਹੋਰ ਜ਼ਖਮੀ ਹੋ ਗਏ। ਇਹ ਜਾਣਕਾਰੀ ਲੇਕ ਕਾਊਂਟੀ ਸ਼ੈਰਿਫ਼ ਪੇਟੋਨ ਗ੍ਰਿਨੈਲ ਨੇ ਜਾਰੀ ਇਕ ਬਿਆਨ ਵਿੱਚ ਦਿੱਤੀ ਹੈ। ਉਨਾਂ ਕਿਹਾ ਹੈ ਕਿ ਗੋਲੀਬਾਰੀ ਦੀ ਘਟਨਾ ਰਾਤ 8 ਵਜੇ ਦੇ ਆਸ ਪਾਸ ਓਰੋਲੈਂਡ ਦੇ ਉੱਤਰ ਵਿੱਚ 40 ਮੀਲ ਦੂਰ ਈਉਸਟਿਸ ਵਿਖੇ ਇੱਕ ਘਰ ਵਿੱਚ ਵਾਪਰੀ। ਗ੍ਰਿਨੈਲ ਅਨੁਸਾਰ ਇਕ ਘਰ ਵਿੱਚ ਗੜਬੜ ਹੋਣ ਦੀ ਸੂਚਨਾ ਮਿਲਣ 'ਤੇ ਜਦੋਂ ਪੁਲਿਸ ਅਫ਼ਸਰ ਮੌਕੇ ਉੱਪਰ ਪੁੱਜੇ ਤਾਂ ਉਥੇ ਮੌਜੂਦ ਕਿਸੇ ਵਿਅਕਤੀ ਨੇ ਕਿਹਾ ਕਿ ਜਿਸ ਘਰ ਵਿੱਚ ਗੜਬੜ ਹੋਈ ਹੈ, ਉਹ ਹੋਰ ਹੈ। ਜਦੋਂ ਲੇਕ ਕਾਊਂਟੀ ਦੇ ਪੁਲਿਸ ਅਫ਼ਸਰ ਦੂਸਰੇ ਘਰ ਪੁੱਜੇ ਤਾਂ ਘਰ ਦੇ ਅੰਦਰ ਹੰਗਾਮਾ ਹੋ ਰਿਹਾ ਸੀ। ਪੁਲਿਸ ਅਫ਼ਸਰ ਪਿਛਲੇ ਦਰਵਾਜ਼ੇ ਰਾਹੀਂ ਅੰਦਰ ਦਾਖਲ ਹੋਏ ਤਾਂ ਉਨਾਂ ਨੂੰ ਅਗਿਊਂ ਗੋਲੀਆਂ ਦਾ ਸਾਹਮਣਾ ਕਰਨਾ ਪਿਆ। ਇੱਕ ਪੁਲਿਸ ਅਫ਼ਸਰ ਅੰਦਰ ਹੀ ਫ਼ਸ ਗਿਆ ਜਦ ਕਿ ਇੱਕ ਹੋਰ ਬਾਹਰ ਆਉਣ ਵਿੱਚ ਸਫ਼ਲ ਹੋ ਗਿਆ। ਸ਼ੈਰਿਫ਼ ਨੇ ਕਿਹਾ ਕਿ ਇਸ ਦੌਰਾਨ ਹੋਰ ਪੁਲਿਸ ਅਫ਼ਸਰ ਮੌਕੇ 'ਤੇ ਪਹੁੰਚ ਗਏ। ਜਦੋਂ ਉਹ ਅੰਦਰ ਫ਼ਸੇ ਪੁਲਿਸ ਅਫ਼ਸਰ ਨੂੰ ਬਚਾਉਣ ਲਈ ਅੱਗੇ ਵਧੇ ਤਾਂ ਉਨ੍ਹਾਂ ਉੱਪਰ ਵੀ ਗੋਲੀਆਂ ਚਲਾਈਆਂ ਗਈਆਂ। ਪੁਲਿਸ ਅਫ਼ਸਰਾਂ ਵੱਲੋਂ ਜਵਾਬੀ ਕਾਰਵਾਈ ਵਿੱਚ ਅੰਦਰ ਮੌਜੂਦ ਦੋ ਸ਼ੱਕੀਆਂ ਦੀ ਮੌਤ ਗਈ ਜਦ ਕਿ ਇਕ ਜ਼ਖਮੀ ਹੋ ਗਿਆ ਜਿਸ ਨੂੰ ਖੇਤਰ ਵਿਚਲੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਸ਼ੈਰਿਫ਼ ਅਨੁਸਾਰ ਅੰਦਰ ਫ਼ੱਸਿਆ ਪੁਲਿਸ ਅਫ਼ਸਰ ਵੀ ਦਮ ਤੋੜ ਗਿਆ ਜਦ ਕਿ ਇੱਕ ਹੋਰ ਪੁਲਿਸ ਅਫ਼ਸਰ ਵੀ ਗੋਲੀ ਵੱਜਣ ਕਾਰਨ ਜ਼ਖਮੀ ਹੋਇਆ ਹੈ। ਪੁਲਿਸ ਨੇ ਮਾਰੇ ਗਏ ਤੇ ਜ਼ਖਮੀ ਹੋਏ ਪੁਲਿਸ ਅਫ਼ਸਰ ਦਾ ਨਾਂ ਜਾਰੀ ਨਹੀਂ ਕੀਤਾ ਹੈ ਤੇ ਨਾ ਹੀ ਮਾਰੇ ਗਏ ਸ਼ੱਕੀ ਵਿਅਕਤੀਆਂ ਦੇ ਨਾਂ ਦੱਸੇ ਹਨ। ਸ਼ੈਰਿਫ਼ ਨੇ ਕਿਹਾ ਕਿ ਮਾਮਲੇ ਦੀ ਜਾਂਚ ਹੋ ਰਹੀ ਹੈ ਤੇ ਇਸ ਵਾਪਰੀ ਗੋਲੀਬਾਰੀ ਦੀ ਘਟਨਾ ਬਾਰੇ ਅਜੇ ਉਹ ਹੋਰ ਕੁਝ ਨਹੀਂ ਜਾਣਦੇ।

# ਕੈਨੇਡਾ 'ਚ ਪਾਕਿਸਤਾਨੀ ਆਈ. ਐਸ. ਆਈ. ਏਜੰਟ ਨੂੰ ਜ਼ਿੰਦਾ ਸਾੜਿਆ ਗਿਆ!

## ਕੀ ਇਸਦਾ ਭਾਈ ਨਿੱਝਰ ਕਤਲ ਕਾਂਡ ਨਾਲ ਹੈ ਸਬੰਧ ?

ਟੋਰਾਂਟੋ/ਏ.ਟੀ.ਨਿਊਜ਼: ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਇੰਟਰ-ਸਰਵਿਸਿਜ਼ ਇੰਟੈਲੀਜੈਂਸ (ਆਈ.ਐਸ.ਆਈ.) ਦੇ ਏਜੰਟ ਵਜੋਂ ਪਛਾਣੇ ਗਏ ਵਿਅਕਤੀ ਨੂੰ ਕੈਨੇਡਾ ਵਿੱਚ ਅਣਪਛਾਤੇ ਲੋਕਾਂ ਨੇ ਅੱਗ ਲਾ ਦਿੱਤੀ। ਸੂਤਰਾਂ ਮੁਤਾਬਕ ਮਾਰੇ ਗਏ ਵਿਅਕਤੀ ਦੀ ਪਛਾਣ ਰਾਹਤ ਰਾਓ ਵਜੋਂ ਹੋਈ ਹੈ। ਉਸਦਾ ਕੈਨੇਡਾ ਦੇ ਸਰੀ ਸੈਂਟਰਲ ਖੇਤਰ ਵਿੱਚ ਫਾਰੇਕਸ ਕਾਰੋਬਾਰ ਹੈ। ਦੱਸਿਆ ਜਾਂਦਾ ਹੈ ਕਿ ਰਾਹਤ ਰਾਓ ਕੈਨੇਡੀਅਨ-ਪਾਕਿਸਤਾਨੀ ਭਾਈਚਾਰੇ ਨਾਲ ਸਬੰਧਤ ਹੈ। ਸਰੀ ਉਹੀ ਇਲਾਕਾ ਹੈ ਜਿੱਥੇ ਖ਼ਾਲਿਸਤਾਨੀ ਹਰਜੀਤ ਸਿੰਘ ਨਿੱਝਰ ਦੀ ਗੁਰਦੁਆਰੇ ਦੇ ਬਾਹਰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।



ਰਿਪੋਰਟ ਦੇ ਅਨੁਸਾਰ, ਇਹ ਘਟਨਾ ਉਦੋਂ ਵਾਪਰੀ ਜਦੋਂ ਇੱਕ ਵਿਅਕਤੀ ਮਨੀ ਐਕਸਚੇਂਜ ਦੇ ਕੰਮ ਲਈ ਰਾਹਤ ਦੇ ਦਫਤਰ ਗਿਆ ਸੀ। ਇਸ ਤੋਂ ਬਾਅਦ ਵਿਅਕਤੀ ਨੇ ਰਾਓ ਨੂੰ ਅੱਗ ਲਗਾ ਦਿੱਤੀ ਅਤੇ ਭੱਜ ਗਿਆ। ਸਤੰਬਰ 2023 ਵਿੱਚ, ਰਾਓ ਨੂੰ ਖ਼ਾਲਿਸਤਾਨੀ ਭਾਈ ਹਰਦੀਪ ਸਿੰਘ ਨਿੱਝਰ ਦੇ ਕਥਿਤ ਕਤਲ ਦੇ ਸਬੰਧ ਵਿੱਚ ਸਰੀ, ਕੈਨੇਡਾ ਵਿੱਚ ਪੁੱਛਗਿੱਛ ਕੀਤੀ ਗਈ ਸੀ। ਕੈਨੇਡੀਅਨ ਪੁਲਿਸ ਨੇ ਇਸ ਘਟਨਾ ਨਾਲ ਰਾਓ ਦੇ ਸਬੰਧ ਬਾਰੇ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਹੈ, ਹਾਲਾਂਕਿ ਇਹ ਖ਼ਦਸ਼ਾ ਪ੍ਰਗਟਾਇਆ ਜਾ ਰਿਹਾ ਹੈ ਕਿ ਨਿੱਝਰ ਦੀ ਹੱਤਿਆ ਦੇ ਤਾਰ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈ.ਐਸ.ਆਈ. ਨਾਲ ਜੁੜੇ ਹੋ ਸਕਦੇ ਹਨ।

ਨਿਊਜ਼ 18 ਨੇ ਇੱਕ ਅਣਪਛਾਤੇ ਸਰੋਤ ਦੇ ਹਵਾਲੇ ਨਾਲ ਕਿਹਾ, 'ਆਰ.ਸੀ.ਐਮ.ਪੀ. ਰਾਇਲ ਕੈਨੇਡੀਅਨ ਮਾਊਂਟਿਡਪੁਲਿਸ ਨੇ ਜਨਤਕ ਤੌਰ 'ਤੇ ਆਪਣੇ ਦੌਰੇ ਦੇ ਕਾਰਨ ਦਾ ਖ਼ੁਲਾਸਾ ਨਹੀਂ ਕੀਤਾ, ਪਰ ਇਹ ਸੰਭਾਵਤ ਤੌਰ 'ਤੇ ਨਿੱਝਰ ਦੇ ਕਤਲ ਬਾਰੇ ਉਨ੍ਹਾਂ ਦੀ ਜਾਣਕਾਰੀ ਨਾਲ ਸਬੰਧਤ ਸੀ।' ਨਿੱਝਰ ਨੂੰ 2020 ਵਿੱਚ ਭਾਰਤ ਦੀ ਰਾਸ਼ਟਰੀ ਜਾਂਚ ਏਜੰਸੀ ਨੇ ਖ਼ਾੜਕੂ ਘੋਸ਼ਿਤ ਕੀਤਾ ਸੀ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਖਾਲਿਸਤਾਨੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿੱਚ ਭਾਰਤੀ ਏਜੰਟਾਂ ਦੀ 'ਸੰਭਾਵੀ' ਸ਼ਮੂਲੀਅਤ ਦਾ ਦੋਸ਼ ਲਾਇਆ ਸੀ। ਇਸ ਤੋਂ ਬਾਅਦ ਭਾਰਤ ਅਤੇ ਕੈਨੇਡਾ ਦੇ ਕੂਟਨੀਤਕ ਸਬੰਧਾਂ ਵਿੱਚ ਖਟਾਸ ਪੈਦਾ ਹੋਈ ਸੀ ਭਾਰਤ ਨੇ ਟਰੂਡੋ ਦੇ ਦੋਸ਼ਾਂ ਨੂੰ ਬੇਤੁਕਾ ਦੱਸਦਿਆਂ ਰੱਦ ਕਰ ਦਿੱਤਾ ਸੀ। ਭਾਰਤ ਕਹਿੰਦਾ ਰਿਹਾ ਹੈ ਕਿ ਦੋਵਾਂ ਦੇਸ਼ਾਂ ਵਿਚਾਲੇ ਮੁੱਖ ਮੁੱਦਾ ਇਹ ਹੈ ਕਿ ਕੈਨੇਡਾ ਕੈਨੇਡਾ ਦੀ ਧਰਤੀ ਤੋਂ ਖਾਲਿਸਤਾਨ ਪੱਖੀ ਤੱਤਾਂ ਦੀ ਮੇਜ਼ਬਾਨੀ ਕਰ ਰਿਹਾ ਹੈ। ਭਾਰਤ ਕੈਨੇਡਾ 'ਤੇ ਲਗਾਤਾਰ ਦਬਾਅ ਬਣਾ ਰਿਹਾ ਹੈ ਕਿ ਉਹ ਆਪਣੀ ਧਰਤੀ ਤੋਂ ਸਰਗਰਮ ਭਾਰਤ ਵਿਰੋਧੀ ਤੱਤਾਂ ਵਿਰੁੱਧ ਕਾਰਵਾਈ ਕਰੇ। ਦੂਜੇ ਪਾਸੇ ਟਰੂਡੋ ਸਰਕਾਰ ਦੀ ਧਾਰਨਾ ਹੈ ਕਿ ਕਨੇਡਾ ਦਾ ਕਾਨੂੰਨ ਹਰੇਕ ਨੂੰ ਵਿਚਾਰ ਪ੍ਰਗਟਾਵੇ ਦੀ ਅਜ਼ਾਦੀ ਦਿੰਦਾ ਹੈ।

# 'ਤੀਆਂ ਫਰਿਜ਼ਨੋ ਦੀਆਂ' ਨੇ ਰਵਾਇਤੀ ਮਾਹੌਲ ਰਾਹੀਂ ਕਾਰਨੀ ਪਾਰਕ ਫਰਿਜ਼ਨੋ ਵਿੱਚ ਲਾਈਆਂ ਰੌਣਕਾਂ

ਫਰਿਜ਼ਨੋ/ਏ.ਟੀ.ਨਿਊਜ਼ : ਸੈਂਟਰਲ ਵੈਲੀ ਕੈਲੀਫ਼ੋਰਨੀਆ ਦੇ ਵਿਚਕਾਰ ਵਸਦਾ ਸ਼ਹਿਰ ਫਰਿਜ਼ਨੋ ਪੰਜਾਬੀਅਤ ਦੀ ਭਰਪੂਰ ਵਸੋਂ ਹੋਣ ਕਰਕੇ ਕਿਸੇ ਜਾਣਕਾਰੀ ਦਾ ਮੁਹਤਾਜ ਨਹੀਂ। ਬੇਸ਼ੱਕ ਪੰਜਾਬ 'ਚੋਂ ਬਹੁਤ ਸਾਰੇ ਤਿਓਹਾਰ ਅਲੋਪ ਹੋ ਰਹੇ ਹਨ ਪਰ ਇੱਥੇ ਪਿਛਲੇ ਤਿੰਨ ਦਹਾਕਿਆਂ ਦੇ ਕਰੀਬ ਸਭ ਤੋਂ ਪਹਿਲਾਂ ਰਾਜਪਾਲ ਕੌਰ ਬਰਾੜ, ਗੁੱਡੀ ਰਾਣੂ, ਗੁੱਡੀ ਸਿੱਧੂ ਅਤੇ ਹੋਰ ਸਹੇਲੀਆਂ ਨੇ ਸਮੂਹ ਪੰਜਾਬੀ ਔਰਤਾਂ ਨਾਲ ਰਲ ਕੇ ਸ਼ਹਿਰ ਦੀ ਸੰਘਣੀ ਵਸੋਂ ਤੋਂ ਦੂਰ ਖੁੱਲ੍ਹੇ 'ਕਾਰਨੀ ਪਾਰਕ' ਦੇ ਦਰਖ਼ਤਾਂ ਦੀ ਸੰਘਣੀ ਛਾਂ ਹੇਠ ਤੀਆਂ ਦੀ ਸ਼ੁਰੂਆਤ ਕੀਤੀ ਸੀ, ਜੋ ਅੱਜ ਵੀ ਬਰਕਰਾਰ ਹੈ। ਬੇਸ਼ੱਕ ਅੱਜ ਪਿੱਪਲਾਂ ਜਾਂ ਬਰੋਟਿਆਂ ਦੀ ਪੰਜਾਬ ਵਾਂਗ ਛਾਂ ਨਹੀਂ ਹੈ ਪਰ ਹੋਰ ਬਹੁਤ ਸੋਹਣੇ ਸੰਘਣੇ ਦਰਖ਼ਤਾਂ ਦੀ ਛਾਂ ਅਤੇ ਆਪਸੀ ਸੱਭਿਆਚਾਰ ਪ੍ਰਤੀ ਪਿਆਰ ਸਦਕਾ ਅੱਜ ਵੀ ਉਸੇ ਤਰ੍ਹਾਂ ਇਹ ਤੀਆਂ ਪਰੰਪਰਾਗਤ ਤਰੀਕੇ ਨਾਲ ਹਰ ਸਾਲ ਲਗਦੀਆਂ ਹਨ। ਜਿਨ੍ਹਾਂ ਵਿੱਚ ਮਰਦਾਂ ਨੂੰ ਆਉਣ ਦੀ ਹਮੇਸ਼ਾ ਹੀ ਮਨਾਹੀ ਹੁੰਦੀ ਹੈ ।ਅੱਜ ਸਾਡੇ ਤਿਓਹਾਰ ਮਨੁੱਖੀ ਜ਼ਿੰਦਗੀ ਸੂਖਮ ਹੋਣ ਕਰਕੇ ਬਾਹਰੀ ਮਾਹੌਲ ਤੋਂ ਸਟੇਜ 'ਤੇ ਸਿਰਫ਼ ਨੁਮਾਇਸ਼ ਨੁਮਾ ਹੀ ਰਹਿ ਗਏ ਹਨ। ਜਿਨ੍ਹਾਂ ਨੂੰ ਆਮ ਤੌਰ 'ਤੇ ਕਮਰਸ਼ੀਅਲ ਢੰਗ ਨਾਲ ਮਨਾਇਆ ਜਾਂਦਾ ਹੈ। ਜਿਸ ਵਿੱਚ ਰਿਵਾਇਤਾਂ ਨੂੰ ਛੱਡ, ਮੁਨਾਫ਼ੇ, ਦਿਖਾਵੇ ਅਤੇ ਪਹਿਰਾਵੇ ਉੱਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ ਪਰ ਇਹ ਗੱਲ ਬੜੇ ਫਖਰ ਦੀ ਹੈ ਕਿ ਫਰਿਜ਼ਨੋ ਦੀਆਂ ਕਾਰਨੀ ਪਾਰਕ ਵਾਲੀਆਂ ਤੀਆਂ ਉਸੇ ਤਰ੍ਹਾਂ ਖੁੱਲ੍ਹੀਆਂ ਗਰਾਊਂਡਾਂ ਵਿੱਚ ਪਰੰਪਰਾਗਤ (ਰਵਾਇਤੀ) ਤਰੀਕੇ ਨਾਲ ਲੱਗਦੀਆਂ ਹਨ। ਜਿੱਥੇ ਵੱਖ-ਵੱਖ ਸ਼ਹਿਰਾਂ ਤੋਂ ਬੀਬੀਆਂ ਭੈਣਾਂ ਰਲ ਆਪਣੇ ਵੱਖ-ਵੱਖ ਗਰੁੱਪਾਂ ਵਿੱਚ ਗੀਤ ਗਾ, ਗਿੱਧੇ ਦੇ ਮੁਕਾਬਲੇ ਦਾ ਭਰਪੂਰ ਮਨੋਰੰਜਨ ਕਰਦੀਆਂ ਹੋਈਆਂ ਆਪਣੀਆਂ ਸਹੇਲੀਆਂ ਨੂੰ ਵੀ ਮਿਲਦੀਆਂ ਹਨ। ਇਨ੍ਹਾਂ ਤੀਆਂ ਦੌਰਾਨ ਪਾਰਕ ਵਿੱਚ ਪੰਜਾਬੀ ਸੱਭਿਆਚਾਰ ਦੇ ਅਨੁਸਾਰ ਵੱਖ-ਵੱਖ ਗਰੁੱਪਾਂ ਵਿੱਚ ਪੈ ਰਹੇ ਗਿੱਧੇ ਅਤੇ ਬੋਲੀਆਂ ਪੰਜਾਬ ਦੇ ਅਮੀਰ ਵਿਰਸੇ ਨੂੰ ਸਿਰਜ ਇਤਿਹਾਸਕਤਾ ਦਾ ਰੂਪ ਪੇਸ਼ ਕਰ ਰਹੀਆਂ ਸਨ। ਇਸੇ ਤਰ੍ਹਾਂ ਤੀਆਂ ਦੇਖਣ ਅਤੇ ਹਿੱਸਾ ਲੈਣ ਆਈਆਂ ਮੁਟਿਆਰਾਂ ਦੀਆਂ ਰੰਗ-ਬਰੰਗੀਆਂ ਪੁਸ਼ਾਕਾਂ, ਲਹਿੰਗੇ, ਘੱਗਰੇ ਅਤੇ ਗਹਿਣੇ ਇਸ ਤੀਆਂ ਦੀ ਰੌਣਕ ਨੂੰ ਪੰਜਾਬੀਅਤ ਦੇ ਮਾਹੌਲ ਵਿੱਚ ਹੋਰ ਵੀ ਰੰਗੀਨ ਬਣਾ ਰਹੇ ਸਨ। ਤੀਆਂ ਦੌਰਾਨ ਰੋਜ਼ਾਨਾਂ ਪ੍ਰਬੰਧਕਾਂ ਵੱਲੋਂ ਸਮਾਪਤੀ 'ਤੇ ਖੁੱਲ੍ਹੇ ਗਿੱਧੇ ਅਤੇ ਬੋਲੀਆਂ ਤੋਂ ਇਲਾਵਾ ਡੀ.ਜੇ. ਦਾ ਵੀ ਪ੍ਰਬੰਧ ਵੀ ਕੀਤਾ ਗਿਆ ਸੀ। ਇਸ ਸਾਲ ਹਮੇਸ਼ਾ ਵਾਂਗ ਤੀਆਂ ਦਾ ਮਾਹੌਲ ਪੰਜਾਬ ਦੇ ਕਿਸੇ ਇਤਿਹਾਸਕ ਮੇਲੇ ਦੀ ਯਾਦ ਕਰਵਾ ਰਿਹਾ ਸੀ। ਜਿੱਥੇ 500 ਤੋਂ ਵਧੀਕ ਲਾਈਵ ਗਿੱਧੇ ਅਤੇ ਬੋਲੀਆਂ ਰਾਹੀਂ ਅਮੀਰ ਪੰਜਾਬੀ ਸੱਭਿਆਚਾਰ ਵਿਰਸੇ ਨੂੰ ਸਿੱਜਦਾ ਕਰਦੇ ਹੋਏ ਔਰਤਾਂ ਨੇ ਪਹੁੰਚ ਕੇ ਰੌਣਕਾਂ ਲਾਈਆਂ। ਅਜੋਕੇ ਸਮੇਂ ਅੰਦਰ ਅਜਿਹੇ ਤਿਉਹਾਰਾਂ ਨੂੰ ਪਰੰਪਰਾਗਤ ਤਰੀਕੇ ਨਾਲ ਮਨਾਉਣ ਦੀ ਲੋੜ ਵੀ ਹੈ, ਜਿਸ ਨਾਲ ਆਉਣ ਵਾਲੀ ਨਵੀਂ ਪੀੜੀ ਨੂੰ ਸਹੀ ਢੰਗ ਨਾਲ ਆਪਣੇ ਪਿਛੋਕੜ ਤੋਂ ਜਾਣੂ ਕਰਵਾਉਂਦੇ ਹੋਏ ਜੀਵਤ ਰੱਖਿਆ ਜਾ ਸਕੇ। ਇਸ ਸਮੁੱਚੇ ਪ੍ਰੋਗਰਾਮ ਦੀ ਸਫਲਤਾ ਦਾ ਸਿਹਰਾ ਗੁੱਡੀ ਰਾਣੂ, ਰਾਜਪਾਲ ਕੌਰ ਬਰਾੜ, ਰਜਿੰਦਰ ਕੌਰ ਢਿੱਲੋਂ ਅਤੇ ਸਮੂਹ ਸਹਿਯੋਗੀਆਂ ਬੀਬੀਆਂ ਨੂੰ ਜਾਂਦਾ ਹੈ। ਜਿਨ੍ਹਾਂ ਨੇ ਆਪਣੇ ਯਤਨਾਂ ਅਤੇ ਅਣਥੱਕ ਮਿਹਨਤ ਰਾਹੀ ਪੰਜਾਬੀ ਸੱਭਿਆਚਾਰ ਦੀ ਇਸ ਰਵਾਇਤ ਨੂੰ ਕਾਇਮ ਰੱਖਦੇ ਹੋਏ, ਇਸ ਤੀਆਂ ਇਕੱਠ ਨੂੰ ਯਾਦਗਾਰੀ ਬਣਾਇਆ। ਅੰਤ ਆਪਸੀ ਮੇਲ-ਮਿਲਾਪ ਦੀਆਂ ਸਾਂਝਾਂ ਪਾਉਂਦਾ ਇਹ ਰਵਾਇਤੀ ਤੀਆਂ ਦਾ ਇਕੱਠ ਫਿਰ ਤੋਂ ਅਗਲੇ ਸਾਲ ਇਸ ਤਰ੍ਹਾਂ ਕਾਰਨੀ ਪਾਰਕ ਵਿੱਚ ਮਿਲਣ ਦੇ ਵਾਅਦੇ ਨਾਲ ਯਾਦਗਾਰੀ ਹੋ ਨਿੱਬੜਿਆ।



# ਸਿੱਖ ਗੁਰਦੁਆਰਾ ਸਾਹਿਬ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ

ਸੈਨਬਰਨੋ-ਕੈਲੀਫ਼ੋਰਨੀਆ/ ਪ੍ਰਮਿੰਦਰ ਸਿੰਘ ਪ੍ਰਵਾਨਾ: ਅਮਰੀਕੀ ਪੰਜਾਬੀ ਕਵੀਆਂ ਵੱਲੋਂ ਸਿੱਖ ਗੁਰਦੁਆਰਾ ਸਾਹਿਬ ਸੈਨ ਬਰਨੋ ਕੈਲੀਫ਼ੋਰਨੀਆ ਵਿਖੇ ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਜੀ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਇਤਿਹਾਸ 'ਤੇ ਰੌਸ਼ਨੀ ਪਾਈ ਗਈ ਕਿ ਸ਼ਹੀਦ ਦਾ ਵਿਸ਼ਵਾਸ ਸਰਬੋਤਮ ਕੁਰਬਾਨੀ ਦੇ ਕੇ ਕੁਰਬਾਨੀ ਦੀ ਸੱਚਾਈ ਪ੍ਰਤੀ ਆਪਣੀ ਵਫ਼ਦਾਰੀ ਦੀ ਗਵਾਹੀ ਦਿੰਦਾ ਹੈ। ਆਪਣੇ ਵਿਸ਼ਵਾਸ਼ਾਂ ਜਾਂ ਆਦਰਸ਼ ਨੂੰ ਤਿਆਗਣ ਦੀ ਬਜਾਏ ਇਸ ਲਈ ਮਰਨ ਵਾਸਤੇ ਤਿਆਰ ਹੁੰਦਾ ਹੈ। ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹਾਦਤ ਹੁਕਮਰਾਨਾਂ ਨੂੰ ਉਹਨਾਂ ਦੇ ਜੁਲਮ ਦੀ ਚੁਣੌਤੀ ਸੀ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਧਰਮ ਬਚਾਉਣ ਲਈ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸ਼ਹੀਦੀ ਮਾਰਗ 'ਤੇ ਚਲਦਿਆਂ ਆਪਣਾ ਸਰਬੰਸ ਵਾਰ ਦਿੱਤਾ। ਇਸ ਤੋਂ ਸੇਧ ਲੈ ਕੇ ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਜੀ ਨੇ ਦੁਰਾਚਾਰੀ ਮੱਸਾ ਰੰਘੜ ਦਾ ਸਿਰ ਵੱਢ ਕੇ ਕਤਲ ਕੀਤਾ। ਜੋ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਬੇਅਦਬੀ ਕਰਦਾ ਸੀ। ਧਰਮ ਦੀ ਰੱਖਿਆ ਵਾਸਤੇ ਉਹਨਾਂ ਦੋਵੇਂ ਸੂਰਬੀਰਾਂ ਨੇ ਅੰਤ ਵਿੱਚ ਸ਼ਹੀਦੀਆਂ ਪਾਈਆਂ।





ਧਾਰਮਿਕ ਕਵੀ ਦਰਬਾਰ ਦੇ ਦੌਰ ਵਿੱਚ ਕਵੀ ਤ੍ਰਲੋਚਨ ਸਿੰਘ ਦੁਪਾਲਪੁਰੀ, ਤਰਸੇਮ ਸਿੰਘ ਸੁਮੰਨ, ਪ੍ਰਮਿੰਦਰ ਸਿੰਘ ਪ੍ਰਵਾਨਾ, ਤ੍ਰਲੋਚਨ ਸਿੰਘ ਲਾਲੀ, ਜਸਦੀਪ ਸਿੰਘ ਫਰੀਮੈਂਟ ਨੇ ਬੀਰ ਰਸੀ ਰਚਨਾਵਾਂ ਪੇਸ਼ ਕੀਤੀਆਂ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜੀ ਵੱਲੋਂ ਪ੍ਰੋਗਰਾਮ ਦੀ ਸਿਫ਼ਤ ਕਰਦਿਆਂ ਖੁਸ਼ੀ ਪ੍ਰਗਟਾਈ ਗਈ। ਯਾਦਗਾਰੀ ਤਸਵੀਰ ਨਾਲ ਪ੍ਰੋਗਰਾਮ ਸੰਪੰਨ ਹੋਇਆ।

# ਟਰੰਪ ਅਤੇ ਕਮਲਾ ਹੈਰਿਸ ਵਿਚਾਲੇ ਸਖ਼ਤ ਮੁਕਾਬਲਾ

**ਸੁਰਜੀਤ ਸਿੰਘ ਫਲੋਰਾ**



ਅਮਰੀਕਾ ਵਿੱਚ ਰਾਸ਼ਟਰਪਤੀ ਦੇ ਅਹੁਦੇ ਲਈ ਚੋਣਾਂ ਚਾਰ ਕੁ ਮਹੀਨਿਆਂ ਬਾਅਦ ਹੋਣਗੀਆਂ ਹਨ ਜਿਨ੍ਹਾਂ ’ਤੇ ਇਸ ਸਮੇਂ ਸਾਰੀ ਦੁਨੀਆ ਦੀਆਂ ਅੱਖਾਂ ਲੱਗੀਆਂ ਹੋਈਆਂ ਹਨ। ਕਮਲਾ ਹੈਰਿਸ ਜਾਂ ਡੋਨਾਲਡ ਟਰੰਪ ਅਮਰੀਕਾ ਦੇ ਅਗਲੇ ਰਾਸ਼ਟਰਪਤੀ ਹੋਣਗੇ। ਜੋਅ ਬਾਇਡਨ ਦੇ ਦੌੜ ਤੋਂ ਬਾਹਰ ਨਾ ਹੋਣ ਤੱਕ ਇਹ ਲੱਗਦਾ ਸੀ ਕਿ ਉਹ ਅਗਲੇ ਅਮਰੀਕੀ ਰਾਸ਼ਟਰਪਤੀ ਬਣ ਸਕਦੇ ਸਨ। ਕੁਝ ਸਿਆਸੀ ਪੰਡਿਤਾਂ ਨੂੰ ਲੱਗਦਾ ਹੈ ਕਿ ਡੈਮੋਕ੍ਰੈਟਸ ਨੇ ਬਾਇਡਨ ਨੂੰ ਪਰੇ ਕਰਨ ਵਿੱਚ ਬਹੁਤ ਦੇਰ ਕਰ ਦਿੱਤੀ ਹੈ ਜਿਸ ਕਾਰਨ ਰਿਪਬਲਿਕਨ ਆਪਣੇ ਸਰੋਤਾਂ ਨੂੰ ਗ਼ਲਤ ਟੀਚੇ ’ਤੇ ਕੇਂਦਰਿਤ ਕਰ ਕੇ ਲੋਕਾਂ ਨੂੰ ਗੁਮਰਾਹ ਕਰ ਸਕਦੇ ਹਨ ਤੇ ਇਸ ਤੋਂ ਫ਼ਾਇਦਾ ਉਠਾ ਸਕਦੇ ਹਨ। ਜੋਅ ਬਾਇਡਨ ਦਾ ਪਰਛਾਵਾਂ ਕਮਲਾ ਦੀਆਂ ਮੁਹਿੰਮਾਂ ਦੇ ਰੂਪ ਵਿੱਚ ਵੱਡਾ ਹੋਵੇਗਾ। ਉਹ ਉਸ ਤੇ ਉਸ ਦੇ ਨੈੱਟਵਰਕ ਵਲੋਂ ਕੀਤੇ ਕੰਮਾਂ ਦੀ ਜਵਾਬਦੇਹ ਹੋਵੇਗੀ ਕਿਉਂਕਿ ਉਹ ਉਸ ਦੀ ਉਪ ਰਾਸ਼ਟਰਪਤੀ ਹੈ ਤੇ ਹੁਣ ਰਾਸ਼ਟਰਪਤੀ ਦੀ ਕੁਰਸੀ ਲਈ ਅੱਗੇ ਆਵੇਗੀ।

ਇਹ ਵੀ ਸੱਚ ਹੈ ਕਿ ਹੈਰਿਸ ਲਈ ਪੈਸਿਆਂ ਦੇ ਖ਼ਜ਼ਾਨੇ ਖੁੱਲ੍ਹ ਗਏ ਹਨ। ਵੱਡਾ ਸਵਾਲ ਇਹ ਹੈ ਕਿ ਕੀ ਉਸ ਕੋਲ ਉਹ ਹੈ ਜੋ ਜਿੱਤਣ ਲਈ ਚਾਹੀਦਾ ਹੈ? ਕੀ ਉਹ ਬਾਇਡਨ ਦੇ ਸਾਏ ਤੋਂ ਬਾਹਰ ਨਿਕਲ ਸਕਦੀ ਹੈ? ਉਹ ਸੈਨੇਟਰ, ਪ੍ਰੌਸੀਕਿਊਟਰ ਅਤੇ ਉਪ ਰਾਸ਼ਟਰਪਤੀ ਰਹਿ ਚੁੱਕੀ ਹੈ। ਉਸ ਦਾ ਪਿਛੋਕੜ ਇੱਕ ਪਲੱਸ ਪੁਆਇੰਟ ਹੈ। ਉਹ ਏਸ਼ੀਅਨ, ਅਮਰੀਕਨ ਅਤੇ ਕਾਲੇ ਭਾਈਚਾਰੇ ਨਾਲ ਸਬੰਧ ਰੱਖਦੀ ਹੈ। ਇਹ ਸਪਸ਼ਟ ਨਹੀਂ ਹੈ ਕਿ ਓਬਾਮਾ ਦੇ ਕੇਸ ਵਾਂਗ ਉਸ ਦਾ ਸਿਆਹਪਣ ਕੀ ਭਾਰੂ ਹੈ ਜਾਂ ਉਸ ਦਾ ਵਿਭਿੰਨ ਪਿਛੋਕੜ ਵੋਟਰਾਂ ਨੂੰ ਆਕਰਸ਼ਤ ਕਰੇਗਾ? ਉਸ ਦੀ ਪਛਾਣ ਇੱਕ ਕਾਰਕ ਹੋ ਸਕਦੀ ਹੈ। ਕਈ ਸਵਾਲ ਹਨ ਜਿਵੇਂ ਕੀ ਅਮਰੀਕਾ ਨੂੰ ਮਿਲੇਗੀ ਪਹਿਲੀ ਕਾਲੀ ਮਹਿਲਾ ਰਾਸ਼ਟਰਪਤੀ? ਕੀ ਉਹ ਉੱਥੇ ਸਫਲ ਹੋਵੇਗੀ ਜਿੱਥੇ ਇੱਕ ਗੋਰੀ ਔਰਤ ਹਿਲੇਰੀ ਕਲਿੰਟਨ ਅਸਫਲ ਰਹੀ? ਮੈਨੂੰ ਲੱਗਦਾ ਹੈ ਕਿ ਇਹ ਕੰਮ ਔਖਾ ਹੋਵੇਗਾ ਪਰ ਨਾਮੁਮਕਿਨ ਨਹੀਂ। ਜੇ ਸਿਆਹਫਾਮ ਓਬਾਮਾ ਰਾਸ਼ਟਰਪਤੀ ਬਣ ਸਕਦਾ ਹੈ ਤਾਂ ਕਮਲਾ ਹੈਰਿਸ ਕਿਉਂ ਨਹੀਂ? ਇੱਕ ਸਮਾਂ ਸੀ ਜਦੋਂ ਅਮਰੀਕਾ ਵਿੱਚ ਨਸਲੀ ਵਿਤਕਰਾ ਅਤੇ ਦਾਸ ਪ੍ਰਥਾ ਚਰਮ ਸੀਮਾ ’ਤੇ ਸਨ। ਸਿਆਹਫਾਮ ਲੋਕਾਂ ਨੂੰ ਵੋਟ ਦਾ ਅਧਿਕਾਰ ਲੈਣ ਲਈ ਲੰਬਾ ਸੰਘਰਸ਼ ਕਰਨਾ ਪਿਆ ਸੀ। ਇੱਥੋਂ ਤੱਕ ਕਿ ਜਦੋਂ ਬਰਾਕ ਓਬਾਮਾ ਰਾਸ਼ਟਰਪਤੀ ਦੀ ਦੌੜ ਵਿੱਚ ਸਨ ਤਾਂ ਇੱਕ ਗੋਰੀ ਨੋਬੇਲ ਇਨਾਮ ਜੇਤੂ ਨੇ ਜਨਤਕ ਤੌਰ ’ਤੇ ਕਹਿ ਦਿੱਤਾ ਸੀ ਕਿ ਜੇ ਉਹ ਜਿੱਤਦੇ ਹਨ ਤਾਂ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਪੈਦਾ ਹੋ ਸਕਦਾ ਹੈ। ਓਬਾਮਾ ਹਾਰਵਰਡ, ਇੱਕ ਕੁਲੀਨ ਯੂਨੀਵਰਸਿਟੀ ਵਿੱਚੋਂ ਪੜ੍ਹਿਆ ਹੋਇਆ ਹੈ ਤੇ ਰਾਸ਼ਟਰਪਤੀ ਦੀ ਚੋਣ ਮੁਹਿੰਮ ਦੌਰਾਨ ਉਸ ਦੀ ਪੜ੍ਹਾਈ-ਲਿਖਾਈ ਉਸ ਲਈ ਫ਼ਾਇਦੇਮੰਦ ਸਾਬਿਤ ਹੋਈ ਸੀ। ਕਮਲਾ ’ਤੇ ਬੇਔਲਾਦ ਹੋਣ ਦਾ ਦੋਸ਼ ਲਗਾਇਆ ਜਾ ਰਿਹਾ ਹੈ ਪਰ ਉਸ ਦੇ ਮਤਰੇਏ ਬੱਚੇ ਹਨ। ਕਮਲਾ ਹੈਰਿਸ ਦੀ ਸਭ ਤੋਂ ਵੱਡੀ ਤਾਕਤ ਉਸ ਦਾ ਸਿਆਸੀ ਤਜਰਬਾ ਹੈ। ਡੋਨਾਲਡ ਟਰੰਪ ’ਤੇ ਹਮਲਾ ਕਰਨ ਲਈ ਉਸ ਦੇ ਵਕੀਲ ਦੀ ਪਿੱਠਭੂਮੀ ਦੀ ਵਰਤੋਂ ਕੀਤੀ ਜਾ ਰਹੀ ਹੈ। ਕੀ ਵੋਟਰ ਇਸ ਨੂੰ ਹਾਸੋਹੀਣੀ ਸਮਝਣਗੇ ਜਾਂ ਇਸ ਨੂੰ ਗੰਭੀਰਤਾ ਨਾਲ ਲੈਣਗੇ? ਪਿਛਲੇ ਕਾਰਜਕਾਲ ਦੌਰਾਨ ਨਰਮ ਵਿਦੇਸ਼ ਨੀਤੀ ਟਰੰਪ ਦੀ ਕਮਜ਼ੋਰੀ ਸਿੱਧ ਹੋ ਸਕਦੀ ਹੈ।

ਅਫ਼ਗਾਨਿਸਤਾਨ ਤੋਂ ਅਮਰੀਕਾ ਦੀ ਵਾਪਸੀ, ਯੂਕਰੇਨ ਵਿੱਚ ਜੰਗ ਅਤੇ ਹੋਰ ਗਰਮਾ-ਗਰਮ ਮੁੱਦਿਆਂ ’ਤੇ ਰਿਪਬਲਿਕਨਾਂ ਨੂੰ ਪੂਰੀ ਤਿਆਰੀ ਨਾਲ ਆਉਣਾ ਹੋਵੇਗਾ। ਟਰੰਪ ਦਾ ਠੋਸ ਸਿਆਸੀ ਆਧਾਰ ਉਸ ਦੀ ਸਭ ਤੋਂ ਵੱਡੀ ਸੰਪਤੀ ਹੈ। ਰਾਸ਼ਟਰਵਾਦ ਦੇ ਨਾਲ ਉਸ ਦਾ ਲਗਾਅ ਜ਼ਿਆਦਾ ਹੈ। ਫਿਰ ਵੀ ਤੌਖਲਾ ਇਹ ਹੈ ਕਿ ਟਰੰਪ ਨੂੰ ਵਿਸ਼ਵਾਸ ਦਿਵਾਉਣ ਵਾਲੇ ਈਵੈਂਜਲੀਕਲਜ਼ ਕਿਵੇਂ ਵੋਟ ਪਾਉਣਗੇ? ਦੇਖਿਆ ਜਾਵੇ ਤਾਂ ਟਰੰਪ ਨੂੰ ਪ੍ਰਚਾਰ ਕਰਨਾ ਆਉਂਦਾ ਹੈ। ਉਹ ਨਸਲੀ ਮੁੱਦੇ ਉਭਾਰ ਕੇ ਇੱਕ ਵਰਗ ਵਿਸ਼ੇਸ਼ ਨੂੰ ਭਰਮਾਉਣਾ ਜਾਣਦਾ ਹੈ। ਉਸ ਦੇ ਹਮਾਇਤੀ ਸਮਝਦੇ ਹਨ ਕਿ ਟਰੰਪ ’ਚ ਰਾਸ਼ਟਰਵਾਦ ਕੁੱਟ-ਕੁੱਟ ਕੇ ਭਰਿਆ ਹੋਇਆ ਹੈ। ਉਹ ਅਮਰੀਕਾ ਦੀ ਕਮਾਨ ਸੰਭਾਲ ਚੁੱਕੇ ਹਨ। ਇਸ ਦਾ ਵੀ ਉਨ੍ਹਾਂ ਨੂੰ ਕਾਫ਼ੀ ਲਾਹਾ ਮਿਲਣ ਦੀ ਸੰਭਾਵਨਾ ਹੈ। ਭਾਵੇਂ ਟਰੰਪ ਦੀ ਕਈ ਕਾਰਨਾਂ ਕਰ ਕੇ ਨੁਕਤਾਚੀਨੀ ਕੀਤੀ ਜਾ ਰਹੀ ਹੈ ਤਾਂ ਵੀ ਉਹ ਵੋਟਰਾਂ ਵਿੱਚ ਕਾਫ਼ੀ ਪਸੰਦ ਕੀਤੇ ਜਾ ਰਹੇ ਹਨ। ਟਰੰਪ ’ਤੇ ਹੋਇਆ ਜਾਨਲੇਵਾ ਹਮਲਾ ਉਸ ਨੂੰ ਸਿਆਸੀ ਲਾਹਾ ਦੇਵੇਗਾ। ਕਮਲਾ ਦੇ ਅਦਾਲਤੀ ਕੇਸਾਂ ਦਾ ਹਵਾਲਾ ਉਸ ਦੇ ਦੁੱਖ ਨੂੰ ਘਟਾਉਣ ਵਜੋਂ ਦੇਖਿਆ ਜਾ ਸਕਦਾ ਹੈ ਅਤੇ ਉਲਟਾ ਵੀ ਹੋ ਸਕਦਾ ਹੈ। ਅਮਰੀਕੀਆਂ ਨੂੰ ਟਰੰਪ ਬਾਰੇ ਯਾਦ ਹੈ ਅਤੇ ਇਹ ਇੱਕ ਸਿਆਸੀ ਸੰਜੀਵਨੀ ਹੋ ਸਕਦੀ ਹੈ। ਉਸ ਦੀ ਹੋਰ ਤਾਕਤ ਇਹ ਹੈ ਕਿ ਉਹ ਕੁਝ ਵੀ ਕਹਿ ਸਕਦਾ ਹੈ। ਪੋਲ ਦੋਵਾਂ ਵਿਚਕਾਰ ਤਕਰੀਬਨ ਉੱਨੀ-ਇੱਕੀ ਵਾਲੇ ਹੀ ਹਨ। ਸਵਾਲ ਉੱਠਦਾ ਹੈ ਕਿ ਕੀ ਕਮਲਾ ਦਾ ਅਮਰੀਕਾ ਦੇ ਲੋਕਾਂ ’ਤੇ ਜਾਦੂ ਚੱਲੇਗਾ? ਮੈਂ ਚਾਹਾਂਗਾ ਕਿ ਉਹ ਗੇਵਿਨ ਨਿਊਜ਼ਮ ਨੂੰ ਰਨਿੰਗ ਸਾਥੀ ਵਜੋਂ ਚੁਣੇ। ਉਸ ਦਾ ਟਰੰਪ ਨਾਲ ਦਿਲਚਸਪ ਸਬੰਧ ਹੈ।

ਹੈਰਿਸ ਨੂੰ ਉਸ ਦੀ ਤਾਰੀਫ਼ ਕਰਨੀ ਚਾਹੀਦੀ ਹੈ ਜਿਵੇਂ ਜੋਅ ਬਾਇਡਨ ਨੇ ਓਬਾਮਾ ਦੀ ਤਾਰੀਫ਼ ਕੀਤੀ ਸੀ। ਕੀ ਰਿਪਬਲਿਕਨ ਪੱਛੜੇ ਹੋਏ ਰਾਜਾਂ ਨੂੰ ਹੋਰ ਹੇਠਾਂ ਲਿਆਉਣਗੇ ਜਿਨ੍ਹਾਂ ਵਿੱਚੋਂ 18 ਨੇ 1992 ਤੋਂ 2012 ਤੱਕ ਰਾਸ਼ਟਰਪਤੀ ਚੋਣਾਂ ਵਿਚ ਡੈਮੋਕ੍ਰੈਟਿਕ ਪਾਰਟੀ ਨੂੰ ਵੋਟਾਂ ਪਾਈਆਂ ਸਨ? ਟਰੰਪ, ਜੇਡੀ ਵੇਂਸ ਨੂੰ ਰਨਿੰਗ ਸਾਥੀ ਵਜੋਂ ਚੁਣ ਕੇ ਵੱਡਾ ਦਾਅ ਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਕਮਲਾ ਦੇ ਨਸਲੀ ਪਿਛੋਕੜ ਵਿੱਚ ਇੱਕ ਦਿਲਚਸਪ ਮੋੜ ਹੈ। ਉਸ ਦਾ ਏਸ਼ੀਅਨ ਪਿਛੋਕੜ ਹੈ। ਜੇਡੀ ਵੇਂਸ, ਟਰੰਪ ਦੇ ਚੱਲ ਰਹੇ ਸਾਥੀ ਦੀ ਇੱਕ ਏਸ਼ੀਅਨ ਪਤਨੀ ਹੈ ਜੋ ਟਰੰਪ ਨੂੰ ਫ਼ਾਇਦਾ ਪਹੁੰਚਾ ਸਕਦੀ ਹੈ। ਜਿਸ ਗੱਲ ’ਤੇ ਅਸੀਂ ਵਿਵਾਦ ਨਹੀਂ ਕਰ ਸਕਦੇ ਉਹ ਇਹ ਹੈ ਕਿ ਚੋਣਾਂ ਮਹਿੰਗੀਆਂ ਅਤੇ ਮਨੋਰੰਜਕ ਹੋਣਗੀਆਂ। ਕੀ ਸਾਨੂੰ ਪਰਵਾਹ ਕਰਨੀ ਚਾਹੀਦੀ ਹੈ ਕਿ ਕੌਣ ਜਿੱਤਦਾ ਹੈ? ਰਿਪਬਲਿਕਨ ਅਤੇ ਡੈਮੋਕ੍ਰੈਟਸ, ਦੋਵਾਂ ਦੀਆਂ ਪੂਰੀ ਦੁਨੀਆਂ ਪ੍ਰਤੀ ਵੱਖੋ-ਵੱਖਰੀਆਂ ਨੀਤੀਆਂ ਹਨ। ਕੁਝ ਚੰਗੀਆਂ ਹਨ ਅਤੇ ਕੁਝ ਨਹੀਂ। ਇਮੀਗ੍ਰੇਸ਼ਨ , ਇੱਕ ਗਰਮ ਮੁੱਦਾ ਹੈ ਅਤੇ ਅਮਰੀਕਾ ਵਿੱਚ ਰਹਿਣ ਵਾਲੇ ਦੁਨੀਆਂ ਭਰ ਦੇ ਲੋਕਾਂ ਦੀ ਗਿਣਤੀ ਬਾਰੇ ਸੋਚੋ। ਟਰੰਪ ਨੇ ਮੰਗਲਵਾਰ ਨੂੰ ਮਿਸ਼ੀਗਨ ਵਿੱਚ ਇੱਕ ਭਾਸ਼ਣ ਵਿੱਚ ਸੰਯੁਕਤ ਰਾਜ ਅਮਰੀਕਾ ਵਿੱਚ ਗ਼ੈਰ-ਕਾਨੂੰਨੀ ਤੌਰ ’ਤੇ ਆਏ ਪਰਵਾਸੀਆਂ ਨੂੰ ਜਾਨਵਰ ਅਤੇ ਇਨਸਾਨ ਨਹੀਂ ਹੋਣ ਦਾ ਫ਼ਤਵਾ ਦਿੱਤਾ ਹੈ। ਇਹ ਸਭ ਭੱਦੇ ਲਫ਼ਜ਼ ਸੁਣ ਕੇ ਕੀ ਇੰਮੀਗ੍ਰਾਂਟ ਟਰੰਪ ਨੂੰ ਵੋਟ ਦੇਣਗੇ? ਹਰਗਿਜ਼ ਨਹੀਂ। ਇਸ ਦੇ ਮੱਦੇਨਜ਼ਰ ਅਮਰੀਕਾ ਦੀਆਂ ਆਗਾਮੀ ਚੋਣਾਂ ਬਾਰੇ ਕੁਝ ਕਿਆਸਅਰਾਈਆਂ ਤਾਂ ਸਾਫ਼ ਹੋ ਜਾਂਦੀਆਂ ਹਨ ਕਿ ਆ ਰਹੇ ਸਮੇਂ ਵਿੱਚ ਪਲੜਾ ਕਿਸ ਦਾ ਭਾਰਾ ਹੋਣ ਦੀ ਸੰਭਾਵਨਾ ਹੈ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ’ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ ’ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**









# ਐਡੀਟਰਜ਼ ਗਿਲਡ ਨੇ ਨਵੇਂ ਅਪਰਾਧਿਕ ਕਾਨੂੰਨਾਂ ਬਾਰੇ ਪ੍ਰਗਟਾਈ ਚਿੰਤਾ

## 'ਇਹ ਕਾਨੂੰਨ ਪਰਿਵਰਤਨ ਏਜੰਸੀਆਂ ਦੀਆਂ ਸ਼ਕਤੀਆਂ ਵਧਾਉਣਗੇ'

ਨਵੀਂ ਦਿੱਲੀ/ਏ.ਟੀ.ਨਿਊਜ਼ : ਐਡੀਟਰਸ ਗਿਲਡ ਆਫ ਇੰਡੀਆ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਨਵੇਂ ਅਪਰਾਧਿਕ ਕਾਨੂੰਨਾਂ 'ਤੇ ਚਿੰਤਾ ਜ਼ਾਹਰ ਕੀਤੀ ਹੈ। ਗਿਲਡ ਨੇ ਪੱਤਰਕਾਰਾਂ ਦੇ ਖ਼ਿਲਾਫ਼ ਅਪਰਾਧਿਕ ਕਾਨੂੰਨਾਂ ਦਾ ਦੁਰਪ੍ਰਯੋਗ ਕਰਕੇ ਤੰਗ ਕਰਨ ਅਤੇ ਡਰਾਉਣ ਦੇ ਲਈ ਇਸ ਦੀ ਦੁਰਵਰਤੋਂ ਕਰਨ ਦੀ ਸ਼ੰਕਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਇਹ ਕਾਨੂੰਨ ਪਰਿਵਰਤਨ ਏਜੰਸੀਆਂ ਦੀਆਂ ਸ਼ਕਤੀਆਂ ਵਧਾਉਣਗੇ। ਐਡੀਟਰਸ ਗਿਲਡ ਆਫ ਇੰਡੀਆ ਨੇ ਪੱਤਰਕਾਰੀ ਦੇ ਕੰਮ ਦੇ ਸੰਦਰਭ ਵਿੱਚ ਪੱਤਰਕਾਰਾਂ ਵਿਰੁੱਧ ਅਪਰਾਧਿਕ ਸ਼ਿਕਾਇਤਾਂ ਦਰਜ਼ ਕੀਤੇ ਜਾਣ ਕਾਰਣ ਉਨ੍ਹਾਂ ਦੇ ਲਈ ਵਾਧੂ ਸੁਰੱਖਿਆ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਇਸ ਮਹੀਨੇ ਤੋਂ ਭਾਰਤੀ ਨਿਆਏ ਸੰਹਿਤਾ, ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ ਤੇ ਭਾਰਤੀ ਸਾਕਸ਼ਯ ਅਧਿਨਿਯਮ ਬਰਤਾਨਵੀ ਕਾਲ ਦੇ ਕ੍ਰਮਵਾਰ ਇੰਡੀਅਨ ਪੀਨਲ ਕੋਡ, ਕੋਡ ਆਫ ਕ੍ਰਿਮੀਨਲ ਪ੍ਰੋਸੀਜ਼ਰ ਅਤੇ ਇੰਡੀਅਨ ਐਵੀਡੈਂਸ ਐਕਟ ਦੀ ਥਾਂ ਲਈ ਹੈ।

ਪੱਤਰ ਵਿੱਚ ਕਿਹਾ ਗਿਆ ਹੈ, 'ਅਸੀਂ ਇਨ੍ਹਾਂ ਮੁੱਦਿਆਂ ਨੂੰ ਖਾਸ ਤੌਰ 'ਤੇ ਇਸ ਲਈ ਉਠਾ ਰਹੇ ਹਾਂ, ਕਿਉਂਕਿ ਸਾਨੂੰ ਡਰ ਹੈ ਕਿ ਇਹ ਸਾਰੀਆਂ ਵਿਵਸਥਾਵਾਂ ਪੱਤਰਕਾਰਾਂ ਵਿਰੁੱਧ ਵਰਤੀਆਂ ਜਾ ਸਕਦੀਆਂ ਹਨ, ਜਿਵੇਂ ਕਿ ਆਈ.ਪੀ.ਸੀ. ਅਤੇ ਸੀ.ਆਰ.ਪੀ.ਸੀ. ਦੇ ਤਹਿਤ ਪਹਿਲਾਂ ਹੋਇਆ ਹੈ। ਪੱਤਰ ਵਿੱਚ ਕਿਹਾ ਗਿਆ ਹੈ ਕਿ ਸਾਡਾ ਇਹ ਵੀ ਮੰਨਣਾ ਹੈ ਕਿ ਇਨ੍ਹਾਂ ਅਪਰਾਧਿਕ ਕਾਨੂੰਨਾਂ ਨੂੰ ਪੱਤਰਕਾਰਾਂ ਦੇ ਖ਼ਿਲਾਫ਼ ਪਰੇਸ਼ਾਨ ਕਰਨ ਅਤੇ ਡਰਾਉਣ ਦੇ ਲਈ ਵਰਤਿਆ ਜਾਵੇਗਾ।

ਗਿਲਡ ਨੇ ਇੱਕ ਅਜਿਹੀ ਪ੍ਰਣਾਲੀ ਦਾ ਸੁਝਾਅ ਦਿੱਤਾ ਹੈ ਜਿਸ ਦੇ ਤਹਿਤ ਮੀਡੀਆ ਦੇ ਕਿਸੇ ਮੈਂਬਰ ਦੇ ਵਿਰੁੱਧ ਅਜਿਹੀ ਕਿਸੇ ਵੀ




ਸ਼ਿਕਾਇਤ ਦੀ ਉੱਚ-ਦਰਜੇ ਦੇ ਪੁਲਿਸ ਅਧਿਕਾਰੀ ਦੁਆਰਾ ਸਮੀਖਿਆ ਕੀਤੀ ਜਾਵੇ ਅਤੇ ਉਸਦੀ ਰਾਏ ਲਈ ਪ੍ਰੈਸ ਕੌਂਸਲ ਆਫ਼ ਇੰਡੀਆ ਦੇ ਧਿਆਨ ਵਿੱਚ ਲਿਆਂਦਾ ਜਾਵੇ ਤਾਂ ਕਿ ਕੀ ਸ਼ਿਕਾਇਤ/ਸੂਚਨਾ ਦੀ ਹੋਰ ਜਾਂਚ ਕੀਤੀ ਜਾਵੇ।

ਪੱਤਰ ਵਿੱਚ ਕਿਹਾ ਗਿਆ ਹੈ, 'ਇੱਕ ਆਜ਼ਾਦ ਪ੍ਰੈਸ ਲੋਕਤੰਤਰ ਦੀ ਪਛਾਣ ਹੈ ਅਤੇ ਇਸ ਨੂੰ ਆਪਣੀ ਡਿਊਟੀ ਦੌਰਾਨ ਕੀਤੇ ਗਏ ਕਾਰਜਾਂ ਦੇ ਲਈ ਝੂਠੇ ਮੁਕੱਦਮੇ ਤੋਂ ਬਚਾਇਆ ਜਾਣਾ ਚਾਹੀਦਾ ਹੈ।' ਐਡਿਟਰਜ਼ ਗਿਲਡ ਨੇ ਇਹ ਵੀ ਕਿਹਾ ਕਿ ਅਸੀਂ ਸਰਕਾਰ ਨੂੰ ਇੱਕ ਸਰਗਰਮ ਲੋਕਤੰਤਰ ਵਿੱਚ ਅਜ਼ਾਦ ਮੀਡੀਆ ਦੇ ਮਹੱਤਵ ਦੀ ਯਾਦ ਦਿਵਾਉਂਦੇ ਹਾਂ ਅਤੇ ਇਹ ਯਕੀਨੀ ਬਣਾਉਣ ਦੀ ਬੇਨਤੀ ਕਰਦੇ ਹਾਂ ਕਿ ਚੌਥੇ ਥੰਮ ਦਾ ਸਤਿਕਾਰ, ਪੋਸ਼ਣ ਅਤੇ ਸੁਰੱਖਿਆ ਕੀਤੀ ਜਾਵੇ।

ਅਸਲ ਮਸਲਾ ਇਹ ਹੈ ਕਿ ਸਾਰੀਆਂ ਸਰਕਾਰਾਂ ਮੀਡੀਆ ਨੂੰ ਕਾਬੂ ਕਰਨਾ ਪਸੰਦ ਕਰਦੀਆਂ ਹਨ। ਕੁਝ ਅਜਿਹਾ ਜ਼ਿਆਦਾ ਜਾਲਮਾਨਾ ਤਰੀਕੇ ਨਾਲ ਕਰਦੇ ਹਨ ਤੇ ਕੁਝ ਘੱਟ ਨਾਲ। ਲੇਕਿਨ ਕੋਈ ਵੀ ਸਰਕਾਰ ਆਲੋਚਨਾ ਜਾਂ ਅਜ਼ਾਦ ਪੱਤਰਕਾਰੀ ਨੂੰ ਪਸੰਦ ਨਹੀਂ ਕਰਦੀ। ਭਾਵੇਂ ਖ਼ੁਦ ਨੂੰ ਲੋਕਤੰਤਰ ਕਹਿੰਦੀ ਹੋਵੇ ਮੀਡੀਆ ਦਾ ਗਲ਼ਾ ਘੋਟ ਦਿੱਤਾ ਜਾਂਦਾ ਹੈ। ਜੇ ਪੱਤਰਕਾਰ ਗ਼ਲਤ ਹਨ ਅਤੇ ਸਰਕਾਰ ਨੂੰ ਲਗਦਾ ਹੈ ਕਿ ਉਨ੍ਹਾਂ ਨੇ ਕੋਈ ਖ਼ਬਰ ਠੀਕ ਨਹੀਂ ਕੀਤੀ ਤਾਂ ਸਰਕਾਰ ਨੂੰ ਉਸ ਖ਼ਬਰ ਦਾ ਖੰਡਨ ਕਰਨਾ ਚਾਹੀਦਾ ਹੈ ਪਰ ਕਾਲੇ ਕਾਨੂੰਨਾਂ ਦੇ ਤਹਿਤ ਪੱਤਰਕਾਰਾਂ ਨੂੰ ਬੰਦ ਕਰਨਾ ਧਮਕਾਉਣਾ ਸਰਾਸਰ ਗ਼ਲਤ ਹੈ ਸੰਵਿਧਾਨ ਵਿੱਚ ਜੋ ਬੁਨਿਆਦੀ ਹੱਕ ਹਨ, ਉਨ੍ਹਾਂ ਵਿੱਚੋਂ ਇੱਕ ਮੌਲਿਕ ਹੱਕ ਪ੍ਰਗਟਾਵੇ ਦੀ ਅਜ਼ਾਦੀ ਹੈ ਅਤੇ ਭਾਰਤ ਦੇ ਨਾਗਰਿਕਾਂ ਨੂੰ ਪੱਤਰਕਾਰਾਂ ਦੇ ਨਾਲ ਖੜ੍ਹੇ ਹੋਣਾ ਚਾਹੀਦਾ ਹੈ। ਆਪਣੀ ਅਵਾਜ਼ ਚੁੱਕਣੀ ਚਾਹੀਦੀ ਹੈ ਅਤੇ ਕਹਿਣਾ ਚਾਹੀਦਾ ਹੈ ਕਿ ਜੋ ਕੁਝ ਹੋ ਰਿਹਾ ਹੈ ਉਹ ਗ਼ਲਤ ਹੋ ਰਿਹਾ ਹੈ। ਭਾਰਤ ਪ੍ਰੈੱਸ ਦੀ ਅਜ਼ਾਦੀ ਅਤੇ ਨਾਗਰਿਕ ਅਜ਼ਾਦੀ ਅਤੇ ਮਨੁੱਖੀ ਹੱਕਾਂ ਬਾਰੇ ਹੋਰ ਦਰਜੇਬੰਦੀਆਂ ਵਿੱਚ ਹੇਠਾਂ ਵੱਲ ਜਾ ਰਿਹਾ ਹੈ ਅਤੇ ਮੀਡੀਆ ਦੇ ਖ਼ਿਲਾਫ਼ ਭਾਰਤ ਸਰਕਾਰ ਦਾ ਯੁੱਧ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਲਈ ਇੱਕ ਧੱਬਾ ਹੈ। ਦੁਨੀਆਂ ਪੱਧਰ 'ਤੇ ਮੀਡੀਆ ਨਿਗਰਾਨੀ ਸੰਸਥਾ ਰਿਪੋਰਟਰਸ ਵਿਦਾਊਟ ਬਾਰਡਰਸ (ਆਰਐਸਐਫ਼) ਦੀ ਮਈ 2023 ਵਿੱਚ ਜਾਰੀ ਰਿਪੋਰਟ ਦੇ ਮੁਤਾਬਕ ਵਿਸ਼ਵ ਪ੍ਰੈੱਸ ਅਜ਼ਾਦੀ ਸੂਚਕਅੰਕ ਵਿੱਚ ਵਿੱਚ ਭਾਰਤ ਦਾ ਦਰਜਾ 180 ਦੇਸਾਂ ਵਿੱਚੋਂ 161ਵੇਂ ਸਥਾਨ 'ਤੇ ਖਿਸਕ ਗਿਆ ਹੈ। ਸਾਲ 2002 ਵਿੱਚ ਭਾਰਤ ਇਸ ਸੂਚਕ ਅੰਕ ਵਿੱਚ 150ਵੇਂ ਨੰਬਰ 'ਤੇ ਸੀ।

## ਬਸਪਾ ਸੁਪਰੀਮੋ ਮਾਇਆਵਤੀ ਵੱਲੋਂ ਵੀ ਮੋਦੀ ਸਰਕਾਰ ਤੋਂ ਮਰਦਮਸ਼ੁਮਾਰੀ ਦੀ ਮੰਗ

ਲਖਨਊ/ਏ.ਟੀ.ਨਿਊਜ਼ : ਹਾਲ ਹੀ ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਬਸਪਾ ਇੱਕ ਵੀ ਸੀਟ ਨਹੀਂ ਜਿੱਤ ਸਕੀ ਅਤੇ ਉਸ ਦੇ ਬਹੁਤ ਸਾਰੇ ਦਲਿਤ ਵੋਟ ਦੂਜੀਆਂ ਪਾਰਟੀਆਂ ਦੇ ਪਾਲੇ ਵਿੱਚ ਚਲੇ ਗਏ ਹਨ, ਅਜਿਹੇ ਵਿੱਚ ਹੁਣ ਪਾਰਟੀ ਸੁਪਰੀਮੋ ਮਾਇਆਵਤੀ ਮੂਲ ਮਸਲਿਆਂ 'ਤੇ ਵਾਪਸ ਜਾ ਕੇ ਪਾਰਟੀ ਦੀ ਬਹੁਜਨ ਰਣਨੀਤੀ ਨੂੰ ਨਵੇਂ ਸਿਰਿਓਂ ਤਿਆਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।



ਮਾਇਆਵਤੀ ਨੇ ਹੁਣ ਕੇਂਦਰ ਸਰਕਾਰ ਤੋਂ ਜਾਤੀ ਆਧਾਰਿਤ ਮਰਦਮਸ਼ੁਮਾਰੀ ਕਰਵਾਉਣ ਦੀ ਮੰਗ ਕੀਤੀ ਹੈ। ਹਾਲਾਂਕਿ, ਪਾਰਟੀ ਸਾਹਮਣੇ ਚੁਣੌਤੀ ਨਾ ਸਿਰਫ਼ ਬ੍ਰਾਹਮਣ, ਮੁਸਲਿਮ ਅਤੇ ਗ਼ੈਰ-ਯਾਦਵ ਪਛੜੇ ਵਰਗ ਦੀਆਂ ਵੋਟਾਂ ਨੂੰ ਵਾਪਸ ਜਿੱਤਣ ਦੀ ਹੈ (ਜਿਸ ਰਣਨੀਤੀ ਦੇ ਚਲਦਿਆਂ 2007 'ਚ ਪਾਰਟੀ ਸੱਤਾ 'ਚ ਆਈ ਸੀ), ਸਗੋਂ ਕਰੀਬ 21 ਫ਼ੀਸਦੀ ਦਲਿਤ ਵੋਟਾਂ ਨੂੰ ਵੀ ਵਾਪਸ ਜਿੱਤਣ ਦੀ ਹੈ, ਜਿਸ ਵਿੱਚ 12 ਫ਼ੀਸਦੀ ਜਾਟਵ ਹਨ, ਜੋ ਮਾਇਆਵਤੀ ਦੀ ਜਾਤੀ ਹੈ। ਇਸ ਤੋਂ ਇਲਾਵਾ, ਮਾਇਆਵਤੀ ਨੇ ਉੱਤਰ ਪ੍ਰਦੇਸ਼ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਦੇ ਰੂਪ 'ਚ ਇੱਕ ਬ੍ਰਾਹਮਣ ਵਿਧਾਇਕ ਨੂੰ ਨਿਯੁਕਤ ਕਰਨ ਦੇ ਫ਼ੈਸਲੇ ਨੂੰ ਲੈ ਕੇ ਸਮਾਜਵਾਦੀ ਪਾਰਟੀ (ਸਪਾ) 'ਤੇ ਵੀ ਨਿਸ਼ਾਨਾ ਸਾਧਿਆ ਹੈ। ਮਾਇਆਵਤੀ ਨੇ ਦਾਅਵਾ ਕੀਤਾ ਕਿ ਸਪਾ ਨੇ ਪੀ.ਡੀ.ਏ. ਰਾਹੀਂ (ਪਛੜਾ, ਦਲਿਤ ਅਤੇ ਘੱਟ-ਗਿਣਤੀਆਂ) ਭਾਈਚਾਰੇ ਨੂੰ ਗੁੰਮਰਾਹ ਕਰਕੇ ਲੋਕ ਸਭਾ 'ਚ ਵੱਡੀ ਗਿਣਤੀ ਵਿੱਚ ਸੀਟਾਂ ਜਿੱਤਣ ਲਈ ਉਨ੍ਹਾਂ ਦੀਆਂ ਵੋਟਾਂ ਹਾਸਿਲ ਕਰ ਲਈਆਂ, ਪਰ ਉੱਤਰ ਪ੍ਰਦੇਸ਼ ਵਿੱਚ ਵਿਰੋਧੀ ਧਿਰ ਦਾ ਨੇਤਾ ਨਿਯੁਕਤ ਕਰਨ ਸਮੇਂ ਇਸ ਸਮੂਹ ਦੀ ਅਣਦੇਖੀ ਕੀਤੀ ਹੈ।

ਮਾਮਲਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ

# ਬੇਅਦਬੀ ਮਾਮਲੇ 'ਚ ਮਾਨ ਦੇ ਹੱਥ ਲੱਗੇ ਨਵੇਂ ਸਬੂਤ !

## ਆਉਣ ਵਾਲੇ ਦਿਨ੍ਹਾਂ 'ਚ ਸੁਖਬੀਰ ਬਾਦਲ ਲਈ ਖੜੀ ਕਰਨਗੇ ਨਵੀਂ ਮੁਸੀਬਤ

ਚੰਡੀਗੜ੍ਹ/ਏ.ਟੀ.ਨਿਊਜ਼ :ਬੇਅਦਬੀ ਅਤੇ ਗੋਲੀਕਾਂਡ ਮਾਮਲਿਆਂ ਨੂੰ ਲੈ ਕੇ ਸੀ.ਐਮ. ਭਗਵੰਤ ਮਾਨ ਨੇ ਐਲਾਨ ਕੀਤਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਇਸ ਕੇਸ ਵਿੱਚ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਮਾਨ ਨੇ ਕਿਹਾ ਕਿ ਸਾਡੇ ਹੱਥ ਕੁੱਝ ਵੱਡੇ ਸਬੂਤ ਲੱਗੇ ਹਨ ਜਿਸ ਨੇ ਸਾਨੂੰ ਹੈਰਾਨ ਕਰ ਦਿੱਤਾ ਹੈ। ਜਦੋਂ ਤੁਹਾਨੂੰ ਇਹਨਾਂ ਸਬੂਤਾਂ ਬਾਰੇ ਪਤਾ ਲੱਗੇਗਾ ਤਾਂ ਤੁਸੀਂ ਵੀ



ਹੈਰਾਨ ਹੋ ਜਾਵੋਗੇ। ਅਸੀਂ ਇਸ ਕੇਸ 'ਤੇ ਕੰਮ ਕਰ ਰਹੇ ਹਾਂ। ਆਉਣ ਵਾਲੇ ਥੋੜ੍ਹੇ ਦਿਨਾਂ ਵਿੱਚ ਸਭ ਸਾਫ਼ ਹੋ ਜਾਵੇਗਾ। ਅਸੀਂ ਪੰਜਾਬ ਦੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਬੇਅਦਬੀ ਦੇ ਮੁਲਜ਼ਮਾਂ ਨੂੰ ਸਜ਼ਾ ਦੇਵਾਂਗੇ ਤੇ ਇਸ ਨੂੰ ਜਲਦੀ ਪੂਰਾ ਕਰਾਂਗੇ।

ਮੁੱਖ ਮੰਤਰੀ ਨੇ ਸੁਖਬੀਰ ਬਾਦਲ ਦੇ ਮੁਆਫੀਨਾਮੇ 'ਤੇ ਕਿਹਾ ਕਿ ਮੁਆਫੀ ਭੁੱਲਾਂ ਦੀ ਹੁੰਦੀ ਹੈ ਗੁਨਾਹਾਂ ਦੀ ਨਹੀਂ, ਗੁਨਾਹਾਂ ਦੀ ਤਾਂ ਸਿਰਫ ਸਜ਼ਾ ਹੁੰਦੀ ਹੈ। ਮਾਨ ਨੇ ਕਿਹਾ ਕਿ ਜਾਣ-ਬੁੱਝ ਕੇ ਕੀਤਾ ਹੋਇਆ ਗੁਨਾਹ ਹੁੰਦਾ ਹੈ। ਬੇਅਦਬੀ ਦੇ ਮਾਮਲਿਆਂ ਨੂੰ ਲੈ ਕੇ ਮਾਨ ਕਿਹਾ ਕਿ ਸਾਡੇ ਕੋਲ ਨਵੇਂ ਸਬੂਤ ਹੱਥ ਲੱਗੇ ਨੇ ਤੁਸੀਂ ਸੋਚ ਵੀ ਨਹੀ ਸਕਦੇ। ਮਾਨ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਇਸ ਕੇਸ ਵਿੱਚ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਮਾਨ ਨੇ ਕਿਹਾ ਕਿ ਦੋਸ਼ੀਆਂ ਨੇ ਤਾਂ ਉਸ ਵੇਲੇ ਆਪ ਹੀ ਇਸ ਮਾਮਲੇ ਦੀ ਜਾਂਚ ਕੀਤੀ ਮੁੱਖ ਮੰਤਰੀ ਦੇ ਬਿਆਨਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਉਹ ਇਸ ਮਸਲੇ ਉੱਪਰ ਸੁਖਬੀਰ ਲਈ ਨਵੀਂ ਮੁਸੀਬਤ ਖੜੀ ਕਰਨਗੇ।

## ਅਕਾਲੀ ਦਲ ਦੀ ਮੌਜੂਦਾ ਸਥਿਤੀ ਕਾਰਨ ਸੁਖਬੀਰ ਬਾਦਲ ਦਾ ਸਿਆਸੀ ਭਵਿੱਖ ਦਾਅ 'ਤੇ ਲਗਿਆ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਅਪਣੀ ਲਿਖਤੀ ਚਿੱਠੀ ਜਥੇਦਾਰ ਗਿਆਨੀ ਰਘਬੀਰ ਸਿੰਘ ਹੁਰਾਂ ਨੂੰ ਬੰਦ ਲਿਫ਼ਾਫ਼ੇ 'ਚ ਸੌਂਪ ਚੁਕੇ ਹਨ। ਹੁਣ ਸਭ ਦੀਆਂ ਨਜ਼ਰਾਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਲੱਗੀਆਂ ਹੋਈਆਂ ਹਨ ਕਿ ਉਥੇ ਪੰਜ ਤਖ਼ਤ ਸਾਹਿਬਾਨ ਦੇ ਜਥੇਦਾਰ ਕੀ ਫ਼ੈਸਲਾ ਲੈਂਦੇ ਹਨ। ਜੇ ਸ਼੍ਰੋਮਣੀ ਕਮੇਟੀ ਦੇ ਗਲਿਆਰਿਆਂ 'ਚ ਹੋ ਰਹੀ ਚਰਚਾ 'ਤੇ ਯਕੀਨ ਕਰੀਏ, ਤਾਂ ਹੋ ਸਕਦਾ ਹੈ ਕਿ ਅਕਾਲੀ ਦਲ ਦੇ ਮਸਲੇ ਦਾ ਕੋਈ ਸਾਰਥਕ ਹੱਲ ਲੱਭਣ ਲਈ ਆਉਂਦੀ 15 ਅਗਸਤ ਨੂੰ ਮੀਟਿੰਗ ਸੱਦ ਲਈ ਜਾਵੇ। ਭਾਵੇਂ ਹਾਲੇ ਤਕ ਅਧਿਕਾਰਤ ਤੌਰ 'ਤੇ ਅਜਿਹੀ ਕੋਈ ਮੀਟਿੰਗ ਸੱਦਣ ਦੇ ਸਹੀ ਸਮੇਂ ਬਾਰੇ ਕੋਈ ਫ਼ੈਸਲਾ ਨਹੀਂ ਲਿਆ ਗਿਆ ਹੈ।

ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਨਾਲ-ਨਾਲ ਮੌਜੂਦਾ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਸਿਆਸੀ ਭਵਿੱਖ ਵੀ ਦਾਅ 'ਤੇ ਲਗਾ ਹੋਇਆ ਹੈ। ਉਧਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੇ ਸੂਤਰਾਂ ਨੇ ਦਸਿਆ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਹ ਮਾਮਲਾ ਛੇਤੀ ਤੋਂ ਛੇਤੀ ਨਿਬੇੜਨ ਲਈ ਆਖਿਆ ਹੈ।

ਬਾਦਲ ਸੂਬੇ ਦੇ ਤਿੰਨ ਵਿਧਾਨ ਸਭਾ ਹਲਕਿਆਂ ਬਰਨਾਲਾ, ਗਿੱਦੜਬਾਹਾ ਤੇ ਡੇਰਾ ਬਾਬਾ ਨਾਨਕ 'ਚ ਹੋਣ (ਬਾਕੀ ਸਫ਼ਾ 30 'ਤੇ)

# ਇਟਲੀ 'ਚ ਦੂਜੀ ਵਿਸ਼ਵ ਜੰਗ ਦੌਰਾਨ ਸ਼ਹੀਦ ਹੋਏ ਸਿੱਖ ਫੌਜੀਆਂ ਦੀ ਯਾਦ 'ਚ ਸ਼ਹੀਦੀ ਸਮਾਗਮ ਆਯੋਜਿਤ

ਮਿਲਾਨ/ਇਟਲੀ/ਏ.ਟੀ.ਨਿਊਜ਼: ਇਟਲੀ ਦੇ ਸ਼ਹਿਰ ਫੋਰਲੀ ਵਿਖੇ ਸਿੱਖ ਫ਼ੌਜੀਆਂ ਦੀ ਸ਼ਹਾਦਤ ਨੂੰ ਕੋਟਿ ਕੋਟਿ ਪ੍ਰਣਾਮ ਕਰਦਿਆਂ ਵਰਲਡ ਸਿੱਖ ਸ਼ਹੀਦ ਮਿਲਟਰੀ ਯਾਦਗਾਰ ਕਮੇਟੀ (ਰਜਿ.) ਇਟਲੀ ਅਤੇ ਕਮੂਨੇ ਦੀ ਫੋਰਲੀ ਅਤੇ ਫੋਰਲੀ ਦੀ ਸੰਗਤ ਨਾਲ ਕੇ ਮਿਲਕੇ 15ਵਾਂ ਸ਼ਹੀਦੀ ਸਮਾਗਮ ਕਰਵਾਇਆ ਗਿਆ। ਜਿਸ ਦੀ ਆਰੰਭਤਾ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਨਾਲ ਹੋਈ। ਭੋਗ ਉਪਰੰਤ ਪੰਡਾਲ ਸਜਾਇਆ ਗਿਆ। ਜਿਸ ਵਿੱਚ ਇਟਲੀ ਦੇ ਪ੍ਰਸਿੱਧ ਢਾਡੀ ਸੁਖਵੀਰ ਸਿੰਘ ਭੌਰ ਨੇ ਸ਼ਹੀਦੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੌਕੇ ਫੋਰਲੀ ਦੇ ਪ੍ਰਸ਼ਾਸ਼ਨ ਅਧਿਕਾਰੀਆਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸ਼ਰਧਾਂਜਲੀ ਭੇਟ ਕਰਨ ਵਾਲਿਆਂ 'ਚੋਂ ਫੋਰਲੀ, ਫੈਂਸਾ, ਮੁਰਾਦੀ, ਕਾਵਾਲਾਰਾ, ਪਾਲਾ ਸੋਲੋ, ਮਰਕਾਤੋ ਸਰਾਚੀਨੋ, ਕਾਸਤੋ ਫਰਾਂਕੋ, ਨੋਵੋਲਾਰਾ, ਫਰੈਂਸੇ ਦੇ ਮੇਅਰ ਤੇ ਫੋਰਲੀ ਦੀ ਪਰਫੈਤੋ, ਕਾਰਾਬਨੇਰੀ, ਪੁਲਿਸ, ਨਗਰ ਕੌਂਸਲ ਫੋਰਲੀ, ਮਿਲਟਰੀ ਤੋਂ ਪਹੁੰਚੇ ਕਈ ਅਧਿਕਾਰੀਆਂ ਨੇ ਸ਼ਰਧਾ ਦੇ ਫੁੱਲ ਅਰਪਣ ਕੀਤੇ। ਇਸ ਮੌਕੇ ਵਰਲਡ ਸਿੱਖ ਸ਼ਹੀਦ ਮਿਲਟਰੀ (ਰਜਿ) ਇਟਲੀ ਦੇ ਪ੍ਰਧਾਨ ਪ੍ਰਿਥੀਪਾਲ ਸਿੰਘ, ਸੇਵਾ ਸਿੰਘ ਫੌਜੀ, ਸਤਿਨਾਮ ਸਿੰਘ, ਜਸਵੀਰ ਸਿੰਘ ਧਨੋਤਾ, ਗੁਰਮੇਲ ਸਿੰਘ ਭੱਟੀ ਪ੍ਰਧਾਨ ਰਾਜਪੂਤ ਸੇਵਾ ਸੁਸਾਇਟੀ, ਇੰਦਰਜੀਤ ਸਿੰਘ ਫੋਰਲੀ, ਜਸਪ੍ਰੀਤ ਸਿੰਘ ਸਿੱਧੂ ਕੋਰੇਜੋ, ਰਾਜ ਕੁਮਾਰ ਕੋਰੇਜੋ, ਭੁਪਿੰਦਰ ਸਿੰਘ ਪ੍ਰਧਾਨ ਪਾਰਮਾ ਗੁਰੂ ਘਰ, ਹਰੀ ਸਿੰਘ, ਸੁਰਜੀਤ ਸਿੰਘ ਬੇਗੋਵਾਲ, ਮਨਿਜੰਦਰ ਸਿੰਘ ਸੁਜਾਰਾ ਆਦਿ ਨੇ ਵਿਸ਼ੇਸ਼ ਸ਼ਿਰਕਤ ਕੀਤੀ। ਇਸ ਮੌਕੇ ਲੰਗਰਾਂ ਦੀ ਸੇਵਾ ਵੱਖ-ਵੱਖ ਸ਼ਹਿਰਾਂ ਬੋਲੋਨੀਆਂ, ਕੋਰੇਜੋ, ਅਨਕੋਨਾ, ਸੁਜਾਰਾ, ਪਾਰਮਾ ਅਤੇ ਨੋਵੋਲਾਰਾ ਦੇ ਗੁਰਦੁਆਰਾ ਸਾਹਿਬ ਦੀ ਸੰਗਤ ਨੇ ਕੀਤੀ।



## ਦਰਪਣ ਝੂਠ ਨਹੀਂ ਬੋਲਦਾ

# ਮੋਦੀ ਸਰਕਾਰ ਵੱਲੋਂ ਸਿੱਖ ਭਾਈਚਾਰੇ ਸਬੰਧੀ ਆਸਟ੍ਰੇਲੀਆ ਮੀਡੀਆ ਦੀ ਡਾਕੂਮੈਂਟਰੀ ਬਲਾਕ

## ਏ.ਬੀ.ਸੀ. ਮੀਡੀਆ ਦੀ ਡਾਕੂਮੈਂਟਰੀ ਭਾਰਤੀ ਖੁਫ਼ੀਆ ਏਜੰਸੀਆਂ ਵੱਲੋਂ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਬਾਰੇ ਹੈ

ਯੂਟਿਊਬ ਨੇ ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਹੁਕਮਾਂ ’ਤੇ ਆਸਟ੍ਰੇਲੀਆਈ ਬ੍ਰੌਡਕਾਸਟਿੰਗ ਕਾਰਪੋਰੇਸ਼ਨ (ਏ.ਬੀ.ਸੀ.) ਦੀ ਡਾਕੂਮੈਂਟਰੀ ਨੂੰ ਭਾਰਤ ਵਿੱਚ ਬਲਾਕ ਕਰ ਦਿੱਤਾ ਹੈ। ਇਹ ਡਾਕੂਮੈਂਟਰੀ ਭਾਰਤੀ ਖੁਫ਼ੀਆ ਏਜੰਸੀਆਂ ਦੁਆਰਾ ਆਸਟ੍ਰੇਲੀਆ ਵਿੱਚ ਭਾਰਤੀ ਪ੍ਰਵਾਸੀਆਂ ਨੂੰ ਨਿਸ਼ਾਨਾ ਬਣਾਉਣ ਬਾਰੇ ਹੈ। ਇਨਫ਼ਿਲਟਰੇਟਿੰਗ ਆਸਟਰੇਲੀਆ - ਇੰਡੀਆਜ਼ ਸੀਕਰੇਟ ਵਾਰ ਨਾਮ ਦੀ ਇਹ ਡਾਕੂਮੈਂਟਰੀ ਏਬੀਸੀ ਟੀਵੀ ਦੇ ਸ਼ੋਅ ‘ਫ਼ੋਰ ਕਾਰਨਰਜ਼’ ਦਾ ਹਿੱਸਾ ਹੈ।

ਇਸ ਡਾਕੂਮੈਂਟਰੀ ਮੁਤਾਬਕ ਮੋਦੀ ਸਰਕਾਰ ਦੇ ਨਿਸ਼ਾਨੇ ’ਤੇ ਜ਼ਿਆਦਾਤਰ ਸਿੱਖ ਭਾਈਚਾਰੇ ਦੇ ਉਹ ਲੋਕ ਹਨ ਜੋ ਵੱਖਵਾਦੀ ਖਾਲਿਸਤਾਨੀ ਲਹਿਰ ਲਈ ਕੰਮ ਕਰ ਰਹੇ ਹਨ ਅਤੇ ਮੋਦੀ ਸਰਕਾਰ ਦੀ ਆਲੋਚਨਾ ਕਰ ਰਹੇ ਹਨ।

ਇਹ ਦਸਤਾਵੇਜ਼ੀ ਫ਼ਿਲਮ 17 ਜੂਨ ਨੂੰ ਯੂਟਿਊਬ ’ਤੇ ਅਪਲੋਡ ਕੀਤੀ ਗਈ ਸੀ। ਉਦੋਂ ਤੋਂ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਹੁਕਮਾਂ ’ਤੇ ਯੂ-ਟਿਊਬ ਨੇ ਇਸ ਡਾਕੂਮੈਂਟਰੀ ਨੂੰ ਲੈ ਕੇ ਏਬੀਸੀ ਨਿਊਜ਼ ਨੂੰ ਨੋਟਿਸ ਭੇਜਿਆ ਸੀ। ਭਾਰਤ ਦੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਤੋਂ ਮਿਲੇ ਇੱਕ ਗੁਪਤ ਆਦੇਸ਼ ਦਾ ਜ਼ਿਕਰ ਸੀ। ਯੂਟਿਊਬ ਨੂੰ ਇਹ ਹੁਕਮ ਆਈਟੀ ਐਕਟ ਤਹਿਤ ਦਿੱਤੇ ਗਏ ਹਨ।



ਏ.ਬੀ.ਸੀ. ਟੀ.ਵੀ. ਚੈਨਲ ਨੇ ਯੂਟਿਊਬ ਦੁਆਰਾ ਦਿੱਤੇ ਵਿਕਲਪਾਂ ਨੂੰ ਨਹੀਂ ਮੰਨਿਆ। ਦਸਤਾਵੇਜ਼ੀ ਨੂੰ ਫ਼ਿਰ 27 ਜੁਲਾਈ ਨੂੰ ਆਸਟ੍ਰੇਲੀਆਈ ਸਮੇਂ ਅਨੁਸਾਰ 11.59 ਵਜੇ ਬਲੌਕ ਕੀਤਾ ਗਿਆ ਸੀ। ਏ.ਬੀ.ਸੀ. ਦੇ ਨਿਰਦੇਸ਼ਕ ਸਟੀਵਨਜ਼ ਨੇ ਕਿਹਾ ਕਿ ਇਸ ਸਾਲ ਇਹ ਦੂਜੀ ਵਾਰ ਹੈ ਜਦੋਂ ਭਾਰਤ ਨੇ ਯੂ ਟਿਊਬ ਤੋਂ ਏ.ਬੀ.ਸੀ. ਦੀ ਜਨਤਕ ਹਿੱਤ ਪੱਤਰਕਾਰੀ ਨੂੰ ਹਟਾਉਣ ਦੇ ਨਿਰਦੇਸ਼ ਜਾਰੀ ਕੀਤੇ ਹਨ। ਪਿਛਲੀ ਵਾਰ ਇਹ ਹੁਕਮ ਇੱਕ ਵਿਦੇਸ਼ੀ ਪੱਤਰਕਾਰ ਦੀ ਰਿਪੋਰਟ ਦੇ ਸਬੰਧ ਵਿੱਚ ਜਾਰੀ ਕੀਤਾ ਗਿਆ ਸੀ। ਪਰ ਇਹ ਸਾਨੂੰ ਜਨਹਿਤ ਵਿੱਚ ਕਿਸੇ ਵੀ ਅਤੇ ਸਾਰੇ ਮੁੱਦਿਆਂ ਦੀ ਰਿਪੋਰਟ ਕਰਨ ਤੋਂ ਨਹੀਂ ਰੋਕ ਸਕਦਾ। ਇਹ ਜਾਣਿਆ ਜਾਂਦਾ ਹੈ ਕਿ ਯੂਟਿਊਬ ਨੇ ਇਸੇ ਤਰ੍ਹਾਂ ਸਿੱਖ ਕਾਰਕੁਨ ਹਰਦੀਪ ਸਿੰਘ ਨਿੱਝਰ ਦੇ ਕਤਲ ਕੇਸ ’ਤੇ ਬਣੀ ਇੱਕ ਦਸਤਾਵੇਜ਼ੀ ਐਪੀਸੋਡ ਨੂੰ ਬਲੌਕ ਕੀਤਾ ਸੀ, ਜਿਸ ਵਿੱਚ ਦੱਸਿਆ ਗਿਆ ਸੀ ਕਿ ਇਸ ਕਾਂਡ ਪਿਛੇ ਮੋਦੀ ਸਰਕਾਰ ਦੀ ਕਥਿਤ ਭੂਮਿਕਾ ਸੀ।

ਪ੍ਰਵਾਸੀ ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਮੋਦੀ ਸਰਕਾਰ ਕਸ਼ਮੀਰ ਦੀ ਕਹਾਣੀ ਪੂਰੇ ਭਾਰਤ ਵਿੱਚ ਦੁਹਰਾਉਣਾ ਚਾਹੁੰਦੀ ਹੈ। ਡਿਜੀਟਲ ਮੀਡੀਆ ਦੇ ਨਿਯਮਾਂ ਵਿੱਚ ਕੀਤੀਆਂ ਗਈਆਂ ਸੋਧਾਂ ਨੇ ਸਰਕਾਰ ਨੂੰ ਗਲਤ ਨੂੰ ਸਹੀ ਠਹਿਰਾਉਣ ਵਿੱਚ ਜ਼ਿਆਦਾ ਤਾਕਤਵਰ ਬਣਾ ਦਿੱਤਾ ਹੈ। ਇਸੇ ਕਰਕੇ ਹੀ ਬੀ.ਬੀ.ਸੀ. ਦੁਆਰਾ ਬਣਾਈ ਗਈ ਡਾਕੂਮੈਂਟਰੀ ਉੱਪਰ ਪਾਬੰਦੀਆਂ ਲਗਾ ਦਿੱਤੀਆਂ ਗਈਆਂ ਸਨ।

ਇਸ ਤੋਂ ਬਾਅਦ ਭਾਰਤ ਵਿੱਚ ਬੀ.ਬੀ.ਸੀ. ਦੇ ਅਦਾਰਿਆਂ ਉੱਪਰ ਸਰਕਾਰੀ ਏਜੰਸੀਆਂ ਦੁਆਰਾ ਛਾਪੇ ਵੀ ਮਾਰੇ ਗਏ ਸਨ। ਹੁਣ ਆਸਟ੍ਰੇਲੀਆ ਦਾ ਮੀਡੀਆ ਨਿਸ਼ਾਨੇ ਉਪਰ ਹੈ। ਘੱਟਗਿਣਤੀਆਂ ਵਿਚੋਂ ਮੁਸਲਮਾਨਾਂ ਬਾਅਦ ਸਿੱਖ ਨਿਸ਼ਾਨੇ ਉੱਪਰ ਹਨ। ਇਸ ਤਰ੍ਹਾਂ ਦੀ ਸਥਿਤੀ ਦਿਖਾਉਂਦੀ ਹੈ ਕਿ ਭਾਰਤ ਵਿੱਚ ਮਹਿਜ਼ ਪ੍ਰੈਸ ਦੀ ਅਜ਼ਾਦੀ ਹੀ ਨਹੀਂ ਬਲਕਿ ਲੋਕਤੰਤਰ ਵੀ ਖਤਰੇ ਵਿੱਚ ਹੈ।

# ਚੀਨ ਦੇ ਵਧ ਰਹੇ ਪ੍ਰਭਾਵ ਤੋਂ ਚਿੜ੍ਹੇ ਪੱਛਮੀ ਦੇਸ਼

## ਚੀਨ ਇਜ਼ਰਾਈਲ ਵਿਰੁੱਧ ਫ਼ਲਸਤੀਨ ਦੇ ਹੱਕ ’ਚ, ਖਾੜਕੂ ਗਰੁੱਪਾਂ ਦੀ ਕਰ ਰਿਹੈ ਮਦਦ

ਇਸ ਸਮੇਂ ਸੰਸਾਰ ਮੰਚ ’ਤੇ ਰੂਸ-ਯੁਕਰੇਨ ਯੁੱਧ ਤੇ ਇਜ਼ਰਾਈਲ ਵੱਲੋਂ ਗਾਜ਼ਾ ਵਿੱਚ ਫ਼ਲਸਤੀਨੀਆਂ ਦਾ ਕੀਤਾ ਜਾ ਰਿਹਾ ਘਾਣ ਸਮੁੱਚੇ ਸਮਾਜ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਮੌਕੇ ਇਨ੍ਹਾਂ ਝਗੜਿਆਂ ਨੂੰ ਸੁਲਝਾਉਣ ਲਈ ਚੀਨ ਨੇ ਕੋਸ਼ਿਸ਼ਾਂ ਆਰੰਭ ਦਿੱਤੀਆਂ ਹਨ। ਪਿਛਲੇ ਮਹੀਨੇ 22 ਜਲਾਈ ਨੂੰ ਚੀਨ ਦੀ ਵਿਚੋਲਗੀ ਰਾਹੀਂ ਫ਼ਲਸਤੀਨ ਦੇ ਵੱਖ-ਵੱਖ ਗੁੱਟਾਂ ਦਰਮਿਆਨ ਸਮਝੌਤਾ ਹੋ ਗਿਆ ਹੈ।



ਪਿਛਲੇ ਸਮੇਂ ਦੌਰਾਨ ਗਾਜ਼ਾ ਖੇਤਰ ਹਮਾਸ ਤੇ ਵੈਸਟ ਬੈਂਕ ਖੇਤਰ ਫ਼ਤਿਹ ਗਰੁੱਪ ਦੇ ਕਬਜ਼ੇ ਵਿੱਚ ਸੀ। ਹੁਣ ਹੋਏ ਸਮਝੌਤੇ ਵਿੱਚ ਦੋਵੇਂ ਗਰੁੱਪ ਮਿਲ ਕੇ ਗਾਜ਼ਾ ਤੇ ਵੈਸਟ ਬੈਂਕ ਵਿੱਚ ਸਾਂਝੀ ਸਰਕਾਰ ਚਲਾਉਣ ਲਈ ਸਹਿਮਤ ਹੋ ਗਏ ਹਨ ।

ਇਸ ਸਮਝੌਤੇ ’ਤੇ ਇਨ੍ਹਾਂ ਦੋਵਾਂ ਤੋਂ ਬਿਨਾਂ 12 ਹੋਰ ਫ਼ਲਸਤੀਨੀ ਗਰੁੱਪਾਂ ਨੇ ਵੀ ਦਸਤਖਤ ਕੀਤੇ ਹਨ। ਫ਼ਤਿਹ ਤੇ ਹਮਾਸ ਪੁਰਾਣੇ ਵਿਰੋਧੀ ਰਹੇ ਹਨ ਤੇ ਇਨ੍ਹਾਂ ਦਾ ਆਪਸੀ ਟਕਰਾਅ ਵੀ ਹੁੰਦਾ ਰਿਹਾ ਹੈ । ਸਾਰੇ ਫ਼ਲਸਤੀਨੀ ਗਰੁੱਪਾਂ ਦੇ ਇੱਕ ਮੰਚ ’ਤੇ ਆਉਣ ਤੋਂ ਬਾਅਦ ਫ਼ਲਸਤੀਨੀ ਮੁੱਦੇ ਪ੍ਰਤੀ ਸੰਸਾਰ ਸਹਿਮਤੀ ਨੂੰ ਤਾਕਤ ਮਿਲੇਗੀ।

ਇਜ਼ਰਾਈਲ ਤੇ ਫ਼ਲਸਤੀਨ ਦਰਮਿਆਨ ਲੰਮੇ ਸਮੇਂ ਤੋਂ ਤੁਰੇ ਆ ਰਹੇ ਝਗੜੇ ਨੂੰ ਹੱਲ ਕਰਨ ਲਈ ਵੀ ਇਹ ਸਹਾਈ ਹੋਵੇਗਾ । ਇਜ਼ਰਾਈਲ-ਫ਼ਲਸਤੀਨ ਵਿੱਚ ਚਲ ਰਹੇ ਹਾਲੀਆ ਸੰਘਰਸ਼ ਵਿੱਚ ਪੱਛਮੀ ਦੇਸ਼ਾਂ ਦੀਆਂ ਸਰਕਾਰਾਂ ਇੱਕਪਾਸੜ ਰਵੱਈਏ ਰਾਹੀਂ ਇਜ਼ਰਾਈਲ ਦੀ ਪਿੱਠ ’ਤੇ ਖੜ੍ਹੀਆਂ ਹਨ, ਜਦੋਂ ਕਿ ਚੀਨ ਉੱਥੇ ਹਮੇਸ਼ਾ ਦੋ ਰਾਸ਼ਟਰਾਂ ਦੇ ਸਿਧਾਂਤ ਦਾ ਸਮਰਥਨ ਕਰਦਾ ਰਿਹਾ ਹੈ ।ਚੀਨ ਨੇ ਆਪਣੀ ਆਰਥਿਕਤਾ ਮਜ਼ਬੂਤ ਕਰਨ ਤੋਂ ਬਾਅਦ ਸੰਸਾਰ ਦੇ ਪ੍ਰਮੁੱਖ ਮਸਲਿਆਂ ਨੂੰ ਸੁਲਝਾਉਣ ਲਈ ਸਰਗਰਮ ਭੂਮਿਕਾ ਨਿਭਾਉਣੀ ਸ਼ੁਰੂ ਕਰ ਦਿੱਤੀ ਹੈ ।

# ਰਾਹੁਲ ਗਾਂਧੀ ਕੇਂਦਰੀ ਭੂਮਿਕਾ ਵਾਲੇ ਇੱਕ ਨੇਤਾ ਦੇ ਰੂਪ ਵਿੱਚ ਸਥਾਪਿਤ ਹੋਏ

## ਮੋਦੀ ਦੇ ਰਾਜਨੀਤਕ ਸਿਤਾਰੇ ਪੈ ਰਹੇ ਨੇ ਫ਼ਿੱਕੇ

ਰਾਹੁਲ ਗਾਂਧੀ ਭਾਰਤ ਦੇ ਸਿਆਸੀ ਦ੍ਰਿਸ਼ ’ਤੇ ਕੇਂਦਰੀ ਭੂਮਿਕਾ ਵਾਲੇ ਇੱਕ ਨੇਤਾ ਦੇ ਰੂਪ ਵਿਚ ਸਥਾਪਿਤ ਹੋ ਗਏ ਹਨ। ਇਹ ਗੱਲ ਉਨ੍ਹਾਂ ਦੇ ਆਲੋਚਕ ਵੀ ਮੰਨਣ ਲੱਗੇ ਹਨ। ਹਾਲ ਦਾ ਰੁਝਾਨ (ਟਰੈਂਡ) ਇਹ ਹੈ ਕਿ ਸੰਸਦ ਵਿੱਚ ਉਨ੍ਹਾਂ ਦੇ ਹਰ ਦਖ਼ਲ ਤੋਂ ਬਾਅਦ ਉਨ੍ਹਾਂ ਦੇ ਉਦੈ ਦੀ ਚਰਚਾ ਮੁੜ ਸ਼ੁਰੂ ਹੋ ਜਾਂਦੀ ਹੈ। ਪਿਛਲੀਆਂ ਆਮ ਚੋਣਾਂ ਤੋਂ ਪਹਿਲਾਂ ਤੱਕ ਇਹ ਗੱਲ ਮੁੱਖ ਤੌਰ ’ਤੇ ਸੋਸ਼ਲ ਮੀਡੀਆ ’ਤੇ ਸੀ, ਪਰ ਹੁਣ ਇਹ ਮੁੱਖਧਾਰਾ ਦੇ ਮੀਡੀਆ ਦੀ ਚਰਚਾ ਦਾ ਵਿਸ਼ਾ ਵੀ ਬਣ ਗਈ ਹੈ।



ਭਾਜਪਾ ਨੇ ਅਰਬਾਂ ਰੁਪਏ ਖ਼ਰਚ ਕਰ ਕੇ ਜਿਸ ਨੇਤਾ ਦਾ ‘ਪੱਪੂ’ ਦਾ ਅਕਸ ਬਣਾਇਆ ਸੀ, ਉਸ ਦਾ ਇਹ ਰੂਪਾਂਤਰਨ ਕਈ ਮਾਹਿਰਾਂ ਦੀ ਨਜ਼ਰ ਵਿੱਚ ਅਧਿਐਨ ਦਾ ਵਿਸ਼ਾ ਹੈ। ਪਰ ਫ਼ਿਲਹਾਲ ਹਕੀਕਤ ਇਹ ਹੈ ਕਿ ਰਾਹੁਲ ਗਾਂਧੀ ਸਮਾਜ ਵਿੱਚ ਤੇਜ਼ੀ ਨਾਲ ਫ਼ੈਲੇ ਅਸੰਤੋਸ਼ ਨੂੰ ਆਵਾਜ਼ ਦੇ ਰਹੇ ਹਨ। ਇਸ ਵਿੱਚ ਉਨ੍ਹਾਂ ਦਾ ਹਮਲਾਵਰ ਅੰਦਾਜ਼ ਉਨ੍ਹਾਂ ਲਈ ਤਾੜੀਆਂ ਵਜਾਉਣ ਵਾਲਿਆਂ ਦੀ ਗਿਣਤੀ ਵਧਾ ਰਿਹਾ ਹੈ। ਇਸ ਦਾ ਨਜ਼ਾਰਾ ਬੀਤੇ ਸੋਮਵਾਰ ਨੂੰ ਲੋਕ ਸਭਾ ਵਿੱਚ ਬਜਟ ’ਤੇ ਦਿੱਤੇ ਉਨ੍ਹਾਂ ਦੇ ਭਾਸ਼ਨ ਤੋਂ ਬਾਅਦ ਮੁੜ ਦੇਖਣ ਨੂੰ ਮਿਲਿਆ।

ਇਸ ਦੌਰਾਨ ਰਾਹੁਲ ਨੇ ਮੌਜੂਦਾ ਸਰਕਾਰ ਤਹਿਤ ਆਰਥਿਕ ਨੀਤੀਆਂ ’ਤੇ ਵੱਡੇ ਕਾਰਪੋਰੇਟ ਘਰਾਣਿਆਂ ਦੇ ਕੰਟਰੋਲ, ਸਮਾਜਿਕ ਅਨਿਆਂ ਤੇ ‘ਡੀਪ ਸਟੇਟ’ ਦੇ ਆਤੰਕ ਦਾ ਜ਼ਿਕਰ ਕੀਤਾ ਅਤੇ ਤਾੜੀਆਂ ਬਟੋਰ ਕੇ ਲੈ ਗਏ। ਖ਼ਾਸ ਗੱਲ ਇਹ ਹੈ ਕਿ ਰਾਹੁਲ ਗਾਂਧੀ ਹੱਲ ਦਾ ਕੋਈ ਬਦਲਵਾਂ ਮਾਡਲ ਪੇਸ਼ ਕੀਤੇ ਬਗ਼ੈਰ ਖ਼ੁਦ ਨੂੰ ਬਦਲ ਦੱਸਣ ਵਿਚ ਕਾਮਯਾਬ ਹੋ ਰਹੇ ਹਨ। ਸ਼ਾਇਦ ਨਰਿੰਦਰ ਮੋਦੀ ਦੇ ਫ਼ਿੱਕੇ ਪੈਂਦੇ ਸਿਤਾਰਿਆਂ ਕਾਰਨ ਵੀ ਰਾਹੁਲ ਦੀ ਸ਼ਖ਼ਸੀਅਤ ਵਧੇਰੇ ਚਮਕਦੀ ਨਜ਼ਰ ਆਉਣ ਲੱਗੀ ਹੈ। ਇਸ ਨਾਲ ਭਾਜਪਾ ਤੇ ਸੰਘ ਪਰਿਵਾਰ ਦੀ ਰਾਜਨੀਤੀ ਉਪਰ ਖਤਰਾ ਮੰਡਰਾਉਣ ਲਗ ਪਿਆ ਹੈ।15 ਸਾਲਾਂ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਰਾਹੁਲ ਅਤੇ ਪੱਪੂ ਸ਼ਬਦ ਇਕੱਠੇ ਨਹੀਂ ਵਰਤੇ ਗਏ। ਭਾਜਪਾ ਨੇ ਸਮਝ ਲਿਆ ਹੈ ਕਿ ਰਾਹੁਲ ਹੁਣ ਪੱਪੂ ਨਹੀਂ ਰਹੇ ਅਤੇ ਉਨ੍ਹਾਂ ਨੂੰ ਅਜਿਹਾ ਕਹਿ ਕੇ ਨੁਕਸਾਨ ਤੋਂ ਇਲਾਵਾ ਕੁਝ ਹਾਸਲ ਹੋਣ ਵਾਲਾ ਨਹੀਂ ਹੈ। ਸੋਸ਼ਲ ਮੀਡੀਆ ’ਤੇ ਰਾਹੁਲ ਨੂੰ ਸੁਣਨ ਵਾਲਿਆਂ ਦੀ ਗਿਣਤੀ ਵਧ ਗਈ ਹੈ। ਇਸ ਵਾਰ ਟੀ.ਵੀ. ’ਤੇ ਕਾਂਗਰਸ ਦੇ ਬਿਆਨ ਭਾਜਪਾ ਦੀ ਫ਼ਿਰਕੂ ਸਿਆਸਤ ’ਤੇ ਭਾਰੀ ਪੈ ਰਹੇ ਹਨ। ਅਜਿਹਾ ਨਹੀਂ ਹੈ ਕਿ ਰਾਹੁਲ ਦੇ ਸਾਹਮਣੇ ਚੁਣੌਤੀਆਂ ਨਹੀਂ ਹਨ ਜਾਂ ਹੁਣ ਉਨ੍ਹਾਂ ਵਿੱਚ ਕੋਈ ਕਮੀ ਨਹੀਂ ਹੈ, ਪਰ ਰਾਜਨੀਤੀ ਵਿੱਚ ਆਦਰਸ਼ ਹੋਣਾ ਜ਼ਰੂਰੀ ਹੁੰਦਾ ਹੈ। ਰਾਜਨੀਤੀ ਵਿੱਚ ਚਸ਼ਮੇ ਤੋਂ ਬਾਹਰ ਦੇਖਣਾ ਜ਼ਰੂਰੀ ਹੁੰਦਾ ਹੈ। ਦੂਰ ਤੱਕ ਦੇਖਣਾ ਜ਼ਰੂਰੀ ਹੁੰਦਾ ਹੈ। ਮੁਹੱਬਤ ਦੀ ਦੁਕਾਨ ਹੁਣ ਚੱਲ ਪਈ ਹੈ। ਅਤੇ ਉਹ ਨਵੇਂ ਗਾਹਕਾਂ ਦੀ ਉਡੀਕ ਵੀ ਕਰ ਰਹੀ ਹੈ।

# ਬੰਗਾਲ ’ਚ ਹਾਰ ਦੇਖਦਿਆਂ ਭਾਜਪਾ ਫ਼ਿਰਕੂ ਮਛਰੇ ਘੋੜੇ ਉੱਪਰ ਚੜ੍ਹੀ

## ਭਾਜਪਾ ਦੀ ਲੀਡਰਸ਼ਿਪ ਬੰਗਾਲ ਦੇ ਟੋਟੇ ਕਰਨ ਦੇ ਹੱਕ ਵਿੱਚ

ਸ਼ਾਇਦ ਭਾਜਪਾ ਨੇ ਮੰਨ ਲਿਆ ਹੈ ਕਿ ਉਹ ਪੱਛਮੀ ਬੰਗਾਲ ਵਿੱਚ ਨਹੀਂ ਜਿੱਤ ਸਕਦੀ। ਅਜਿਹਾ ਇਸ ਲਈ ਲਗਦਾ ਹੈ, ਕਿਉਂਕਿ ਸੂਬਾ ਭਾਜਪਾ ਦੇ ਆਗੂਆਂ ਦੇ ਬਿਆਨ ਹੁਣ ਬਹੁਤ ਘਬਰਾਹਟ ਅਤੇ ਬੌਖਲਾਹਟ ਵਾਲੇ ਆਉਣ ਲੱਗੇ ਹਨ। ਪਹਿਲਾਂ ਵਿਧਾਇਕ ਦਲ ਦੇ ਨੇਤਾ ਸੁਭੇਂਦੂ ਅਧਿਕਾਰੀ ਨੇ ਮੁਸਲਿਮ ਭਾਈਚਾਰੇ ਨੂੰ ਅਲੱਗ-ਥਲੱਗ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦਿੱਤੇ ਨਾਅਰੇ ‘ਸਬਕਾ ਸਾਥ-ਸਬਕਾ ਵਿਕਾਸ’ ਨੂੰ ਹੀ ਖ਼ਾਰਜ ਕਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਨਾਅਰੇ ਦੀ ਬਜਾਏ ਕਹਿਣਾ ਚਾਹੀਦਾ ਹੈ ਕਿ ਜੋ ਸਾਡੇ ਨਾਲ ਹਨ, ਉਨ੍ਹਾਂ ਦਾ ਵਿਕਾਸ।

ਹਾਲਾਂਕਿ ਇੱਥੇ ਭਾਜਪਾ ਪ੍ਰਦੇਸ਼ ਪ੍ਰਧਾਨ ਸੁਕਾਂਤ ਮਜੂਮਦਾਰ ਨੇ ਵੱਖਰਾ ਇਕ ਵਿਵਾਦਿਤ ਬਿਆਨ ਦੇ ਦਿੱਤਾ। ਉਨ੍ਹਾਂ ਨੇ ਪੱਛਮੀ ਬੰਗਾਲ ਦੇ ਉੱਤਰੀ ਹਿੱਸੇ ਨੂੰ ਰਾਜ ਤੋਂ ਵੱਖ ਕਰਨ ਦੀ ਮੰਗ ਕੀਤੀ।

ਜ਼ਿਕਰਯੋਗ ਹੈ ਕਿ ਭਾਜਪਾ ਦੇ ਨੇਤਾ ਪਹਿਲਾਂ ਵੀ ਬੰਗਾਲ ਦੀ ਵੰਡ ਅਤੇ ਉੱਤਰੀ ਬੰਗਾਲ ਨੂੰ ਵੱਖਰਾ ਰਾਜ ਬਣਾਉਣ ਦੀ ਗੱਲ ਕਰਦੇ ਆ ਰਹੇ ਹਨ, ਪਰ ਸੂਬਾ ਪ੍ਰਧਾਨ ਮਜੂਮਦਾਰ ਨੇ ਇਸ ਵਾਰ ਪ੍ਰਧਾਨ ਮੰਤਰੀ ਮੋਦੀ ਨੂੰ ਅਪੀਲ ਕੀਤੀ ਹੈ ਕਿ ਉਹ ਉੱਤਰੀ ਬੰਗਾਲ ਨੂੰ ਪੱਛਮੀ ਬੰਗਾਲ ਤੋਂ ਵੱਖ ਕਰਕੇ ਪੂਰਬ-ਉੱਤਰ ਦਾ ਹਿੱਸਾ ਬਣਾ ਦੇਣ।



ਚੇਤੇ ਰਹੇ, ਪੱਛਮੀ ਬੰਗਾਲ ਵਿੱਚ ਬੰਗਲਾ ਪਛਾਣ ਦਾ ਮੁੱਦਾ ਸਭ ਤੋਂ ਵੱਡਾ ਹੁੰਦਾ ਹੈ, ਜਿਸ ਦਾ ਜਵਾਬ ਮੋਦੀ ਅਤੇ ਅਮਿਤ ਸ਼ਾਹ ਨਹੀਂ ਦੇ ਪਾਉਂਦੇ। ਇਸੇ ਮੁੱਦੇ ’ਤੇ ਮਮਤਾ ਨੇ ਪਹਿਲਾਂ ਵਿਧਾਨ ਸਭਾ ਅਤੇ ਫ਼ਿਰ ਲੋਕ ਸਭਾ ਚੋਣਾਂ ਜਿੱਤੀਆਂ। ਇਸ ਲਈ ਉੱਤਰੀ ਬੰਗਾਲ ਨੂੰ ਵੱਖ ਕਰਨ ਦੀ ਮੰਗ ਤੋਂ ਇੰਝ ਲੱਗ ਰਿਹਾ ਹੈ ਕਿ ਭਾਜਪਾ ਪੂਰੇ ਬੰਗਾਲ ਦੀ ਬਜਾਏ ਉੱਤਰੀ ਬੰਗਾਲ ਵਿੱਚ ਬਿਹਤਰ ਸੰਭਾਵਨਾ ਦੇਖ ਰਹੀ ਹੈ ਅਤੇ ਮੰਨ ਰਹੀ ਹੈ ਕਿ ਜੇਕਰ ਉਹ ਹਿੱਸਾ ਵੱਖ ਹੋ ਜਾਵੇ ਤਾਂ ਉੱਥੇ ਉਸ ਦੀ ਸਰਕਾਰ ਬਣ ਸਕਦੀ ਹੈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਬੰਗਾਲ ਕਸ਼ਮੀਰ ਨਹੀਂ ਹੈ। ਜੇਕਰ ਭਾਜਪਾ ਨੇ ਅਜਿਹੀ ਨੀਤੀ ਆਪਨਾਈ ਉਸ ਦੀ ਸਾਰੀ ਸਿਆਸੀ ਖੇਡ ਖੂਹ ਖਾਤੇ ਵਿੱਚ ਪੈ ਜਾਵੇਗੀ ਕਿਉਂਕਿ ਵਿਰੋਧੀ ਧਿਰਾਂ, ਬਹੁਗਿਣਤੀ ਬੰਗਾਲੀ ਮਮਤਾ ਬੈਨਰਜੀ ਦੇ ਹੱਕ ਵਿੱਚ ਖਲੌਤੇ ਹਨ।

# 'ਆਪ' ਸਰਕਾਰ ਨੇ ਮੁੜ ਚੁੱਕਿਆ 700 ਕਰੋੜ ਰੁਪਏ ਦਾ ਕਰਜ਼ਾ

## ਢਾਈ ਸਾਲ ਦੀ ਸਰਕਾਰ ਪਰ 11 ਸਾਲਾਂ ਲਈ ਚੁੱਕਿਆ ਕਰਜ਼ਾ




ਪੰਜਾਬ ਸਰਕਾਰ ਨੇ ਅਗਸਤ ਮਹੀਨਾ ਚੜ੍ਹਦੇ ਹੀ 700 ਕਰੋੜ ਰੁਪਏ ਦਾ ਹੋਰ ਕਰਜ਼ਾ ਚੁੱਕ ਲਿਆ ਹੈ ਅਤੇ ਇਸ ਦੀ ਵਾਪਸੀ 31 ਜੁਲਾਈ 2035 ਤੱਕ ਕਰਨੀ ਤੈਅ ਕੀਤੀ ਗਈ ਹੈ। ਸਰਕਾਰ ਕੋਲ ਮਹਿਜ਼ ਢਾਈ ਸਾਲ ਦੇ ਕਰੀਬ ਸਮਾਂ ਬਾਕੀ ਹੈ ਪਰ ਸਰਕਾਰ ਨੇ ਇਹ ਕਰਜ਼ਾ 11 ਸਾਲਾਂ ਲਈ ਚੁੱਕ ਲਿਆ ਹੈ ।

ਇਸ ਤੋਂ ਪਹਿਲਾਂ 'ਆਪ' ਸਰਕਾਰ ਨੇ 1 ਅਪ੍ਰੈਲ ਤੋਂ 25 ਜੂਨ ਤੱਕ 12000 ਕਰੋੜ ਦਾ ਕਰਜ਼ਾ ਚੁੱਕਿਆ ਸੀ। ਆਰ.ਬੀ.ਆਈ. ਤੋਂ ਮਿਲੀ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ 2 ਅਪ੍ਰੈਲ ਨੂੰ 3000 ਕਰੋੜ, 8 ਅਪ੍ਰੈਲ ਨੂੰ 1000 ਕਰੋੜ, 23 ਅਪ੍ਰੈਲ ਨੂੰ 500 ਕਰੋੜ, 30 ਅਪ੍ਰੈਲ ਨੂੰ 1500 ਕਰੋੜ, 7 ਮਈ ਨੂੰ 500 ਕਰੋੜ, 14 ਮਈ ਨੂੰ 1000 ਕਰੋੜ, 28 ਮਈ ਨੂੰ 2000 ਕਰੋੜ, 4 ਜੂਨ ਨੂੰ 1000 ਕਰੋੜ, 11 ਜੂਨ ਨੂੰ 500 ਕਰੋੜ, 18 ਜੂਨ ਨੂੰ 500 ਕਰੋੜ ਅਤੇ 25 ਜੂਨ ਨੂੰ ਫਿਰ 500 ਕਰੋੜ ਰੁਪਏ ਦਾ ਕਰਜ਼ਾ ਚੁੱਕਿਆ ਸੀ ।

ਇਸ ਸੰਬੰਧੀ ਵੇਰਵਾ ਸਰਕਾਰ ਵਲੋਂ ਆਰ.ਬੀ.ਆਈ. ਨੂੰ ਕਰਜ਼ਾ ਚੁੱਕਣ ਤੋਂ ਪਹਿਲਾਂ ਲਿਖਤੀ ਤੌਰ 'ਤੇ ਭੇਜਿਆ ਗਿਆ ਸੀ ਕਿ ਅਪ੍ਰੈਲ ਤੋਂ ਜੂਨ ਤੱਕ ਸਰਕਾਰ ਇਸ ਮਿਆਦ ਵਿੱਚ ਇੰਨਾ ਕਰਜ਼ਾ ਚੁੱਕੇਗੀ ।

ਦੱਸਣਯੋਗ ਹੈ ਕਿ ਲੰਘੇ ਸਾਲ 29 ਦਸੰਬਰ 2023 ਨੂੰ ਪੰਜਾਬ ਸਰਕਾਰ ਨੇ ਆਰ.ਬੀ.ਆਈ. ਨੂੰ ਲਿਖ ਕੇ ਦੇ ਦਿੱਤਾ ਸੀ ਕਿ ਸਰਕਾਰ ਵੱਲੋਂ ਜਨਵਰੀ, ਫਰਵਰੀ ਅਤੇ ਮਾਰਚ ਮਹੀਨੇ ਕਿੰਨਾ ਕਰਜ਼ਾ ਚੁੱਕਿਆ ਜਾਵੇਗਾ, ਜਿਸ ਤਹਿਤ ਸਰਕਾਰ ਵੱਲੋਂ ਜਨਵਰੀ ਅਤੇ ਫਰਵਰੀ ਮਹੀਨੇ ਵਿੱਚ 3899 ਕਰੋੜ ਰੁਪਏ ਕਰਜ਼ਾ ਚੁੱਕਿਆ ਅਤੇ ਫਿਰ ਮਾਰਚ ਵਿੱਚ 3800 ਕਰੋੜ ਰੁਪਏ ਦਾ ਹੋਰ ਕਰਜ਼ਾ ਚੁੱਕ ਲਿਆ । ਇਹ ਕਰਜ਼ਾ ਪੰਜਾਬ ਸਰਕਾਰ ਵੱਲੋਂ ਆਰ.ਬੀ.ਆਈ. ਤੋਂ ਰਿਣ ਪੱਤਰਾਂ ਦੀ ਨਿਲਾਮੀ ਦੁਆਰਾ ਚੁੱਕਿਆ ਜਾ ਰਿਹਾ ਹੈ ।

ਯਾਦ ਰਹੇ ਕਿ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਪੰਜਾਬ ਦੇ ਕਰਜ਼ੇ ਦੀ ਕਾਫ਼ੀ ਚਰਚਾ ਹੋਈ ਸੀ ਕਿਉਂਕਿ ਉਸ ਵੇਲੇ ਸੂਬਾ ਤਿੰਨ ਲੱਖ ਕਰੋੜ ਰੁਪਏ ਕਰਜ਼ੇ ਦੇ ਅੰਕੜੇ ਵੱਲ ਵੱਧ ਰਿਹਾ ਸੀ। ਹੁਣ ਸੂਬਾ ਸਾਢੇ ਤਿੰਨ ਲੱਖ ਕਰੋੜ ਰੁਪਏ ਦੇ ਕਰਜ਼ੇ ਤਕ ਪਹੁੰਚ ਗਿਆ ਹੈ। ਆਰਥਿਕ ਮਾਹਿਰ ਆਖਦੇ ਹਨ ਕਿ ਜੇਕਰ ਕਰਜ਼ਾ ਲੈਣ ਦੀ ਰਫ਼ਤਾਰ ਇਸੇ ਤਰ੍ਹਾਂ ਜਾਰੀ ਰਹੀ ਤਾਂ ਅਗਲੇ ਤਿੰਨ ਸਾਲਾਂ ਵਿੱਚ ਪੰਜਾਬ ਹੋਰ 1.07 ਲੱਖ ਕਰੋੜ ਦਾ ਕਰਜ਼ਈ ਹੋ ਜਾਵੇਗਾ।

ਆਰਥਿਕ ਮਾਮਲਿਆਂ ਦੇ ਮਾਹਿਰ ਰਣਜੀਤ ਸਿੰਘ ਘੁੰਮਣ ਕਹਿੰਦੇ ਹਨ ਕਿ ਸੂਬੇ ਦਾ ਕਰਜ਼ਾ ਚਿੰਤਾ ਦਾ ਵਿਸ਼ਾ ਤਾਂ ਹੈ ਪਰ ਵੱਡੀ ਚਿੰਤਾ ਦੀ ਗੱਲ ਹੈ ਕਿ ਸੂਬਾ ਕਰਜ਼ਾ ਲੈ ਕੇ ਕਰਜ਼ਾ ਚੁਕਾ ਰਿਹਾ ਹੈ। ਇਸ ਦਾ ਮਤਲਬ ਹੈ ਕਿ ਜਿਹੜੀਆਂ ਚੀਜ਼ਾਂ ਜਾਂ ਸੇਵਾਵਾਂ 'ਤੇ ਪੈਸਾ ਖ਼ਰਚ ਹੋਣਾ ਚਾਹੀਦਾ ਹੈ, ਜਿਵੇਂ ਕਿ ਸਿਹਤ, ਸਿੱਖਿਆ ਜਾਂ ਉਦਯੋਗ, ਉਹ ਨਹੀਂ ਹੋ ਰਿਹਾ ਤੇ ਸੂਬਾ ਸਿਰਫ਼ ਪਿਛੜ ਹੀ ਰਿਹਾ ਹੈ। ਅੰਕੜੇ ਦੱਸਦੇ ਹਨ ਕਿ ਕੇਵਲ ਕਰਜ਼ਾ ਹੀ ਨਹੀਂ ਵੱਧ ਰਿਹਾ ਸਗੋਂ ਜਿਸ ਗਤੀ ਨਾਲ ਕਰਜ਼ਾ ਵਧ ਰਿਹਾ ਹੈ ਉਹ ਵੀ ਚਿੰਤਾਜਨਕ ਹੈ। ਸੂਬਾ ਜੀ.ਐੱਸ.ਡੀ.ਪੀ. ਵਿੱਚ ਵਾਧੇ ਅਤੇ ਪ੍ਰਤੀ ਵਿਅਕਤੀ ਆਮਦਨ ਦੋਵਾਂ ਪੱਖੋਂ ਪਿਛੜ ਗਿਆ ਹੈ।

## ਵਿਰੋਧੀ ਪਾਰਟੀਆਂ ਵੱਲੋਂ 'ਆਪ' ਦੀ ਆਲੋਚਨਾ



ਇਸ ਸੰਬੰਧੀ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਵੱਡੇ-ਵੱਡੇ ਝੂਠ ਬੋਲ ਕੇ ਸੱਤਾ ਵਿੱਚ ਆਈ 'ਆਪ' ਦੀ ਹੁਣ ਤੱਕ ਕੋਈ ਪ੍ਰਾਪਤੀ ਨਹੀਂ, ਪਰ ਸੱਤਾ ਤੋਂ ਜਦੋਂ ਪੰਜਾਬ ਦੇ ਲੋਕ ਇਨ੍ਹਾਂ ਨੂੰ ਬਾਹਰ ਕਰ ਦੇਣਗੇ ਤਾਂ ਇਨ੍ਹਾਂ ਦੀ ਇੱਕ ਹੀ ਪ੍ਰਾਪਤੀ ਹੋਵੇਗੀ ਕਿ ਇਸ ਪਾਰਟੀ ਨੇ ਸੂਬੇ ਨੂੰ ਕਰਜ਼ੇ ਵਿੱਚ ਡੁਬੋ ਦਿੱਤਾ ਹੈ।

ਸੀਨੀਅਰ ਕਾਂਗਰਸੀ ਆਗੂ ਤੇ ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਨੇ ਕਿਹਾ ਕਿ ਜਿਸ ਤਰ੍ਹਾਂ ਇਹ ਸਰਕਾਰ ਲਗਾਤਾਰ ਕਰਜ਼ੇ ਚੁੱਕ ਰਹੀ ਹੈ ਪੰਜਾਬ ਵਿੱਚ ਵਿੱਤੀ ਐਮਰਜੈਂਸੀ ਲੱਗਣ ਦੀ ਸੰਭਾਵਨਾ ਹੈ, ਜਿਸ ਦਾ ਅਸਰ ਪੂਰੇ ਸੂਬੇ ਉਤੇ ਪਵੇਗਾ।

ਵਿਰੋਧੀ ਧਿਰ ਦੇ ਆਗੂ ਅਤੇ ਕਾਂਗਰਸ ਦੇ ਸੀਨੀਅਰ ਨੇਤਾ ਸ. ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ 'ਆਪ' ਸਰਕਾਰ ਨੇ ਇੱਕ ਵਾਰ ਫਿਰ 31 ਜੁਲਾਈ 2035 ਤੱਕ 7.34% ਦੀ ਵਿਆਜ ਦਰ 'ਤੇ ਪੰਜਾਬ ਦੇ ਕਰਜ਼ੇ ਦੇ ਬੋਝ ਵਿੱਚ 700 ਕਰੋੜ ਰੁਪਏ ਦਾ ਵਾਧਾ ਕੀਤਾ ਹੈ । ਉਨ੍ਹਾਂ ਕਿਹਾ ਕਿ ਪੰਜਾਬ ਸਿਰ ਇਸ ਵਿੱਤੀ ਸਾਲ ਦੇ ਅੰਤ ਤੱਕ 3.74 ਲੱਖ ਕਰੋੜ ਰੁਪਏ ਦਾ ਬਕਾਇਆ ਕਰਜ਼ਾ ਹੋ ਜਾਵੇਗਾ।

ਪੰਜਾਬ ਕਾਂਗਰਸ ਦੇ ਸੀਨੀਅਰ ਲੀਡਰ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪਹਿਲਾਂ ਹੀ ਕਰਜ਼ੇ ਦੀ ਮਾਰ ਹੇਠ ਦੱਬੇ ਸੂਬੇ ਵਿੱਚ 70 ਹਜ਼ਾਰ ਕਰੋੜ ਦਾ ਵਾਧਾ ਕਰ ਚੁੱਕੀ ਹੈ ਅਤੇ ਲਗਾਤਾਰ ਹੋਰ ਕਰਜ਼ੇ ਚੁੱਕ ਰਹੀ ਹੈ। ਉਨ੍ਹਾਂ ਸਰਕਾਰ ਨੂੰ ਸਵਾਲ ਕਰਦਿਆਂ ਪੁੱਛਿਆ ਕਿ ਇਸ ਸਰਕਾਰ ਦੇ ਬਦਲਾਅ ਕਿੱਥੇ ਹੈ। ਜੋ ਬਦਲਾਅ ਇਸ ਸਰਕਾਰ ਨੇ ਲਿਆਉਣ ਦਾ ਐਲਾਨ ਕੀਤਾ ਸੀ ਉਸ ਕਿਧਰੇ ਨਜ਼ਰ ਨਹੀਂ ਆ ਰਿਹਾ।

## ਕੀ ਹੱਲ ਹੈ ਪੰਜਾਬ ਦੀ ਆਰਥਿਕਤਾ ਦਾ ?



ਪੰਜਾਬ ਦੀ ਆਰਥਿਕ ਵਿਕਾਸ ਦੇ ਚਾਲਕ (ਖੇਤੀਬਾੜੀ, ਛੋਟੇ ਪੱਧਰ ਦੇ ਉਦਯੋਗ ਅਤੇ ਵਪਾਰਕ ਗਤੀਵਿਧੀਆਂ) ਬਹੁਤ ਕਮਜ਼ੋਰ ਹੋ ਗਏ ਹਨ।

ਰਣਜੀਤ ਸਿੰਘ ਘੁੰਮਣ ਕਹਿੰਦੇ ਹਨ, ਇਸ ਸਥਿਤੀ ਵਿੱਚ, ਇਹ ਸੈਕਟਰ ਉਦੋਂ ਤੱਕ 'ਵਿਕਾਸ ਦਾ ਇੰਜਣ' ਨਹੀਂ ਬਣ ਸਕਦਾ ਜਦੋਂ ਤੱਕ ਕੁਝ ਬੁਨਿਆਦੀ ਸੁਧਾਰਾਂ ਜਿਵੇਂ ਕਿ ਫਸਲੀ ਵਿਭਿੰਨਤਾ, ਪਸ਼ੂ ਧਨ ਸੁਧਾਰ, ਬਾਗ਼ਬਾਨੀ, ਮੱਛੀ ਪਾਲਣ ਆਦਿ ਵਰਗੇ ਸਹਾਇਕ ਧੰਦਿਆਂ ਨੂੰ ਉਤਸ਼ਾਹਿਤ ਨਹੀਂ ਕੀਤਾ ਜਾਂਦਾ।

ਕਿਸੇ ਵੀ ਸੂਬੇ ਦੇ ਉਦਯੋਗਿਕ ਖੇਤਰ ਵਿੱਚ ਛੋਟੇ ਪੱਧਰ ਦੇ ਉਦਯੋਗ ਦਾ ਦਬਦਬਾ, ਪੁਰਾਣੇ ਕਾਨੂੰਨ ਅਤੇ ਪੁਰਾਣੀਆਂ ਤਕਨੀਕਾਂ ਵਿਕਾਸ ਦੇ ਰਾਹ ਵਿੱਚ ਰੋੜਾ ਬਣਦੀਆਂ ਹਨ। ਇਸ ਦਾ ਅਸਰ ਸੂਬੇ ਦੀ ਜੀਐੱਸਡੀਪੀ ਉੱਪਰ ਵੀ ਪੈਂਦਾ ਹੈ।

ਪੰਜਾਬ ਦਾ ਜਿਆਦਾਤਰ ਉਦਯੋਗ ਖੇਤੀ ਜਰੂਰਤਾਂ,ਫਸਲਾਂ ਦੀ ਪ੍ਰੋਸੈਸਿੰਗ ਅਤੇ ਲੋਕਾਂ ਦੀਆਂ ਜ਼ਰੂਰਤਾਂ ਨਾਲ ਸੰਬੰਧਿਤ ਚੀਜ਼ਾਂ ਬਣਾਉਣ ਵਿੱਚ ਲੱਗਿਆ ਹੈ। ਅਜਿਹੇ ਹਾਲਾਤਾਂ ਵਿੱਚ ਲੋੜ ਹੈ ਕਿ ਪੰਜਾਬ ਵਿੱਚ ਵੱਡੇ ਇੰਡਸਟਰੀ ਯੂਨਿਟ ਲਗਾਏ ਜਾਣ ਤਾਂ ਜੋ ਆਧੁਨਿਕ ਮਸ਼ੀਨਰੀ, ਖੇਤੀਬਾੜੀ ਨਾਲ ਸੰਬੰਧਿਤ ਇੰਡਸਟਰੀ, ਆਈ.ਟੀ. ਅਤੇ ਇੰਜੀਨੀਅਰਿੰਗ ਵਰਗੀਆਂ ਜ਼ਰੂਰਤਾਂ ਨੂੰ ਪੂਰਾ ਕਰਨ।

ਰਣਜੀਤ ਸਿੰਘ ਘੁੰਮਣ ਦਾ ਮੰਨਣਾ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਰਹੱਦੀ ਵਪਾਰ ਨੂੰ ਮੁੜ ਖੋਲ੍ਹਣ ਨਾਲ ਪੰਜਾਬ ਦੀ ਆਰਥਿਕਤਾ ਸੁਧਰ ਸਕਦੀ ਹੈ। ਇਸ ਤੋਂ ਇਲਾਵਾ ਪੰਜਾਬ ਵਿੱਚ ਸੇਵਾਵਾਂ ਦੇ ਖੇਤਰ ਵਿੱਚ ਆਮਦਨੀ ਅਤੇ ਰੁਜ਼ਗਾਰ ਪੈਦਾ ਕਰਨ ਲਈ ਇੱਕ ਮੋਹਰੀ ਖੇਤਰ ਬਣਨ ਦੀ ਸਮਰੱਥਾ ਹੈ।

ਸੇਵਾ ਖੇਤਰ ਦੇ ਅੰਦਰ, ਹਰੇਕ ਉਪ-ਸੈਕਟਰ ਜਿਵੇਂ ਕਿ ਹੋਟਲ ਅਤੇ ਰੈਸਟੋਰੈਂਟ, ਸੈਰ ਸਪਾਟਾ, ਟਰਾਂਸਪੋਰਟ ਆਦਿ ਦੇ ਵਧਣ ਦੀ ਸਮਰੱਥਾ ਹੈ। ਇਸ ਖੇਤਰ ਵਿੱਚ ਸ਼ਹਿਰੀ ਉਦਯੋਗ ਅਹਿਮ ਭੂਮਿਕਾ ਨਿਭਾ ਸਕਦੇ ਹਨ ਅਤੇ ਸੂਬੇ ਵਿੱਚ ਤਿੰਨ-ਚਾਰ ਵਧੀਆ ਉਦਯੋਗਿਕ ਗਲਿਆਰੇ ਬਣਾ ਕੇ ਦੇਸ਼ ਵਿੱਚ ਬਿਹਤਰੀਨ ਸੇਵਾਵਾਂ ਮੁਹਈਆ ਕਰਵਾਈਆਂ ਜਾ ਸਕਦੀਆਂ ਹਨ।

ਅਰਥ ਸ਼ਾਸਤਰੀ ਕੇਸਰ ਸਿੰਘ ਭੰਗੂ ਦਾ ਮੰਨਣਾ ਹੈ ਕਿ ਜੇ 'ਆਪ' ਸਰਕਾਰ ਪੰਜਾਬ ਨੂੰ ਲੀਹ 'ਤੇ ਲਿਆ ਕੇ ਖੁਸ਼ਹਾਲ ਬਣਾਉਣਾ ਚਾਹੁੰਦੀ ਹੈ ਤਾਂ ਚਾਹੀਦਾ ਹੈ ਕਿ ਟੈਕਸਾਂ ਦੀ ਚੋਰੀ ਰੋਕ ਕੇ ਅਤੇ ਹੋਰ ਸਾਧਨ ਲਗਾ ਕੇ ਆਪਣੇ ਟੈਕਸਾਂ ਤੋਂ ਮਾਲੀਆ ਵਧਾਵੇ। ਨਾਲ ਹੀ ਗੈਰ-ਕਰਾਂ ਤੋਂ ਮਾਲੀਆ ਵੀ ਵਧਾਉਣਾ ਚਾਹੀਦਾ ਹੈ। ਸੂਬੇ ਵਿਚ ਪੂੰਜੀ ਖ਼ਰਚ ਵਧਾਉਣ ਲਈ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਪੂੰਜੀ ਨਿਵੇਸ਼ ਵਧ ਸਕੇ।

(ਬਾਕੀ ਸਫ਼ਾ 30 'ਤੇ)



## ਕੀ ਕਾਰਨ ਹਨ ਕਰਜ਼ੇ ਦੇ

1980 ਦੇ ਦਹਾਕੇ ਤੱਕ, ਪੰਜਾਬ ਦੀ ਆਰਥਿਕਤਾ ਦੇ ਵਿਕਾਸ ਦੇ ਚਾਲਕ ਖੇਤੀਬਾੜੀ ਸੈਕਟਰ, ਛੋਟੇ ਪੱਧਰ ਦੇ ਉਦਯੋਗ ਅਤੇ ਸਬੰਧਤ ਕਾਰੋਬਾਰ ਸਨ, ਜੋ ਕਿ ਬਾਅਦ ਦੇ ਸਾਲਾਂ ਵਿੱਚ ਬਹੁਤ ਕਮਜ਼ੋਰ ਹੋ ਗਏ ਅਤੇ ਇਹਨਾਂ ਵਿੱਚ ਗਿਰਾਵਟ ਦੇਖੀ ਗਈ।

ਖੇਤੀਬਾੜੀ ਸੈਕਟਰ ਨੂੰ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਮੰਨਿਆ ਜਾਂਦਾ ਹੈ। ਪਰ ਇਸ ਵਿੱਚ ਆਈ ਮੰਦੀ ਨੇ ਨਾ ਸਿਰਫ਼ 1990 ਦੇ ਦਹਾਕੇ ਦੇ ਅੱਧ ਤੋਂ ਇਸਦੀ ਸਮੁੱਚੀ ਵਿਕਾਸ ਦਰ ਨੂੰ ਘਟਾਇਆ ਹੈ, ਸਗੋਂ ਇਸ ਖੇਤਰ ਲਈ ਬਹੁਤ ਸਾਰੇ ਮਾੜੇ ਨਤੀਜੇ ਵੀ ਭੁਗਤੇ ਹਨ ਜਿਵੇਂ ਕਿ ਕਿਸਾਨਾਂ ਉੱਪਰ ਕਰਜ਼ੇ ਦੀ ਪੰਡ, ਜਿਸ ਨੇ ਅਖੀਰ ਵਿੱਚ ਛੋਟੇ ਅਤੇ ਸੀਮਾਂਤ ਕਿਸਾਨਾਂ ਦੇ ਇੱਕ ਵੱਡੇ ਹਿੱਸੇ ਨੂੰ ਕਰਜ਼ੇ ਦੇ ਜਾਲ ਵਿੱਚ ਧੱਕ ਦਿੱਤਾ।ਇਸ ਦੇ ਨਾਲ ਹੀ ਸੂਬੇ ਵਿੱਚ ਨਿਵੇਸ਼-ਜੀਡੀਪੀ ਅਨੁਪਾਤ 20% ਤੋਂ ਘੱਟ ਰਿਹਾ, ਭਾਰਤ ਦੇ 14 ਪ੍ਰਮੁੱਖ ਸੂਬਿਆਂ ਵਿੱਚੋਂ ਇਹ ਸਭ ਤੋਂ ਘੱਟ ਸੀ।ਦੂਜਾ ਕਾਰਨ ਹਿਮਾਚਲ ਪ੍ਰਦੇਸ਼ ਤੇ ਉਤਰਾਂਖੰਡ ਵਰਗੇ ਗੁਆਂਢੀ ਪਹਾੜੀ ਸੂਬਿਆਂ ਨੂੰ ਦਿੱਤੀਆਂ ਗਈਆਂ ਸਨਅਤੀ ਰਿਆਇਤਾਂ ਨੇ ਸੂਬੇ ਦੇ ਸਨਅਤੀ ਅਧਾਰ ਨੂੰ ਬਹੁਤ ਬੁਰੀ ਤਰ੍ਹਾਂ ਮਾਰਿਆ। ਇਸੇ ਤਰ੍ਹਾਂ, ਸੂਬਾ ਸਰਕਾਰ ਸੁਧਾਰਾਂ ਤੋਂ ਬਾਅਦ ਦੇ ਸਾਲਾਂ ਦੌਰਾਨ ਅਮੀਰ ਡਾਇਸਪੋਰਾ ਸੰਪਰਕ ਹੋਣ ਦੇ ਬਾਵਜੂਦ, ਪੰਜਾਬ ਵਿੱਚ ਐੱਫਡੀਆਈ, ਆਈਟੀ ਅਤੇ ਉਦਯੋਗਾਂ ਨੂੰ ਆਕਰਸ਼ਿਤ ਕਰਨ ਲਈ ਇੱਕ ਵਧੀਆ ਰਣਨੀਤੀ ਤਿਆਰ ਨਹੀਂ ਕਰ ਸਕੀ।

ਤੀਜਾ ਕਾਰਨ ਸਟੇਟ ਦੀਆਂ ਪੰਜਾਬ ਵਿਰੋਧੀ ਨੀਤੀਆਂ ਕਾਰਨ ਹਰ ਪਖੋਂ ਪੰਜਾਬੀਆਂ ਨੂੰ ਸੰਤਾਪ ਝਲਣਾ ਪਿਆ। 1980 ਦੇ ਦਹਾਕੇ ਦੇ ਰਾਜਨੀਤਿਕ ਉਥਲ-ਪੁਥਲ ਨੇ ਪੰਜਾਬ ਨੂੰ ਇੱਕ ਗੰਭੀਰ ਸਰੋਤ ਦੀ ਕਮੀ ਵਿੱਚ ਧੱਕ ਦਿੱਤਾ। ਪ੍ਰੋ. ਘੁੰਮਣ ਦਾ ਕਹਿਣਾ ਹੈ ਕਿ ਪੰਜਾਬ ਸੰਤਾਪ ਦੇ ਸਾਲਾਂ ਦੌਰਾਨ ਮਾਹੌਲ ਅਜਿਹਾ ਸੀ ਕਿ ਕੋਈ ਵੀ ਉਦਯੋਗ ਸੂਬੇ ਵਿੱਚ ਨਿਵੇਸ਼ ਕਰਨ ਨਹੀਂ ਆਇਆ ਅਤੇ ਇੱਥੋਂ ਤੱਕ ਕਿ ਬਹੁਤ ਸਾਰੇ ਦੂਜੇ ਸੂਬਿਆਂ ਨੂੰ ਚਲੇ ਗਏ। ਘੁੰਮਣ ਆਖਦੇ ਹਨ, ਉਸ ਦੌਰ ਦਾ ਅਸਰ ਇਹ ਵੀ ਵੇਖਣ ਨੂੰ ਮਿਲਿਆ ਕਿ ਸਰਕਾਰ ਨੂੰ ਬਹੁਤ ਕਰਜ਼ਾ ਲੈਣਾ ਪਿਆ ਤੇ ਅੱਜ ਸਥਿਤੀ ਇਹ ਹੈ ਕਿ ਪੰਜਾਬ ਕਰਜ਼ਾ ਉਤਾਰਨ ਲਈ ਕਰਜ਼ਾ ਲੈ ਰਿਹਾ ਹੈ। ਚੌਥਾ ਕਾਰਨ ਇਸ ਤੋਂ ਮਗਰੋਂ 'ਮੁਫਤ ਦੀਆਂ ਚੀਜ਼ਾਂ' ਨੇ ਸੂਬੇ ਦੇ ਵਿਕਾਸ ਦੇ ਏਜੰਡੇ ਨੂੰ ਗ਼ਲਤ ਦਿਸ਼ਾ ਵਿੱਚ ਭੇਜ ਦਿੱਤਾ। ਇਸ ਨੇ ਸੂਬੇ ਦੇ ਵਿੱਤ ਤੱਕ ਨੁਕਸਾਨ ਪਹੁੰਚਾਇਆ।

ਪ੍ਰੋ. ਘੁੰਮਣ ਦਾ ਕਹਿਣਾ ਹੈ, 'ਸਬਸਿਡੀਆਂ ਚੋਣਵੀਆਂ ਹੋ ਸਕਦੀਆਂ ਸਨ, ਤੇ ਇਹ ਲੋੜਵੰਦਾਂ ਨੂੰ ਦਿੱਤੀਆਂ ਜਾਣੀਆਂ ਚਾਹੀਦੀਆਂ ਸਨ। ਪਰ ਅਮੀਰਾਂ ਨੂੰ ਵੀ ਇਹ ਮਿਲੀਆਂ ਜਿਸ ਨੇ ਆਰਥਿਕਤਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਉਨ੍ਹਾਂ ਨੇ ਮਿਸਾਲ ਦੇ ਤੌਰ ਤੇ ਕਿਸਾਨਾਂ ਨੂੰ ਦਿੱਤੀ ਜਾਣ ਵਾਲੀ ਮੁਫ਼ਤ ਬਿਜਲੀ ਦੀ ਗੱਲ ਕੀਤੀ ਜੋ ਵੱਡੇ ਕਿਸਾਨ ਵੀ ਲੈਂਦੇ ਰਹੇ ਤੇ ਇਸ ਤਰਾਂ ਔਰਤਾਂ ਨੂੰ ਦਿੱਤੀਆਂ ਜਾਣ ਵਾਲੀਆਂ ਮੁਫ਼ਤ ਸਹੂਲਤਾਂ ਵੀ ਹਨ। ਉਹ ਆਖਦੇ ਹਨ ਕਿ ਮੌਜੂਦਾ ਸਰਕਾਰ ਵੀ ਇਸੇ ਰਾਹ ਉੱਪਰ ਹੀ ਮੁਫ਼ਤ ਬਿਜਲੀ ਦੇ ਰਹੀ ਹੈ ਅਤੇ ਕੁਝ ਲੋਕ ਵੀ ਇਸ ਦਾ ਫਾਇਦਾ ਲੈ ਰਹੇ ਹਨ ਜੋ ਬਿਜਲੀ ਦੇ ਬਿਲ ਦਾ ਭੁਗਤਾਨ ਕਰ ਸਕਦੇ ਹਨ।

ਗ਼ੈਰ-ਨਿਸ਼ਾਨਾਬੱਧ ਬਿਜਲੀ ਸਬਸਿਡੀ ਨੇ 2011-12 ਵਿੱਚ ਸੂਬੇ ਦੀਆਂ ਆਪਣੀਆਂ ਟੈਕਸ ਪ੍ਰਾਪਤੀਆਂ ਦਾ 16.98% ਖਪਤ ਕੀਤਾ ਅਤੇ ਇਹ 2020-21 ਵਿੱਚ ਵੱਧ ਕੇ 32.44% ਹੋ ਗਿਆ।

ਤਨਖ਼ਾਹਾਂ, ਪੈਨਸ਼ਨਾਂ ਅਤੇ ਵਿਆਜ਼ ਦੀਆਂ ਅਦਾਇਗੀਆਂ 'ਤੇ ਸੂਬਾ ਸਰਕਾਰ ਦਾ ਪ੍ਰਤੀ ਵਿਅਕਤੀ ਖਰਚਾ ਪ੍ਰਮੁੱਖ ਸੂਬਿਆਂ ਨਾਲੋਂ ਸਭ ਤੋਂ ਵੱਧ ਹੈ, ਭਾਵੇਂ ਕਿ 18 ਪ੍ਰਮੁੱਖ ਸੂਬਿਆਂ ਵਿੱਚ ਇਸਦੀ ਪ੍ਰਤੀ ਵਿਅਕਤੀ ਆਮਦਨ 2002-03 ਵਿੱਚ ਪਹਿਲੇ ਦਰਜੇ ਤੋਂ 2018-19 ਤੇ 2019-20 ਵਿੱਚ 10ਵੇਂ ਦਰਜੇ 'ਤੇ ਆ ਗਈ ਹੈ।

ਪੰਜਵਾਂ ਕਾਰਨ ਸੂਬੇ ਦੇ ਜਨਤਕ ਖਰਚਿਆਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਇਸਦੇ ਵਿਕਾਸ ਖਰਚੇ, ਸਮੂਹਿਕ ਰੂਪ ਵਿੱਚ, 1980-81 ਤੋਂ ਘਟੇ ਹਨ ਤੇ ਇਹ 1990-91 ਤੋਂ ਹੋਰ ਤੇਜ਼ੀ ਨਾਲ ਘਟਦੇ ਰਹੇ। ਉਦਾਹਰਨ ਲਈ, ਵਿਕਾਸ ਖਰਚਿਆਂ ਦਾ ਹਿੱਸਾ, ਜੋ ਕਿ 1970-71 ਤੋਂ 1990-91 ਦੌਰਾਨ ਕੁੱਲ ਮਾਲੀ ਖਰਚੇ (ਇਹ 65.28% ਤੋਂ 72.31% ਦੇ ਵਿਚਕਾਰ ਸੀ) ਦੇ ਦੋ-ਤਿਹਾਈ ਤੋਂ ਵੱਧ ਰਿਹਾ, 2000-01 ਵਿੱਚ ਘਟ ਕੇ 44.24% ਰਹਿ ਗਿਆ।ਇਹ 2005-06 ਵਿੱਚ 42.25% ਸੀ, ਅਤੇ ਮਾਮੂਲੀ ਤੌਰ 'ਤੇ 2010-11 ਵਿੱਚ ਵਧ ਕੇ 43.47% ਹੋ ਗਿਆ। ਉਦੋਂ ਤੋਂ, ਇਹ 50.00% ਤੋਂ ਹੇਠਾਂ ਰਿਹਾ ਹੈ।

ਦੂਜੇ ਪਾਸੇ, ਗ਼ੈਰ-ਵਿਕਾਸ ਖਰਚੇ, ਜੋ ਮੁੱਖ ਤੌਰ 'ਤੇ ਸਰਕਾਰ ਦੇ ਰੋਜ਼ਾਨਾ ਦੇ ਕੰਮਕਾਜ (ਉਜਰਤਾਂ/ਤਨਖ਼ਾਹਾਂ, ਪੈਨਸ਼ਨਾਂ ਅਤੇ ਵਿਆਜ਼ ਦੀ ਅਦਾਇਗੀ ਆਦਿ) 'ਤੇ ਹਨ, ਪੰਜਾਬ ਵਿੱਚ ਤੇਜ਼ੀ ਨਾਲ ਵਧੇ ਹਨ।

ਹਾਲਾਂਕਿ ਗ਼ੈਰ-ਵਿਕਾਸ ਖਰਚੇ ਵਿੱਚ ਸਕਾਰਾਤਮਕ ਬਾਹਰੀ ਚੀਜ਼ਾਂ ਜਿਵੇਂ ਕਿ ਸ਼ਾਂਤੀ ਅਤੇ ਵਿਵਸਥਾ, ਚੰਗਾ ਪ੍ਰਸ਼ਾਸਨ ਆਦਿ ਪੈਦਾ ਕਰਨ ਦੀ ਸਮਰੱਥਾ ਹੈ, ਫਿਰ ਵੀ ਇਹ ਖਰਚੇ ਸੂਬੇ ਦੇ ਆਰਥਿਕ ਵਿਕਾਸ ਵਿੱਚ ਸਿੱਧੇ ਤੌਰ 'ਤੇ ਯੋਗਦਾਨ ਨਹੀਂ ਪਾ ਸਕਦੇ ਹਨ।

ਇਸ ਬੇਮੇਲ (ਵਿਕਾਸ ਬਨਾਮ ਗ਼ੈਰ-ਵਿਕਾਸ), ਨੇ ਸੂਬੇ ਦੀ ਪ੍ਰਬੰਧਕੀ ਸਮਰੱਥਾ ਨੂੰ ਘਟਾ ਦਿੱਤਾ ਹੈ ਅਤੇ ਇਹ ਮੌਜੂਦਾ ਮੰਦੀ ਲਈ ਕਾਫੀ ਹੱਦ ਤੱਕ ਜ਼ਿੰਮੇਵਾਰ ਹੈ।

# ਬਾਪੂ ਪਿਛੌਰਾ ਸਿੰਘ ਪਿੰਡ ਢਿੱਪਾਂ ਵਾਲੀ ਦੀ ਦੇਸ਼ ਵੰਡ ਸਬੰਧੀ ਦਰਦਨਾਕ ਦਾਸਤਾਨ

## ਇੱਕ ਪਾਸੇ ਆਜ਼ਾਦੀ ਦੀ ਖ਼ੁਸ਼ੀ ਮਨਾਈ ਜਾ ਰਹੀ ਸੀ ਤੇ ਦੂਜੇ ਪਾਸੇ ਹੋ ਰਿਹਾ ਸੀ ਸਿੱਖਾਂ ਦਾ ਕਤਲੇਆਮ

ਅਗਸਤ 1947 ਨੂੰ ਇੱਕ ਪਾਸੇ ਸਾਰਾ ਦੇਸ਼ ਆਜ਼ਾਦੀ ਦਾ ਜਸ਼ਨ ਮਨਾ ਰਿਹਾ ਸੀ ਅਤੇ ਜਵਾਹਰ ਲਾਲ ਨਹਿਰੂ, ਸਰਦਾਰ ਪਟੇਲ ਵਰਗੇ ਸਿਆਸੀ ਲੋਕ ਆਜ਼ਾਦੀ ਸਬੰਧੀ ਵੱਡੇ-ਵੱਡੇ ਭਾਸ਼ਣ ਦੇ ਰਹੇ ਸਨ ਤਾਂ ਦੂਜੇ ਪਾਸੇ ਪੰਜਾਬ ’ਚ ਵੱਢ- ਟੁੱਕ ਜ਼ੋਰਾਂ ’ਤੇ ਹੋ ਰਹੀ ਸੀ। ਇੱਕ ਪਾਸੇ ਚੜ੍ਹਦਾ ਪੰਜਾਬ ਅਤੇ ਦੂਜੇ ਪਾਸੇ ਲਹਿੰਦਾ ਪੰਜਾਬ ਬਣ ਗਿਆ ਸੀ। ਪੰਜਾਬ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਗਿਆ ਸੀ। ਹਿੰਦੂ-ਸਿੱਖ ਲਹਿੰਦੇ ਪੰਜਾਬ ਵਿੱਚੋਂ ਚੜ੍ਹਦੇ ਪੰਜਾਬ ਵੱਲ ਆ ਰਹੇ ਸਨ ਅਤੇ ਮੁਸਲਮਾਨ ਚੜ੍ਹਦੇ ਪੰਜਾਬ ਵਿੱਚੋਂ ਲਹਿੰਦੇ ਪੰਜਾਬ ’ਚ ਜਾ ਰਹੇ ਸਨ। ਦੋਵੇਂ ਕੌਮਾਂ ਦੇ ਲੋਕ ਇੱਕ ਦੂਜੇ ਦੇ ਖ਼ੂਨ ਦੇ ਪਿਆਸੇ ਹੋ ਗਏ ਸਨ। ਸਿੱਖ ਮੁਸਲਮਾਨਾਂ ਨੂੰ ਮਾਰ ਰਹੇ ਸਨ ਅਤੇ ਲੁੱਟ-ਖੋਹ ਕਰ ਰਹੇ ਸਨ ਅਤੇ ਲਹਿੰਦੇ ਪੰਜਾਬ ਵਾਲੇ ਮੁਸਲਮਾਨ ਹਿੰਦੂ-ਸਿੱਖਾਂ ਨੂੰ ਮਾਰ ਰਹੇ ਸਨ। ਸਦੀਆਂ ਤੋਂ ਭਰਾਵਾਂ ਵਾਂਗ ਰਹਿੰਦੇ ਰਿਸ਼ਤੇ ਟੁੱਟ ਚੁੱਕੇ ਸਨ ਅਤੇ ਗੁੰਡਾਗਰਦੀ ਦਾ ਨਾਚ ਪੂਰੀ ਤਰ੍ਹਾਂ ਚੱਲ ਰਿਹਾ ਸੀ। ਭਰਾਵਾਂ ਨਾਲੋਂ ਵਧ ਕੇ ਬਣੇ ਦੋਸਤ ਪੱਗ-ਵੱਟ ਯਾਰ ਇੱਕ ਦੂਜੇ ਦੇ ਦੁਸ਼ਮਣ ਬਣ ਚੁੱਕੇ ਸਨ ਅਤੇ ਪੱਗਾਂ ਰੋਲ ਰਹੇ ਸਨ। ਧੀਆਂ ਭੈਣਾਂ ਖੋਹ ਰਹੇ ਸਨ ਅਤੇ ਧੀਆਂ ਭੈਣਾਂ ਦੀਆਂ ਇੱਜ਼ਤਾਂ ਸ਼ਰੇਆਮ ਮਾਂ ਪਿਓ ਦੇ ਸਾਹਮਣੇ ਲੁੱਟ ਰਹੇ ਸਨ ਪਰ ਸਰਕਾਰਾਂ ਨੇ ਅੱਖਾਂ ਮੀਚ ਲਈਆਂ ਸਨ।



ਵੰਡ ਦੇ ਦਰਦ ਨੂੰ ਇਸ ਤਰ੍ਹਾਂ ਬਿਆਨ ਕੀਤਾ ਪਿੰਡ ਢਿੱਪਾਂ ਵਾਲੀ ਵਾਸੀ 93 ਸਾਲਾ ਬਾਪੂ ਪਿਛੌਰਾ ਸਿੰਘ ਨੇ। ਬਾਪੂ ਜੀ ਨੇ ਦੱਸਿਆ ਕਿ ਵੰਡ ਵੇਲੇ ਉਨ੍ਹਾਂ ਦੀ ਉਮਰ 14-15 ਸਾਲ ਦੀ ਸੀ ਅਤੇ ਉਨ੍ਹਾਂ ਨੂੰ ਵੰਡ ਦਾ ਸਾਰਾ ਪਤਾ ਹੈ। ਉਨ੍ਹਾਂ ਨੇ ਦੱਸਿਆ ਕਿ ਉਹ ਪਾਕਿਸਤਾਨ ਵਿੱਚ ਦੇਊ ਕਲਾਂ ਪਿੰਡ ’ਚ ਰਹਿੰਦੇ ਸਾਂ ਅਤੇ ਨਾਨੇ ਦੇ ਕੋਈ ਪੁੱਤਰ ਨਹੀਂ ਸੀ। ਨਾਨੇ ਕੋਲ 250 ਘੁਮਾਂ ਜ਼ਮੀਨ ਸੀ ਅਤੇ ਉਹ ਨਾਨਕੇ ਢੇਰੀ ’ਤੇ ਰਹਿੰਦੇ ਸੀ ਅਤੇ ਅਮੀਰ ਪਰਿਵਾਰ ਵਿੱਚ ਗਿਣੇ ਜਾਂਦੇ ਸੀ ਕਿਉਂਕਿ ਬਾਕੀਆਂ ਕੋਲ ਬਹੁਤ ਥੋੜ੍ਹੀ ਜ਼ਮੀਨ ਸੀ। ਉਨ੍ਹਾਂ ਨੇ ਦੱਸਿਆ ਕਿ ਪਿੰਡ ਦੇ ਆਸ-ਪਾਸ ਚਹਿਲ, ਘਮਾਇਆ, ਸੌੜਾ, ਠੱਠਾ ਪਿੰਡ ਸਨ ਜੋ ਕਿ ਉਨ੍ਹਾਂ ਨੂੰ ਪੂਰੀ ਤਰ੍ਹਾਂ ਯਾਦ ਹਨ। ਉਨ੍ਹਾਂ ਨੇ ਦੱਸਿਆ ਕਿ ਇੱਕ ਮੁਸਲਮਾਨ ਇੱਕ ਖੱਤਰੀ ਦੀ ਜ਼ਮੀਨ ਦੱਬੀ ਬੈਠਾ ਸੀ ਅਤੇ ਉਨ੍ਹਾਂ ਦੇ ਨਾਨੇ ਨੇ ਪੈਰਵਾਈ ਕਰ ਕੇ ਜ਼ਮੀਨ ਛੁਡਾ ਦਿੱਤੀ, ਉਹ ਮੁਸਲਮਾਨ ਕਹਿੰਦਾ ਸੀ ਕਿ ਉਸ ਨੇ ਇਨ੍ਹਾਂ ਨੂੰ ਮਾਰਨਾ ਹੀ ਮਾਰਨਾ ਹੈ ਅਤੇ ਬਾਕੀ ਮੁਸਲਮਾਨ ਕਹਿਣ ਲੱਗੇ ਕਿ ਤੁਸੀਂ ਪਾਸੇ-ਆਸੇ ਹੋ ਜਾਓ ਕਿਉਂਕਿ ਤੁਹਾਡੀ ਇਸ ਨਾਲ ਦੁਸ਼ਮਣੀ ਪੈ ਗਈ ਹੈ ਪਰ ਅਸੀਂ ਉਥੇ ਹੀ ਬੈਠੇ ਰਹੇ। ਆਜ਼ਾਦੀ ਵੇਲੇ ਵੰਡ ਦਾ ਜ਼ਿਆਦਾ ਰੌਲਾ ਵਧ ਗਿਆ ਤਾਂ ਅਸੀਂ ਮੱਝਾਂ ਚੋਅ ਕੇ ਦੁੱਧ ਢੱਕ ਕੇ ਹਟੇ ਸਾਂ ਕਿ ਇੱਕ ਦਮ ਰੌਲਾ ਪੈ ਗਿਆ, ਅਸੀਂ ਉਸੇ ਤਰ੍ਹਾਂ ਬਾਲਟੀਆਂ ਰੱਖ ਕੇ ਦੋ ਘੋੜੇ ਅਤੇ ਥੋੜ੍ਹੇ ਜਿਹੇ ਰੁਪਏ ਨਾਲ ਲੈ ਕੇ ਚੱਲ ਪਏ। ਇਹ ਕਹਿੰਦਿਆਂ ਬਾਪੂ ਜੀ ਭਾਵੁਕ ਹੋ ਗਏ ਅਤੇ ਅੱਖਾਂ ਭਰ ਆਈਆਂ। ਫਿਰ ਉਨ੍ਹਾਂ ਦੱਸਿਆ ਕਿ ਇਧਰ ਆ ਕੇ ਉਨ੍ਹਾਂ ਨੂੰ ਇੱਕ ਰੁਪਏ ਦੇ ਪੌਣੇ ਦੋ ਰੁਪਏ ਮਿਲੇ ਸਨ। ਜਿਹੜੀ ਨਹਿਰ ਅਲਿਆਣੀ ਕਸੂਰ ਨੂੰ ਜਾਂਦੀ ਸੀ ਉਥੇ ਮਿਲਟਰੀ ਨੇ ਤਲਾਸ਼ੀ ਕੀਤੀ। ਸਾਡੇ ਪਿੰਡ ਜੱਟਾਂ ਦੇ ਘਰ ਥੋੜ੍ਹੇ ਸਨ।

ਜਦ ਅਸੀਂ ਤੁਰਨ ਲੱਗੇ ਤਾਂ ਮੁਸਲਮਾਨ ਉੱਚੀ-ਉੱਚੀ ਰੋਣ ਲੱਗ ਪਏ ਉਹ ਕਹਿਣ ਲੱਗੇ ਕਿ ਅਸੀਂ ਤੁਹਾਨੂੰ ਜਾਣ ਨਹੀਂ ਦੇਣਾ ਪਰ ਅਸੀਂ ਉਨ੍ਹਾਂ ਨੂੰ ਕਿਹਾ ਕਿ ਅਸੀਂ ਪਰਸੋਂ ਆ ਜਾਵਾਂਗੇ, ਬੱਸ ਫਿਰ ਪੁੱਤਰੋ ਪਰਸੋਂ ਤਾਂ ਸਾਡਾ ਆਇਆ ਹੀ ਨਹੀਂ। ਬਾਪੂ ਨੇ ਦੱਸਿਆ ਕਿ ਖਵਾਜਾ ਤੇ ਖਾਂ ਦੋ ਥਾਣੇਦਾਰ ਸਨ। ਉਨ੍ਹਾਂ ਨੇ ਸਿੱਖਾਂ ਨੂੰ ਗੁਰਦੁਆਰਾ ਸਾਹਿਬ ਵਿੱਚ ਬੰਦ ਕਰ ਦਿੱਤਾ ਅਤੇ ਸਾਰੇ ਸਿੱਖ ਮਾਰ ਦਿੱਤੇ। ਗੁੰਡੇ ਹਥਿਆਰ ਲੈ ਕੇ ਪੁਲਾਂ ’ਤੇ ਬੈਠੇ ਸਨ। ਜਦੋਂ ਅਸੀਂ ਲੰਘੇ ਤਾਂ ਉਹ ਰੌਲਾ ਪਾਉਣ ਲੱਗ ਪਏ ਕਿ ਮਾਰ ਦਿਉ ਸਿੱਖਾਂ ਨੂੰ ਵੱਢ ਦਿਉ ਇਨ੍ਹਾਂ ਨੂੰ। ਇੱਕ ਮੋਹਤਬਰ ਬੰਦਾ ਸੀ ਗੰਡੇ ਪਿੰਡ ਦਾ ਜਦ ਉਸਦੀਆਂ ਦੋ ਧੀਆਂ ਨੂੰ ਗੁੰਡੇ ਹੱਥ ਪਾਉਣ ਲੱਗੇ ਤਾਂ ਉਸ ਨੇ ਦੋਵਾਂ ਧੀਆਂ ਦੀਆਂ ਧੌਣਾਂ ਤਲਵਾਰ ਨਾਲ ਲਾਹ ਦਿੱਤੀਆਂ ਤਾਂ ਕਿ ਉਹ ਧੀਆਂ ਦੀ ਇੱਜ਼ਤ ਨਾ ਲੁੱਟ ਸਕਣ। ਇੱਕ ਆਦਮੀ ਨੇ ਆਪਣੀਆਂ ਧੀਆਂ ਨੂੰ ਵੱਢ ਕੇ ਖੂਹ ਵਿੱਚ ਸੁੱਟ ਦਿੱਤਾ ਤਾਂ ਕਿ ਜ਼ਾਲਮਾਂ ਦੇ ਹੱਥ ਨਾ ਆ ਸਕਣ।

ਬਾਪੂ ਨੇ ਦੱਸਿਆ ਕਿ ਉਧਰੋਂ ਆ ਕੇ ਉਹ ਹੁਸ਼ਿਆਰਪੁਰ ਰਾਜੋ ਕੀ ਰਹੇ, ਫਿਰ ਬੋਹੜ ਵਾਲੀ ਮਾੜੀ ਰਹੇ। ਉਸ ਤੋਂ ਬਾਅਦ ਸ਼ੇਖ ਫੱਤਾ ਚਲੇ ਗਏ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨਾਲ ਜੋ ਹੋਰ ਬੰਦੇ ਸਨ, ਉਹ ਮਾੜੇ ਸਨ। ਉਨ੍ਹਾਂ ਨੇ ਮਰਾਸੀ ਮਾਰ ਦਿੱਤੇ ਅਤੇ ਮਰਾਸਣਾ ਖੋਹ ਲਈਆਂ, ਪਿੰਡ ਵਾਲੇ ਸਾਨੂੰ ਕਹਿੰਦੇ ਕਿ ਤੁਸੀਂ ਸਾਡੇ ਕੋਲ ਰਹੋ ਪਰ ਇਨ੍ਹਾਂ ਨੂੰ ਅਸੀਂ ਨਹੀਂ ਰਹਿਣ ਦੇਣਾ ਪਰ ਅਸੀਂ ਇਸ ਗੱਲ ਵਿੱਚ ਬੇਇੱਜ਼ਤੀ ਸਮਝੀ ਕਿ ਸਾਡੇ ਨਾਲ ਆ ਕੇ ਇਨ੍ਹਾਂ ਮਾੜੇ ਬੰਦਿਆਂ ਨੇ ਗਲਤ ਕੀਤਾ ਹੈ। ਇਸ ਕਰਕੇ ਅਸੀਂ ਉਥੋਂ ਚੱਲ ਪਏ ਅਤੇ ਉਨ੍ਹਾਂ ਮਾੜੇ ਬੰਦਿਆਂ ਨੂੰ ਛੱਡ ਦਿੱਤਾ। ਫਿਰ ਅਸੀਂ ਹੁਸ਼ਿਆਰਪੁਰ ਦਸੂਹਾ-ਮੁਕੇਰੀਆਂ ਆ ਗਏ ਅਤੇ ਕਮਾਦ ਛਿੱਲ ਕੇ ਗੁਜ਼ਾਰਾ ਕਰਦੇ ਰਹੇ।

ਬਾਪੂ ਨੇ ਦੱਸਿਆ ਕਿ ਦਾਣਿਆਂ ਦੇ ਭਰੇ ਕੋਠੇ, ਕੱਪੜਾ ਲੀੜਾ ਲੱਤਾ ਬਿਸਤਰੇ ਮੰਜੇ ਸਭ ਕੁਝ ਛੱਡ ਆਏ ਹਾਂ। ਜਦ ਬਾਪੂ ਨੂੰ ਪੁੱਛਿਆ ਕਿ ਇਧਰ ਆ ਕੇ ਸਰਕਾਰ ਨੇ ਤੁਹਾਡੀ ਕੋਈ ਮਦਦ ਕੀਤੀ, ਕੋਈ ਪੈਸਾ ਧੇਲਾ ਦਿੱਤਾ ਜਾਂ ਘਰ ਬਣਾਉਣ ਵਾਸਤੇ ਜਾਂ ਆਪਣਾ ਗੁਜ਼ਾਰਾ ਕਰਨ ਵਾਸਤੇ ਤੁਹਾਡੀ ਮਦਦ ਕੀਤੀ ਤਾਂ ਬਾਪੂ ਨੇ ਕੋਰੀ ਨਾਂਹ ਕਰ ਦਿੱਤੀ। ਉਸ ਨੇ ਕਿਹਾ ਕਿ ਸਾਨੂੰ ਸਿਰਫ ਪਾਟੀਆਂ ਜਿਹੀਆਂ ਫੁਲਕਾਰੀਆਂ ਮਿਲੀਆਂ ਸਨ, ਹੋਰ ਕੁਝ ਨਹੀਂ ਮਿਲਿਆ। ਉੱਥੇ 250 ਘੁਮਾਂ ਜ਼ਮੀਨ ਛੱਡ ਕੇ ਇਥੇ ਢਿੱਪਾਂ ਵਾਲੀ ਸਿਰਫ 80 ਕਿੱਲੇ ਜ਼ਮੀਨ ਮਿਲੀ ਹੈ। ਇਹ ਸਾਰੀਆਂ ਗੱਲਾਂ ਕਰ ਕੇ ਬਾਪੂ ਦੀਆਂ ਅੱਖਾਂ ਵਿੱਚੋਂ ਅੱਥਰੂ ਡਿਗਣ ਲੱਗ ਪਏ।

### ਵੰਡ ਮਗਰੋਂ ਦੋ ਵਾਰ ਗਏ ਪਾਕਿਸਤਾਨ

ਬਾਪੂ ਨੇ ਦੱਸਿਆ ਕਿ ਵੰਡ ਤੋਂ ਬਾਅਦ ਉਹ ਦੋ ਵਾਰ ਪਾਕਿਸਤਾਨ ਜਾ ਕੇ ਆਏ ਹਨ। ਉਹ ਗੁਰਦੁਆਰਾ ਨਨਕਾਣਾ ਸਾਹਿਬ, ਪੰਜਾ ਸਾਹਿਬ ਅਤੇ ਹੋਰ ਗੁਰਦੁਆਰਾ ਸਾਹਿਬਾਨਾਂ ਦੇ ਦਰਸ਼ਨ ਕਰਨ ਲਈ ਗਏ ਸਨ, ਉਨ੍ਹਾਂ ਨੇ ਉੱਥੇ ਅਫਸਰਾਂ ਦੀ ਮਿੰਨਤ ਕੀਤੀ ਕਿ ਉਨ੍ਹਾਂ ਨੇ ਆਪਣੇ ਪਿੰਡ ਜਾਣਾ ਹੈ ਤਾਂ ਉਨ੍ਹਾਂ ਨੇ ਮਨ੍ਹਾ ਕਰ ਦਿੱਤਾ। ਉਨ੍ਹਾਂ ’ਚ ਇੱਕ ਔਰਤ ਅਫਸਰ ਸੀ ਤਾਂ ਉਸ ਨੇ ਕਿਹਾ ਕਿ ਬਜ਼ੁਰਗ ਕਿੰਨੀਆਂ ਮਿੰਨਤਾਂ ਕਰਦਾ ਹੈ, ਚਲੋ ਇਹਨੂੰ ਜਾਣ ਦਿਓ। ਉਨ੍ਹਾਂ ਨੇ ਨਾਲ ਪੁਲਿਸ ਵਾਲੇ ਭੇਜ ਦਿੱਤੇ ਅਤੇ ਉਹ ਆਪਣੇ ਪਿੰਡ ਚਲਾ ਗਿਆ। ਉਸ ਨੂੰ ਪਿੰਡ ਜਾ ਕੇ ਨੰਬਰਦਾਰ ਦਾ ਮੁੰਡਾ ਮਿਲਿਆ, ਉਸ ਨੇ ਮੈਨੂੰ ਬਹੁਤ ਪਿਆਰ ਕੀਤਾ ਮੇਰੇ ਅੱਗੇ ਪਿੱਛੇ ਸੌ ਦੇ ਕਰੀਬ ਮਰਦ ਔਰਤਾਂ ਲੱਗ ਗਏ ਕਿਉਂਕਿ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਇਸ ਪਿੰਡ ਦਾ ਸਰਦਾਰ ਆਪਣੇ ਪਿੰਡ ’ਚ ਆਇਆ ਹੈ ਤਾਂ ਉਨ੍ਹਾਂ ਨੇ ਮਣਾ ਮੂੰਹੀਂ ਪਿਆਰ ਦਿੱਤਾ। ਕਹਿਣ ਲੱਗੇ ਕਿ ਤੂੰ ਆਪਣਾ ਘਰ ਪਛਾਣ ਲਵੇਂਗਾ ਤਾਂ ਮੈਂ ਕਿਹਾ, ‘ਮੈਂ ਆਪਣਾ ਤਾਂ ਕੀ ਮੈਂ ਸਾਰੇ ਘਰ ਦੱਸ ਦੇਵਾਂਗਾ ਕਿ ਕਿਹੜਾ ਘਰ ਕਿਸ ਦਾ ਹੈ ਅਤੇ ਮੈਨੂੰ ਕਿਸੇ ਵੀ ਗਲੀ ਵਿੱਚ ਛੱਡ ਦਿਓ ਮੈਂ ਆਪਣੇ ਘਰ ਚਲਾ ਜਾਵਾਂਗਾ।’ ਜਦ ਉਹ ਆਪਣੇ ਘਰੇ ਗਿਆ ਤੇ ਆਪਣਾ ਚੁਬਾਰਾ ਤੇ ਆਪਣਾ ਘਰ ਵੇਖਿਆ ਅਤੇ ਘਰ ਵਿੱਚ ਲੱਗਾ ਨਿੰਮ ਦਾ ਦਰੱਖਤ ਵੇਖਿਆ ਤਾਂ ਧਾਹਾਂ ਨਿਕਲ ਗਈਆਂ, ਜੀਅ ਕਰਦਾ ਸੀ ਕਿ ਇੱਥੇ ਹੀ ਮਰ ਜਾਵਾਂ। ਘਰੋਂ ਆਉਣ ਨੂੰ ਜੀਅ ਨਹੀਂ ਸੀ ਕਰਦਾ ਪਰ ਮਜ਼ਬੂਰੀ ਸੀ।ਜਦ ਉਹ ਦੁਬਾਰਾ ਗਏ ਤਾਂ ਨਾਲ ਮਨਜੀਤ ਸਿੰਘ ਸਰਪੰਚ ਅਤੇ ਬਲਕੌਰ ਸਿੰਘ ਸਨ। ਮਨਜੀਤ ਸਿੰਘ ਸਰਪੰਚ ਕਹਿਣ ਲੱਗਾ ਕਿ ਆਪਾਂ ਆਪਣੇ ਯਾਰ ਨੂੰ ਮਿਲ ਕੇ ਜਾਣਾ ਹੈ, ਅਸੀਂ ਬਹੁਤ ਔਖਾ ਉਸ ਦਾ ਘਰ ਲੱਭਿਆ। ਜਦ ਅਸੀਂ ਜਾ ਕੇ ਵੇਖਿਆ ਤਾਂ ਦੋ ਪੁਲਿਸ ਵਾਲੇ ਘਰ ਅੱਗੇ ਬੈਠੇ ਸਨ ਅਤੇ ਇੱਕ ਲੜਕੀ ਕੁਰਾਨ ਪੜ੍ਹ ਰਹੀ ਸੀ ਤਾਂ ਮਨਜੀਤ ਸਿੰਘ ਸਰਪੰਚ ਨੇ ਪੁੱਛਿਆ ਕਿ ਸਰਦਾਰ ਸਾਹਿਬ ਕਿੱਥੇ ਹਨ ਤਾਂ ਉਸ ਲੜਕੀ ਨੇ ਕਿਹਾ ਕਿ ਅੱਬਾ ਬਾਹਰ ਕੋਈ ਮਿਲਣ ਆਇਆ ਹੈ ਤਾਂ ਉਸ ਨੇ ਦੱਸਿਆ ਕਿ ਉਹ ਤੁਹਾਨੂੰ ਬਹੁਤਾ ਸਮਾਂ ਨਹੀਂ ਮਿਲ ਸਕਦਾ ਕਿਉਂਕਿ ਉਸ ’ਤੇ ਬਿਪਤਾ ਖੜ੍ਹੀ ਹੋ ਜਾਵੇਗੀ। ਉਸ ਨੇ ਕਿਹਾ ਕਿ ਇਥੋਂ ਦੇ ਮਾੜੇ ਬੰਦੇ ਸਾਡੀਆਂ ਫਸਲਾਂ ਨੂੰ ਉਜਾੜ ਦਿੰਦੇ ਹਨ। ਅਸੀਂ ਕਿਹਾ ਕਿ ਕੱਲ ਨੂੰ ਗੁਰਦੁਆਰਾ ਸਾਹਿਬ ਆ ਜਾਈਂ ਅਸੀਂ ਤੈਨੂੰ ਉੱਥੇ ਮਿਲਾਂਗੇ ਪਰ ਉਹ ਡਰਦਾ ਮਾਰਾ ਗੁਰਦੁਆਰਾ ਸਾਹਿਬ ਵੀ ਨਹੀਂ ਆਇਆ।

## ਸ਼੍ਰੋਮਣੀ ਅਕਾਲੀ ਦਲ ਨੂੰ ਢਾਅ ਲਾਉਣ ਲਈ ਸਿੱਖ ਵਿਰੋਧੀ ਸ਼ਕਤੀਆਂ ਅਤੇ ਘਰ ਦੇ ਭੇਤੀ ਸਰਗਰਮ : ਪੀਰਮੁਹੰਮਦ



ਅੰਮ੍ਰਿਤਸਰ/ਏ.ਟੀ.ਨਿਊਜ਼ : ਸੂਬੇ ਦੀਆਂ ਅਤੇ ਕੇਂਦਰ ਦੀਆਂ ਸਾਰੀਆਂ ਵਿਰੋਧੀ ਤਾਕਤਾਂ ਅਤੇ ਘਰ ਦੇ ਭੇਤੀ ਪੰਜਾਬੀਆਂ ਦੀ ਇਕੋ ਇਕ ਅਪਣੀ ਧਿਰ ਸ਼੍ਰੋਮਣੀ ਅਕਾਲੀ ਦਲ ਨੂੰ ਢਾਹੁਣ ’ਤੇ ਤੁਲੀਆਂ ਹੋਈਆਂ ਹਨ, ਉਨ੍ਹਾਂ ਦੀ ਮਨਸਾ ਪੰਜਾਬ ਦੀ ਅਪਣੀ ਤਾਕਤ ਨੂੰ ਖ਼ਤਮ ਕਰ ਕੇ ਪੰਜਾਬ ਨੂੰ ਸਿੱਧੇ ਤੌਰ ’ਤੇ ਦਿੱਲੀ ਦਾ ਗੁਲਾਮ ਬਣਾਉਣਾ ਹੈ, ਪੰਜਾਬ ਦੇ ਸਾਰੇ ਲੋਕਾਂ ਨੂੰ ਅਪੀਲ ਹੈ ਕਿ ਉਹ ਡਟ ਕੇ ਸਾਥ ਦੇਣ ਤੇ ਦਿੱਲੀ ਵਾਲਿਆਂ ਦੀ ਗੁਲਾਮੀ ਤੋਂ ਬਚਣ ।ਇਨ੍ਹਾਂ ਵਿਚਾਰਾ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜਰਨਲ ਸਕੱਤਰ ਅਤੇ ਬੁਲਾਰੇ ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵਲੋਂ ਪੰਜਾਬ ਨੂੰ ਹੜ੍ਹਾਂ ਦੀ ਮਾਰ ਦਾ ਮੁਆਵਜ਼ਾ ਨਾ ਦੇਣ ਪਿੱਛੇ ਸੂਬੇ ਦੀ ਸਰਕਾਰ ਵਲੋਂ ਗ਼ਲਤ ਜਾਣਕਾਰੀ ਮੁਹਈਆ ਕੀਤੀ। ਹੁਣ ਭਗਵੰਤ ਮਾਨ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਪੰਜਾਬੀਆਂ ਨੂੰ ਜਨਤਕ ਜਵਾਬ ਦੇਣ ਕਿ ਉਨ੍ਹਾਂ ਦੀ ਸਰਕਾਰ ਨੇ ਅਜਿਹਾ ਕਿਉਂ ਕੀਤਾ ਅਤੇ ਸੂਬੇ ਅੰਦਰ ਹੜ੍ਹ ਪ੍ਰਭਾਵਤ ਖੇਤਰਾਂ ਵਿਚ ਹੋਏ ਜਾਨੀ ਮਾਲੀ ਨੁਕਸਾਨ ਦੀ ਭਰਪਾਈ ਕੌਣ ਕਰੇਗਾ ?

# ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਦੱਖਣ-ਪੂਰਬੀ ਏਸ਼ੀਆ ਨਾਲ ਪੰਜਾਬ ਦੇ ਹਵਾਈ ਸੰਪਰਕ ਨੂੰ ਵੱਡਾ ਹੁਲਾਰਾ

## ਕੁਆਲਾਲੰਪੁਰ-ਅੰਮ੍ਰਿਤਸਰ ਵਿਚਕਾਰ ਉਡਾਣਾਂ ’ਚ ਵਾਧੇ ਦਾ ਫ਼ਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਵੱਲੋਂ ਸਵਾਗਤ

ਅੰਮ੍ਰਿਤਸਰ/ਏ.ਟੀ.ਨਿਊਜ਼: ਪੰਜਾਬ ਦੇ ਸਭ ਤੋਂ ਵੱਡੇ ਅਤੇ ਵਿਅਸਤ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਦੇ ਅੰਤਰਰਾਸ਼ਟਰੀ ਹਵਾਈ ਸੰਪਰਕ ਵਿੱਚ ਅਗਸਤ ਦੇ ਮਹੀਨੇ ਤੋਂ ਮਹੱਤਵਪੂਰਨ ਵਾਧਾ ਹੋਇਆ ਹੈ। ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ, ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਅਤੇ ਭਾਰਤ ਦੇ ਕਨਵੀਨਰ ਯੋਗੇਸ਼ ਕਾਮਰਾ ਨੇ ਦੱਸਿਆ ਕਿ ਮਲੇਸ਼ੀਆ ਏਅਰਲਾਈਨਜ਼ ਨੇ 1 ਅਗਸਤ ਤੋਂ ਕੁਆਲਾਲੰਪੁਰ ਅਤੇ ਅੰਮ੍ਰਿਤਸਰ ਦਰਮਿਆਨ ਆਪਣੀਆਂ ਹਫ਼ਤੇ ’ਚ ਚਾਰ ਉਡਾਣਾਂ ਦੀ ਗਿਣਤੀ ਨੂੰ ਰੋਜ਼ਾਨਾ ਕਰ ਦਿੱਤਾ ਹੈ।



ਇਸ ਵਾਧੇ ’ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਉਨ੍ਹਾਂ ਦੱਸਿਆ ਕਿ ਮਲੇਸ਼ੀਆ ਏਅਰਲਾਈਨਜ਼ ਦੀਆਂ ਹੁਣ ਰੋਜ਼ਾਨਾਂ ਉਡਾਣਾਂ ਦੇ ਨਾਲ-ਨਾਲ ਏਅਰ ਏਸ਼ੀਆ ਐਕਸ ਦੀਆਂ ਹਫ਼ਤੇ ’ਚ ਚਾਰ ਅਤੇ ਬੈਟਿਕ ਏਅਰ ਦੀਆਂ ਤਿੰਨ ਉਡਾਣਾਂ ਨਾਲ ਕੁਆਲਾਲੰਪੁਰ ਅਤੇ ਅੰਮ੍ਰਿਤਸਰ ਵਿਚਕਾਰ ਉਪਲੱਬਧ ਸੀਟਾਂ ’ਚ ਮਹੱਤਵਪੂਰਨ ਵਾਧਾ ਹੋਇਆ ਹੈ। ਪੰਜਾਬ ਦੇ ਯਾਤਰੀਆਂ ਤੋਂ ਇਲਾਵਾ, ਇਹਨਾਂ 28 ਹਫ਼ਤਾਵਾਰੀ ਉਡਾਣਾਂ ਤੋਂ ਗੁਆਂਢੀ ਰਾਜ ਹਿਮਾਚਲ ਪ੍ਰਦੇਸ਼, ਜੰਮੂ ਅਤੇ ਹਰਿਆਣਾ ਦੇ ਯਾਤਰੀ ਵੀ ਲਾਭ ਲੈ ਰਹੇ ਹਨ।

ਗੁਮਟਾਲਾ ਨੇ ਕਿਹਾ ਕਿ ਅਸੀਂ ਅੰਮ੍ਰਿਤਸਰ, ਪੰਜਾਬ ਅਤੇ ਦੱਖਣ-ਪੂਰਬੀ ਏਸ਼ੀਆ ਦੇ ਪ੍ਰਮੁੱਖ ਸ਼ਹਿਰਾਂ ਵਿਚਕਾਰ ਵਧ ਰਹੇ ਹਵਾਈ ਸੰਪਰਕ ਨੂੰ ਦੇਖ ਕੇ ਬਹੁਤ ਖੁਸ਼ ਹਾਂ। ਉਡਾਣਾਂ ਵਿੱਚ ਵਾਧੇ ਨਾਲ ਸਾਡੇ ਭਾਈਚਾਰੇ ਲਈ ਦਿੱਲੀ ਦੀ ਬਜਾਏ ਸਿੱਧਾ ਪੰਜਾਬ ਪਹੁੰਚਣਾਂ ਹੁਣ ਹੋਰ ਸੁਖਾਲਾ ਹੋ ਗਿਆ ਹੈ।

ਆਸਟ੍ਰੇਲੀਆ ਦੇ ਮੈਲਬੌਰਨ, ਸਿਡਨੀ, ਐਡੀਲੇਡ, ਬ੍ਰਿਸਬੇਨ, ਅਤੇ ਪਰਥ ਅਤੇ ਨਿਊਜ਼ੀਲੈਂਡ ਦੇ ਆਕਲੈਂਡ ਵਰਗੇ ਸ਼ਹਿਰਾਂ ’ਚ ਵੱਸਦੇ ਪੰਜਾਬੀ ਕੁਆਲਾਲੰਪੁਰ ਵਿਖੇ ਦੋ ਤੋਂ ਤਿੰਨ ਘੰਟੇ ਰੁੱਕ ਕੇ ਵੀ ਸਿਰਫ 15 ਤੋਂ 18 ਘੰਟਿਆਂ ’ਚ ਪੰਜਾਬ ਲਈ ਆਪਣੀ ਯਾਤਰਾ ਪੂਰੀ ਕਰ ਸਕਦੇ ਹਨ। ਇਸ ਦੇ ਨਾਲ ਸਿੰਗਾਪੁਰ ਏਅਰਲਾਈਨਜ਼ ਦੀ ਸਹਾਇਕ ਏਅਰਲਾਈਨ ਸਕੂਟ ਵੀ ਯਾਤਰੀਆਂ ਨੂੰ ਸਿੰਗਾਪੁਰ ਅਤੇ ਦੱਖਣ-ਪੂਰਬੀ ਏਸ਼ੀਆ ਨਾਲ ਹਫ਼ਤੇ ’ਚ ਪੰਜ ਉਡਾਣਾਂ ਨਾਲ ਜੋੜਦੀ ਹੈ। ਇਹਨਾਂ ਸਾਰੀਆਂ ਏਅਰਲਾਈਨਾਂ ਰਾਹੀਂ ਵੱਡੀ ਗਿਣਤੀ ’ਚ ਸੈਲਾਨੀ ਬਹੁਤ ਹੀ ਘੱਟ ਸਮੇਂ ਅਤੇ ਕਿਰਾਏ ’ਚ ਬਾਲੀ, ਬੈਂਕਾਕ, ਫੂਕੇਟ, ਵੀਅਤਨਾਮ ਆਦਿ ਵੀ ਆ ਜਾ ਸਕਦੇ ਹਨ।

ਯੋਗੇਸ਼ ਕਾਮਰਾ ਨੇ ਪੰਜਾਬ ਤੋਂ ਆਉਣ ਵਾਲੇ ਯਾਤਰੀਆਂ ਲਈ ਇਨ੍ਹਾਂ ਉਡਾਣਾਂ ਦੇ ਵਾਧੇ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਮਲੇਸ਼ੀਆ ਏਅਰਲਾਈਨਜ਼ ਨੇ ਨਵੰਬਰ 2023 ਵਿੱਚ ਇਹ ਰੂਟ ਹਫ਼ਤੇ ਵਿੱਚ ਦੋ ਉਡਾਣਾਂ ਨਾਲ ਸ਼ੁਰੂ ਕੀਤਾ ਜਿਸ ਨੂੰ ਜ਼ੋਰਦਾਰ ਮੰਗ ਦੇ ਕਾਰਨ, ਜਨਵਰੀ 2024 ਵਿੱਚ ਚਾਰ ਕਰ ਦਿੱਤਾ ਗਿਆ ਸੀ। ਇਸ ਉਪਰੰਤ ਇਨੀਸ਼ੀਏਟਿਵ ਅਤੇ ਸਮਾਜ ਸੇਵੀ ਸੰਸਥਾ ਅੰਮ੍ਰਿਤਸਰ ਵਿਕਾਸ ਮੰਚ ਦੇ ਨੁਮਾਇੰਦਿਆਂ ਨੇ ਏਅਰਲਾਈਨ ਦੇ ਰੀਜਨਲ ਮੈਨੇਜਰ ਅਮਿਤ ਮਹਿਤਾ ਅਤੇ ਹੋਰਨਾਂ ਨਾਲ ਇਹਨਾਂ ਉਡਾਣਾਂ ਸੰਬੰਧੀ ਗੱਲਬਾਤ ਨੂੰ ਜਾਰੀ ਰੱਖਿਆ ਸੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਪੰਜਾਬ ਵਿੱਚ ਨਵੀਂ ਪੰਥਕ ਪਾਰਟੀ ਦੇ ਗਠਨ ਦੀ ਚਰਚਾ !

ਖਡੂਰ ਸਾਹਿਬ ਤੋਂ ਸਾਂਸਦ ਅੰਮ੍ਰਿਤਪਾਲ ਸਿੰਘ ਅਤੇ ਫਰੀਦਕੋਟ ਤੋਂ ਸਾਂਸਦ ਭਾਈ ਸਰਬਜੀਤ ਸਿੰਘ ਖ਼ਾਲਸਾ ਦੇ ਰੂਪ ਵਿੱਚ ਨਵੀਂ ਪੰਥਕ ਲੀਡਰਸ਼ਿਪ ਦਾ ਉਭਾਰ ਚਰਚਾ ਦੇ ਵਿੱਚ ਹੈ। ਦੋਵਾਂ ਨੌਜਵਾਨ ਪੰਥਕ ਆਗੂਆਂ ਤੋਂ ਸਿੱਖ ਪੰਥ ਨੂੰ ਬਹੁਤ ਉਮੀਦਾਂ ਹਨ। ਭਾਈ ਅੰਮ੍ਰਿਤਪਾਲ ਸਿੰਘ ਦੇ ਜੇਲ੍ਹ ਵਿੱਚ ਬੰਦ ਹੋਣ ਕਾਰਨ ਉਹਨਾਂ ਦੇ ਸਮਰਥਕ ਹੀ ਪੰਥਕ ਸਰਗਰਮੀਆਂ ਚਲਾ ਰਹੇ ਹਨ। ਹੁਣ ਸਾਂਸਦ ਭਾਈ ਸਰਬਜੀਤ ਸਿੰਘ ਖ਼ਾਲਸਾ ਨੇ ਐਲਾਨ ਕੀਤਾ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਦੇ ਜੇਲ੍ਹ ਵਿਚੋਂ ਰਿਹਾਅ ਹੋਣ ਤੋਂ ਬਾਅਦ ਨਵੀਂ ਪਾਰਟੀ ਦਾ ਗਠਨ ਕੀਤਾ ਜਾਵੇਗਾ। ਪੰਥਕ ਸਿਆਸਤ ਦੇ ਮੁੜ ਪੂਰੀ ਤਰ੍ਹਾਂ ਉਭਾਰ ਲਈ ਅਤੇ ਪੰਥ ਦੇ ਅਹਿਮ ਮਸਲੇ ਹੱਲ ਕਰਵਾਉਣ ਲਈ ਨਵੀਂ ਪੰਥਕ ਪਾਰਟੀ ਦੀ ਲੋੜ ਇਸ ਸਮੇਂ ਪੰਥ ਨੂੰ ਮਹਿਸੂਸ ਹੋ ਰਹੀ ਹੈ। ਲੰਬਾ ਸਮਾਂ ਪੰਥ ਦੀ ਅਗਵਾਈ ਕਰਨ ਵਾਲੀ ਪੰਥਕ ਪਾਰਟੀ ਅਕਾਲੀ ਦਲ ਇਸ ਸਮੇਂ ਅੰਦਰੂਨੀ ਫੁੱਟ ਦਾ ਸ਼ਿਕਾਰ ਹੋ ਗਈ ਹੈ, ਜਿਸ ਕਰਕੇ ਪੰਜਾਬ ਵਿੱਚ ਹੋਰ ਕੋਈ ਅਜਿਹੀ ਪਾਰਟੀ ਨਹੀਂ ਜੋ ਕਿ ਪੰਥਕ ਪਾਰਟੀ ਕਹਿਲਾਅ ਸਕੇ। ਹੋਰਨਾਂ ਸਿਆਸੀ ਪਾਰਟੀਆਂ ਨੇ ਪੰਥਕ ਮੁੱਦਿਆਂ ਤੋਂ ਇੱਕ ਤਰ੍ਹਾਂ ਦੂਰੀ ਬਣਾ ਕੇ ਰੱਖੀ ਹੋਈ ਹੈ। ਇਥੋਂ ਤੱਕ ਕਿ ਕਿਸਾਨ ਜਥੇਬੰਦੀਆਂ ਨੇ ਵੀ ਪੰਥਕ ਮੁੱਦਿਆਂ ਤੋਂ ਦੂਰੀ ਬਣਾਈ ਹੋਈ ਹੈ, ਜਿਸ ਕਰਕੇ ਪੰਜਾਬ ਵਿੱਚ ਨਵੀਂ ਪੰਥਕ ਪਾਰਟੀ ਦੀ ਲੋੜ ਵੱਡੇ ਪੱਧਰ 'ਤੇ ਮਹਿਸੂਸ ਕੀਤੀ ਜਾ ਰਹੀ ਹੈ।

ਪੰਜਾਬ ਦਾ ਇਤਿਹਾਸ ਗਵਾਹ ਹੈ ਕਿ ਪਿਛਲੇ ਦਹਾਕਿਆਂ ਦੌਰਾਨ ਪੰਜਾਬ ਦੀ ਸਿਆਸਤ 'ਤੇ ਪੰਥਕ ਸੋਚ ਵਾਲੇ ਆਗੂਆਂ ਦਾ ਵੱਡਾ ਪ੍ਰਭਾਵ ਰਿਹਾ ਹੈ ਅਤੇ ਪੰਥਕ ਸੋਚ ਨੂੰ ਪ੍ਰਨਾਏ ਆਗੂ ਸਿਆਸਤ ਵਿੱਚ ਮੋਹਰੀ ਭੂਮਿਕਾ ਨਿਭਾਉਂਦੇ ਰਹੇ ਹਨ। ਕਿਸੇ ਸਮੇਂ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਪੰਥ ਦੇ ਨਾਲ ਪੰਜਾਬ ਦੀ ਸਿਆਸਤ 'ਤੇ ਵੀ ਪੂਰਾ ਪ੍ਰਭਾਵ ਹੁੰਦਾ ਸੀ ਅਤੇ ਉਹਨਾਂ ਨੇ ਪੰਜਾਬ ਦੇ ਸੀਨੀਅਰ ਆਗੂ ਵਜੋਂ ਵਿਚਰਦਿਆਂ ਹੀ ਉਸ ਸਮੇਂ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ 'ਰਾਜੀਵ ਲੌਂਗੋਵਾਲ ਸਮਝੌਤਾ' ਕੀਤਾ ਸੀ। ਪਿਛਲੇ ਸਮੇਂ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹਿੰਦਿਆਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਪੰਜਾਬ ਦੀ ਸਿਆਸਤ 'ਤੇ ਵੀ ਪੂਰਾ ਦਬਦਬਾ ਹੁੰਦਾ ਸੀ। ਉਸ ਤੋਂ ਬਾਅਦ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਹੋਰ ਆਗੂ ਵੀ ਪੰਥਕ ਸਿਆਸਤ ਦੇ ਨਾਲ- ਨਾਲ ਪੰਜਾਬ ਦੀ ਸਿਆਸਤ ਵਿੱਚ ਛਾਏ ਰਹੇ।

ਇਤਿਹਾਸ ਗਵਾਹ ਹੈ ਕਿ ਜਦੋਂ ਰੋਮ ਵਿੱਚ ਪੋਪ ਯਾਨੀ ਧਰਮ ਦਾ ਰੋਮ ਦੀ ਰਾਜਨੀਤੀ 'ਤੇ ਦਬਦਬਾ ਰਿਹਾ ਤਾਂ ਰੋਮ ਵਿੱਚ ਸਭ ਕੁਝ ਠੀਕ ਸੀ ਪਰ ਜਦੋਂ ਰੋਮ ਵਿੱਚ ਪੋਪ ਦਾ ਪ੍ਰਭਾਵ ਘਟਿਆ ਅਤੇ ਧਰਮ ਵਿੱਚ ਵੀ ਰਾਜਨੀਤੀ ਦੀ ਦਖਲਅੰਦਾਜੀ ਹੋਣ ਲੱਗੀ ਤਾਂ ਰੋਮ ਦਾ ਜੋ ਹਾਲ ਹੋਇਆ ਸੀ, ਉਹ ਸਭ ਨੂੰ ਪਤਾ ਹੈ। ਉਸ ਸਮੇਂ ਹੀ ਕਹਾਵਤ ਬਣੀ ਕਿ 'ਰੋਮ ਜਲਦਾ ਰਿਹਾ, ਤੇ ਨੀਰੋ ਬੰਸਰੀ ਵਜਾਉਂਦਾ ਰਿਹਾ। ਪੰਜਾਬ ਦੀ ਪੰਥਕ ਸਿਆਸਤ ਵਿੱਚ ਇਸ ਸਮੇਂ 'ਨੀਰੋ' ਵਰਗੇ ਆਗੂਆਂ ਦੀ ਲੋੜ ਨਹੀਂ ਹੈ, ਸਗੋਂ ਧਾਰਮਿਕ ਤੇ ਪੰਥਕ ਜਜ਼ਬੇ ਵਾਲੇ ਆਗੂਆਂ ਦੀ ਲੋੜ ਹੈ।

ਪੰਜਾਬ ਵਿੱਚ ਪੱਕੀਆਂ ਪੰਥਕ ਵੋਟਾਂ ਦੀ ਗਿਣਤੀ ਬਹੁਤ ਹੈ, ਇਹ ਪੰਥਕ ਵੋਟਾਂ ਕਿਸੇ ਵੀ ਪਾਰਟੀ ਦੀ ਜਿੱਤ ਹਾਰ ਨੂੰ ਬਦਲਣ ਦੀ ਸਮਰਥਾ ਰਖਦੀਆਂ ਕਹੀਆਂ ਜਾਂਦੀਆਂ ਹਨ ਅਤੇ ਪੰਥਕ ਵੋਟਾਂ ਕਾਰਨ ਪੰਜਾਬ ਦੀ ਸਿਆਸਤ ਦੇ ਸਮੀਕਰਨ ਵੀ ਬਦਲ ਸਕਦੇ ਹਨ। ਸਿੱਖਾਂ ਅਤੇ ਪੰਥ ਦੀ ਸਿਆਸੀ ਪਾਰਟੀ ਕਹਾਉਣ ਵਾਲੇ ਅਕਾਲੀ ਦਲ ਨੂੰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਈ ਸਾਲ ਪਹਿਲਾਂ ਮੋਗਾ ਵਿਖੇ ਰੈਲੀ ਦੌਰਾਨ ਪੰਥਕ ਪਾਰਟੀ ਤੋਂ ਪੰਜਾਬ ਪਾਰਟੀ ਦਾ ਰੂਪ ਦੇ ਦਿੱਤਾ ਸੀ ਅਤੇ ਕਿਹਾ ਸੀ ਕਿ ਅਕਾਲੀ ਦਲ ਸਿਰਫ਼ ਪੰਥ ਜਾਂ ਸਿੱਖਾਂ ਦੀ ਪਾਰਟੀ ਨਹੀਂ ਸਗੋਂ ਸਾਰੇ ਪੰਜਾਬੀਆਂ ਦੀ ਪਾਰਟੀ ਹੈ। ਉਸ ਤੋਂ ਬਾਅਦ ਅਕਾਲੀ ਦਲ ਵਿੱਚ ਟਕਸਾਲੀ ਪੰਥਕ ਆਗੂਆਂ ਦੀ ਥਾਂ ਹੋਰਨਾਂ ਧਰਮਾਂ ਦੇ ਆਗੂਆਂ ਨੂੰ ਅਹਿਮ ਅਹੁਦੇ ਦਿਤੇ ਜਾਣ ਲੱਗੇ ਅਤੇ ਅਕਾਲੀ ਦਲ ਬਾਦਲ ਵਿੱਚ ਇਹ ਰਵਾਇਤ ਅਜੇ ਵੀ ਕਾਇਮ ਹੈ। ਅਕਾਲੀ ਦਲ ਇਸ ਸਮੇਂ ਅੰਦਰੂਨੀ ਫੁੱਟ ਦਾ ਸ਼ਿਕਾਰ ਹੈ ਪਰ ਪੰਥ ਦਰਦੀਆਂ ਨੂੰ ਅਜੇ ਵੀ ਅਕਾਲੀ ਦਲ ਦੇ ਮੁੜ ਉਭਰਨ ਦੀ ਆਸ ਹੈ। ਪੰਥ ਦਰਦੀ ਇਹ ਵੀ ਸੋਚ ਰਹੇ ਹਨ ਕਿ ਜੇ ਅਕਾਲੀ ਦਲ ਮੁੜ ਪੰਥਕ ਸੋਚ ਨੂੰ ਅਪਨਾਅ ਲੈਂਦਾ ਹੈ ਤਾਂ ਉਹ ਪੰਜਾਬ ਵਿੱਚ ਮੁੜ ਮਜ਼ਬੂਤ ਹੋ ਸਕਦਾ ਹੈ। ਅਕਾਲੀ ਦਲ ਦਾ ਇਤਿਹਾਸ ਕੁਰਬਾਨੀਆਂ ਭਰਿਆ ਹੈ। ਇਸ ਸਮੇਂ ਵੀ ਇਹ ਪਾਰਟੀ ਆਪਣੇ ਹੀ ਆਗੂਆਂ ਤੋਂ ਕੁਰਬਾਨੀਆਂ ਮੰਗ ਰਹੀ ਹੈ। ਅਕਾਲੀ ਆਗੂਆਂ ਨੂੰ ਕੰਧ 'ਤੇ ਲਿਖਿਆ ਪੜ ਲੈਣਾ ਚਾਹੀਦਾ ਹੈ ਅਤੇ ਆਪਣੇ ਅਹੁਦਿਆਂ ਦਾ ਮੋਹ ਛੱਡ ਕੇ ਪਾਰਟੀ ਦੀ ਵਾਗਡੋਰ ਸਰਬਪ੍ਰਵਾਨਿਤ ਆਗੂ ਦੇ ਹੱਥ ਦੇ ਦੇਣੀ ਚਾਹੀਦੀ ਹੈ ਤਾਂ ਕਿ ਪਾਰਟੀ ਮੁੜ ਮਜ਼ਬੂਤ ਹੋ ਸਕੇ।

ਪੰਥ ਹਮੇਸ਼ਾ ਚੜ੍ਹਦੀਕਲਾ ਵਿੱਚ ਰਿਹਾ ਹੈ ਅਤੇ ਚੜ੍ਹਦੀਕਲਾ ਵਿੱਚ ਹੀ ਰਹੇਗਾ। ਭਾਵੇਂ ਕਿ ਸਮੇਂ ਸਮੇਂ ਵੱਖ- ਵੱਖ ਹਾਕਮਾਂ ਨੇ ਪੰਥ ਨਾਲ ਟੱਕਰ ਲਈ ਹੈ, ਪਰ ਉਹਨਾਂ ਨੂੰ ਮੂੰਹ ਦੀ ਖਾਣੀ ਪਈ ਹੈ। ਇਹੋ ਕਾਰਨ ਹੈ ਕਿ ਅਨੇਕਾਂ ਉਤਰਾਓ ਚੜਾਓ ਆਉਣ ਦੇ ਬਾਵਜੂਦ ਪੰਥ ਪੂਰੀ ਤਰ੍ਹਾਂ ਮਜ਼ਬੂਤ ਦਿਖਾਈ ਦੇ ਰਿਹਾ ਹੈ। ਇਸ ਸਮੇਂ ਲੋੜ ਤਾਂ ਅਜਿਹੇ ਧੜੱਲੇਦਾਰ ਸਿੱਖ ਆਗੂਆਂ ਦੀ ਹੈ, ਜੋ ਪੰਥ ਨੂੰ ਯੋਗ ਅਗਵਾਈ ਦੇ ਸਕਣ। ਪੰਜਾਬ ਦੀ ਪੰਥਕ ਸਿਆਸਤ ਵਿੱਚ ਨਵੇਂ ਉਭਰੇ ਨੌਜਵਾਨ ਆਗੂ ਭਾਈ ਸਰਬਜੀਤ ਸਿੰਘ ਅਤੇ ਭਾਈ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਿੱਚ ਜੋ ਨਵੀਂ ਪੰਥਕ ਪਾਰਟੀ ਬਣਾਉਣ ਦੇ ਯਤਨ ਹੋ ਰਹੇ ਹਨ, ਉਸ ਸਬੰਧੀ ਪੰਥ ਵਿੱਚ ਕਿਆਸ ਅਰਾਈਆਂ ਦਾ ਦੌਰ ਜਾਰੀ ਹੈ। ਹੁਣ ਇਹਨਾਂ ਆਗੂਆਂ ਤੋਂ ਵੀ ਆਸ ਕੀਤੀ ਜਾ ਰਹੀ ਹੈ ਕਿ ਉਹ ਆਪਣੇ ਵਿੱਚ ਪ੍ਰਗਟਾਏ ਗਏ ਲੋਕਾਂ ਦੇ ਭਰੋਸੇ ਨੂੰ ਕਾਇਮ ਰੱਖਣਗੇ ਅਤੇ ਪੰਥ ਦੀ ਚੜ੍ਹਦੀਕਲਾ ਲਈ ਆਪਣਾ ਵੱਡਾ ਯੋਗਦਾਨ ਪਾਉਣਗੇ। ਇਸ ਸਮੇਂ ਪੰਥਕ ਏਕਤਾ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ। ਇਸ ਲਈ ਪੰਥ ਦੇ ਨੌਜਵਾਨ ਆਗੂਆਂ ਸਮੇਤ ਹੋਰਨਾਂ ਸੀਨੀਅਰ ਆਗੂਆਂ ਨੂੰ ਵੀ ਰਲ ਮਿਲ ਕੇ ਪੰਥ ਦੀ ਵਾਗਡੋਰ ਸੰਭਾਲਣੀ ਚਾਹੀਦੀ ਹੈ ਅਤੇ ਪੰਥਕ ਮਸਲੇ ਹੱਲ ਕਰਵਾਉਣ ਲਈ ਆਪਣੀ ਆਵਾਜ਼ ਉਠਾਉਣੀ ਚਾਹੀਦੀ ਹੈ। ਆਸ ਕੀਤੀ ਜਾਣੀ ਚਾਹੀਦੀ ਹੈ ਕਿ ਪੰਥਕ ਸਿਆਸਤ ਵਿੱਚ ਨਵੇਂ ਉਭਰੇ ਨੌਜਵਾਨ ਆਗੂ ਪੰਥ ਦੀਆਂ ਉਮੀਦਾਂ 'ਤੇ ਖ਼ਰੇ ਉਤਰਣਗੇ।

# ਅਕਾਲੀ ਸੰਕਟ: ਜਥੇਦਾਰ ਜੀ, ਅਕਾਲੀ ਦਲ ਦੇ ਦੋਵੇਂ ਧੜੇ ਭੰਗ ਹੋਣ



ਗਿਆਨੀ ਕੇਵਲ ਸਿੰਘ
ਸਾਬਕਾ ਜਥੇਦਾਰ
ਤਖ਼ਤ ਸ੍ਰੀ ਦਮਦਮਾ ਸਾਹਿਬ
95920-93472





ਨਿਰਸੰਦੇਹ ਇਸ ਵਕਤ ਸੰਸਾਰ ਭਰ ਵਿੱਚ ਵੱਸਦੇ ਚੇਤੰਨ ਸਿੱਖ ਇੱਕ ਵੱਡੇ ਫ਼ਿਕਰ ਵਿੱਚ ਗੁਜ਼ਰ ਰਹੇ ਹਨ ਕਿ ਸਿੱਖ ਕੌਮ ਦਾ ਸਿਆਸੀ ਭਵਿੱਖ ਕੀ ਹੈ? ਇਸ ਦੀ ਸਿਆਸਤ ਦਾ ਨਿਸ਼ਾਨਾ ਕੀ ਹੈ? ਇਹ ਵਰਤਮਾਨ ਦੀ ਭਿਅੰਕਰ ਘੁੰਮਣਘੇਰੀ ਵਿਚੋਂ ਬਾਹਰ ਕਿਵੇਂ ਨਿਕਲ ਸਕੇਗੀ? ਇਸ ਤਰ੍ਹਾਂ ਦੇ ਹੋਰ ਢੇਰ ਸਵਾਲ ਹਨ ਜੋ ਸਿੱਖ ਚਿੰਤਕਾਂ ਦੇ ਦਿਮਾਗਾਂ ਅੰਦਰ ਅਜੀਬ ਤਰ੍ਹਾਂ ਗਾਹ ਪਾਈ ਬੈਠੇ ਹਨ।

ਸ਼੍ਰੋਮਣੀ ਅਕਾਲੀ ਦਲ ਕਿਵੇਂ ਸੌ ਸਾਲ ਪਹਿਲਾਂ ਸਮੇਂ ਦੇ ਸਿੱਖਾਂ ਨੇ ਵੱਡਾ ਨਿਸ਼ਾਨਾ ਮਿੱਥ ਕੇ ਹੋਂਦ ਵਿੱਚ ਲਿਆਂਦਾ ਸੀ? ਕੀ ਨਹੀਂ ਕੀਤਾ ਉਸ ਵਕਤ ਦੇ ਅਕਾਲੀਆਂ ਨੇ ਇਹ ਅਕਾਲੀ ਮੋਰਚਿਆਂ ਦਾ ਇਤਿਹਾਸ ਪੜ੍ਹ ਸਮਝ ਕੇ ਪਤਾ ਲੱਗਦਾ ਹੈ। ਕਈ ਵਾਰ ਅਸੀਂ ਵਰਤਮਾਨ ਦੀ ਨਿਰਾਸ਼ਤਾ ਵਿਚੋਂ ਆਪਣੇ ਵਿਰਸੇ ਨੂੰ ਕਮਜ਼ੋਰ ਅੱਖਾਂ ਰਾਹੀਂ ਵੇਖਣ ਦੀ ਕੁਤਾਹੀ ਕਰਨ ਲੱਗਦੇ ਹਾਂ। ਇਹ ਸਾਡੀ ਵੱਡੀ ਬੇਸਮਝੀ ਹੁੰਦੀ ਹੈ ਸੱਚ ਦੇ ਸਾਹਮਣੇ ਖੜ੍ਹੇ ਹੋਣ ਤੋਂ ਭੱਜਣ ਵਾਲੀ ਕਾਇਰਤਾ!

ਸਾਡੀ ਓਹ ਸੌ ਸਾਲ ਪਹਿਲਾਂ ਵਾਲੀ ਜਥੇਬੰਦੀ ਅੱਜ ਹੋਂਦ ਦੀ ਆਖਰ ਲੜਾਈ ਕਿਉਂ ਲੜ ਰਹੀ ਹੈ? ਇਥੇ ਪੁੱਜ ਜਾਣ ਪਿਛੇ ਕਾਰਨ ਕਿਹੜੇ ਕਿਹੜੇ ਹਨ? ਕੀ ਸਾਡੀ ਇਸ ਕੌਮੀ ਜਥੇਬੰਦੀ ਦਾ ਪ੍ਰਬੰਧਕੀ ਢਾਂਚਾ ਹੀ ਜੀਰਨ ਹੋ ਗਿਆ ਹੈ ਜਾਂ ਸਾਡੇ ਪਾਸ ਉਸ ਕੱਦ ਦੇ ਪ੍ਰਭਾਵ ਤੇ ਆਗੂ ਨਾਲ ਨਾਲ ਪੈਦਾ ਕਰਨ ਵਾਲੀ ਜੁਗਤਿ ਹੀ ਨਹੀਂ ਰਹੀ?

ਹਾਲਾਤ 'ਡੁੱਬੀ ਕਿਉਂ ਸਾਹ ਨਹੀਂ ਆਇਆ' ਵਾਲੀ ਹੈ। ਪਦਾਰਥਵਾਦ ਦਾ ਮਾਰੂ ਪ੍ਰਭਾਵ ਜੋ ਸਿੱਖ ਕੌਮ ਦੇ ਵਾਰਸਾਂ 'ਤੇ ਬਿਲਕੁਲ ਨਹੀਂ ਪੈਣਾ ਚਾਹੀਦਾ ਉਸ ਨੇ ਸਾਨੂੰ ਬੁਰੀ ਤਰ੍ਹਾਂ ਆਪਣੇ ਵਿੱਚ ਗ੍ਰਸ ਲਿਆ ਹੈ। ਸਾਡੀਆਂ ਸੁਰਤਾਂ 'ਤੇ ਗੁਰਬਾਣੀ ਦਾ ਰੰਗ ਜਿਸ ਕਦਰ ਚੜ੍ਹਿਆ ਰਹਿਣਾ ਚਾਹੀਦਾ ਸੀ ਉਸ ਤੋਂ ਅਸੀਂ ਨਿਰੰਤਰ ਵਾਂਝੇ ਰਹਿਣ ਲੱਗੇ! ਸਾਡਾ ਕੌਮੀ ਆਪਾ ਸਤਿਗੁਰੂ ਸਾਹਿਬਾਨ ਦੇ ਦਿੱਤੇ ਜੀਵਨ ਆਦਰਸ਼ਾਂ ਤੋਂ ਡਿੱਗਣਾ ਆਰੰਭ ਹੁੰਦਾ ਹੋਇਆ ਵੇਖਦਿਆਂ ਵੇਖਦਿਆਂ ਵਰਤਮਾਨ ਦੇ ਰਸਾਤਲ 'ਤੇ ਆਣ ਪੁੱਜਾ ਹੈ।

ਸਾਡੇ ਪੁਰਖਿਆਂ ਦੀਆਂ ਨੇਕ ਨੀਤੀ ਨਾਲ ਖੜ੍ਹੀਆਂ ਕੀਤੀਆਂ ਸੰਸਥਾਵਾਂ ਸਾਡੀ ਸਤਿਗੁਰੂ ਜੀ ਵੱਲ ਧਾਰੀ ਬੇਮੁਖਤਾ ਨਾਲ ਪੈਦਾ ਹੋਈ ਨਿਰਾਸ਼ਤਾ, ਫ਼ਿਕਰ ਦੇ ਡੂੰਘੇ ਟੋਏ ਵਿੱਚ ਲੈ ਆਈ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਸਾਡੀ ਇਸ ਕੌਮੀ ਸਿਆਸੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵਿੱਚ ਬੀਤੇ ਕਈ ਦਹਾਕਿਆਂ ਤੋਂ ਮਤਭੇਦ ਪੈਦਾ ਹੁੰਦੇ ਆਏ ਹਨ ਕਦੇ ਕੌਮ ਦੇ ਦਾਨੇ ਤੇ ਤਖ਼ਤ ਸਾਹਿਬ ਦੇ ਸੇਵਕ ਇਨ੍ਹਾਂ ਹਾਲਾਤਾਂ ਵਿਚੋਂ ਇਸ ਜਥੇਬੰਦੀ ਨੂੰ ਬਚਾਉਣ ਲਈ ਸਹਾਇਕ ਹੁੰਦੇ ਰਹੇ ਹਨ।

ਹੁਣ ਤੇ ਪਿਛਲੇ 35-40 ਸਾਲਾਂ ਤੋਂ ਇਸ ਦੇ ਆਗੂ ਸਿਧਾਂਤ ਮਰਯਾਦਾ ਨੂੰ ਪਿੱਠ ਦੇ ਕੇ ਨਿਜ ਤੇ ਧੜਿਆਂ ਮਗਰ ਐਸੇ ਭੱਜੇ ਹਨ ਇਨ੍ਹਾਂ ਸਭ ਨੇ ਸ਼੍ਰੋਮਣੀ ਅਕਾਲੀ ਦਲ ਦੀਆਂ ਮੂਲ ਭਾਵਨਾਵਾਂ ਤੋਂ ਪੂਰੀ ਤਰ੍ਹਾਂ ਕਿਨਾਰਾਕਸ਼ੀ ਹੀ ਕਰ ਲੈਣ ਦਾ ਜਿਵੇਂ ਠੇਕਾ ਹੀ ਲੈ ਲਿਆ ਹੋਵੇ।

ਬਾਦਲ ਦਲ ਧੜਾ ਤਿੜਕਮ ਖੇਡਣ ਵਿੱਚ ਸਫ਼ਲ ਹੋ ਕੇ ਭਾਜਪਾ ਵਰਗੀ ਜਮਾਤ ਨਾਲ ਨਾਪਾਕ ਗੱਠਜੋੜ ਕਰਕੇ ਸੂਬਾ ਤੇ ਦੇਸ਼ ਪੱਧਰੀ ਸਤਾਅ ਦੇ ਸੁੱਖ ਭੋਗਣ ਵਿਚ ਲੱਗਾ ਰਿਹਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਤੇ ਗੁਰੂ ਪੰਥ ਦੇ ਸਿਧਾਂਤ ਹੀ ਇੱਕ ਅਕਾਲੀ ਸਦਵਾਉਂਦਾ ਵਾਲੇ ਦਾ ਜੀਵਨ ਆਧਾਰ ਬਣਦੇ ਹਨ। ਜੇ ਅਕਾਲੀ ਸਦਵਾਉਣ ਵਾਲਾ ਇਨ੍ਹਾਂ ਸਿਧਾਂਤਾਂ ਪ੍ਰਤੀ ਖੁਦ ਅਮਲੀ ਰੂਪ ਵਿਚ ਪਹਿਰੇਦਾਰ ਤਥਾ ਵਫ਼ਾਦਾਰ ਨਹੀਂ ਤਾਂ ਉਸ ਕੋਲ ਅਕਾਲੀ ਸਦਵਾਉਣ ਤੇ ਕਹਾਉਣ ਦਾ ਕੋਈ ਹੱਕ ਨਹੀਂ ਹੈ। ਬਹੁਤ ਅਫ਼ਸੋਸ ਹੈ ਸਿੱਖ ਜਗਤ ਵਿਚ ਗੁਰੂ ਬਖਸ਼ਿਸ਼ ਨੂੰ ਸਮਝਣ ਜਾਨਣ ਤੇ ਅਮਲਾਉਣ ਵਾਲੀ ਪਵਿੱਤਰਤਾ ਦਾ ਮਹੱਤਵ ਬੇਹੱਦ ਘੱਟ ਗਿਆ ਹੈ। ਰਵਾਇਤੀ ਤੌਰ 'ਤੇ ਸ਼ਬਦਾਂ ਦੀ ਵਰਤੋਂ ਦੀ ਆਦਤ ਪਾ ਕੇ ਵਰਤਣੇ ਪ੍ਰਚਲਤ ਰੱਖ ਲਏ ਹਨ।

ਸ਼੍ਰੋਮਣੀ ਅਕਾਲੀ ਦਲ ਕੋਈ ਰਵਾਇਤੀ ਜੀਵਨ ਵਾਲਿਆਂ ਦੀ ਜਥੇਬੰਦੀ ਨਹੀਂ ਸੀ ਨਹੀਂ ਹੋ ਸਕਦੀ ਹੈ! ਜੇ ਅਸੀਂ ਅੱਜ ਇਸ ਸੱਚ ਤੱਥ ਨੂੰ ਮਨ ਬਚਨ ਕਰਕੇ ਸਵੀਕਾਰ ਨਹੀਂ ਕਰਾਂਗੇ ਤਾਂ ਅਸੀਂ ਪੰਥਕ ਜੀਵਨ ਜੁਗਤਿ ਦਾ ਨਿਰਾਦਰ ਕਰਨ ਦੇ ਭਾਗੀ ਹੋਵਾਂਗੇ। ਸਾਡੇ ਸਤਿਗੁਰੂ ਜੀ ਦੀ ਸਾਡੇ ਪ੍ਰਤੀ ਪ੍ਰਤੀਤ ਨਹੀਂ ਹੋਵੇਗੀ।

ਵਰਤਮਾਨ ਸਮੇਂ ਕੌਮ ਦੇ ਅੰਦਰ ਕੌਮੀ ਸਿਆਸੀ ਜਥੇਬੰਦੀ ਨੂੰ ਲੈ ਕੇ ਪਰਸ ਰਹੀ ਉਦਾਸੀ ਵਾਜਬ ਹੈ। ਮਗਰ ਇਹ ਕੇਵਲ ਬੌਧਿਕ ਕਸਰਤ ਦਾ ਵਿਸ਼ਾ ਨਹੀਂ ਇਸ ਦਾ ਹੱਲ ਢੂੰਡਣਾ ਜਰੂਰੀ ਹੈ। ਉਸ ਪ੍ਰਤੀ ਕੌਮ ਅੰਦਰ ਗੰਭੀਰਤਾ ਤੇ ਚੇਤਨਾ ਦੀ ਲੋੜ ਹੈ ਉਹ ਕੌਮ ਦੇ ਕਿਹੜੇ ਹਿੱਸੇ ਵਿੱਚ ਹੈ! ਦਾਸ ਤਾਂ ਇਸ ਗੱਲ ਦਾ ਉੱਤਰ ਦੇਣ ਲੱਗਿਆ ਬਹੁਤ ਸ਼ਰਮਿੰਦਾ ਹੈ। ਧੜਿਆਂ, ਸਵਾਰਥ ਖ਼ੁਦਗਰਜ਼ੀ, ਹੋਂਦ ਦੀ ਭੁੱਖ ਭਿਆਨਕ ਰੂਪ ਵਿੱਚ ਕੌਮ ਦੇ ਚੌਗਿਰਦੇ ਪਸਰੀ ਹੋਈ ਇਸ ਨਿਰਾਸ਼ਾ ਦਾ ਜ਼ਾਹਰਾ ਪ੍ਰਗਟਾਅ ਹੈ।

ਜਥੇਦਾਰ ਜੀ ਕੀ ਕਰਨਗੇ? ਇਹ ਸਵਾਲ ਸਿੱਖ ਚੇਤਨਾ ਵਿੱਚ ਤੂਫ਼ਾਨ ਖੜ੍ਹਾ ਕਰ ਰਿਹਾ ਹੈ। ਕੀ ਜਥੇਦਾਰ ਜੀ ਗੁਰੂ ਗ੍ਰੰਥ ਸਾਹਿਬ ਜੀ ਤੇ ਗੁਰੂ ਪੰਥ ਦੇ ਸਹੀ ਸਿਧਾਂਤਾਂ ਨੂੰ ਮੱਦੇ-ਨਜ਼ਰ ਖ਼ੁਦ ਨੂੰ ਖੜਿਆਂ ਕਰਕੇ ਸ਼੍ਰੋਮਣੀ ਅਕਾਲੀ ਦਲ ਦੀ ਹੋਂਦ ਦੇ ਮਾਹੌਲ ਵਿੱਚ ਜਾ ਸਕਣਗੇ ਜਿਥੋਂ ਕੌਮ ਪ੍ਰਸਤਾਂ ਨੇ ਸਦੀ ਪਹਿਲਾਂ ਇਸ ਜਥੇਬੰਦੀ ਨੂੰ ਖੜ੍ਹਾ ਕੀਤਾ ਸੀ? ਕੀ ਜਥੇਦਾਰ ਜੀ ਕੌਮ ਦੀ ਸਿਆਸੀ ਲੋੜ ਤੋਂ ਚੰਗੀ ਤਰ੍ਹਾਂ ਵਾਕਫ਼ ਹਨ? ਕੀ ਜਥੇਦਾਰ ਜੀ ਇਸ ਮਸਲੇ ਦੀ ਗੰਭੀਰਤਾ ਨੂੰ ਸਮਝਣ ਵਾਸਤੇ ਖ਼ੁਦ ਤੇ ਸਹਿਯੋਗੀਆਂ ਰਾਹੀਂ ਪਹੁੰਚ ਸਥਾਪਿਤ ਕਰ ਸਕਣਗੇ? ਕੀ ਜਥੇਦਾਰ ਜੀ ਇਹ ਸਮਝਣਗੇ ਇਹ ਮਸਲਾ ਕੌਮ ਦੇ ਵਰਤਮਾਨ ਤੇ ਭਵਿੱਖ ਦਾ ਹੈ? ਕੀ ਇਹ ਵੀ ਸਮਝਣਗੇ ਜੋ ਧੜੇ ਇਸ ਮੌਕੇ ਗੁਨਾਹਗਾਰਾਂ ਦੇ ਰੂਪ ਵਿਚ ਸਾਹਮਣੇ ਹਨ ਇਨ੍ਹਾਂ ਵੱਲੋਂ ਕੀਤੇ ਗਏ ਗੁਨਾਹ ਕੌਮੀ ਧ੍ਰੋਹ ਦਾ ਦਰਜਾ ਰੱਖਦੇ ਹਨ? ਕੀ ਇਹ ਸਭ ਕੁਝ ਬਾਬਾ ਕਬੀਰ ਜੀ ਦੇ ਪੇਸ਼ ਵਰਤਾਰੇ ਦਾ ਹਿੱਸਾ ਤਾਂ ਨਹੀਂ ਹੈ ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥ ਕਾਹੇ ਕੀ ਕੁਸਲਾਤ ਹਾਥ ਦੀਪੁ ਕੂਏ ਪਰੈ ॥ ਕੀ ਜਥੇਦਾਰ ਜੀ ਇਸ ਮਸਲੇ ਨੂੰ ਸਹੀ ਅਰਥਾਂ ਵਿੱਚ ਕੌਮੀ ਵਰਤਮਾਨ ਤੇ ਭਵਿੱਖ ਦਾ ਮਸਲਾ ਮੰਨ ਕੇ ਪੰਥਕ ਕਚਹਿਰੀ ਵਿੱਚ ਇਸ ਦੀ ਸੁਣਵਾਈ ਕਰਵਾਉਣ ਲਈ ਪਹਿਲ ਕਰਨਗੇ? ਕੀ ਜਥੇਦਾਰ ਜੀ ਪੰਥਕ, ਸੇਵਾ ਮੁਕਤ ਸਿੱਖ ਜੱਜ ਲੱਭ ਕੇ ਇਨ੍ਹਾਂ ਗੁਨਾਹਗਾਰਾਂ ਦੀ ਕਪਟੀ ਮਨਸ਼ਾ ਦੀ ਤਹਿ ਤੱਕ ਜਾਣ ਦਾ ਕਦਮ ਪੁੱਟਣਗੇ? ਕੀ ਜਥੇਦਾਰ ਜੀ ਦੇ ਪੰਥਕ ਸੱਥਾਂ ਵਿਚੋਂ ਪੰਥਕ ਸੋਚ ਦੇ ਸਹੀ ਪਹਿਰੇਦਾਰ ਵਾਰਸ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਗੁਰੂ ਪੰਥ ਨੂੰ ਮਨ ਬਚਨ ਕਰਮ ਕਰਕੇ ਸਮਰਪਿਤ ਹਨ ਤੇ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਦੇ ਅਮਲੀ ਹਨ ਉਨ੍ਹਾਂ ਵਿਚੋਂ, ਪੰਜ ਸੇਵਾ ਮੁਕਤ ਜੱਜਾਂ ਨਾਲ ਘੱਟ ਤੋਂ ਘੱਟ 21 ਸਿੱਖ ਜੋ ਵੱਖ ਵੱਖ ਪੱਖਾਂ ਤੋਂ ਭਲੀ ਭਾਂਤ ਵਾਕਫ਼ ਹੋਣ ਤੇ ਕੌਮੀ ਹਰ ਪੱਖ ਬਾਰੇ ਅਨੁਭਵ ਵੀ ਰੱਖਦੇ ਹੋਣ ਨਾਲ ਜੋੜ ਕੇ ਇਸ ਮਸਲੇ ਦੇ ਹੱਲ ਦੀ ਜ਼ਿੰਮੇਵਾਰੀ ਸੌਂਪ ਦੇਣਗੇ? ਇੱਕ ਗੱਲ ਬੜੀ ਸਪਸ਼ਟ ਹੈ ਇਸ ਮਸਲੇ ਦਾ ਹੱਲ ਕੌਮੀ ਪੱਧਰ 'ਤੇ ਪੰਥਕ ਜੁਗਤਿ ਵਿੱਚ ਹੀ ਹੋ ਸਕਦਾ ਹੈ। ਜਥੇਦਾਰ ਜਾਤੀ ਪੱਧਰ ਜੋ ਵੀ ਕਰਨਗੇ ਉਸ ਉੱਤੇ ਕਿੰਤੂ ਪਰੰਤੂ ਬਹੁਤ ਹੋਵੇਗਾ।

ਕਦੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਥਕ ਮਸਲਿਆਂ ਦੇ ਹੱਲ ਦੀ ਜੁਗਤਿ ਪੰਥਕ ਹੀ ਮਹੱਤਵਪੂਰਣ ਹੈ ਤੇ ਸਵੀਕਾਰਤ ਹੈ। ਜੋ ਵਰਤਮਾਨ ਵਿੱਚ ਗਵਾਚਿਆ ਹੋਇਆ ਕਰਦੀ ਸੀ। ਸਮੇਂ ਦੇ ਗੇੜ ਨਾਲ ਉਸ ਨੂੰ ਵਿਸਾਰ ਹੀ ਦਿੱਤਾ ਗਿਆ ਹੈ।

ਇਸ ਤਰ੍ਹਾਂ ਮਹਿਸੂਸ ਹੋ ਰਿਹਾ ਹੈ ਇਸ ਮੌਕੇ ਸਿੱਖ ਸਿਆਸੀ ਹੋਣੀ ਨੂੰ ਦੁਬਾਰਾ ਸਿਰਜਿਆ ਜਾਣਾ ਵੀ ਬਹੁਤ ਜ਼ਰੂਰੀ ਹੈ ਮਾਹੌਲ ਵੀ ਸਾਜ਼ਗਾਰ ਹੈ। ਸਾਰੇ ਦਿਖਾਈ ਦੇਂਦੇ ਧੜੇ ਭੰਗ ਕਰ ਦੇਣੇ ਚਾਹੀਦੇ ਹਨ। ਜਿਨ੍ਹਾਂ ਨੇ ਹੁਣ ਤੱਕ ਕੌਮੀ ਬੇੜੀਆਂ ਵਿੱਚ ਵੱਟੇ ਪਾਏ ਹਨ ਉਨ੍ਹਾਂ ਸਭ ਨੂੰ ਬਾਹਰ ਕਰ ਦੇਣ ਦਾ ਨਿਰਣਾ ਬਹੁਤ ਜ਼ਰੂਰੀ ਹੈ।

ਭਾਵੇਂ ਇਹ ਕਦਮ ਸਖ਼ਤ ਦਿਖਾਈ ਦੇਂਦਾ ਹੋਵੇਗਾ। ਓਪਰੇਸ਼ਨ ਵੱਡਾ ਹੀ ਕਾਰਗਰ ਰਹਿਣਾ ਹੈ ਛੋਟੀਆਂ ਛੋਟੀਆਂ ਪੱਟੀਆਂ ਕਰਨ ਨਾਲ ਇਲਾਜ ਨਹੀਂ ਹੋਣਾ।

ਜੇਕਰ ਅੱਜ ਇਸ ਮੌਕੇ ਨੂੰ ਪੰਥਕ ਪੱਧਰ 'ਤੇ ਨਹੀਂ ਲਿਆ ਜਾਂਦਾ ਤੇ ਧੜਿਆਂ ਦੀ ਲੇਪਾ ਪੋਚੀ ਹੀ ਕਰੀ ਜਾਵੇਗੀ ਪਛਤਾਵਾ ਨਾਲ ਹੀ ਚਿੰਬੜਿਆ ਰਹੇਗਾ।

# ਪੰਜਾਬ ਵਿੱਚ ਇਤਿਹਾਸ ਦਾ ਦੁਹਰਾਓ



ਕੁੱਕੀ ਗਿੱਲ

ਪੰਜਾਬ ਵਿੱਚ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਜਾਪਦਾ ਹੈ ਕਿ ਪੰਜਾਬ ਨੂੰ ਇੱਕ ਹੋਰ ਚੱਕਰ ਵਿੱਚ ਧੱਕਿਆ ਜਾ ਸਕਦਾ ਹੈ ਜਿਸ ਨੂੰ ਟਾਲਣਯੋਗ ਜ਼ਹਿਰੀਲੀ ਸਥਿਤੀ ਕਿਹਾ ਜਾ ਸਕਦਾ ਹੈ। ਇਸ ਚੱਕਰ ਨੇ ਹੁਣ ਭਾਰਤ ਦੇ ਕੁਝ ਦੇਸ਼ਾਂ, ਖਾਸ ਤੌਰ 'ਤੇ ਕੈਨੇਡਾ ਦੇ ਨਾਲ ਭੂ-ਰਾਜਨੀਤਿਕ ਸਬੰਧਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ, ਜਿੱਥੇ ਸਿੱਖ ਵੱਡੀ ਗਿਣਤੀ ਵਿੱਚ ਵਸੇ ਹੋਏ ਹਨ। ਸਿੱਖਾਂ ਦੇ ਵਿਸ਼ਵੀਕਰਨ ਦੇ ਸੰਦਰਭ ਵਿੱਚ, ਜ਼ਿਕਰਯੋਗ ਹੈ ਕਿ ਯੂਨਾਈਟਿਡ ਕਿੰਗਡਮ ਹਾਊਸ ਆਫ ਕਾਮਨਜ਼ ਵਿੱਚ ਵੀ ਸਿੱਖਾਂ ਦੀ ਨੁਮਾਇੰਦਗੀ ਹੁਣੇ ਹੋਈਆਂ ਚੋਣਾਂ ਤੋਂ ਬਾਅਦ ਦੋਹਰੇ ਅੰਕ ਵਿੱਚ ਹੈ।

ਪੰਜਾਬ ਅਜੇ ਵੀ ਧਾਰਮਿਕ-ਸਿਆਸੀ ਗਤੀਸ਼ੀਲਤਾ ਦੇ ਝਟਕਿਆਂ ਤੋਂ ਪ੍ਰਭਾਵਿਤ ਹੈ ਜੋ 1978 ਵਿੱਚ ਸਿੱਖਾਂ ਦੀ ਧਾਰਮਿਕ ਰਾਜਧਾਨੀ ਅੰਮ੍ਰਿਤਸਰ ਵਿਖੇ 13 ਅਪ੍ਰੈਲ ਨੂੰ ਵਿਸਾਖੀ ਵਾਲੇ ਦਿਨ ਸਿੱਖ-ਨਿਰੰਕਾਰੀ ਟਕਰਾਅ ਨਾਲ ਸ਼ੁਰੂ ਹੋਇਆ ਸੀ। ਮੌਜੂਦਾ ਇਸੇ ਤਰਾਂ ਦੀ ਚਰਚਾ ਡੇਰਾ ਸੱਚਾ ਸੌਦਾ ਨਾਲ ਸਬੰਧਤ ਸਿੱਖ ਖੇਤਰ ਵਿੱਚ ਵਾਪਰੀਆਂ ਘਟਨਾਵਾਂ ਨਾਲ ਸਬੰਧਤ ਤਣਾਅ ਨਾਲ ਜੁੜੀ ਹੋਈ ਹੈ ਜਿਸਦੀ ਪੰਜਾਬ ਦੀ ਮਾਲਵਾ ਪੱਟੀ ਵਿੱਚ ਬਹੁਤ ਵੱਡੀ ਗਿਣਤੀ ਹੈ । ਇਹ ਡੇਰਾ 2007 ਵਿੱਚ ਸਿੱਖਾਂ ਨਾਲ ਟਕਰਾਅ ਵਿੱਚ ਆ ਗਿਆ ਸੀ ਅਤੇ ਬਾਅਦ ਵਿੱਚ ਕਈ ਸਾਲਾਂ ਵਿੱਚ ਸਥਿਤੀ ਹੋਰ ਵਿਗੜਦੀ ਗਈ।

ਇਹ ਸਿੱਖ-ਨਿਰੰਕਾਰੀ ਟਕਰਾਅ ਵਿੱਚ ਇਨਸਾਫ਼ ਨਾ ਮਿਲਣ ਨੇ ਚੰਗਿਆੜੀ ਜਗਾਈ ਸੀ। ਸੌਦਾ ਦੋਸ਼ੀ ਹੈ, ਉਨ੍ਹਾਂ ਮਾਮਲਿਆਂ ਵਿੱਚ ਇਨਸਾਫ਼ ਮਿਲਣ ਦੀ ਸੰਭਾਵਨਾ ਬਹੁਤ ਘੱਟ ਹੈ।ਇਸ ਤੁਲਨਾ ਨੂੰ ਸਮਝਣ ਲਈ ਇੱਥੇ ਸੰਖੇਪ ਇਤਿਹਾਸ ਹੈ ।

ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ-ਜਨਤਾ ਪਾਰਟੀ ਗਠਜੋੜ ਸੱਤਾ ਵਿੱਚ ਆਇਆ ਅਤੇ ਪ੍ਰਕਾਸ਼ ਸਿੰਘ ਬਾਦਲ ਨੇ ਜੁਲਾਈ 1977 ਵਿੱਚ ਆਪਣੇ ਦੂਜੇ ਕਾਰਜਕਾਲ ਵਿੱਚ ਮੁੱਖ ਮੰਤਰੀ ਵਜੋਂ ਅਹੁਦਾ ਸੰਭਾਲਿਆ। ਬਾਦਲ ਸਰਕਾਰ ਨੇ ਨਿਰੰਕਾਰੀਆਂ ਨੂੰ ਵਿਸਾਖੀ ਮੌਕੇ ਅੰਮ੍ਰਿਤਸਰ ਵਿਖੇ ਆਪਣਾ ਸਾਲਾਨਾ ਇਕੱਠ ਕਰਨ ਦੀ ਇਜਾਜ਼ਤ ਦੇ ਦਿੱਤੀ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 28 ਨਵੰਬਰ, 1973 ਨੂੰ ਆਪਣੀ ਜਨਰਲ ਹਾਊਸ ਦੀ ਮੀਟਿੰਗ ਵਿੱਚ ਸਿੱਖਾਂ ਨੂੰ ਨਿਰੰਕਾਰੀਆਂ ਦੀਆਂ ਚਾਲਾਂ ਅਤੇ ਅਮਲਾਂ ਤੋਂ ਸੁਚੇਤ ਕੀਤਾ ਸੀ ।ਅਖੰਡ ਕੀਰਤਨੀ ਜਥਾ ਅਤੇ ਫਿਰ ਸੰਤ ਕਰਤਾਰ ਸਿੰਘ ਦੀ ਅਗਵਾਈ ਵਾਲੀ ਦਮਦਮੀ ਟਕਸਾਲ ਨੇ ਨਿਰੰਕਾਰੀਆਂ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਜਿਸ ਕਾਰਨ ਕਈ ਥਾਵਾਂ 'ਤੇ ਝੜਪਾਂ ਵੀ ਹੋਈਆਂ। ਵਿਸਾਖੀ ਸਮੇਂ ਹੋਈ ਝੜਪ ਵਿੱਚ ਅਠਾਰਾਂ ਵਿਅਕਤੀ ਮਾਰੇ ਗਏ ਸਨ (ਕੁੱਲ ਤੇਰ੍ਹਾਂ ਵਿਚੋਂ ਦਮਦਮੀ ਟਕਸਾਲ ਦੇ ਚਾਰ ਸਿੱਖ ਸ਼ਰਧਾਲੂ ਅਤੇ ਏ.ਕੇ.ਜੇ ਦੇ ਨੌਂ, ਤਿੰਨ ਨਿਰੰਕਾਰੀਆਂ ਅਤੇ ਦੋ ਰਾਹਗੀਰ ਇਸ ਵਿੱਚ ਸ਼ਾਮਿਲ ਸਨ) ਇਹ ਨਿਰੰਤਰ ਤਣਾਅ ਦਾ ਸਿੱਟਾ ਸੀ।

ਜਿਸ ਨੂੰ ਰਾਜ ਸਰਕਾਰ ਨੇ ਨਿਰੰਕਾਰੀਆਂ ਨੂੰ ਇਜਾਜ਼ਤ ਦਿੰਦੇ ਹੋਏ ਨਜ਼ਰਅੰਦਾਜ਼ ਕੀਤਾ ਸੀ। ਨਿਰੰਕਾਰੀ ਮੁਖੀ ਗੁਰਬਚਨ ਸਿੰਘ ਨੂੰ ਝੜਪ ਦੇ ਘੰਟਿਆਂ ਬਾਅਦ ਅੰਮ੍ਰਿਤਸਰ ਤੋਂ ਭੱਜਣ ਦੀ ਇਜਾਜ਼ਤ ਦਿੱਤੀ ਗਈ ਅਤੇ ਇਹ ਬੁਝਾਰਤ ਕਦੇ ਵੀ ਹੱਲ ਨਹੀਂ ਹੋਈ। ਇਹ ਕੇਸ ਬਾਅਦ ਵਿੱਚ ਹਰਿਆਣਾ ਦੇ ਕਰਨਾਲ ਵਿੱਚ ਤਬਦੀਲ ਕਰ ਦਿੱਤਾ ਗਿਆ ਅਤੇ ਗੁਰਬਚਨ ਸਿੰਘ ਸਮੇਤ ਸਾਰੇ ਮੁਲਜ਼ਮਾਂ ਨੂੰ 4 ਜਨਵਰੀ 1980 ਨੂੰ ਬਰੀ ਕਰ ਦਿੱਤਾ ਗਿਆ।

ਕਰਨਾਲ ਟ੍ਰਾਇਲ ਕੋਰਟ ਦੇ ਫੈਸਲੇ ਵਿੱਚ ਇੱਕ ਪੈਰਾ ਬਹੁਤ ਮਹੱਤਵਪੂਰਨ ਹੈ,ਇਹ ਸਾਰੇ ਪੁਲਿਸ ਅਫਸਰ, ਅਤੇ ਇਸ ਮਾਮਲੇ ਲਈ ਕਾਰਜਕਾਰੀ ਮੈਜਿਸਟਰੇਟ ਨੇ ਆਪਣੀ ਜ਼ਮੀਰ ਨੂੰ ਉਹਨਾਂ ਲੋਕਾਂ ਦੇ ਦਬਾਅ ਅੱਗੇ ਸਮਰਪਿਤ ਕਰ ਦਿੱਤਾ ਜੋ ਉਨ੍ਹਾਂ ਦਾ ਕਰੀਅਰ ਬਣਾ ਸਕਦੇ ਹਨ ਜਾਂ ਖਰਾਬ ਕਰ ਸਕਦੇ ਹਨ। (ਦਿ ਟ੍ਰਿਬਿਊਨ, 5 ਜਨਵਰੀ, 1980)।



ਪੰਜਾਬ ਦੇ ਵਿਸ਼ੇਸ਼ ਸਰਕਾਰੀ ਵਕੀਲ ਨੇ 13 ਜਨਵਰੀ, 1980 ਨੂੰ ਬਰੀ ਕੀਤੇ ਜਾਣ ਵਿਰੁੱਧ ਅਪੀਲ ਦਾਇਰ ਕਰਨ ਦੀ ਸਿਫ਼ਾਰਸ਼ ਕੀਤੀ, ਜਿਸ 'ਤੇ ਗ੍ਰਹਿ ਵਿਭਾਗ ਨੇ 15 ਜਨਵਰੀ ਨੂੰ ਆਪਣੀ ਸਹਿਮਤੀ ਦੇ ਦਿੱਤੀ। ਅਪੀਲ ਦਾਇਰ ਨਹੀਂ ਕੀਤੀ ਗਈ ਅਤੇ ਪ੍ਰਧਾਨ ਮੰਤਰੀ ਦੇ ਤੌਰ 'ਤੇ ਇੰਦਰਾ ਗਾਂਧੀ ਦੀ ਵਾਪਸੀ ਤੋਂ ਬਾਅਦ 17 ਫਰਵਰੀ, 1980 ਨੂੰ ਬਾਦਲ ਸਰਕਾਰ ਨੂੰ ਖਾਰਜ ਕਰ ਦਿੱਤਾ ਗਿਆ। 1 ਅਪ੍ਰੈਲ 1980 ਨੂੰ ਅਪੀਲ ਦਾਇਰ ਕਰਨ ਦੇ ਖ਼ਿਲਾਫ਼ ਫੈਸਲਾ ਲੈਣ ਤੋਂ ਬਾਅਦ ਫਾਈਲ ਨੂੰ ਬੰਦ ਕਰ ਦਿੱਤਾ ਗਿਆ ਸੀ। ਗੁਰਬਚਨ ਸਿੰਘ ਨੂੰ ਕਾਬੁਲ ਸਿੰਘ ਦੀ ਸਹਾਇਤਾ ਪ੍ਰਾਪਤ ਰਣਜੀਤ ਸਿੰਘ ਦੁਆਰਾ ਦਿੱਲੀ ਵਿੱਚ ਉੱਚੀ ਕਿਲਾਬੰਦ ਨਿਰੰਕਾਰੀ ਕਾਲੋਨੀ ਵਿੱਚ ਉਸਦੀ ਰਿਹਾਇਸ਼ ਦੇ ਸਾਹਮਣੇ ਗੋਲੀ ਮਾਰ ਦਿੱਤੀ ਗਈ ਸੀ। ਇਹ ਹਥਿਆਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਮੁਹੱਈਆ ਕਰਵਾਏ ਸਨ ।

ਪੰਜਾਬ ਮੁੜ ਪਹਿਲਾਂ ਵਰਗਾ ਨਹੀਂ ਰਿਹਾ। ਇਸ ਦਾ ਸਮਾਨਾਂਤਰ ਇਸ ਤਰਾਂ ਮੌਜੂਦ ਹੈ। ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਬਰਗਾੜੀ ਕਾਂਡ ਦੇ ਨਾਂ ਨਾਲ ਜਾਣੇ ਜਾਂਦੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ ਦੇ ਮੁੱਖ ਮੁਲਜ਼ਮਾਂ ਵਿੱਚੋਂ ਇੱਕ ਹੈ।ਇਨ੍ਹਾਂ ਕੇਸਾਂ ਵਿੱਚ 14 ਅਕਤੂਬਰ 2015 ਨੂੰ ਕੋਟਕਪੂਰਾ ਅਤੇ ਬਹਿਬਲ ਕਲਾਂ ਵਿੱਚ ਪੁਲਿਸ ਵੱਲੋਂ ਕੀਤੀ ਗੋਲੀਬਾਰੀ ਦੇ ਕੇਸ ਵੀ ਸ਼ਾਮਲ ਹਨ। ਇਨ੍ਹਾਂ ਕੇਸਾਂ ਵਿੱਚ ਰਾਮ ਰਹੀਮ ਤੋਂ ਇਲਾਵਾ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਸਾਬਕਾ ਪੁਲਿਸ ਮੁਖੀ ਸੁਮੇਧ ਸਿੰਘ ਸੈਣੀ ਅਤੇ ਕਈ ਹੋਰ ਸ਼ਾਮਲ ਹਨ।

ਪ੍ਰਕਾਸ਼ ਸਿੰਘ ਬਾਦਲ ਦੀ ਮੌਤ ਹੋ ਗਈ ਹੈ। ਰਾਮ ਰਹੀਮ ਪਹਿਲਾਂ ਹੀ ਹਰਿਆਣਾ ਦੇ ਰੋਹਤਕ ਦੀ ਜੇਲ੍ਹ ਵਿੱਚ ਬਲਾਤਕਾਰ ਅਤੇ ਕਤਲ ਦੇ ਮਾਮਲਿਆਂ ਵਿੱਚ ਸਜ਼ਾ ਕੱਟ ਰਿਹਾ ਹੈ। ਉਸ ਨੂੰ ਹਿਰਾਸਤੀ ਪੁੱਛਗਿੱਛ ਲਈ ਪ੍ਰੋਡਕਸ਼ਨ ਵਾਰੰਟ 'ਤੇ ਪੰਜਾਬ ਲਿਆਉਣ ਤੋਂ ਬਿਨਾਂ ਬੇਅਦਬੀ ਦੇ ਮਾਮਲੇ ਅੱਗੇ ਨਹੀਂ ਵਧ ਸਕਦੇ। ਸੂਬਾ ਸਰਕਾਰ ਨੇ ਉਸ ਦੀ ਹਿਰਾਸਤ ਦੀ ਮਨਜ਼ੂਰੀ ਨਹੀਂ ਦਿੱਤੀ।

ਗਿਆਨੀ ਰਘਬੀਰ ਸਿੰਘ ਨਾਲ ਸੇਵਾਮੁਕਤ ਇੰਸਪੈਕਟਰ ਜਨਰਲ ਰਣਬੀਰ ਸਿੰਘ ਖਟੜਾ ਦੀ 2 ਘੰਟੇ ਦੀ ਮੀਟਿੰਗ ਤੋਂ ਬਾਅਦ ਹੁਣ ਇਹ ਮਾਮਲਾ ਸਾਹਮਣੇ ਆਇਆ ਹੈ। ਇਸ ਬਾਰੇ ਟਾਈਮਜ਼ ਆਫ਼ ਇੰਡੀਆ ਦੇ ਸੀਨੀਅਰ ਪੱਤਰਕਾਰ ਆਈ.ਪੀ. ਸਿੰਘ ਵੱਲੋਂ ਵਿਸਥਾਰ ਵਿੱਚ ਰਿਪੋਰਟ ਕੀਤੀ ਗਈ ਹੈ ਜੋ ਕਈ ਸਵਾਲ ਖੜ੍ਹੇ ਕਰਦੀ ਹੈ। ਇਸ ਰਿਪੋਰਟ ਵਿੱਚ ਖਟੜਾ ਦਾ ਹਵਾਲਾ ਦਿੰਦੇ ਹੋਏ ਕਿਹਾ ਗਿਆ ਹੈ, ਮੈਂ ਜਥੇਦਾਰ ਨੂੰ ਕਿਹਾ ਕਿ ਬਰਗਾੜੀ ਬੇਅਦਬੀ ਨਾਲ ਸਬੰਧਤ ਤਿੰਨੋਂ ਕੇਸਾਂ ਦੀ ਸੁਣਵਾਈ - 1 ਜੂਨ, 2015 ਨੂੰ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰੇ ਵਿੱਚੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਚੋਰੀ ; 25 ਸਤੰਬਰ 2015 ਨੂੰ ਭੜਕਾਊ ਅਤੇ ਅਪਮਾਨਜਨਕ ਨਾਅਰਿਆਂ ਨੂੰ ਚਿਪਕਾਉਣਾ; ਅਤੇ 12 ਅਕਤੂਬਰ, 2015 ਨੂੰ ਪਿੰਡ ਬਰਗਾੜੀ ਦੀਆਂ ਗਲੀਆਂ ਵਿੱਚ ਖਿੱਲਰੀਆਂ ਪਈਆਂ ਬੀੜਾਂ ਦੇ ਪੰਨਿਆਂ ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਮਾਰਚ ਵਿੱਚ ਰੋਕ ਲਗਾ ਦਿੱਤੀ ਸੀ, ਪਰ ਪੰਜਾਬ ਸਰਕਾਰ ਨੇ ਨਿਰਧਾਰਤ ਤਿੰਨ ਮਹੀਨੇ ਦੇ ਸਮੇਂ ਵਿੱਚ ਸੁਪਰੀਮ ਕੋਰਟ ਜਾਂ ਡਬਲ ਬੈਂਚ ਅੱਗੇ ਅਪੀਲ ਦਾਇਰ ਨਹੀਂ ਕੀਤੀ। ਹੁਣ ਮੁਕੱਦਮੇ ਨੂੰ ਦੁਬਾਰਾ ਸ਼ੁਰੂ ਕਰਨ ਵਿੱਚ ਕੁਝ ਸਾਲ ਲੱਗ ਜਾਣਗੇ, ਜੇ ਅਜਿਹਾ ਹੁੰਦਾ ਹੈ। ਸਾਲਾਂ ਤੱਕ ਇਨ੍ਹਾਂ ਮਾਮਲਿਆਂ ਵਿੱਚ ਕੋਈ ਹੱਲ ਨਹੀਂ ਹੋਵੇਗਾ। ਹੁਣ ਪੰਜਾਬ ਸਰਕਾਰ ਨੂੰ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ।

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 12 ਮਾਰਚ 2024 ਨੂੰ ਡੇਰਾ ਮੁਖੀ ਖ਼ਿਲਾਫ਼ ਕਾਰਵਾਈ 'ਤੇ ਰੋਕ ਲਾ ਦਿੱਤੀ ਸੀ ਅਤੇ ਉਸ ਤੋਂ ਬਿਨਾਂ ਇਨ੍ਹਾਂ ਕੇਸਾਂ ਨੂੰ ਤਰਕਪੂਰਨ ਸਿੱਟੇ 'ਤੇ ਨਹੀਂ ਲਿਜਾਇਆ ਜਾ ਸਕਦਾ। ਜ਼ਿਕਰਯੋਗ ਹੈ ਕਿ ਬੇਅਦਬੀ ਦੇ ਮਾਮਲਿਆਂ ਤੋਂ ਇਲਾਵਾ ਕੋਟਕਪੂਰਾ ਅਤੇ ਬਹਿਬਲ ਕਲਾਂ ਵਿਖੇ ਗੋਲੀਬਾਰੀ ਦੇ ਦੋ ਹੋਰ ਮਾਮਲੇ ਦਰਜ ਹਨ। ਕੋਟਕਪੂਰਾ ਗੋਲੀਬਾਰੀ ਦੇ ਕੇਸ ਪਹਿਲਾਂ ਹੀ ਪੰਜਾਬ ਤੋਂ ਬਾਹਰ ਚੰਡੀਗੜ੍ਹ ਤਬਦੀਲ ਕੀਤੇ ਜਾ ਚੁੱਕੇ ਹਨ।ਨਿਰੰਕਾਰੀ ਅਤੇ ਸੱਚਾ ਸੌਦਾ ਦੇ ਕੇਸਾਂ ਵਿੱਚ ਨਿਆਂ ਨਾ ਮਿਲਣਾ ਆਮ ਗੱਲ ਹੈ।ਮੁੱਦਾ ਇਹ ਹੈ ਕਿ ਆਮ ਆਦਮੀ ਪਾਰਟੀ ਜਿਸ ਨੇ ਇਨ੍ਹਾਂ ਮਾਮਲਿਆਂ ਵਿੱਚ ਜਲਦੀ ਕਾਰਵਾਈ

(ਬਾਕੀ ਸਫ਼ਾ 31 'ਤੇ)

# ਸਿੰਘ ਸਭਾ ਲਹਿਰ ਕਿਵੇਂ ਹੋਂਦ 'ਚ ਆਈ ਤੇ ਇਸ ਦਾ ਮਹੱਤਵ ਕੀ ਹੈ ?



ਡਾ. ਮਹਿਲ ਸਿੰਘ
ਪ੍ਰਿੰਸੀਪਲ, ਖ਼ਾਲਸਾ ਕਾਲਜ, ਅੰਮ੍ਰਿਤਸਰ

ਪੰਜਾਬ ਦਾ ਮਾਣ-ਮੱਤਾ ਰਾਜ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ 1849 ਈ. ਵਿੱਚ ਖਤਮ ਹੋ ਗਿਆ। ਪੰਜਾਬ ਪੂਰਨ ਤੌਰ 'ਤੇ 1949 ਵਿੱਚ ਅੰਗਰੇਜ਼ੀ ਰਾਜ ਦਾ ਹਿੱਸਾ ਬਣ ਗਿਆ। ਅਕਸਰ ਹੀ ਸੱਤਾਧਾਰੀ ਧਿਰ ਰਾਜਸੀ ਗੁਲਾਮੀ ਤੋਂ ਬਾਅਦ ਸੱਭਿਆਚਾਰਕ ਗ਼ੁਲਾਮੀ ਨੂੰ ਠੋਸਣ ਦਾ ਯਤਨ ਕਰਦੀ ਹੈ। ਉਹ ਆਪਣੇ ਰਾਜ ਦੀ ਉਮਰ ਨੂੰ ਲੰਮਾ ਕਰਨ ਲਈ ਅਜੇਹੀ ਰਣਨੀਤੀ ਵਰਤਦੀ ਹੈ। ਅੰਗਰੇਜ਼ ਹਕੂਮਤ ਨੇ ਪੰਜਾਬੀਆਂ ਨੂੰ ਸੱਭਿਆਚਾਰਕ ਤੌਰ 'ਤੇ ਗ਼ੁਲਾਮ ਬਣਾਉਣ ਦੇ ਅਨੇਕਾਂ ਯਤਨ ਆਰੰਭ ਕਰ ਦਿੱਤੇ ਸਨ। ਪਹਿਲਾਂ 1837 ਵਿੱਚ ਹੀ ਲੁਧਿਆਣੇ ਵਿੱਚ ਇੱਕ ਬਹੁਤ ਵੱਡਾ 'ਈਸਾਈ ਮਿਸ਼ਨ ਕੇਂਦਰ' ਸਥਾਪਤ ਕੀਤਾ ਗਿਆ। ਅੰਮ੍ਰਿਤਸਰ ਵਿੱਚ 1852 ਨੂੰ 'ਚਰਚ ਮਿਸ਼ਨਰੀ ਐਸੋਸ਼ੀਏਸ਼ਨ' ਦੀ ਸਥਾਪਨਾ ਕੀਤੀ ਗਈ। ਅੰਗਰੇਜ਼ ਪਾਦਰੀ ਮਿਸਟਰ ਕੇਰੀ ਦੇ ਯਤਨਾਂ ਨਾਲ 1860 ਵਿੱਚ ਸਾਰੇ ਪੰਜਾਬ ਵਿੱਚ ਈਸਾਈ ਕੇਂਦਰ ਸਥਾਪਤ ਹੋ ਚੁੱਕੇ ਸਨ। ਈਸਾਈ ਮਿਸ਼ਨ ਕੇਂਦਰਾਂ ਵਿੱਚ ਪੰਜਾਬੀ ਛਾਪਾਖਾਨਾ ਤੇ ਪ੍ਰੈੱਸ ਲਗਾਈ ਗਈ। ਯਿਸੂ ਮਸੀਹ ਅਤੇ ਈਸਾਈ ਮੱਤ ਦੇ ਪ੍ਰਚਾਰ ਲਈ ਪੰਜਾਬੀ ਭਾਸ਼ਾ ਵਿੱਚ ਅਨੇਕਾਂ ਟ੍ਰੈਕਟ ਤੇ ਹੋਰ ਰਚਨਾਵਾਂ ਪ੍ਰਕਾਸ਼ਿਤ ਕੀਤੀਆਂ ਜਾ ਰਹੀਆਂ ਸਨ। ਇਨ੍ਹਾਂ ਵਿਚੋਂ 'ਮਸੀਹ ਮੁਸਾਫ਼ਰ ਦੀ ਯਾਤਰਾ' (1859), 'ਜਯੋਤਿਰਦਯ' (1882) ਅਤੇ 'ਰੇਲ ਗੱਡੀ' (1886) ਵਗੈਰਾ ਈਸਾਈਅਤ ਦੇ ਪ੍ਰਚਾਰ ਵਾਲੀਆਂ ਪ੍ਰਸਿੱਧ ਰਚਨਾਵਾਂ ਹਨ। 'ਮਸੀਹ ਮੁਸਾਫ਼ਰ ਦੀ ਯਾਤਰਾ' ਨਾਵਲ ਵਿੱਚ ਯਿਸੂ ਨੂੰ ਸਭ ਤੋਂ ਉੱਤਮ, ਦਿਆਲੂ ਤੇ ਆਪਣੇ ਭਗਤਾਂ ਦਾ ਪਾਲਕ ਮੰਨਿਆ ਗਿਆ ਹੈ। 'ਜਯੋਤਿਰਦਯ' ਨਾਵਲ ਵਿੱਚ ਸਾਡੇ ਸਮਾਜ ਚਾਰੇ/ਸੰਸਕ੍ਰਿਤੀ ਦੀ ਸਿੱਧੀ ਆਲੋਚਨਾ ਕੀਤੀ ਗਈ ਹੈ। ਰੇਲ ਗੱਡੀ ਕਹਾਣੀ ਵਿੱਚ ਅੰਗਰੇਜ਼ੀ ਹਕੂਮਤ ਨਾਲ ਆਏ ਨਵੇਂ ਆਵਾਜਾਈ ਦੇ ਸਾਧਨਾਂ ਦਾ ਵੱਡਾ ਮਹੱਤਵ ਦਰਸਾਇਆ ਗਿਆ ਹੈ। ਇੱਕ ਪਾਸੇ ਈਸਾਈ ਮਿਸ਼ਨਰੀਆਂ ਦਾ ਪ੍ਰਚਾਰ ਸੀ, ਦੂਜੇ ਪਾਸੇ ਅੰਗਰੇਜ਼ੀ ਰਾਜ ਦੀ ਸੱਤਾ ਦੀ ਆਪਣੀ ਖਿੱਚ ਸੀ। ਰਾਜ ਸੱਤਾ ਦੇ 'ਹਲਵੇ ਮੰਡੇ' ਖਾਣ ਵਾਲੇ ਵੀ ਧੜਾਧੜ ਈਸਾਈਅਤ ਨਾਲ ਜੁੜ ਰਹੇ ਸਨ। ਅੰਗਰੇਜ਼ੀ ਰਾਜ ਦੇ ਸਰਕਾਰੀ ਅਫ਼ਸਰ ਵੀ ਈਸਾਈਅਤ ਦਾ ਪ੍ਰਚਾਰ ਕਰ ਰਹੇ ਸਨ। ਈਸਾਈ ਮੱਤ ਧਾਰਨ ਕਰਨ ਵਾਲਿਆਂ ਨੂੰ ਨੌਕਰੀ 'ਤੇ ਤਰੱਕੀ ਛੇਤੀ ਮਿਲ ਰਹੀ ਸੀ। ਇਸ ਦੇ ਸਿੱਟੇ ਵਜੋਂ 1861 ਤੋਂ 1882 ਤੱਕ ਸਿੱਖਾਂ ਦੀ ਗਿਣਤੀ ਵਿੱਚ ਵੱਡੀ ਗਿਰਾਵਟ ਆਈ ਸੀ।

ਦੂਸਰੇ ਪਾਸੇ ਹਿੰਦੂ ਜਾਗ੍ਰਿਤੀ ਲਈ ਦੇਵ ਸਮਾਜ, ਬ੍ਰਹਮ ਸਮਾਜ ਤੇ ਆਰੀਆ ਸਮਾਜ ਲਹਿਰਾਂ ਪੈਦਾ ਹੋ ਰਹੀਆਂ ਸਨ। ਆਰੀਆ ਸਮਾਜ ਨੇ ਹਿੰਦੂਆਂ ਵਿੱਚ ਸ਼ੁੱਧੀ ਦੀ ਲਹਿਰ ਵਜੋਂ 'ਮੁੜ ਵੇਦਾਂ ਵੱਲ' ਦਾ ਨਾਅਰਾ ਬੁਲੰਦ ਕੀਤਾ। ਇਹ ਲਹਿਰਾਂ ਕੇਵਲ ਆਪਣੀ ਜਾਗ੍ਰਿਤੀ ਤੱਕ ਹੀ ਸੀਮਿਤ ਨਹੀਂ ਸਨ, ਸਗੋਂ ਇਹ ਦੂਜੇ ਧਰਮਾਂ ਪ੍ਰਤੀ ਹਮਲਾਵਰ ਰੁਖ਼ ਵੀ ਅਪਣਾ ਰਹੀਆਂ ਸਨ। ਸੁਆਮੀ ਦਯਾਨੰਦ ਨੇ ਆਪਣੇ ਗ੍ਰੰਥ ਸਤਿਆਰਥ ਪ੍ਰਕਾਸ਼ ਵਿੱਚ ਗੁਰੂ ਸਾਹਿਬਾਨ ਬਾਰੇ ਨਿੰਦਣ ਵਾਲੀ ਭਾਸ਼ਾ ਵਰਤੀ ਸੀ। ਅਜੇਹੇ ਸਿੱਧੇ ਹਮਲੇ ਤੋਂ ਵੀ ਸਿੱਖ ਵਿਦਵਾਨ ਬਹੁਤ ਚਿੰਤਾਤੁਰ ਸਨ। ਅਜਿਹੇ ਹਮਲੇ ਦੇ ਉੱਤਰ ਵਜੋਂ ਹੀ ਬਾਅਦ ਵਿੱਚ ਸਿੱਖ ਵਿਦਵਾਨ ਭਾਈ ਕਾਹਨ ਸਿੰਘ ਨੇ ਆਪਣੀ ਬਿਬੇਕ-ਬੁੱਧ ਰਾਹੀਂ ਹਮ ਹਿੰਦੂ ਨਹੀਂ ਪੁਸਤਕ ਲਿਖੀ ਸੀ। ਅਜਿਹੇ ਸਮਿਆਂ ਵਿੱਚ ਹੀ ਮੁਸਲਮਾਨਾਂ ਨੇ ਆਪਣੀ ਜਾਗ੍ਰਿਤੀ ਲਈ ਜਮਾਇਤਿ ਅਹਿਮਦੀਆ ਲਹਿਰ ਸਥਾਪਿਤ ਕੀਤੀ। 1860 ਤੋਂ 1900 ਤੱਕ ਦੇ ਸਮੇਂ ਨੂੰ ਪੁਨਰ-ਜਾਗ੍ਰਿਤੀ ਦਾ ਕਾਲ ਕਿਹਾ ਜਾਂਦਾ ਹੈ। ਅਜਿਹੇ ਸਮੇਂ ਵਿੱਚ ਪੰਜਾਬ ਵਿੱਚ ਵੱਖ-ਵੱਖ ਧਿਰਾਂ ਆਪੋ-ਆਪਣੀ ਭਾਸ਼ਾ ਤੇ ਧਰਮਾਂ ਦੇ ਆਧਾਰ 'ਤੇ ਚੇਤਨ ਹੋ ਰਹੀਆਂ ਸਨ। ਇਹ ਵੀ ਵਰਣਨਯੋਗ ਗੱਲ ਹੈ ਕਿ ਸਾਡੇ ਦੇਸ਼ ਦੀ ਆਜ਼ਾਦੀ ਦਾ ਮੁੱਢਲਾ ਪੜਾਅ ਧਾਰਮਿਕ ਜਾਗ੍ਰਿਤੀ ਤੋਂ ਹੀ ਬੱਲ ਫੜਦਾ ਹੈ।

ਸਿੱਖਾਂ ਉੱਤੇ ਦੋਹਰਾ ਹਮਲਾ ਹੋ ਰਿਹਾ ਸੀ। ਇੱਕ ਪਾਸੇ ਅੰਗਰੇਜ਼ੀ ਰਾਜ ਦਾ ਹਮਲਾ ਸੀ, ਜਿਸ ਦੇ ਗ਼ੁਲਾਮ ਕੌਮ ਲਈ ਕਈ ਲੁਭਾਉਣੇ ਪੱਖ ਸਨ। ਦੂਜੇ ਪਾਸੇ ਹੋਰਨਾਂ ਫ਼ਿਰਕਿਆਂ ਵਲੋਂ ਸਿੱਖ ਧਰਮ ਨੂੰ ਵੱਖਰਾ ਵਿਸ਼ੇਸ਼ ਧਰਮ ਮੰਨਣ ਤੋਂ ਇਨਕਾਰ ਕੀਤਾ ਜਾ ਰਿਹਾ ਸੀ। ਅਜਿਹੀ ਸਥਿਤੀ ਸਿੱਖ ਸਿਆਣਿਆਂ ਲਈ ਬਹੁਤ ਚਿੰਤਾਜਨਕ ਸੀ। ਕਿਉਂਕਿ, ਸਿੱਖ ਆਪਣਾ ਰਾਜ ਗੁਆ ਲੈਣ ਤੋਂ ਬਾਅਦ ਆਪਣੇ ਸੱਭਿਆਚਾਰ, ਭਾਸ਼ਾ ਤੇ ਧਰਮ ਨੂੰ ਵੀ ਢਾਹ ਲੱਗ ਰਹੀ ਮਹਿਸੂਸ ਕਰ ਰਹੇ ਸਨ। ਮਹਾਰਾਜਾ ਦਲੀਪ ਸਿੰਘ ਨੇ 1853 ਈ. ਈਸਾਈ ਮੱਤ ਧਾਰਨ ਕਰ ਲਿਆ ਸੀ। ਅਜਿਹੇ ਸਮਿਆਂ ਵਿੱਚ ਹੀ ਚਾਰ ਸਿੱਖ ਵਿਦਿਆਰਥੀਆਂ ਅਤਰ ਸਿੰਘ, ਸਾਧੂ ਸਿੰਘ, ਸੰਤੋਖ ਸਿੰਘ ਤੇ ਆਇਆ ਸਿੰਘ ਨੇ ਈਸਾਈ ਮੱਤ ਧਾਰਨ ਕਰਨ ਦਾ ਐਲਾਨ ਕਰ ਦਿੱਤਾ। ਇਨ੍ਹਾਂ ਨੂੰ ਅਜਿਹਾ ਕਰਨ ਤੋਂ ਸਿੱਖ ਸਿਆਣਿਆਂ ਨੇ ਆਪਣੇ ਪ੍ਰਭਾਵ ਨਾਲ ਰੋਕ ਤਾਂ ਲਿਆ, ਪਰ ਇਸ ਨਾਲ ਸਿੱਖ ਧਰਮ ਤੇ ਪੰਜਾਬੀ ਸੱਭਿਆਚਾਰ ਨਾਲ ਜੁੜੇ ਬੁੱਧੀਜੀਵੀਆਂ ਦੀ ਚਿੰਤਾ ਹੋਰ ਵਧ ਗਈ। ਸਿੱਖ ਚਿੰਤਕਾਂ ਨੇ ਮਹਾਰਾਜਾ ਦਲੀਪ ਸਿੰਘ ਦੇ ਈਸਾਈ ਬਣਨ ਦੇ ਕਾਰਨਾਂ ਨੂੰ ਜਾਣਨ ਦੀ ਵੀ ਕੋਸ਼ਿਸ਼ ਕੀਤੀ। ਇਹ ਮਹਿਸੂਸ ਕੀਤਾ ਗਿਆ ਕਿ ਜਦੋਂ ਕੋਈ ਨਾਬਾਲਿਗ ਜਾਂ ਵਿਦਿਆਰਥੀ ਮਾਂ ਦੀ ਗੋਦ, ਆਪਣੀ ਧਰਤੀ ਦੀ ਗੋਦ ਤੇ ਆਪਣੀ ਮਾਂ ਬੋਲੀ ਤੋਂ ਦੂਰ ਹੋ ਜਾਂਦਾ ਹੈ, ਤਾਂ ਅਜਿਹਾ ਵਾਪਰਨਾ ਸੁਭਾਵਕ ਹੈ। ਇਸ ਕਰਕੇ ਆਪਣੀ ਬੋਲੀ/ਭਾਸ਼ਾ/ਲਿਪੀ ਨਾਲ ਜੁੜਨ ਦੀ ਵੱਡੀ ਲੋੜ ਮਹਿਸੂਸ ਕੀਤੀ ਗਈ। ਇਨ੍ਹਾਂ ਸਾਰੇ ਪੱਖਾਂ ਦੇ ਸਿੱਟੇ ਵਜੋਂ ਹੀ 1873 ਵਿੱਚ 'ਸਿੰਘ ਸਭਾ' (ਅੰਮ੍ਰਿਤਸਰ) ਸਥਾਪਤ ਕੀਤੀ ਗਈ। ਇਸ ਦੇ ਪਹਿਲੇ ਪ੍ਰਧਾਨ ਠਾਕੁਰ ਸਿੰਘ ਸੰਧਾਵਾਲੀਆ ਤੇ ਸਕੱਤਰ ਗਿਆਨੀ ਗਿਆਨ ਸਿੰਘ ਸਨ। ਫਿਰ 'ਸਿੰਘ ਸਭਾ ਲਾਹੌਰ' (1879) ਹੋਂਦ ਵਿੱਚ ਆਈ। ਅਖ਼ੀਰ ਇਨ੍ਹਾਂ ਦੋਵਾਂ ਸਭਾਵਾਂ ਦਾ 1880 ਵਿੱਚ ਏਕੀਕਰਨ ਕਰਕੇ 'ਸ੍ਰੀ ਗੁਰੂ ਸਿੰਘ ਸਭਾ' ਬਣਾਈ ਗਈ। ਈਸਾਈ ਮਿਸ਼ਨਰੀਆਂ ਦੀ ਤਰਜ਼ 'ਤੇ ਨਾ ਕੇਵਲ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਸਿੰਘ ਸਭਾਵਾਂ ਕਾਇਮ ਕੀਤੀਆਂ ਗਈਆਂ, ਸਗੋਂ ਭਾਰਤ ਦੇ ਹੋਰ ਵੱਡੇ ਤੇ ਸਿੱਖ ਆਬਾਦੀ ਵਾਲੇ ਸ਼ਹਿਰਾਂ ਵਿੱਚ ਵੀ ਸਿੰਘ ਸਭਾਵਾਂ ਕਾਇਮ ਕੀਤੀਆਂ ਗਈਆਂ। ਸ੍ਰੀ ਗੁਰੂ ਸਿੰਘ ਸਭਾ ਦਾ ਮੁੱਖ ਉਦੇਸ਼ ਸਿੱਖ ਧਰਮ, ਪੰਜਾਬੀ ਭਾਸ਼ਾ, ਗੁਰਮੁਖੀ ਲਿਪੀ ਅਤੇ ਸਿੱਖ ਵਿਦਿਅਕ ਅਦਾਰਿਆਂ ਦਾ ਪਾਸਾਰ ਕਰਨਾ ਸੀ। ਨਾਲ ਹੀ ਸਿੰਘ ਸਭਾ ਦਾ ਇਹ ਵੀ ਅਹਿਦ ਸੀ ਕਿ ਕੋਈ ਬਾਤ ਸਰਕਾਰ ਦੇ ਤੁਆਲੁਕ ਨਹੀਂ ਕੀਤੀ ਜਾਵੇਗੀ। ਕਿਉਂਕਿ, ਉਹ ਆਪਣੀ ਤਾਜ਼ਾ ਗੁਲਾਮ ਸਥਿਤੀ ਤੋਂ ਭਲੀ-ਭਾਂਤ ਜਾਣੂੰ ਸਨ।

1857 ਦਾ ਵਿਦਰੋਹ ਫੇਲ੍ਹ ਹੋ ਚੁੱਕਾ ਸੀ। 1871 ਦੀ ਕੂਕਾ ਲਹਿਰ ਨੇ ਸਵਦੇਸ਼ੀ ਉਦੇਸ਼ ਤਹਿਤ ਅੰਗਰੇਜ਼ੀ ਵਸਤਾਂ ਦਾ ਬਾਈਕਾਟ ਕੀਤਾ ਸੀ। ਪਰ ਅੰਗਰੇਜ਼ ਹਕੂਮਤ ਨੇ ਇਸ ਉੱਤੇ ਸਖ਼ਤ ਪਾਬੰਦੀਆਂ ਲਗਾ ਦਿੱਤੀਆਂ ਸਨ। ਅੰਗਰੇਜ਼ ਹਾਕਮਾਂ ਨਾਲ ਸ਼ੁਰੂ ਵਿੱਚ ਸਿੱਖ ਜਥੇਬੰਦੀਆਂ ਦੇ ਸੰਬੰਧ ਮਿੱਤਰਚਾਰੇ ਵਾਲੇ ਸਨ। ਸਿੰਘ ਸਭਾ ਲਹਿਰ ਜਾਂ ਚੀਫ਼ ਖ਼ਾਲਸਾ ਦੀਵਾਨ ਆਪਣੀ ਕੌਮ ਲਈ ਹਕੂਮਤ ਤੋਂ ਕੁਝ ਮੰਗਦੀ ਤਾਂ ਸੀ, ਪਰ ਜੋ ਵੀ ਮਿਲ ਜਾਵੇ, ਉਸ ਨੂੰ ਹੀ ਇਹ ਜਥੇਬੰਦੀਆਂ ਵਾਹ-ਭਲਾ ਸਮਝਦੀਆਂ ਸਨ। ਇਨ੍ਹਾਂ ਦੀ ਅੰਗਰੇਜ਼ਾਂ ਨਾਲ ਰੁੱਸਣ ਜਾਂ ਉਨ੍ਹਾਂ ਦੇ ਵਿਰੁੱਧ ਜਾਣ ਦੀ ਨਾ ਕੋਈ ਨੀਤੀ ਸੀ ਨਾ ਹੀ ਨੀਅਤ। ਸਿੱਖ ਬੁੱਧੀਜੀਵੀ ਪਹਿਲਾਂ 1857 ਦੇ ਗ਼ਦਰ ਤੇ ਕੂਕਾ ਲਹਿਰ (1870) ਦੀਆਂ ਸੀਮਾਵਾਂ ਤੋਂ ਵੀ ਜਾਣੂ ਸਨ ਅਤੇ ਆਪਣੀ ਹੈਸੀਅਤ ਤੋਂ ਵੀ। ਇਸ ਕਰਕੇ ਇਹ ਕਿਸੇ ਵੱਡੇ ਨਾਹਰੇ ਤੇ ਲਲਕਾਰੇ ਨਾਲ ਕੌਮ ਨੂੰ ਕਿਸੇ ਜ਼ੋਖ਼ਮ ਵਿਚ ਪਾਉਣ ਤੋਂ ਗੁਰੇਜ਼ ਕਰ ਰਹੇ ਸਨ। ਪਰ ਇਨ੍ਹਾਂ ਦੇ ਸਿੱਖਾਂ ਤੇ ਸਿੱਖੀ ਲਈ ਕੀਤੇ ਕਾਰਜ ਸਿੱਖ ਕੌਮ ਲਈ ਬਹੁਤ ਇਤਿਹਾਸਕ ਤੇ ਬੁਨਿਆਦੀ ਸਿੱਧ ਹੋਏ ਸਨ। ਇਸ ਕਰਕੇ ਅੰਗਰੇਜ਼ੀ ਹਕੂਮਤ ਅਜਿਹੀਆਂ ਜਥੇਬੰਦੀਆਂ ਨੂੰ ਵੀ ਸ਼ੱਕ ਦੀ ਨਜ਼ਰ ਨਾਲ ਵੇਖ ਰਹੀ ਸੀ। ਅਜਿਹੇ ਸਮੇਂ ਵਿੱਚ ਸਿੰਘ ਸਭਾਈ ਸਿਆਣੇ ਅੰਗਰੇਜ਼ੀ ਰਾਜ ਦਾ ਹੱਥ ਘੁੱਟ ਕੇ ਆਪਣੀ ਕੌਮ ਲਈ ਕੁਝ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਇਸ ਪੱਖ ਤੋਂ ਇਹ ਕਾਮਯਾਬ ਸਨ। ਸਿੱਖ ਜਾਗ੍ਰਿਤੀ ਦੇ ਸਿੱਟੇ ਵਜੋਂ ਅੰਮ੍ਰਿਤਸਰ ਵਿਖੇ ਖ਼ਾਲਸਾ ਦੀਵਾਨ 1883 ਬਣਾਈ ਗਈ। ਫਿਰ 1886 ਵਿੱਚ ਖ਼ਾਲਸਾ ਦੀਵਾਨ ਲਾਹੌਰ ਬਣੀ। ਅਖ਼ੀਰ ਇਨ੍ਹਾਂ ਲਈ ਸਾਂਝੀ ਜਥੇਬੰਦੀ ਚੀਫ਼ ਖ਼ਾਲਸਾ ਦੀਵਾਨ ਬਣਾਈ ਗਈ। ਸਿੰਘ ਸਭਾ ਲਹਿਰ ਤੇ ਚੀਫ਼ ਖ਼ਾਲਸਾ ਦੀਵਾਨ ਨੂੰ ਕਾਇਮ ਕਰਨ ਵਾਲੇ ਚਾਰ ਤਰ੍ਹਾਂ ਦੇ ਸਿੱਖਾਂ ਦਾ ਰਲੇਵਾਂ ਸੀ। ਪਹਿਲੀ ਧਿਰ ਕੁਝ ਰਿਆਸਤੀ ਸਿੱਖ ਰਾਜਿਆਂ ਤੇ ਪੁਰਾਣੇ ਰਾਜ ਦਰਬਾਰੀਆਂ ਦੀ ਸੀ। ਦੂਜੀ ਧਿਰ ਕੁਝ ਰਈਸ ਸਿੱਖਾਂ ਦੀ ਸੀ। ਤੀਜੀ ਧਿਰ ਵਿੱਚ ਵਿਦਵਤਾ ਭਰਪੂਰ ਭਾਈ ਤੇ ਗਿਆਨੀ ਤਖ਼ੱਲਸ ਵਾਲੇ ਵਿਦਵਾਨ ਸਨ। ਚੌਥੀ ਧਿਰ ਵਿੱਚ ਪ੍ਰੈੱਸ, ਪੱਤਰਕਾਰੀ ਤੇ ਅਖ਼ਬਾਰ ਨਵੀਸੀ ਦੀ ਮੁਹਾਰਤ ਵਾਲੇ ਸਿੱਖ ਸਨ।

(ਬਾਕੀ ਸਫ਼ਾ 31 'ਤੇ)

# ਐਧਰਲੇ ਸਿਸਟਮ ਦਾ ਬਾਬਾ ਬਨਾਮ ਸੁਖਬੀਰ ਬਾਦਲ









ਬਘੇਲ ਸਿੰਘ ਧਾਲੀਵਾਲ
99142-58142

ਅੱਜ ਕੱਲ੍ਹ ਬਾਬਿਆਂ ਦਾ ਬੋਲਬਾਲਾ ਕੁੱਝ ਜਿਆਦਾ ਹੀ ਹੈ। ਇੱਥੋਂ ਤੱਕ ਕਿ ਸਿਆਸੀ ਪਾਰਟੀਆਂ ਦੇ ਆਗੂ ਆਪਣੇ ਆਪ ਨੂੰ ਬਤੌਰ ਪ੍ਰਧਾਨ ਓਨਾ ਤਾਕਤਵਰ ਅਤੇ ਇੱਜ਼ਤਦਾਰ ਮਹਿਸੂਸ ਨਹੀਂ ਕਰਦੇ, ਜਿੰਨਾਂ ਉਨ੍ਹਾਂ ਲਈ ਇੱਕ ਡੇਰੇਦਾਰ ਬਾਬਾ ਤਾਕਤਵਰ ਅਤੇ ਰਸੂਖ਼ਦਾਰ ਹੁੰਦਾ ਹੈ, ਇਹੋ ਕਾਰਨ ਹੈ ਕਿ ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਆਗੂ ਵੋਟਾਂ ਦੇ ਸਮੇਂ ਵੱਖ -ਵੱਖ ਡੇਰਿਆਂ ਵਿੱਚ ਜੁੱਤੀਆਂ ਝਾੜਦੇ ਅਤੇ ਨੱਕ ਰਗੜਦੇ ਦੇਖੇ ਜਾ ਸਕਦੇ ਹਨ। ਕਈ ਵਾਰ ਇਹ ਡੇਰਾ ਮੋਹ ਐਨਾ ਭਾਰੀ ਪੈ ਜਾਂਦਾ ਹੈ, ਜਿਸ ਦਾ ਖਮਿਆਜ਼ਾ ਦੋਵਾਂ ਧਿਰਾਂ (ਸਿਆਸੀ ਆਗੂਆਂ ਅਤੇ ਲੋਕਾਂ) ਨੂੰ ਬਹੁਤ ਵੱਡੇ ਮੁੱਲ ਤਾਰ ਕੇ ਭੁਗਤਣਾ ਪੈਂਦਾ ਹੈ। ਕਿਸੇ ਵੀ ਕੌਮ ਲਈ, ਕਿਸੇ ਵੀ ਮਜ਼੍ਹਬ ਲਈ, ਕਿਸੇ ਫਿਰਕੇ ਲਈ ਇਸ ਤੋਂ ਵੱਡਾ ਦੁਖਾਂਤ ਹੋਰ ਕੀ ਹੋ ਸਕਦਾ ਹੈ ਕਿ ਜਦੋਂ ਉਨ੍ਹਾਂ ਦਾ ਸਭ ਤੋਂ ਵੱਡਾ ਤੇ ਤਾਕਤਵਰ ਆਗੂ ਖੁਦ ਹੀ ਆਪਣੀ ਕੌਮ ਅਤੇ ਆਪਣੇ ਧਰਮ ਨਾਲ ਬੇਵਫ਼ਾਈ ਕਰਨ ਦਾ ਸਭ ਤੋਂ ਵੱਡਾ ਗੁਨਾਹਗਾਰ ਸਾਬਤ ਹੋ ਜਾਵੇ ।

ਇਹੋ ਜਿਹੇ ਦੁਖਾਂਤ ਨੂੰ ਸਿੱਖ ਕੌਮ ਪਿਛਲੇ ਲੰਮੇ ਅਰਸੇ ਤੋਂ ਆਪਣੇ ਤਨ ਮਨ ਤੇ ਹੰਢਾਉਂਦੀਆਂ ਰਹੀ ਹੈ। ਇਹ ਦੁਖਾਂਤ ਉਸ ਮੌਕੇ ਤਾਂ ਹੋਰ ਵੀ ਦੁਖਦਾਈ ਬਣ ਗਿਆ, ਜਦੋਂ ਇਸ ਕੌਮ ਦਾ ਖੈਰ ਖਵਾਹ, ਕੌਮ ਦਾ ਸਭ ਤੋਂ ਵੱਡਾ ਆਗੂ, ਕੌਮ ਦੀ ਨੁਮਾਇੰਦਾ ਪਾਰਟੀ ਦਾ ਮੁਖੀਆ ਮਹਿਜ ਸੱਤਾ ਦੀ ਭੁੱਖ ਨੂੰ ਪੂਰਾ ਕਰਨ ਖਾਤਰ ਭਾਵ ਪੰਜਾਬ ਸੂਬੇਦਾਰੀ ਲੈਣ ਖਾਤਰ ਸਿੱਖਾਂ ਦੀ ਨੁਮਾਇੰਦਾ ਪਾਰਟੀ ਸ਼੍ਰੋਮਣੀ ਅਕਾਲੀ ਦਲ, ਸਿੱਖਾਂ ਦੀ ਪਾਰਲੀਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖਾਂ ਦੀ ਸਰਬ ਉੱਚ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਅਤੇ ਸਿੱਖ ਕੌਮ ਦੇ ਹਾਜ਼ਰ ਨਾਜ਼ਰ ਗੁਰੂ ਧੰਨ ਧੰਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਢਾਹ ਲਾਉਣ ਲਈ ਸਾਰੀਆਂ ਹੱਦਾਂ ਪਾਰ ਕਰ ਗਿਆ। ਡੇਰਾ ਸਿਰਸਾ ਦੇ ਮੁਖੀ ਵੱਲੋਂ ਸਰਬੰਸਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਮਾਰਚ 1699 ਦੀ ਵਿਸਾਖੀ ਵਾਲੇ ਦਿਨ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵੱਲੋਂ ਜ਼ਮੀਨ ਖਰੀਦ ਕੇ ਵਸਾਏ ਗਏ ਨਗਰ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਤੇ ਪੰਜ ਸਿੱਖਾਂ ਦੇ ਸੀਸ ਲੈ ਕੇ ਖ਼ਾਲਸਾ ਪ੍ਰਗਟ ਕਰਨ ਹਿਤ ਤਿਆਰ ਕੀਤੇ ਖੰਡੇ ਬਾਟੇ ਦੀ ਪਾਹੁਲ ਦੇ ਅਲੌਕਿਕ ਸੰਕਲਪ ਦੀ ਨਕਲ ਕਰਦਿਆਂ ਗੁਰੂ ਸਾਹਿਬ ਵਰਗੀ ਪੁਸ਼ਾਕ ਪਾ ਕੇ ਤਿਆਰ ਕੀਤੇ ਜਾਮ ਏ ਇਨਸਾਂ ਦੇ ਢੌਂਗ ਰਚਣ ਤੋਂ ਲੈ ਕੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਤੱਕ ਦੇ ਸਾਰੇ ਪ੍ਰਕਰਣ ਵਿੱਚ ਕਿਤੇ ਨਾ ਕਿਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਭਾਗੀਦਾਰੀ ਜੱਗ ਜ਼ਾਹਰ ਹੋ ਰਹੀ ਹੈ । ਬੀਤੇ ਦਿਨੀਂ ਹੀ ਟੈਲੀ ਮੀਡੀਆ ਵਿੱਚ ਪ੍ਰਸਾਰਿਤ ਹੋਈ ਬੇਅਦਬੀ ਮਾਮਲਿਆਂ ਵਿੱਚ ਮੁੱਖ ਗਵਾਹ ਬਣੇ ਡੇਰੇ ਦੇ ਸਿਆਸੀ ਵਿੰਗ ਦੇ ਤਤਕਾਲੀ ਮੁਖੀ ਪਰਦੀਪ ਕਲੇਰ ਦੀ ਇੰਟਰਵਿਊ ਨੇ ਜਿੱਥੇ ਬਹੁਤ ਸਾਰੇ ਭਰਮ ਭੁਲੇਖੇ ਦੂਰ ਕੀਤੇ ਹਨ ਅਤੇ ਬਹੁਤ ਸਾਰੇ ਲੋਕਾਂ ਦੇ ਚਿਹਰਿਆਂ ਤੋਂ ਮਖੌਟੇ ਵੀ ਉਤਾਰ ਦਿੱਤੇ ਹਨ, ਓਥੇ ਸਿੱਖ ਕੌਮ ਲਈ ਖਾਸ ਕਰਕੇ ਉਨ੍ਹਾਂ ਲੋਕਾਂ ਲਈ ਇਹ ਵੱਡੇ ਸਦਮੇ ਵਾਲੀ ਖ਼ਬਰ ਹੋਵੇਗੀ, ਜਿਹੜੇ ਹੁਣ ਤੱਕ ਅਕਾਲੀ ਦਲ ਦੇ ਉਪਰੋਕਤ ਆਗੂਆਂ ਨੂੰ ਹੀ ਅਸਲ ਪੰਥ ਸਮਝ ਕੇ ਕੌਮ ਦੀ ਹੋਣੀ ਉਨ੍ਹਾਂ ਉਪਰ ਛੱਡ ਦਿੰਦੇ ਰਹੇ ਹਨ। ਡੇਰੇ ਦੇ ਸਿਆਸੀ ਵਿੰਗ ਦਾ ਸਾਬਕਾ ਮੁਖੀ ਇਹ ਸਪੱਸ਼ਟ ਤੌਰ ’ਤੇ ਕਹਿ ਰਿਹਾ ਹੈ ਕਿ ਸੁਖਬੀਰ ਸਿੰਘ ਬਾਦਲ ਅਤੇ ਉਹਦੇ ਸਾਥੀ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਜੁਲਾਈ 2007 ਵਿੱਚ ਡੇਰਾ ਮੁਖੀ ਨਾਲ ਕਿਸੇ ਵੀ ਤਰ੍ਹਾਂ ਦਾ ਸਬੰਧ ਨਾ ਰੱਖਣ ਦੇ ਹੁਕਮਨਾਮੇ ਜਾਰੀ ਕੀਤੇ ਜਾਣ ਤੋਂ ਬਾਅਦ ਵੀ ਇੱਕ ਨਹੀਂ ਬਲਕਿ ਅਨੇਕਾਂ ਵਾਰ ਡੇਰਾ ਮੁਖੀ ਦੀ ਹਾਜ਼ਰੀ ਭਰਦੇ ਰਹੇ ਹਨ । ਉਹ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਡੇਰਾ ਮੁਖੀ ਨੂੰ ਦਿੱਤੀ ਗਈ ਮੁਆਫ਼ੀ ਦੇ ਮੁੱਦੇ ’ਤੇ ਗੱਲ ਕਰਦਿਆਂ ਦੱਸਦੇ ਹਨ ਕਿ ਡੇਰਾ ਮੁਖੀ ਦੇ ਸਾਰੇ ਪ੍ਰੋਗਰਾਮ ਪੰਜਾਬ ਅੰਦਰ ਸਿੱਖਾਂ ਨੇ ਬੰਦ ਕਰ ਦਿੱਤੇ ਸਨ ਅਤੇ ਉਸ ਦੀ ਪਹਿਲੀ ਫ਼ਿਲਮ ਵੀ ਪੰਜਾਬ ਵਿੱਚ ਚੱਲਣ ਨਹੀਂ ਸੀ ਦਿੱਤੀ ਅਤੇ ਜਦੋਂ ਡੇਰਾ ਮੁਖੀ ਦੀ ਦੂਜੀ ਫ਼ਿਲਮ ਆਈ ਤਾਂ ਪੰਜਾਬ ਵਿੱਚ ਫ਼ਿਲਮ ਨੂੰ ਚਲਾਉਣ ਲਈ ਉਸ ਮੌਕੇ ਉਹਨਾਂ (ਡੇਰਾ ਮੁਖੀ ਅਤੇ ਹਨੀਪ੍ਰੀਤ) ਨੇ ਸਾਨੂੰ (ਪ੍ਰਦੀਪ ਕਲੇਰ ਅਤੇ ਹਰਸ਼ ਧੂਰੀ) ਨੂੰ ਬੁਲਾ ਕੇ ਕਿਹਾ ਸੀ ਕਿ ਸੁਖਬੀਰ ਬਾਦਲ ਨਾਲ ਜਾ ਕੇ ਗੱਲ ਕਰੋ ਕਿ ਹੁਣ ਤੱਕ ਅਸੀਂ ਉਨ੍ਹਾਂ ਦੀ ਚੋਣਾਂ ਵਿੱਚ ਮਦਦ ਕਰਦੇ ਆ ਰਹੇ ਹਾਂ,ਹੁਣ ਉਹ ਸਾਡੀ ਮਦਦ ਕਰਨ ਅਤੇ ਕੁੱਝ ਵੀ ਹੱਲ ਕੱਢ ਕੇ ਮੇਰੇ ਪ੍ਰੋਗਰਾਮ ਪੰਜਾਬ ਵਿੱਚ ਕਰਨ ਲਈ ਮਦਦ ਕਰਨ ਅਤੇ ਫ਼ਿਲਮ ਨੂੰ ਪੰਜਾਬ ਵਿੱਚ ਚਲਾਉਣ ਦਾ ਇੰਤਜ਼ਾਮ ਕਰਨ। ਉਨ੍ਹਾਂ ਦੱਸਿਆ ਕਿ ਮੈਂ ਜ਼ਿਆਦਾ ਦਿੱਲੀ ਦੇ ਕੰਮ ਦੇਖਦਾ ਸੀ ਅਤੇ ਹਰਸ਼ ਦੀ ਜ਼ਿੰਮੇਵਾਰੀ ਪੰਜਾਬ ਦੇਖਣ ਦੀ ਸੀ,ਇਸ ਲਈ ਮੈ ਹਰਸ਼ ਨੂੰ ਨਾਲ ਲੈ ਕੇ ਸੁਖਬੀਰ ਦੀ ਕੋਠੀ 12 ਸਫਦਰਗੰਜ ਰੋਡ ਗਿਆ ਅਤੇ ਉਨ੍ਹਾਂ ਨਾਲ ਮਿਲ ਕੇ ਡੇਰਾ ਮੁਖੀ ਦਾ ਸੁਨੇਹਾ ਦਿੱਤਾ । ਉਸ ਮੌਕੇ ਸੁਖਬੀਰ ਨੇ ਹਿੱਕ ’ਤੇ ਹੱਥ ਮਾਰ ਕੇ ਕਿਹਾ ਸੀ ਕਿ ਜਿਸ ਤਰ੍ਹਾਂ ਤੁਹਾਡੇ ਵਾਲੇ ਸਿਸਟਮ ਦਾ ਉਹ ਬਾਬਾ ਹੈ, ਉਸ ਤਰ੍ਹਾਂ ਹੀ ਐਧਰਲੇ ਸਿਸਟਮ ਦਾ ਮੈਂ ਬਾਬਾ ਹਾਂ, ਕਹਿਣ ਤੋਂ ਭਾਵ ਕਿ ਸਿੱਖਾਂ ਵਾਲੇ ਸਿਸਟਮ ਦਾ ਬਾਬਾ ਮੈਂ ਹਾਂ, ਭਾਵ ਸੁਖਬੀਰ ਸਿੰਘ ਬਾਦਲ ਹੈ, ਇਸ ਲਈ ਤੁਸੀਂ ਕੋਈ ਫਿਕਰ ਜਾਂ ਪ੍ਰਵਾਹ ਨਾ ਕਰੋ ਮੈਂ ਸਾਰੇ ਇੰਤਜ਼ਾਮ ਕਰਾਂਗਾ, ਉਹਦੇ ਲਈ ਬਾਬੇ ਤੋਂ ਇੱਕ ਮੁਆਫ਼ੀਨਾਮੇ ਦਾ ਪੱਤਰ ਲਿਖਵਾ ਕੇ ਲੈ ਆਓ, ਜਿਸ ਦੇ ਜਰੀਏ ਉਹ ਸ੍ਰੀ ਅਕਾਲ ਤਖਤ ਸਾਹਿਬ ਤੋਂ ਬਾਬੇ ਨੂੰ ਮੁਆਫ਼ੀ ਦਿਵਾ ਦੇਣਗੇ। ਉਹ ਅੱਗੇ ਦੱਸਦਾ ਹੈ ਕਿ ਅਸੀਂ ਸੁਖਬੀਰ ਦਾ ਇਹ ਸੁਨੇਹਾ ਲੈ ਕੇ ਬਾਬੇ ਨੂੰ ਬੰਬੇ ਜਾ ਕੇ ਮਿਲੇ ਅਤੇ ਸਾਰਾ ਕੁੱਝ ਦੱਸਿਆ,ਜਿਸ ਤੋਂ ਬਾਅਦ ਉਨ੍ਹਾਂ ਵੱਲੋਂ ਇੱਕ ਸਪੱਸ਼ਟੀਕਰਨ ਹਿੰਦੀ ਵਿੱਚ ਲਿਖ ਕੇ ਸਾਨੂੰ ਦੇ ਦਿੱਤਾ ਗਿਆ,ਜਿਸ ਦੇ ਬਿਲਕੁਲ ਹੇਠਾਂ ਬਾਬੇ ਦੇ ਹਸਤਾਖਰ ਸਨ। ਉਹ ਦੱਸਦਾ ਹੈ ਕਿ ਦਲਜੀਤ ਚੀਮਾ ਅਤੇ ਸੁਖਬੀਰ ਨੇ ਉਸ ਸਪੱਸ਼ਟੀਕਰਨ ਦਾ ਪੰਜਾਬੀ ਅਨੁਵਾਦ ਕਰਨ ਸਮੇਂ ਉਸ ਪੱਤਰ ਅਤੇ ਹਸਤਾਖਰਾਂ ਦੇ ਵਿਚਕਾਰ ਬਚਦੀ ਕੁੱਝ ਥਾਂ ਵਿੱਚ ਖਿਮਾ ਦਾ ਜਾਚਕ ਸ਼ਬਦ ਆਪ ਹੀ ਲਿਖ ਦਿੱਤਾ ਅਤੇ ਜਦੋਂ ਦੂਜੇ ਦਿਨ ਅਖ਼ਬਾਰਾਂ ਵਿੱਚ ਇਹ ਖ਼ਬਰਾਂ ਛਪੀਆਂ ਤਾਂ ਬਾਬਾ ਇਸ ਗੱਲ ’ਤੇ ਪਹਿਲਾਂ ਸਾਡੇ ਨਾਲ ਨਰਾਜ਼ ਹੋਇਆ ਕਿ ਖਿਮਾ ਦਾ ਜਾਚਕ ਸ਼ਬਦ ਦੀ ਮੈਂ ਵਰਤੋਂ ਨਹੀਂ ਕੀਤੀ,ਕਿਉਂਕਿ ਮੈ ਸਪੱਸ਼ਟੀਕਰਨ ਦਿੱਤਾ ਹੈ। ਮੁਆਫ਼ੀ ਨਾਮਾ ਨਹੀਂ ਸੀ ਦਿੱਤਾ,ਉਹ ਦੱਸਦਾ ਹੈ ਕਿ ਸਾਨੂੰ ਇਹ ਸਪੱਸ਼ਟੀਕਰਨ ਬਾਬੇ ਨੂੰ ਦੇਣਾ ਪਿਆ ਕਿ ਇਹ ਸ਼ਬਦ ਖਿਮਾ ਦਾ ਜਾਚਕ ਅਸੀਂ ਨਹੀਂ ਬਲਕਿ ਖੁਦ ਸੁਖਬੀਰ ਅਤੇ ਦਲਜੀਤ ਚੀਮੇ ਨੇ ਲਿਖਿਆ ਹੈ। ਉਸ ਤੋਂ ਬਾਅਦ ਜਦੋਂ ਸਿੱਖ ਕੌਮ ਨੇ ਉਸ ਮੁਆਫ਼ੀਨਾਮੇ ਨੂੰ ਰੱਦ ਕਰ ਦਿੱਤਾ ਤਾਂ ਸੁਖਬੀਰ ਨੇ ਬਾਬੇ ਨੂੰ ਸ੍ਰੀ ਅਕਾਲ ਤਖਤ ਸਾਹਿਬ ’ਤੇ ਆਉਣ ਲਈ ਕਿਹਾ,ਪਰ ਬਾਬੇ ਨੇ ਸ੍ਰੀ ਅਕਾਲ ਤਖਤ ਸਾਹਿਬ ਆਉਣ ਤੋਂ ਜਵਾਬ ਦੇ ਦਿੱਤਾ। ਜਿਸ ਦਾ ਹੱਲ ਕੱਢਣ ਲਈ ਸੁਖਬੀਰ ਨੇ ਬਾਬੇ ਤੋਂ ਦੂਜਾ ਪੱਤਰ ਜਾਰੀ ਕਰਵਾਇਆ। ਉਹ ਇਹ ਵੀ ਸਾਫ ਦੱਸਦਾ ਹੈ ਕਿ ਸੁਖਬੀਰ 2012 ਦੀਆਂ ਚੋਣਾਂ ਸਮੇਂ ਵੀ ਗੁਪਤ ਤੌਰ ’ਤੇ ਡੇਰਾ ਸਿਰਸਾ ਵਿਖੇ ਜਾ ਕੇ ਬਾਬੇ ਨੂੰ ਮਿਲਿਆ, ਉਸ ਤੋਂ ਬਾਅਦ 2017 ਦੀਆਂ ਚੋਣਾਂ ਸਮੇਂ ਵੀ ਦੋ ਵਾਰ ਬਾਬੇ ਨੂੰ ਮਿਲਿਆ। ਉਹ ਦੱਸਦਾ ਹੈ ਕਿ ਡੇਰੇ ਵੱਲੋਂ 2017 ਵਿੱਚ ਵੀ ਖੁੱਲ ਕੇ ਅਕਾਲੀ ਦਲ ਦੀ ਮਦਦ ਕੀਤੀ ਗਈ ਅਤੇ 2019 ਵਿੱਚ ਵੀ ਸੁਖਬੀਰ ਅਤੇ ਹਰਸਿਮਰਤ ਦੀ ਮਦਦ ਕੀਤੀ ਗਈ ਸੀ । ਸੋ ਉਪਰੋਕਤ ਸਾਰੇ ਖ਼ੁਲਾਸਿਆਂ ਦੇ ਮੱਦੇ-ਨਜ਼ਰ ਇਹ ਸੋਚਣਾ ਬਣਦਾ ਹੈ ਕਿ ਮੰਨ ਲਓ ਪ੍ਰਦੀਪ ਕਲੇਰ ਵੱਲੋਂ ਕੀਤੇ ਖ਼ੁਲਾਸਿਆਂ ਵਿੱਚ ਬਹੁਤ ਸਾਰਾ ਝੂਠ ਵੀ ਬੋਲਿਆ ਗਿਆ ਹੋਵੇ,ਜੇਕਰ ਸਾਰੇ ਖ਼ੁਲਾਸਿਆਂ ਵਿੱਚ ਅੱਧੀ ਸਚਾਈ ਵੀ ਹੋਵੇ, ਤਾਂ ਵੀ ਸੁਖਬੀਰ ਸਿੰਘ ਬਾਦਲ ਸਿੱਖ ਕੌਮ ਦੇ ਵੱਡੇ ਦੋਸ਼ੀ ਹਨ ਕਿਉਂਕਿ ਉਹ ਕੌਮ ਦੇ ਵੱਡੇ ਆਗੂ ਹਨ। ਲੰਮਾ ਸਮਾਂ ਸਿੱਖ ਕੌਮ ਬਾਦਲ ਪਰਿਵਾਰ ਨੂੰ ਹੀ ਪੰਥ ਸਮਝ ਕੇ ਉਹਨਾਂ ਨੂੰ ਆਪਣੀ ਹੋਣੀ ਦੇ ਮਾਲਕ ਬਣਾਉਂਦੀ ਰਹੀ ਹੈ। ਜੇਕਰ ਅੱਧੇ ਤੋਂ ਵੀ ਘੱਟ ਸੱਚਾਈ ਹੋਵੇ,ਫਿਰ ਵੀ ਅਕਾਲੀ ਦਲ ਦੇ ਪ੍ਰਧਾਨ ਦੇ ਗੁਨਾਹ ਬਖ਼ਸ਼ਣ ਯੋਗ ਨਹੀਂ ਹਨ। ਉਨ੍ਹਾਂ ਨੇ ਕੌਮ ਦੇ ਭਰੋਸੇ ਨੂੰ ਵੀ ਤੋੜਿਆ ਹੈ ਅਤੇ ਆਪਣੇ ਗੁਰੂ ਨਾਲ ਵੀ ਧੋਖਾ ਕਰਨ ਅਤੇ ਮੀਰੀ ਪੀਰੀ ਦੇ ਸਿਧਾਂਤ ਨੂੰ ਵੱਡੀ ਢਾਹ ਲਾਉਣ ਦੀ ਕੋਸ਼ਿਸ਼ ਕੀਤੀ ਹੈ । ਉਨ੍ਹਾਂ ਵੱਲੋਂ ਬੋਲੇ ਗਏ ਇਹ ਸ਼ਬਦ: ‘ ਕਿ ਓਧਰਲੇ ਸਿਸਟਮ ਦਾ ਤੁਹਾਡਾ ਬਾਬਾ ਹੈ ਅਤੇ ਐਧਰਲੇ ਸਿਸਟਮ ਦਾ ਬਾਬਾ ਮੈਂ ਹਾਂ,’ ਸੁਖਬੀਰ ਨਹੀਂ ਬਲਕਿ ਉਹਨਾਂ ਦਾ ਸੱਤਾ ਦੇ ਨਸ਼ੇ ਵਿੱਚ ਹੰਕਾਰ ਬੋਲਿਆ ਹੈ। ਕਾਸ਼ ! ਕਿ ਮੌਜੂਦਾ ਸਮੇਂ ਵਿੱਚ ਵੀ ਜਥੇਦਾਰ ਬਾਬਾ ਫੂਲਾ ਸਿੰਘ ਅਕਾਲੀ ਵਰਗੇ ਜਥੇਦਾਰ ਹੁੰਦੇ,ਜਿਹੜੇ ਆਪਣੇ ਮਹਾਰਾਜੇ ਨੂੰ ਦਰਖ਼ਤ ਨਾਲ ਬੰਨਕੇ ਕੋੜੇ ਮਾਰਨ ਦੀ ਸਜ਼ਾ ਦੇਕੇ ਸਬਕ ਸਿਖਾਉਣ ਦੀ ਜੁਰਅਤ ਰੱਖਦੇ ਸਨ। ਪ੍ਰੰਤੂ ਮੌਜੂਦਾ ਜਥੇਦਾਰਾਂ ਤੋਂ ਇਹ ਆਸ ਨਹੀਂ ਕੀਤੀ ਜਾ ਸਕਦੀ ਕਿ ਉਹ ਸੁਖਬੀਰ ਸਿੰਘ ਬਾਦਲ ਦੀ ਅਕਲ ਟਿਕਾਣੇ ਕਰ ਸਕਣ। ਕਿਉਂਕਿ ਤਨਖ਼ਾਹਦਾਰ ਮੁਲਾਜ਼ਮ ਨੇ ਹਮੇਸ਼ਾ ਆਪਣੇ ਮਾਲਕ ਪ੍ਰਤੀ ਵਫ਼ਾ ਹੀ ਪਾਲਣੀ ਹੈ,ਇਹਦੇ ਵਿੱਚ ਹੀ ਉਹਨਾਂ ਦੇ ਨਿੱਜੀ ਹਿਤਾਂ ਦੇ ਸੁਰੱਖਿਅਤ ਰਹਿਣ ਦੀ ਸੰਭਾਵਨਾ ਛੁਪੀ ਹੋਈ ਹੁੰਦੀ ਹੈ।



ਇਸ ਲਈ ਭਾਵੇਂ ਮੌਜੂਦਾ ਮੁਲਾਜ਼ਮ ਕੌਮ ਦੇ ਜਥੇਦਾਰ ਬਣ ਕੇ ਇਤਿਹਾਸ ਸਿਰਜਣ ਦੇ ਸਮਰੱਥ ਨਹੀਂ ਹੋ ਸਕਣਗੇ,ਪਰ ਮੌਜੂਦਾ ਜਥੇਦਾਰਾਂ ਨੂੰ ਇਹ ਵੀ ਯਾਦ ਰੱਖਣਾ ਹੋਵੇਗਾ ਕਿ ਮੀਰੀ ਪੀਰੀ ਦੇ ਤਖਤ ’ਤੇ ਬੈਠ ਕੇ ਲਏ ਗਏ ਗਲਤ ਫੈਸਲੇ ਕੌਮ ਲਈ ਤਾਂ ਘਾਤਕ ਹੋਣਗੇ ਹੀ,ਪ੍ਰੰਤੂ ਉਹਨਾਂ ਦੀਆਂ ਆਪਣੀਆਂ ਨਸਲਾਂ ਲਈ ਵੀ ਸਦੀਆਂ ਤੱਕ ਕੌਮੀ ਨਫ਼ਰਤ ਦੇ ਬੀਜ ਬੀਜਣ ਦੇ ਵੀ ਜ਼ਿੰਮੇਵਾਰ ਹੋਣਗੇ । ਇਸ ਸਾਰੇ ਘਟਨਾ ਕ੍ਰਮ ਵਿੱਚ ਇਕੱਲਾ ਸੁਖਬੀਰ ਸਿੰਘ ਬਾਦਲ ਦੋਸ਼ੀ ਨਹੀਂ,ਬਲਕਿ ਉਹ ਸਾਰੇ ਹੀ ਅਕਾਲੀ ਬਰਾਬਰ ਦੇ ਦੋਸ਼ੀ ਹਨ,ਜਿਹੜੇ ਜਾਂ ਤਾਂ ਸੱਤਾ ਸੁਖ ਦੇ ਲਾਲਚ ਵਿੱਚ ਮੂਕ ਦਰਸ਼ਕ ਬਣੇ ਰਹੇ ਅਤੇ ਜਾਂ ਫਿਰ ਬਾਦਲ ਪਰਿਵਾਰ ਦੀਆਂ ਆਪ ਹੁਦਰੀਆਂ ’ਤੇ ਸਹੀ ਪਾਉਂਦੇ ਰਹੇ ਹਨ। ਕੌਮ ਦੇ ਕਟਹਿਰੇ ਵਿੱਚ ਇਹ ਸਾਰੇ ਹੀ ਲੋਕ ਕਦੇ ਮੁਆਫ਼ ਨਹੀਂ ਹੋ ਸਕਣਗੇ, ਭਾਵੇਂ ਉਹ ਹੁਣ ਆਪਣੇ ਆਪ ਨੂੰ ਬਾਦਲ ਪਰਿਵਾਰ ਤੋਂ ਵੱਖ ਕਰਨ ਦੀ ਕਿੰਨੀ ਵੀ ਕੋਸ਼ਿਸ਼ ਕਰ ਲੈਣ। ਅਗਲੀ ਗੱਲ ਉਸ ਵਾਅਦਾ ਮੁਆਫ਼ ਗਵਾਹ ਪਰਦੀਪ ਕਲੇਰ ਦੀ ਕਰਦੇ ਹਾਂ,ਜਿਹੜਾ ਹੁਣ ਕਨੂੰਨੀ ਪ੍ਰਕਿਰਿਆ ਤੋਂ ਡਰਦਾ ਵਾਅਦਾ ਮੁਆਫ਼ ਗਵਾਹ ਬਣ ਕੇ ਆਪਣੀ ਬੰਦ ਖ਼ਲਾਸੀ ਚਾਹੁੰਦਾ ਹੈ । ਉਹਦੇ ਵੱਲੋਂ ਡੇਰਾ ਸਿਰਸਾ ਅਤੇ ਅਕਾਲੀ ਦਲ ਦੇ ਪ੍ਰਧਾਨ ਦੇ ਆਪਸੀ ਸੰਬੰਧਾਂ ਅਤੇ ਸਾਰੇ ਘਟਨਾਕਰਮ ਤੋ ਪਰਦਾ ਚੁੱਕਣ ਤੋ ਬਾਅਦ ਜਿਸ ਤਰ੍ਹਾਂ ਸਿੱਖ ਕੌਮ ਤੋਂ ਹਮਦਰਦੀ ਦੀ ਆਸ ਰੱਖਦਿਆਂ ਹਮਾਇਤ ਦੀ ਮੰਗ ਕੀਤੀ ਗਈ ਹੈ,ਉਹ ਸਾਰਾ ਵਰਤਾਰਾ ਬਿਲਕੁਲ ਉਸ ਤਰਾਂ ਦਾ ਹੈ,ਜਿਸ ਤਰ੍ਹਾਂ ਪਿਛਲੇ ਕੁੱਝ ਸਾਲਾਂ ਵਿੱਚ ਪਿੰਕੀ ਕੈਟ ਦਾ ਵਰਤਾਰਾ ਰਿਹਾ ਹੈ ।

ਪਿੰਕੀ ਕੈਟ ਸੈਂਕੜੇ ਸਿੱਖ ਨੌਜਵਾਨਾਂ ਨੂੰ ਕੋਹ ਕੋਹ ਮਾਰਨ ਦਾ ਦੋਸ਼ੀ ਰਿਹਾ ਹੈ। ਫਿਰ ਜਦੋਂ ਉਹਨੂੰ ਜਾਪਿਆ ਕਿ ਸਰਕਾਰ ਵੱਲੋਂ ਉਹਨੂੰ ਉਹ ਸਹੂਲਤਾਂ ਅਤੇ ਰੁਤਬਾ ਨਹੀਂ ਦਿੱਤਾ ਗਿਆ ਜਿਸ ਦੀ ਉਹ ਆਸ ਕਰਦਾ ਸੀ,ਤਾਂ ਉਹਨੇ ਮੀਡੀਏ ਵਿੱਚ ਆ ਕੇ ਬੋਲਣਾ ਸ਼ੁਰੂ ਕਰ ਦਿੱਤਾ ਅਤੇ ਸਿੱਖ ਨੌਜਵਾਨੀ ਦਾ ਘਾਣ ਕਰਨ ਵਾਲੇ ਸੁਮੇਧ ਸੈਣੀ ਸਮੇਤ ਬਹੁਤ ਸਾਰੇ ਪੁਲਿਸ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੂੰ ਲੋਕ ਕਚਹਿਰੀ ਵਿੱਚ ਨੰਗਾ ਕਰ ਦਿੱਤਾ ।

ਹੁਣ ਇੱਥੇ ਇਹ ਸੋਚਣਾ ਬਣਦਾ ਹੈ ਕਿ ਜਦੋਂ ਪਿੰਕੀ ਨੂੰ ਸਰਕਾਰ ਵੱਲੋਂ ਜਾਂ ਉਹਦੇ ਮਹਿਕਮੇ ਵੱਲੋਂ ਨਜ਼ਰ-ਅੰਦਾਜ਼ ਕਰ ਦਿੱਤਾ ਗਿਆ, ਫਿਰ ਹੀ ਉਹਨੇ ਇਹ ਖ਼ੁਲਾਸੇ ਕੀਤੇ,ਪਰ ਇਹ ਵੀ ਸੱਚ ਹੈ ਕਿ ਦਰਜਨਾਂ ਬੇਦੋਸੇ ਨੌਜਵਾਨਾਂ ਨੂੰ ਕੋਹ ਕੋਹ ਕੇ ਮਾਰਨ ਦੇ ਦੋਸ਼ੀ ਕੌਮ ਦੀ ਹਮਦਰਦੀ ਅਤੇ ਹਮਾਇਤ ਦਾ ਹੱਕਦਾਰ ਕਿਵੇਂ ਬਣ ਸਕਦਾ ਸੀ,ਠੀਕ ਉਸੇ ਤਰ੍ਹਾਂ ਹੀ ਪ੍ਰਦੀਪ ਕਲੇਰ ਜਿਹੜਾ ਸਾਰੇ ਪਾਪਾਂ ਵਿੱਚ ਡੇਰਾ ਸਿਰਸਾ ਮੁਖੀ ਦੇ ਬਰਾਬਰ ਦੇ ਦੋਸ਼ੀਆਂ ’ਚੋਂ ਇੱਕ ਰਿਹਾ ਹੈ,ਉਹ ਸਿੱਖ ਕੌਮ ਦੀ ਹਮਦਰਦੀ ਅਤੇ ਹਮਾਇਤ ਦਾ ਹੱਕਦਾਰ ਕਿਵੇਂ ਹੋ ਸਕਦਾ ਹੈ ? ਅਜੇ ਤੱਕ ਉਕਤ ਵਾਅਦਾ ਮੁਆਫ਼ ਗਵਾਹ ਨੇ ਸਿੱਖ ਕੌਮ ਦੇ ਹਿਰਦੇ ਵਲੂੰਧਰ ਰਹੀਆਂ ਧੰਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਸਬੰਧੀ ਇੱਕ ਸ਼ਬਦ ਤੱਕ ਤੱਕ ਨਹੀਂ ਬੋਲਿਆ। ਭਾਵੇਂ ਸਿੱਖਾਂ ਦੀ ਹਮਦਰਦੀ ਤਾਂ ਉਹਨੂੰ ਕਿਸੇ ਵੀ ਸ਼ਰਤ ਤੇ ਮਿਲਣੀ ਸੰਭਵ ਨਹੀਂ,ਪਰ ਫਿਰ ਵੀ ਜਦੋਂ ਉਹਨੇ ਮੀਡੀਏ ਨੂੰ ਇੱਥੋਂ ਤੱਕ ਦੱਸ ਹੀ ਦਿੱਤਾ ਹੈ,ਫਿਰ ਬੇਅਦਬੀਆਂ ਦੇ ਸਬੰਧ ਵਿੱਚ ਵੀ ਸੱਚੋ ਸੱਚ ਖ਼ੁਲਾਸੇ ਕਰ ਦੇਣੇ ਚਾਹੀਦੇ ਹਨ। ਜਿੰਨੀ ਦੇਰ ਸਾਰਾ ਕੁੱਝ ਸਪੱਸ਼ਟ ਨਹੀਂ ਹੁੰਦਾ,ਓਨੀ ਦੇਰ ਉਪਰੋਕਤ ਇੰਟਰਵਿਊ ਸਬੰਧੀ ਦੁਬਿਧਾ ਬਣੀ ਰਹੇਗੀ। ਸੋ ਉਪਰੋਕਤ ਪਾਪਾਂ ਦੇ ਘੜੇ ਦੇ ਭਰ ਭਰ ਕੇ ਉੱਛਲਨ ਨਾਲ ਹੋਰ ਕੌਣ ਕੌਣ ਲੋਕ ਕਟਹਿਰੇ ਵਿੱਚ ਨੰਗੇ ਹੋਣਗੇ,ਦੇਖਣ, ਵਿਚਾਰਨ ਅਤੇ ਚਿੰਤਾ ਵਾਲੀ ਗੱਲ ਇਹ ਵੀ ਹੋਵੇਗੀ।



# ਸ਼ਾਂਤੀ, ਪ੍ਰੇਮ ਅਤੇ ਕੁਦਰਤੀ ਸਾਧਨਾਂ ਦੇ ਬੈਰਾਗ ਦਾ ਪ੍ਰਤੀਕ ਜਨਜਾਤੀ ਮੁਖੀ ਚੀਫ਼ ਸਿਆਟਲ ਦਾ ਭਾਸ਼ਣ



ਜਸਵਿੰਦਰ ਸਿੰਘ ਰੁਪਾਲ
ਵਟਸਐਪ ਨੰਬਰ +91 9814715796


ਅਠਾਰਵੀਂ ਉਨੀਵੀਂ ਸਦੀ ਵਿੱਚ ਉੱਤਰੀ ਅਮਰੀਕਾ ਦੇ ਮੂਲ ਵਾਸੀਆਂ ਪਾਸੋਂ ਉਨ੍ਹਾਂ ਦੀ ਜੱਦੀ ਜ਼ਮੀਨ ਲੈ ਲਈ ਗਈ। ਇੱਥੇ ਆ ਕੇ ਵੱਸੇ ਯੂਰਪੀ ਗੋਰਿਆਂ ਨੇ ਕਾਫੀ ਲੰਮੇ ਸਮੇਂ ਦੇ ਤਕਰਾਰਾਂ, ਧੱਕਿਆਂ, ਸਮਝੌਤਿਆਂ ਤੋਂ ਬਾਅਦ ਇਸ ਜ਼ਮੀਨ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਜਿਸ ਦੇ ਬਦਲੇ ਵਿੱਚ ਮੂਲ ਵਾਸੀਆਂ ਨੂੰ ਛੋਟੇ ਮੋਟੇ ਅਧਿਕਾਰ ਅਤੇ ਰਾਖਵਾਂਕਰਨ ਦੇ ਵਾਅਦੇ ਬਗੈਰਾ ਕੀਤੇ ਗਏ। ਜਿਹੜੇ ਕਿ ਹੂਬਹੂ ਕਦੇ ਵੀ ਪੂਰੇ ਨਹੀਂ ਹੋਏ। ਇਨ੍ਹਾਂ ਮੂਲ ਵਾਸੀਆਂ ਵਿੱਚ ਕਈ ਜਨ ਜਾਤੀਆਂ ਅਤੇ ਕਬੀਲੇ ਦੇ ਲੋਕ ਸਨ ।ਦੁਵਾਮਿਸ਼ ਜਨ ਜਾਤੀ ਦੇ ਇੱਕ ਮੁਖੀ, ਚੀਫ਼ ਸਿਆਟਲ ਉਸ ਸਮੇਂ ਦੇ ਜਨ-ਜਾਤੀ ਕਬੀਲਿਆਂ ਦਾ ਵਿਸ਼ਵ ਨਜ਼ਰੀਆ ਪੇਸ਼ ਕਰਨ ਵਾਲਾ ਪ੍ਰਤੀਨਿਧ ਆਗੂ ਸੀ । ਸਿਆਟਲ ਨੇ ਹੀ 1855 ਈਸਵੀ ਦੇ ਪੁਆਇੰਟ ਇਲੀਅਟ ਦੇ ਸਮਝੌਤੇ 'ਤੇ ਦਸਤਖ਼ਤ ਵੀ ਕੀਤੇ ਸਨ। ਜਿਸ ਰਾਹੀਂ ਇਹਨਾਂ ਲੋਕਾਂ ਨੂੰ ਸ਼ਿਕਾਰ ਕਰਨ ਅਤੇ ਮੱਛੀਆਂ ਫੜਨ ਦੇ ਅਧਿਕਾਰ ਦਿੱਤੇ ਗਏ ਸਨ। ਭਰੇ ਮਨ ਨਾਲ ਇਹਨਾਂ ਆਪਣੀ ਜ਼ਮੀਨ ਅਮਰੀਕਾ ਸਰਕਾਰ ਨੂੰ ਸੌਂਪ ਦਿੱਤੀ ਸੀ। ਇਹ ਲੋਕ ਧਰਤੀ ਨੂੰ, ਦਰਿਆਵਾਂ ਨੂੰ, ਜੰਗਲਾਂ ਨੂੰ ਬਹੁਤ ਜ਼ਿਆਦਾ ਪਿਆਰ ਕਰਦੇ ਸਨ। ਸਿਆਟਲ ਹੀ ਉਹ ਵਿਅਕਤੀ ਸੀ, ਜਿਸ ਦੀ ਮੂਲ ਨਿਵਾਸੀਆਂ ਅਤੇ ਯੂਰਪੀਅਨਾਂ ਵਿੱਚ ਸ਼ਾਂਤੀ ਅਤੇ ਸੁਖਾਵੇਂ ਸੰਬੰਧ ਬਣਾਈ ਰੱਖਣ ਦੇ ਯਤਨਾਂ ਨੂੰ ਮਾਣ ਦੇਣ ਲਈ ਡਾਕਟਰ ਮੈਨਾਰਡ, ਡੇਵਿਡ ਸਵਿਨਸਨ ਅਤੇ ਆਰਥਰ ਏ. ਡੈਨੀ ਨੇ ਅਮਰੀਕਾ ਦੇ ਸ਼ਹਿਰ ਦਾ ਨਾਂ ਉਸ ਦੇ ਨਾਮ 'ਤੇ ਸਿਆਟਲ ਰੱਖਿਆ। ਚੀਫ਼ ਸਿਆਟਲ ਦਾ ਜਨਮ 1786 ਈਸਵੀ ਅਤੇ ਮੌਤ 1866 ਈਸਵੀ ਵਿੱਚ ਹੋਈ। ਉਹ ਆਪਣੇ ਜੀਵਨ ਕਾਲ ਵਿੱਚ ਆਪਣੇ ਕਬੀਲੇ ਦੇ ਲੋਕਾਂ ਦੇ ਲਈ ਜਿਉਂਦਾ ਰਿਹਾ ਅਤੇ ਗੋਰਿਆਂ ਨਾਲ ਚੰਗੇ ਸੰਬੰਧ ਬਣਾਉਣ ਲਈ ਜੱਦੋ ਜਹਿਦ ਕਰਦਾ ਰਿਹਾ। ਅੱਜ ਅਸੀਂ ਉਸ ਦੇ 11 ਮਾਰਚ 1854 ਈਸਵੀ ਦੇ ਉਸ ਇਤਿਹਾਸਕ ਭਾਸ਼ਣ ਨੂੰ ਯਾਦ ਕਰ ਰਹੇ ਹਾਂ ਜਿਹੜਾ ਉਸ ਨੇ ਸਿਆਟਲ ਦੇ ਖੁੱਲੇ ਮੈਦਾਨ ਵਿੱਚ ਹਜ਼ਾਰਾਂ ਲੋਕਾਂ ਦੇ ਸਾਹਮਣੇ ਆਪਣੀ ਜ਼ਮੀਨ ਨੂੰ ਗੋਰਿਆਂ ਨੂੰ ਸੌਂਪਣ ਸਮੇਂ ਦਿੱਤਾ। ਇਸ ਭਾਸ਼ਣ ਵਿਚੋਂ ਉਸ ਦਾ ਆਪਣੇ ਲੋਕਾਂ ਪ੍ਰਤੀ, ਆਪਣੀ ਧਰਤੀ ਅਤੇ ਵਾਤਾਵਰਣ ਸੰਬੰਧੀ ਪਿਆਰ ਤਾਂ ਪ੍ਰਗਟ ਹੋ ਹੀ ਰਿਹਾ ਹੈ, ਪਰ ਇੱਕ ਪਰਮਾਤਮਾ ਦੇ ਮੰਨਣ ਨਾਲ ਜੋ ਨਸਲੀ ਵਿਤਕਰੇ ਤੇ ਉਸ ਨੇ ਇਤਰਾਜ਼ ਪ੍ਰਗਟਾਇਆ ਹੈ, ਉਹ ਵੀ ਬਹੁਤ ਮਹੱਤਵਪੂਰਨ ਹੈ। ਇਸ ਭਾਸ਼ਣ ਦੀ ਭਾਵਨਾ ਅੱਜ ਵੀ ਅਤੇ ਵਿਸ਼ਵ ਦੇ ਕਿਸੇ ਵੀ ਕੋਨੇ ਵਿੱਚ ਉਤਨੀ ਹੀ ਸਾਰਥਕ ਹੈ, ਜਿੰਨੀ ਉਸ ਸਮੇਂ ਇਹ ਉੱਤਰੀ ਅਮਰੀਕਨ ਭਾਰਤੀ ਲੋਕਾਂ ਲਈ ਸੀ। ਇਸ ਭਾਸ਼ਣ ਦੇ ਮੂਲ ਪਾਠ ਦੀ ਪ੍ਰਮਾਣਿਕਤਾ ਬਾਰੇ ਤਾਂ ਪੂਰਾ ਦਾਅਵਾ ਨਹੀਂ ਕਰ ਸਕਦੇ, ਪਰ ਉਸਦੀ ਭਾਵਨਾ ਅਤੇ ਵਿਸ਼ਾ ਪੂਰਨ ਓਹੀ ਹੈ। ਸਮੇਂ ਦੀਆਂ ਪਰਤਾਂ ਨੇ ਹੋ ਸਕਦਾ ਏ, ਕੁਝ ਸ਼ਬਦਾਂ ਵਿੱਚ ਤਬਦੀਲੀ ਲੈ ਆਂਦੀ ਹੋਵੇ।ਸਿਆਟਲ ਦੇ ਭਾਸ਼ਣ ਦੇ ਤਿੰਨ ਮੁੱਖ ਹਿੱਸੇ ਹਨ। ਪਹਿਲੇ ਵਿੱਚ ਉਸ ਦਾ ਕੁਦਰਤ ਨਾਲ ਸੰਬੰਧ ਜਾਹਿਰ ਹੁੰਦਾ ਹੈ, ਦੂਜੇ ਹਿੱਸੇ ਵਿੱਚ ਇੱਕ ਦੂਜੇ ਨਾਲ ਪਿਆਰ ਸੰਬੰਧ ਅਤੇ ਤੀਸਰੇ ਹਿੱਸੇ ਵਿੱਚ ਇੱਕੋ ਪਰਮਾਤਮਾ ਦੇ ਰਾਹੀਂ ਸਾਂਝੀ ਤਕਦੀਰ ਦਾ ਜਿਕਰ ਹੈ।

**ਕੁਦਰਤ ਨਾਲ ਸੰਬੰਧ** :- ਭਾਸ਼ਣ ਦੇ ਪਹਿਲੇ ਹਿੱਸੇ ਵਿੱਚ ਉਸ ਦਾ ਆਪਣੀ ਉਸ ਭੂਮੀ ਪ੍ਰਤੀ, ਉਸ ਦੇ ਦਰਿਆਵਾਂ, ਜੰਗਲ, ਪੰਛੀਆਂ, ਜਾਨਵਰਾਂ ਅਤੇ ਬਨਸਪਤੀ ਨਾਲ ਪਿਆਰ ਪ੍ਰਗਟ ਹੁੰਦਾ ਹੈ। ਆਓ ਸਿਆਟਲ ਦੇ ਸ਼ਬਦਾਂ ਨੂੰ ਮਾਣੀਏ -- ਜੇ ਤੁਹਾਡੇ ਕੋਲ ਤਾਜ਼ੀ ਹਵਾ ਦੇ ਬੁੱਲੇ ਅਤੇ ਜਲ ਦੀਆਂ ਫੁਹਾਰਾਂ ਨਹੀਂ ਹਨ, ਉਹਨਾਂ ਨੂੰ ਕਿਵੇਂ ਅਤੇ ਕਿੱਥੋਂ ਖਰੀਦੋਗੇ ? ਧਰਤੀ ਦਾ ਹਰੇਕ ਟੋਟਾ ਮੇਰੇ ਲੋਕਾਂ ਲਈ ਪਾਕਿ ਪਵਿੱਤਰ ਹੈ। ਦੇਵਦਾਰ ਦੀਆਂ ਨੁਕੀਲੀਆਂ ਸੂਈਆਂ, ਹਰ ਰੇਤਲਾ ਕਿਨਾਰਾ, ਸੰਘਣੇ ਜੰਗਲਾਂ ਦਾ ਹਰ ਕੁਹਾਸਾ, ਹਰ ਚਰਾਗਾਹ, ਹਰ ਭਿਣ ਭਿਣ ਕਰਦਾ ਕੀਟ ਮੇਰੇ ਲੋਕਾਂ ਦੇ ਤਜਰਬੇ ਅਤੇ ਯਾਦਾਂ ਵਿੱਚ ਪਾਕ ਪਵਿੱਤਰ ਹਨ। ਸਾਨੂੰ ਅਹਿਸਾਸ ਹੈ ਕਿ ਦਰੱਖਤਾਂ ਵਿਚੋਂ ਵਹਿੰਦੇ ਹੋਏ ਰਸ ਨੂੰ ਅਸੀਂ ਆਪਣਾ ਖੂਨ ਸਮਝਦੇ ਹਾਂ, ਜਿਹੜਾ ਸਾਡੀਆਂ ਨਾੜੀਆਂ ਵਿੱਚੋਂ ਵਗ ਰਿਹਾ ਹੈ। ਅਸੀਂ ਇਸ ਭੂਮੀ ਦਾ ਇੱਕ ਜਿਊਂਦਾ ਜਾਗਦਾ ਹਿੱਸਾ ਹਾਂ ਅਤੇ ਇਹ ਸਾਡਾ ਹਿੱਸਾ ਹੈ। ਮਹਿਕਦੇ ਫੁੱਲ ਸਾਡੀਆਂ ਭੈਣਾਂ ਹਨ। ਰਿੱਛ, ਭਾਲੂ, ਵਿਰਾਟ ਬਾਜ਼ ਸਾਡੇ ਭਰਾ ਹਨ। ਚਟਾਨੀ ਉਚਾਈਆਂ, ਜੂਸ ਅਤੇ ਚਰਾਂਦਾਂ ,ਟੱਟੂ ਦੇ ਸਰੀਰ ਦੀ ਗਰਮੀ ਅਤੇ ਮਨੁੱਖ ਇਹ ਸਭ ਇੱਕ ਹੀ ਪਰਿਵਾਰ ਨਾਲ ਸੰਬੰਧ ਰੱਖਦੇ ਹਨ। ਨਦੀਆਂ ਅਤੇ ਦਰਿਆਵਾਂ ਚੋਂ ਵਹਿੰਦੇ ਹੋਏ ਲਹਿਲਹਾਉਂਦੇ ਪਾਣੀ ਨੂੰ ਸਿਰਫ਼ ਪਾਣੀ ਹੀ ਨਾ ਜਾਣੋ, ਇਹ ਸਾਡੇ ਵੱਡੇ ਵਡੇਰਿਆਂ ਦਾ ਖੂਨ ਹੈ। ਜੇ ਅਸੀਂ ਆਪਣੀ ਭੂਮੀ ਤੁਹਾਨੂੰ ਵੇਚਦੇ ਹਾਂ, ਤਾਂ ਯਾਦ ਰੱਖਿਓ ਇਹ ਸਾਡੇ ਲਈ ਬਹੁਤ ਹੀ ਪਵਿੱਤਰ ਹੈ। ਝੀਲਾਂ ਦੇ ਸਾਫ਼ ਪਾਣੀ ਵਿੱਚ ਪੈਂਦਾ ਹਰ ਪਰੇਤਮਈ ਪ੍ਰਤੀਬਿੰਬ ਮੇਰੇ ਲੋਕਾਂ ਦੇ ਜੀਵਨ ਦੀਆਂ ਘਟਨਾਵਾਂ ਅਤੇ ਸਾਂਝਾਂ ਦੱਸਦਾ ਹੈ। ਪਾਣੀ ਦੀ ਗੜਗੜਾਹਟ ਸਾਡੇ ਪੁਰਖਿਆਂ ਦੀ ਆਵਾਜ਼ ਹੈ। ਦਰਿਆ ਸਾਡੇ ਭਰਾ ਹਨ ਉਹ ਸਾਡੀ ਪਿਆਸ ਬੁਝਾਉਂਦੇ ਹਨ। ਉਹ ਸਾਡੇ ਬੇੜਿਆਂ ਨੂੰ ਠੇਲ੍ਹਦੇ ਹਨ ਅਤੇ ਸਾਡੇ ਬੱਚਿਆਂ ਨੂੰ ਪਾਲ਼ਦੇ ਹਨ। ਇਸ ਲਈ ਤੁਸੀਂ ਇਹਨਾਂ ਦਰਿਆਵਾਂ ਪ੍ਰਤੀ ਉਤਨੀ ਹੀ ਦਇਆ ਅਤੇ ਸੁਹਿਰਦਤਾ ਰੱਖਣੀ, ਜਿਤਨੀ ਤੁਸੀਂ ਆਪਣੇ ਭਰਾ ਪ੍ਰਤੀ ਰੱਖਦੇ ਹੋ। ਆਪਸੀ ਸੰਬੰਧ :- ਵਿਅਕਤੀ ਦੇ ਵਿਅਕਤੀ ਨਾਲ ਸੰਬੰਧ ਬਹੁਤ ਮਹੱਤਵਪੂਰਨ ਹਨ। ਜਿੱਥੇ ਸਿਆਟਲ ਸ਼ਹਿਰਾਂ ਦੀ ਮਸ਼ੀਨੀ ਜਿਹੀ ਸਭਿਅਤਾ ਨੂੰ ਪਸੰਦ ਨਹੀਂ ਕਰਦਾ, ਉੱਥੇ ਇਹ ਕਹਿਣ ਤੋਂ ਵੀ ਗੁਰੇਜ਼ ਨਹੀਂ ਕਰਦਾ ਕਿ ਇਹਨਾਂ ਵਿੱਚ ਜਿੰਦਗੀ ਦੀ ਧੜਕਣ ਨਹੀਂ ਹੈ। ਉਸਦੇ ਸ਼ਬਦਾਂ ਨੂੰ ਦੇਖੋ- ਸਾਡੇ ਜੀਵਨ ਢੰਗ ਤੁਹਾਡੇ ਨਾਲੋਂ ਵੱਖਰੇ ਹਨ। ਤੁਹਾਡੇ ਸ਼ਹਿਰਾਂ ਦੀਆਂ ਨਜ਼ਰਾਂ ਲਾਲ ਆਦਮੀ(ਉੱਤਰੀ ਅਮਰੀਕਨ ਭਾਰਤੀ ਮੂਲ ਨਿਵਾਸੀਆਂ ਨੂੰ ਕਿਹਾ ਹੈ) ਨੂੰ ਤਕਲੀਫ਼ ਪੁਚਾਉਂਦੀਆਂ ਹਨ। ਗੋਰੇ ਲੋਕਾਂ ( ਯੂਰਪੀਅਨ,ਜੋ ਇੱਥੇ ਆ ਕੇ ਸੈੱਟ ਹੋਏ,ਉਨ੍ਹਾਂ ਵੱਲ ਇਸ਼ਾਰਾ ਹੈ) ਦੇ ਸ਼ਹਿਰਾਂ ਵਿੱਚ ਕੋਈ ਵੀ ਜਗ੍ਹਾ ਸ਼ਾਂਤ ਨਹੀਂ ਹੈ। ਕੋਈ ਵੀ ਥਾਂ ਅਜਿਹੀ ਨਹੀਂ ਲੱਭਦੀ, ਜਿੱਥੇ ਬਸੰਤ ਰੁੱਤ ਵਿੱਚ ਹਵਾ 'ਚ ਖੜਕਦੇ ਪੱਤਿਆਂ ਦੀ ਜਾਂ ਕਿਸੇ ਕੀਟ ਦੇ ਖੰਭਾਂ ਦੀ ਭਿਣਭਿਣਾਹਟ ਸੁਣੀ ਜਾ ਸਕਦੀ ਹੋਵੇ। ਅਤੇ ਇੱਕ ਇਨਸਾਨ ਦੀ ਜਿੰਦਗੀ ਕਿਸ ਅਰਥ ਰਹਿ ਜਾਏਗੀ ਜੇ ਉਹ ਵਿਪਰਵਲ(ਇੱਕ ਅਮਰੀਕਨ ਪੰਛੀ) ਦੀ ਪਿਆਰੀ ਕੂਕ ਜਾਂ ਡੱਡੂਆਂ ਦੀ ਟਰੈਂ ਟਰੈਂ ਨਹੀਂ ਸੁਣ ਸਕਦਾ ? ਭਾਰਤੀ, ਤਲਾਅ ਦੇ ਉਪਰੋਂ ਵਗਦੀ ਹੋਈ ਪੌਣ ਦੀ ਮੱਠੀ ਆਵਾਜ਼ ਅਤੇ ਦੁਪਹਿਰ ਦੇ ਮੀਂਹ ਦੁਆਰਾ ਧੋਤੀ ਹੋਈ ਹਵਾ ਦੀ ਮਹਿਕ ਨੂੰ ਮਾਣਦਾ ਅਤੇ ਪਸੰਦ ਕਰਦਾ ਹੈ। ਲਾਲ ਆਦਮੀ ਲਈ ਹਵਾ ਬਹੁਤ ਕੀਮਤੀ ਹੈ ਕਿਉਂਕਿ ਹਰ ਜੀਵ ਇੱਕੋ ਤਰਾਂ ਸਾਹ ਲੈਂਦਾ ਹੈ। ਬੀਸਟ(ਅਮਰੀਕਨ ਜਾਨਵਰ), ਦਰਖਤ ਅਤੇ ਮਨੁੱਖ ਸਭ ਇੱਕੋ ਤਰਾਂ ਤਾਂ ਸਾਹ ਲੈਂਦੇ ਹਨ। ਸਿਰਫ਼ ਇੱਕ ਮਰ ਰਹੇ ਪ੍ਰਾਣੀ ਨੂੰ ਤੇਜ਼ ਅਤੇ ਅਸੁਖਾਵੀ ਦੁਰਗੰਧ ਵੀ ਮਹਿਸੂਸ ਨਹੀਂ ਹੁੰਦੀ। ਪਰ ਜੇ ਅਸੀਂ ਆਪਣੀ ਭੂਮੀ ਤੁਹਾਨੂੰ ਵੇਚੀਏ, ਤੁਸੀਂ ਯਾਦ ਰੱਖਣਾ ਕਿ ਹਵਾ ਸਾਡੇ ਲਈ ਬਹੁਤ ਜਿਆਦਾ ਕੀਮਤੀ ਹੈ। ਅਤੇ ਹਵਾ ਜਿੰਦਗੀ ਦੀ ਅਧਾਰ ਪ੍ਰਾਣ ਸ਼ਕਤੀ ਨੂੰ ਵੰਡਦੀ ਹੈ। ਹਵਾ, ਜਿਸ ਵਿੱਚ ਸਾਡੇ ਪੁਰਖਿਆਂ ਨੇ ਪਹਿਲਾ ਸਾਹ ਲਿਆ, ਜਿਸ ਵਿੱਚ ਉਹਨਾਂ ਨੇ ਆਖਰੀ ਸਾਹ ਵੀ ਲਿਆ ਸੀ। ਜੇ ਅੱਜ ਅਸੀਂ ਆਪਣੀ ਜ਼ਮੀਨ ਤੁਹਾਨੂੰ ਵੇਚੀਏ, ਤੁਸੀਂ ਇਸਨੂੰ ਸੰਭਾਲ ਕੇ ਅਤੇ ਪਵਿੱਤਰਤਾ ਨਾਲ ਅਜਿਹੀ ਥਾਂ ਵਾਂਗ ਰੱਖਿਓ, ਜਿੱਥੇ ਇੱਕ ਗੋਰਾ ਵਿਅਕਤੀ (ਯੂਰਪੀਅਨ) ਵੀ ਉਸ ਹਵਾ ਦਾ ਆਨੰਦ ਲੈਣ ਜਾਵੇ, ਜਿਹੜੀ ਕਿ ਚਰਾਂਦਾਂ ਦੇ ਫੁੱਲਾਂ ਨਾਲ ਮਹਿਕਾਈ ਗਈ ਹੈ। ਆਦਮੀ ਬੀਸਟ ਤੋਂ ਬਿਨਾਂ ਕਾਹਦੇ ਜੋਗਾ ਹੈ ? ਜੇ ਸਾਰੇ ਬੀਸਟ ਖਤਮ ਹੋ ਗਏ,ਇਸ ਮਨੁੱਖ ਦੀ ਰੂਹ ਵੀ ਇੱਕਲਤਾ ਕਰਕੇ ਹੀ ਮਰ ਜਾਵੇਗੀ। ਸਾਰੇ ਜੀਵ ਆਪਸ ਵਿੱਚ ਚੰਗੀ ਤਰਾਂ ਜੁੜੇ ਹੋਏ ਹਨ। ਤੁਸੀਂ ਆਪਣੇ ਬੱਚਿਆਂ ਨੂੰ ਜ਼ਰੂਰ ਸਿਖਾਉਣਾ ਕਿ ਉਹਨਾਂ ਦੇ ਪੈਰਾਂ ਹੇਠਲੀ ਜ਼ਮੀਨ, ਸਾਡੇ ਬਜ਼ੁਰਗਾਂ ਦੀ ਅੰਤਿਮ ਰਾਖ ਹੈ ਤਾਂ ਕਿ ਉਹ ਜ਼ਮੀਨ ਦਾ ਸਤਿਕਾਰ ਕਰ ਸਕਣ। ਆਪਣੇ ਬੱਚਿਆਂ ਨੂੰ ਦੱਸੋ ਕਿ ਭੂਮੀ ਸਾਡੇ ਪੁਰਖਿਆਂ ਦੀਆਂ ਜ਼ਿੰਦਗੀਆਂ ਨਾਲ ਭਰਪੂਰ ਹੈ। ਜੇ ਕੋਈ ਵਿਅਕਤੀ ਇਸ ਜ਼ਮੀਨ 'ਤੇ ਥੁੱਕਦਾ ਹੈ, ਤਾਂ ਉਹ ਆਪਣੇ ਵੱਡੇ ਵਡੇਰਿਆਂ 'ਤੇ ਥੁੱਕ ਰਿਹਾ ਹੈ। ਸਾਨੂੰ ਪਤਾ ਹੈ ਕਿ ਧਰਤੀ ਵਿਅਕਤੀ ਦੀ ਨਹੀਂ ਹੈ, ਸਗੋਂ ਮਨੁੱਖ ਧਰਤੀ ਦਾ ਹੈ। ਅਸੀਂ ਚੰਗੀ ਤਰਾਂ ਸਮਝਦੇ ਹਾਂ ਕਿ ਸਾਰੀਆਂ ਚੀਜ਼ਾਂ ਅਤੇ ਸਾਰੇ ਜੀਵ ਉਸ ਖੂਨ ਵਾਂਗ ਜੁੜੇ ਹੋਏ ਹਨ, ਜਿਹੜਾ ਇੱਕ ਪਰਿਵਾਰ ਨੂੰ ਜੋੜਦਾ ਹੈ। ਸਭ ਕੁਝ ਹੀ ਆਪਸ ਵਿੱਚ ਸੰਬੰਧਿਤ ਹੈ।

**ਸਾਂਝੀ ਤਕਦੀਰ**:- ਇਹ ਕਬੀਲੇ ਪਰਮਾਤਮਾ ਵਿੱਚ ਵਿਸ਼ਵਾਸ਼ ਰੱਖਦੇ ਹਨ। ਸਿਆਟਲ ਦਾ ਪਰਮਾਤਮਾ ਸਭ ਨੂੰ ਇੱਕੋ ਨਜਰ ਨਾਲ ਦੇਖਦਾ ਹੈ ਅਤੇ ਕਿਸੇ ਤਰਾਂ ਦਾ ਵਿਤਕਰਾ ਨਹੀਂ ਕਰਦਾ। ਉਹ ਨਸਲੀ ਵਿਤਕਰੇ ਵਿਰੁੱਧ ਆਪਣੇ ਪ੍ਰਭੂ ਤੋਂ ਤਾਕਤ ਲੈਂਦਾ ਹੈ ਪਰ ਉਸਦਾ ਇਹ ਵਿਸ਼ਵਾਸ਼ ਵੀ ਹੈ ਕਿ ਗੋਰਿਆਂ ਨੂੰ ਤਾਕਤਵਰ ਵੀ ਉਸਨੇ ਹੀ ਬਣਾਇਆ ਹੈ। (ਬਾਕੀ ਸਫ਼ਾ 31 'ਤੇ)

# ਮੋਦੀ ਸਰਕਾਰ ਨੇ ਬਜਟ 'ਚ ਸਿਹਤ ਦੇ ਖੇਤਰ ਨੂੰ ਢੁਕਵੇਂ ਫ਼ੰਡ ਕਿਉਂ ਨਹੀਂ ਦਿੱਤੇ?



ਡਾ. ਅਰੁਣ ਮਿਤਰਾ
94170-00360





ਵਿੱਤ ਮੰਤਰੀ ਸ੍ਰੀਮਤੀ ਨਿਰਮਲਾ ਸੀਤਾਰਮਨ ਦੁਆਰਾ 23 ਜੁਲਾਈ 2024 ਨੂੰ ਪੇਸ਼ ਕੀਤੇ ਗਏ ਬਜਟ ਤੋਂ ਬਹੁਤ ਉਮੀਦਾਂ ਸਨ, ਕਿਉਂਕਿ ਸਰਕਾਰ ਲੋਕ ਸਭਾ 'ਚ ਬਹੁਮਤ ਗੁਆ ਚੁੱਕੀ ਹੈ ਅਤੇ ਹੁਣ ਸੱਤਾ 'ਚ ਬਣੇ ਰਹਿਣ ਲਈ ਦੂਜਿਆਂ 'ਤੇ ਨਿਰਭਰ ਹੈ, ਇਸ ਲਈ ਇੱਕ ਉਮੀਦ ਸੀ ਕਿ ਬਜਟ ਕੁਝ ਲੋਕ-ਪੱਖੀ ਨਜ਼ਰ ਆਏਗਾ ਪਰ ਇੰਝ ਹੋਇਆ ਨਹੀਂ। ਕਿਸੇ ਵੀ ਦੇਸ਼ ਦੇ ਵਿਕਾਸ ਅਤੇ ਰੁਜ਼ਗਾਰ ਸਿਰਜਣ ਦੇ ਦੋ ਪ੍ਰਮੁੱਖ ਖੇਤਰਾਂ ਸਿਹਤ ਅਤੇ ਸਿੱਖਿਆ ਨੂੰ ਇਸ ਬਜਟ 'ਚੋਂ ਨਜ਼ਰ ਅੰਦਾਜ਼ ਕੀਤਾ ਗਿਆ ਹੈ।

ਬਜਟ 'ਚ ਸਿਹਤ ਲਈ ਵੰਡ ਲੋਕਾਂ ਦੀਆਂ ਸਿਹਤ ਜ਼ਰੂਰਤਾਂ ਨੂੰ ਪੂਰਾ ਕਰਨ ਤੋਂ ਬਹੁਤ ਦੂਰ ਹੈ। ਸਿਹਤ ਲਈ 48.21 ਲੱਖ ਕਰੋੜ ਰੁਪਏ ਦੇ ਕੁੱਲ ਬਜਟ 'ਚੋਂ ਸਿਰਫ਼ 89287 ਕਰੋੜ ਰੁਪਏ ਹੀ ਰੱਖੇ ਗਏ ਹਨ। ਇਸ ਦਾ ਮਤਲਬ ਹੈ ਕਿ ਸਿਹਤ ਲਈ ਕੁੱਲ ਬਜਟ ਦਾ ਸਿਰਫ਼ 1.8 ਫ਼ੀਸਦੀ ਹੀ ਰੱਖਿਆ ਗਿਆ ਹੈ। ਸਾਡੀ 140 ਕਰੋੜ ਦੀ ਆਬਾਦੀ ਲਈ, ਇਹ ਪ੍ਰਤੀ ਵਿਅਕਤੀ ਸਿਰਫ਼ 638/- ਰੁਪਏ ਹੈ। ਇਹ ਲੋਕਾਂ ਨਾਲ ਇੱਕ ਬੇਰਹਿਮ ਮਜ਼ਾਕ ਹੈ, ਕਿਉਂਕਿ ਅਸੀਂ ਸਿਹਤ ਸੂਚਕਾਂ ਦੇ ਪੱਖ ਤੋਂ ਸਭ ਤੋਂ ਹੇਠਾਂ ਹਾਂ ਅਤੇ ਸਾਡੇ ਜਨਤਕ ਸਿਹਤ 'ਤੇ ਖ਼ਰਚੇ ਵੀ ਵਿਸ਼ਵ 'ਚ ਸਭ ਤੋਂ ਘੱਟ ਹਨ। ਸਰਕਾਰ ਦਾ ਇਹ ਦਾਅਵਾ ਕਿ ਉਨ੍ਹਾਂ ਨੇ ਸਿਹਤ ਬਜਟ 'ਚ 13 ਫ਼ੀਸਦੀ ਦਾ ਵਾਧਾ ਕੀਤਾ ਹੈ, ਸਹੀ ਨਹੀਂ ਹੈ। ਪਿਛਲੇ ਸਾਲ ਸਿਹਤ 'ਤੇ ਬਜਟ ਅਲਾਟਮੈਂਟ 88956/- ਕਰੋੜ ਰੁਪਏ ਸੀ, ਇਸ ਨੂੰ ਬਾਅਦ 'ਚ ਸੋਧ ਕੇ 89287/- ਕਰੋੜ ਰੁਪਏ ਕਰ ਦਿੱਤਾ ਗਿਆ। ਉਹ ਸੋਧੇ ਹੋਏ ਬਜਟ ਤੋਂ ਵਾਧੇ ਦੀ ਗਣਨਾ ਕਰ ਰਹੇ ਹਨ ਨਾ ਕਿ ਪਿਛਲੇ ਸਾਲ ਪੇਸ਼ ਕੀਤੇ ਗਏ ਅਸਲ ਬਜਟ ਤੋਂ, ਪਿਛਲੇ ਬਜਟ ਦੇ ਮੁਕਾਬਲੇ ਸਿਰਫ਼ 0.37 ਫ਼ੀਸਦੀ ਦਾ ਹੀ ਵਾਧਾ ਹੋਇਆ ਹੈ। ਜੇਕਰ ਮਹਿੰਗਾਈ ਨੂੰ ਦੇਖੀਏ ਤਾਂ ਸਿਹਤ 'ਤੇ ਬਜਟ ਪਿਛਲੇ ਸਾਲ ਦੇ ਬਜਟ ਨਾਲੋਂ ਘੱਟ ਹੋ ਗਿਆ ਹੈ। ਸੰਭਾਵਨਾ ਹੈ ਕਿ ਇਸ ਸਾਲ ਵੀ ਬਜਟ ਸੋਧ ਤੋਂ ਬਾਅਦ ਹੋਰ ਘਟਾਇਆ ਜਾਵੇਗਾ। ਇਹ ਲੋਕਾਂ ਦੀ ਸਿਹਤ ਪ੍ਰਤੀ ਸਰਕਾਰ ਦੀ ਪੂਰੀ ਉਦਾਸੀਨਤਾ ਅਤੇ ਸਿਹਤ ਸੰਭਾਲ ਦੇ ਹੋਰ ਨਿਗਮੀਕਰਨ ਵੱਲ ਵਧਣ ਨੂੰ ਦਰਸਾਉਂਦਾ ਹੈ।

ਚੰਗੀ ਸਿਹਤ ਲਈ ਇਹ ਜ਼ਰੂਰੀ ਹੈ ਕਿ ਮਾਂ ਦੇ ਨਾਲ-ਨਾਲ ਬੱਚਿਆਂ ਦਾ ਚੰਗਾ ਪੋਸ਼ਣ ਯਕੀਨੀ ਬਣਾਇਆ ਜਾਵੇ। ਯੂਨੀਸੇਫ ਚਾਈਲਡ ਫੂਡ ਗ਼ਰੀਬੀ ਰਿਪੋਰਟ 2024 ਅਨੁਸਾਰ, ਸਾਡੇ 40 ਫ਼ੀਸਦੀ ਬੱਚੇ ਗੰਭੀਰ ਭੋਜਨ ਗ਼ਰੀਬੀ (ਭੋਜਨ ਦੀ ਘਾਟ) ਅਤੇ 36 ਫ਼ੀਸਦੀ ਮੱਧਮ ਤੋਂ ਗੰਭੀਰ ਭੋਜਨ ਗ਼ਰੀਬੀ ਨਾਲ ਪੀੜਤ ਹਨ। ਭੋਜਨ ਗ਼ਰੀਬੀ ਸਬਜ਼ੀਆਂ, ਫਲਾਂ, ਅਨਾਜ, ਪ੍ਰੋਟੀਨ ਅਤੇ ਡੇਅਰੀ ਤੱਕ ਪਹੁੰਚ ਦੀ ਕਮੀ ਨੂੰ ਦਰਸਾਉਂਦੀ ਹੈ। ਤ੍ਰਾਸਦੀ ਇਹ ਹੈ ਕਿ ਬੱਚਿਆਂ ਦੇ ਭੋਜਨ ਦੀ ਗ਼ਰੀਬੀ 'ਚ ਸਾਡਾ ਦਰਜਾ ਸਾਡੇ ਦੱਖਣੀ ਏਸ਼ਿਆਈ ਗੁਆਂਢੀ ਦੇਸ਼ਾਂ ਤੋਂ ਵੀ ਬਹੁਤ ਹੇਠਾਂ ਹੈ, ਜਿਸ 'ਚ ਪਾਕਿਸਤਾਨ 38 ਫ਼ੀਸਦੀ, ਬੰਗਲਾਦੇਸ਼ 20 ਫ਼ੀਸਦੀ ਨਿਪਾਲ 8 ਫ਼ੀਸਦੀ ਬੱਚੇ ਗੰਭੀਰ ਭੋਜਨ ਗ਼ਰੀਬੀ ਤੋਂ ਪੀੜਤ ਹਨ। ਸਾਡੇ ਨਾਲੋਂ ਸੱਤ ਹੋਰ ਬਦਤਰ ਦੇਸ਼ ਹਨ ਸੋਮਾਲੀਆ (63 ਫ਼ੀਸਦੀ), ਗਿਨੀ (54 ਫ਼ੀਸਦੀ), ਗਿਨੀ-ਬਿਸਾਉ (53 ਫ਼ੀਸਦੀ), ਅਫ਼ਗਾਨਿਸਤਾਨ (49 ਫ਼ੀਸਦੀ), ਸੀਅਰਾ ਲਿਓਨ (47 ਫ਼ੀਸਦੀ), ਇਥੋਪੀਆ (46 ਫ਼ੀਸਦੀ) ਅਤੇ ਲਾਇਬੇਰੀਆ (43 ਫ਼ੀਸਦੀ)।

ਗਲੋਬਲ ਹੰਗਰ ਇੰਡੈਕਸ (789 - ਵਿਸ਼ਵ ਭੁੱਖਮਰੀ ਸੂਚਕ ਅੰਕ) 'ਚ ਭਾਰਤ ਦਾ ਦਰਜਾ 125 ਦੇਸ਼ਾਂ 'ਚੋਂ 111ਵਾਂ ਹੈ। ਇਹ ਨੋਟ ਕਰਨਾ ਵੀ ਜ਼ਰੂਰੀ ਹੈ ਕਿ ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਨੇ ਵਿਸ਼ਵ ਭੁੱਖਮਰੀ ਸੂਚਕ ਅੰਕ ਦੀ ਰਿਪੋਰਟ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਇਸ ਨੂੰ 'ਭੁੱਖ ਦਾ ਇੱਕ ਗ਼ਲਤ ਮਾਪ, ਜੋ ਭਾਰਤ ਦੀ ਅਸਲ ਸਥਿਤੀ ਨੂੰ ਨਹੀਂ ਦਰਸਾਉਂਦਾ' ਕਿਹਾ ਹੈ। ਯੂਨੀਸੇਫ ਦੀ ਰਿਪੋਰਟ ਵਿਸ਼ਵ ਭੁੱਖਮਰੀ ਸੂਚਕ ਅੰਕ ਨਾਲ ਮੇਲ ਖਾਂਦੀ ਹੈ ਅਤੇ ਇਸ ਨੇ ਵਿਸ਼ਵ ਭੁੱਖਮਰੀ ਸੂਚਕ ਅੰਕ ਰਿਪੋਰਟ ਦੀ ਪੁਸ਼ਟੀ ਕੀਤੀ ਹੈ। ਇਸ ਲਈ ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਦੀ ਟਿੱਪਣੀ ਸਹੀ ਨਹੀਂ ਹੈ ਤੇ ਇਹ ਆਪਣੀ ਜ਼ਿੰਮੇਵਾਰੀ ਤੋਂ ਭੱਜਣ ਵਾਲੀ ਗੱਲ ਹੈ।

ਸਰਕਾਰ ਨੂੰ ਸਿਹਤ ਲਈ ਫੰਡ ਅਲਾਟ ਕਰਦੇ ਸਮੇਂ ਇਨ੍ਹਾਂ ਗੱਲਾਂ 'ਤੇ ਵਿਚਾਰ ਕਰਨਾ ਚਾਹੀਦਾ ਸੀ ਪਰ ਇਸ ਦੇ ਉਲਟ ਸਕਸ਼ਮ ਆਂਗਣਵਾੜੀ ਅਤੇ ਪੋਸ਼ਣ ਤਹਿਤ ਅਲਾਟ ਕੀਤੇ ਗਏ ਫੰਡ ਪਿਛਲੇ ਸਾਲ ਦਿੱਤੀ ਗਈ ਸੋਧੀ ਹੋਈ ਰਾਸ਼ੀ ਦੇ ਮੁਕਾਬਲੇ ਵਧਾਉਣ ਦੀ ਬਜਾਏ ਘਟਾ ਦਿੱਤੇ ਗਏ ਹਨ। ਵਿੱਤ ਮੰਤਰੀ ਵੱਲੋਂ ਪੇਸ਼ ਕੀਤੇ ਗਏ ਬਜਟ 'ਚ ਬਾਲ ਸੁਰੱਖਿਆ ਸੇਵਾਵਾਂ ਅਤੇ ਬਾਲ ਕਲਿਆਣ ਸੇਵਾਵਾਂ ਲਈ 'ਮਿਸ਼ਨ ਵਾਤਸਲਿਆ ਲਈ ਅਲਾਟਮੈਂਟ' 'ਚ ਵੀ ਕੋਈ ਵਾਧਾ ਨਹੀਂ ਕੀਤਾ ਗਿਆ।

ਸਾਡੇ ਦੇਸ਼ 'ਚ ਜਨਤਕ ਸਿਹਤ ਖਰਚੇ ਕਈ ਸਾਲਾਂ ਤੋਂ ਲੋੜ ਨਾਲੋਂ ਬਹੁਤ ਘੱਟ ਹਨ। ਔਕਸਫੈਮ ਦੀ ਅਸਮਾਨਤਾ ਨੂੰ ਘਟਾਉਣ ਲਈ ਵਚਨਬੱਧਤਾ ਰਿਪੋਰਟ 2020 ਅਨੁਸਾਰ ਭਾਰਤ ਸਿਹਤ ਖ਼ਰਚਿਆਂ 'ਚ 154ਵਾਂ ਸਥਾਨ 'ਤੇ ਹੈ, ਜੋ ਕਿ ਹੇਠਾਂ ਤੋਂ 5ਵੇਂ ਸਥਾਨ ਹੈ। ਇਸ ਲਈ ਇਹ ਉਮੀਦ ਕੀਤੀ ਜਾਂਦੀ ਸੀ ਕਿ ਸਰਕਾਰ ਸਿਹਤ ਲਈ ਬਜਟ ਦੀ ਵੰਡ 'ਚ ਗੰਭੀਰ ਹੋਵੇਗੀ ਪਰ ਅਜਿਹਾ ਹੋਇਆ ਨਹੀਂ।

ਰਿਪੋਰਟ 'ਚ ਅੱਗੇ ਦੱਸਿਆ ਗਿਆ ਹੈ ਕਿ ਭਾਰਤ 'ਚ ਵਧ ਰਹੀ ਸਮਾਜਿਕ-ਆਰਥਿਕ ਅਸਮਾਨਤਾ ਸਭਨਾਂ ਲਈ ਸਿਹਤ ਸੇਵਾਵਾਂ (ਯੂਨੀਵਰਸਲ ਹੈਲਥ ਕਵਰੇਜ-83) ਦੀ ਅਣਹੋਂਦ ਕਾਰਨ ਹਾਸ਼ੀਏ 'ਤੇ ਰਹਿ ਰਹੇ ਲੋਕਾਂ ਦੀ ਸਿਹਤ 'ਤੇ ਨਾਂਹ-ਪੱਖੀ ਪ੍ਰਭਾਵ ਪਾਉਂਦੀ ਹੈ।

ਬਜਟ 'ਚ ਕਿਤੇ ਵੀ ਡਾਕਟਰਾਂ ਅਤੇ ਪੈਰਾ-ਮੈਡੀਕਲ ਸਟਾਫ਼ ਦੀਆਂ ਤਨਖ਼ਾਹਾਂ ਲਈ ਅਲਾਟਮੈਂਟ 'ਚ ਵਾਧੇ ਦਾ ਸੰਕੇਤ ਨਹੀਂ ਦਿੱਤਾ ਗਿਆ। ਫਰੰਟਲਾਈਨ ਹੈਲਥ ਵਰਕਰਾਂ, ਆਸ਼ਾ, ਆਂਗਣਵਾੜੀ, ਮਿਡ-ਡੇਅ ਮੀਲ ਵਰਕਰਾਂ ਆਦਿ ਦੀਆਂ ਸੇਵਾਵਾਂ ਨੂੰ ਬਣਦੀ ਮਾਨਤਾ ਨਹੀਂ ਦਿੱਤੀ ਗਈ। ਉਨ੍ਹਾਂ ਨੂੰ ਇਸ ਬਜਟ 'ਚ ਮਜ਼ਦੂਰ ਦਾ ਦਰਜਾ ਵੀ ਨਹੀਂ ਦਿੱਤਾ ਗਿਆ।

ਸਾਡੇ ਦੇਸ਼ 'ਚ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸਿਹਤ ਸੇਵਾਵਾਂ ਦਾ ਲਗਭਗ 70 ਫ਼ੀਸਦੀ ਨਿੱਜੀ ਖੇਤਰ 'ਚ ਹੈ। ਇੱਥੇ ਮਰੀਜ਼ਾਂ ਨੂੰ ਆਪਣੀ ਜੇਬ 'ਚੋਂ ਪੈਸੇ ਕੱਢਣੇ ਪੈਂਦੇ ਹਨ। ਨਤੀਜੇ ਵਜੋਂ 5.5 ਕਰੋੜ ਲੋਕ ਹਰ ਸਾਲ ਸਿਹਤ 'ਤੇ ਜੇਬ 'ਚੋਂ ਖਰਚ ਹੋਣ ਕਾਰਨ ਗ਼ਰੀਬੀ ਵੱਲ ਧੱਕੇ ਜਾਂਦੇ ਹਨ। ਦੇਸ਼ ਦੇ ਕਈ ਵੱਡੇ ਸ਼ਹਿਰਾਂ 'ਚ ਕਾਰਪੋਰੇਟ ਸੈਕਟਰ ਵਲੋਂ ਹਸਪਤਾਲ ਖੋਲ੍ਹਣ ਨਾਲ ਮਰੀਜ਼ਾਂ 'ਤੇ ਉੱਚ ਪੱਧਰੀ ਸਿਹਤ ਸੇਵਾਵਾਂ 'ਤੇ ਖਰਚੇ ਦਾ ਬੋਝ ਹੋਰ ਵਧ ਗਿਆ ਹੈ।

(ਬਾਕੀ ਸਫ਼ਾ 31 'ਤੇ)

# ਇਕੱਲਤਾ ਦਾ ਸੰਤਾਪ ਹੰਢਾ ਰਹੇ ਹਨ ਬਜ਼ੁਰਗ ਮਾਪੇ

## ਧੀਆਂ ਸਹੁਰੇ ਅਤੇ ਪੁੱਤ ਜਾ ਵਸੇ ਵਿਦੇਸ਼








ਚੰਡੀਗੜ੍ਹ ਦੀ ਤਰਜ਼ 'ਤੇ ਵਸਾਏ ਗਏ ਹਾਈਟੈੱਕ ਸ਼ਹਿਰ ਮੋਹਾਲੀ ਵਿੱਚ ਡਿਪਰੈਸ਼ਨ ਦੀ ਮਾਰ ਝੱਲ ਰਹੀ ਸੇਵਾ ਮੁਕਤ ਮੁਲਾਜ਼ਮ ਸਤਵੰਤ ਕੌਰ ਦੀ ਕਹਾਣੀ ਨੇ ਆਮ ਲੋਕਾਂ ਦੇ ਦਿਲਾਂ ਨੂੰ ਦਹਿਲਾ ਕੇ ਰੱਖ ਦਿੱਤਾ ਹੈ। ਕਦੇ ਸਿੱਖਿਆ ਵਿਭਾਗ ਵਿੱਚ ਸਟੈਨੋਗ੍ਰਾਫਰ ਵਜੋਂ ਕੰਮ ਕਰਨ ਵਾਲੀ ਸਤਵੰਤ ਕੌਰ ਪਿਛਲੇ ਦਸ ਸਾਲਾਂ ਤੋਂ ਇਕੱਲੇਪਣ ਅਤੇ ਉਦਾਸੀ ਦੇ ਮੰਜ਼ਰ ਨਾਲ ਜੂਝ ਰਹੀ ਸੀ। ਆਪਣੇ ਮਾਪਿਆਂ ਅਤੇ ਭਰਾ ਦੀ ਮੌਤ ਤੋਂ ਬਾਅਦ ਉਸ ਨੇ ਆਪਣੇ ਆਪ ਨੂੰ ਦੁਨੀਆਂ ਤੋਂ ਵੱਖ ਕਰਕੇ ਘਰ ਦੇ ਅੰਦਰ ਹੀ ਆਪਣਾ ਸੰਸਾਰ ਬਣਾ ਲਿਆ ਸੀ। ਹੁਣ ਇੱਕ ਸਮਾਜ ਸੇਵੀ ਸੰਸਥਾ ਵੱਲੋਂ ਉਸ ਨੂੰ ਲੁਧਿਆਣੇ ਦੇ ਸ਼ੈਲਟਰ ਹੋਮ ਵਿੱਚ ਲਿਜਾਇਆ ਗਿਆ ਹੈ। ਇਸ ਬਜ਼ੁਰਗ ਮਹਿਲਾ ਦੀ ਹਾਲਤ ਨੇ ਸਾਡੇ ਸਮਾਜ ਵਿੱਚ ਬਜ਼ੁਰਗਾਂ ਦੀ ਹਾਲਤ ਦੀ ਅਸਲੀ ਤਸਵੀਰ ਪੇਸ਼ ਕੀਤੀ ਹੈ।



ਮੋਹਾਲੀ ਸਮੇਤ ਪੰਜਾਬ ਦੇ ਵੱਡੀ ਗਿਣਤੀ ਸ਼ਹਿਰਾਂ,ਕਸਬਿਆਂ ਅਤੇ ਪਿੰਡਾਂ ਵਿੱਚ ਅਨੇਕਾਂ ਬਜ਼ੁਰਗ ਇਕੱਲੇ ਰਹਿ ਰਹੇ ਹਨ। ਉਹਨਾਂ ਦੇ ਧੀਆਂ ਪੁੱਤ ਜਾਂ ਤਾਂ ਵਿਦੇਸ਼ ਚਲੇ ਗਏ ਹਨ ਜਾਂ ਧੀਆਂ ਵਿਆਹ ਤੋਂ ਬਾਅਦ ਆਪਣੇ ਸਹੁਰੇ ਘਰ ਚਲੀਆਂ ਗਈਆਂ ਹਨ। ਅੱਲ੍ਹੜ ਅਤੇ ਨੌਜਵਾਨ ਧੀਆਂ ਪੁੱਤਰਾਂ ਦੇ ਵਿਦੇਸ਼ ਜਾਣ ਤੋਂ ਬਾਅਦ ਵੱਡੀ ਗਿਣਤੀ ਮਾਪੇ ਆਪਣੇ ਘਰਾਂ ਵਿੱਚ ਇਕੱਲੇ ਰਹਿ ਗਏ ਹਨ ਅਤੇ ਇੱਕਲਤਾ ਦਾ ਸੰਤਾਪ ਹੰਢਾ ਰਹੇ ਹਨ।

ਬੁਢਾਪਾ ਮਨੁੱਖੀ ਜੀਵਨ ਦੀ ਇੱਕ ਅਟੱਲ ਸੱਚਾਈ ਹੈ, ਜੋ ਕਿ ਹਰ ਵਿਅਕਤੀ ਉੱਪਰ ਆਉਣਾ ਹੀ ਆਉਣਾ ਹੈ। ਕਈ ਲੋਕਾਂ ਲਈ ਤਾਂ ਬੁਢਾਪਾ ਇੱਕ ਵਰਦਾਨ ਵੀ ਹੋ ਨਿਬੜਦਾ ਹੈ, ਉਹਨਾਂ ਦੇ ਧੀਆਂ ਪੁੱਤ ਉਹਨਾਂ ਦੀ ਬਹੁਤ ਸੇਵਾ ਕਰਦੇ ਹਨ ਪਰ ਅਜਿਹੇ ਬਜ਼ੁਰਗਾਂ ਦੀ ਗਿਣਤੀ ਹੈ ਹੀ ਬਹੁਤ ਘੱਟ। ਵੱਡੀ ਗਿਣਤੀ ਬਜ਼ੁਰਗ ਤਾਂ ਇੱਕ ਤਰਾਂ ਬੁਢਾਪੇ ਦਾ ਸੰਤਾਪ ਹੀ ਹੰਢਾ ਰਹੇ ਹਨ। ਵੱਡੀ ਗਿਣਤੀ ਬਜ਼ੁਰਗਾਂ ਲਈ ਬੁਢਾਪਾ ਇੱਕ ਸਰਾਪ ਬਣ ਗਿਆ ਹੈ ਅਤੇ ਇਹ ਬਜ਼ੁਰਗ ਵਿਚਾਰੇ ਦੂਜਿਆਂ ਉੱਪਰ ਇੱਕ ਤਰਾਂ ਆਪਣੇ ਆਪ ਨੂੰ ਬੋਝ ਵੀ ਮਹਿਸੂਸ ਕਰਨ ਲੱਗ ਪੈਂਦੇ ਹਨ। ਇਸ ਦੁਨੀਆਂ ਵਿੱਚ ਕਈ ਵਿਅਕਤੀ ਅਜਿਹੇ ਵੀ ਹੁੰਦੇ ਹਨ, ਜਿਨ੍ਹਾਂ ਕੋਲ ਜਿੰਦਗੀ ਤਾਂ ਹੁੰਦੀ ਹੈ ਪਰ ਜੀਉਣ ਦਾ ਹੱਕ ਨਹੀਂ ਹੁੰਦਾ ਲੱਗਦਾ। ਅਜਿਹੇ ਲੋਕਾਂ ਵਿੱਚ ਵੱਡੀ ਗਿਣਤੀ ਬਜ਼ੁਰਗਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ।

ਪੰਜਾਬ ਦੇ ਵੱਖ- ਵੱਖ ਇਲਾਕਿਆਂ ਦਾ ਇਸ ਲੇਖਕ ਵਲੋਂ ਇੱਕ ਨਿੱਜੀ ਸਰਵੇਖਣ ਕਰਨ 'ਤੇ ਇਹ ਗੱਲ ਸਾਹਮਣੇ ਆਈ ਕਿ ਪੰਜਾਬ ਦੇ ਵੱਡੀ ਗਿਣਤੀ ਬਜ਼ੁਰਗ ਇੱਕ ਤਰ੍ਹਾਂ ਹੁਣ ਇੱਕਲਤਾ ਦਾ ਸੰਤਾਪ ਹੰਢਾ ਰਹੇ ਹਨ। ਉਹਨਾਂ ਦੀਆਂ ਧੀਆਂ ਹੁਣ ਵਿਆਹੀਆਂ ਜਾ ਚੁੱਕੀਆਂ ਹਨ ਅਤੇ ਉਹ ਸਹੁਰੇ ਘਰ ਆਪਣੇ ਹੀ ਪਰਿਵਾਰ ਵਿੱਚ ਰੁੱਝੀਆਂ ਹੋਈਆਂ ਹਨ। ਵੱਡੀ ਗਿਣਤੀ ਬਜ਼ੁਰਗਾਂ ਦੇ ਨੌਜਵਾਨ ਪੁੱਤਰ ਹੁਣ ਵਿਦੇਸ਼ ਜਾ ਚੁੱਕੇ ਹਨ। ਇਹ ਨੌਜਵਾਨ ਜਾਂ ਤਾਂ ਵਿਆਹ ਕਰਵਾਉਣ ਹੀ ਪੰਜਾਬ ਆਉਂਦੇ ਹਨ ਜਾਂ ਫਿਰ ਪਰਵਾਸੀ ਕੂੰਜਾਂ ਤੇ ਹੋਰ ਪੰਛੀਆਂ ਵਾਂਗ ਹਰ ਵਰ੍ਹੇ ਜਾਂ ਕਈ ਵਰ੍ਹਿਆਂ ਮਗਰੋਂ ਹੀ ਵਤਨ ਗੇੜਾ ਮਾਰਦੇ ਹਨ, ਉਹ ਵੀ ਕੁੱਝ ਸਮੇਂ ਲਈ । ਜਿਨ੍ਹਾਂ ਸਮਾਂ ਇਹ ਨੌਜਵਾਨ ਪੁੱਤਰ ਪੰਜਾਬ ਰਹਿੰਦੇ ਹਨ ਤਾਂ ਕਈ ਬਜ਼ੁਰਗਾਂ ਅਨੁਸਾਰ ਅਣਵਿਆਹੇ ਪੁੱਤਰ ਨੂੰ ਉਸ ਦੇ ਯਾਰ ਦੋਸਤ ਹੀ ਖਹਿੜਾ ਨਹੀਂ ਛੱਡਦੇ, ਹਰ ਦਿਨ ਹੀ ਕਿਤੇ ਨਾ ਕਿਤੇ ਘੁੰਮਣ ਦਾ ਪ੍ਰੋਗਰਾਮ ਬਣ ਜਾਂਦੈ। ਜੇ ਵਿਦੇਸ਼ ਰਹਿੰਦਾ ਪੁੱਤ ਵਿਆਹਿਆ ਹੋਵੇ ਤਾਂ ਉਸ ਨੂੰ ਸਹੁਰੇ ਵੀ ਜਾਣਾ ਪੈਂਦਾ ਹੈ। ਬਜ਼ੁਰਗਾਂ ਅਨੁਸਾਰ ਇਹਨਾਂ ਮੁੰਡਿਆ ਕੋਲ ਤਾਂ ਆਪਣੇ ਮਾਪਿਆਂ ਕੋਲ ਵੀ ਬੈਠਣ ਦਾ ਸਮਾਂ ਨਹੀਂ ਹੁੰਦਾ । ਜਿਸ ਕਰਕੇ ਬੁਢੜੇ ਮਾਪੇ ਵਿਚਾਰੇ ਸਿਵਾਏ ਝੂਰਨ ਦੇ ਕੁੱਝ ਨਹੀਂ ਕਰ ਸਕਦੇ।

ਬਜ਼ੁਰਗਾਂ ਦੀ ਇੱਕ ਹੋਰ ਇੱਕਲਤਾ ਦਾ ਕਾਰਨ ਪਤੀ- ਪਤਨੀ ਦਾ ਬੁਢਾਪੇ ਵਿੱਚ ਵੱਖ ਹੋਣਾ ਹੈ। ਅਜਿਹਾ ਉਹ ਆਪਣੀ ਮਰਜ਼ੀ ਨਾਲ ਨਹੀਂ ਕਰਦੇ, ਸਗੋਂ ਉਹਨਾਂ ਦੇ ਪੁੱਤ ਹੀ ਜਾਇਦਾਦ ਵਾਂਗ ਉਹਨਾਂ ਦੀਆਂ ਵੰਡੀਆਂ ਪਾ ਲੈਂਦੇ ਹਨ। ਸ਼ਹਿਰ ਰਹਿੰਦਾ ਪੁੱਤ ਮਾਂ ਨੂੰ ਨਾਲ ਲੈ ਜਾਂਦਾ ਹੈ ਅਤੇ ਬਾਪੂ ਪਿੰਡ ਰਹਿੰਦੇ ਪੁੱਤ ਕੋਲ ਰਹਿ ਜਾਂਦਾ ਹੈ। ਸ਼ਹਿਰ ਰਹਿੰਦਾ ਪੁੱਤ ਅਤੇ ਉਸ ਦੀ ਆਧੁਨਿਕ ਖਿਆਲਾਂ ਵਾਲੀ ਪਤਨੀ ਇਹ ਸੋਚ ਕੇ ਬਾਪੂ ਦੀ ਥਾਂ ਬੇਬੇ ਨੂੰ ਲਿਆਉਂਦੇ ਹਨ ਕਿ ਉਹ ਘਰ ਦੇ ਕੰਮ ਵੀ ਕਰੇਗੀ, ਪਿੰਡ ਰਹਿੰਦਾ ਪੁੱਤ ਇਸ ਕਰਕੇ ਬਾਪੂ ਨੂੰ ਰੱਖ ਲੈਂਦੈ ਕਿ ਉਹ ਡੰਗਰ ਸਾਂਭ ਲਵੇਗਾ, ਉਹਨਾਂ ਨੂੰ ਦਾਣਾ ਪੱਠਾ ਪਾ ਦੇਵੇਗਾ। ਇਸ ਤਰਾਂ ਦੋਵਾਂ ਪੁੱਤਰਾਂ ਦੀ ਆਪੋ ਆਪਣੀ ਗਰਜ ਪੂਰੀ ਹੋ ਜਾਂਦੀ ਹੈ। ਇਸ ਤਰਾਂ ਸਾਰੀ ਉਮਰ ਹੀ ਇਕੱਠੇ ਰਹਿਣ ਵਾਲੇ ਬਜ਼ੁਰਗ ਆਪਣੇ ਬੱਚਿਆਂ ਖਾਤਰ ਬੁਢਾਪੇ ਵਿੱਚ ਵੱਖ ਵੱਖ ਰਹਿਣ ਲਈ ਮਜਬੂਰ ਹੋ ਜਾਂਦੇ ਹਨ।

ਇਹ ਇੱਕ ਸੱਚਾਈ ਹੈ ਕਿ ਹਮੇਸ਼ਾ ਹੀ ਨੌਜਵਾਨ ਪੀੜ੍ਹੀ ਅਤੇ ਬਜ਼ੁਰਗਾਂ ਵਿਚ ਵਿਚਾਰਾਂ ਦੀ ਸਮਾਨਤਾ ਨਹੀਂ ਰਹੀ ,ਦੋਵਾਂ ਪੀੜੀਆਂ ਦੇ ਵਿਚਾਰਾਂ ਵਿੱਚ ਅਕਸਰ ਹੀ ਟਕਰਾਉ ਰਹਿੰਦਾ ਹੈ। ਹਰ ਨੌਜਵਾਨ ਹੀ ਸਮਝਦਾ ਹੈ ਕਿ ਉਹ ਠੀਕ ਹੈ ਪਰ ਬਜ਼ੁਰਗ ਆਪਣੀ ਥਾਂ ਠੀਕ ਹੁੰਦੇ ਹਨ। ਉਹਨਾਂ ਦੀ ਪੁੱਤ ਗੱਲ ਹੀ ਨਹੀਂ ਸੁਣਦੇ।

ਮਾਲਵਾ ਇਲਾਕੇ ਦੇ ਬਰਨਾਲਾ ਨੇੜਲੇ ਪਿੰਡ ਸ਼ਹਿਣਾ, ਭਦੌੜ, ਮੂਲੋਵਾਲ , ਸੇਖਾ, ਰੰਗੀਆਂ, ਅਲਾਲ, ਹੰਡਿਆਇਆ, ਖੁੱਡੀ, ਘੁਣਸ ਤੋਂ ਲੈ ਕੇ ਬਠਿੰਡਾ ਤੋਂ ਅੱਗੇ ਪਿੰਡਾਂ ਸਿੱਖ ਵਾਲਾ, ਲੰਬੀ, ਰਾਏਕੋਟ ਨੇੜਲੇ ਪਿੰਡਾਂ ਪੱਖੋਵਾਲ, ਸੁਧਾਰ, ਦੋਆਬਾ ਦੇ ਗੋਰਾਇਆ ਨੇੜਲੇ ਪਿੰਡਾਂ ਸੰਗ ਢੇਸੀਆਂ , ਰੁੜਕਾ ਵੱਡਾ ਅਤੇ ਰੁੜਕਾ ਛੋਟਾ, ਜਲੰਧਰ ਨੇੜਲੇ ਪਿੰਡਾਂ ਚੁਗਿੱਟੀ, ਨੰਗਲ ਸ਼ਾਮਾਂ, ਤੱਲ੍ਹਣ, ਜੇਜੋਂ ਦੁਆਬਾ , ਜੰਡੂ ਸਿੰਘਾਂ, ਰਾਏਪੁਰ, ਹੁਸ਼ਿਆਰਪੁਰ ਸ਼ਹਿਰ ਅਤੇ ਇਸ ਦੇ ਨੇੜਲੇ ਇਲਾਕੇ ਚੱਬੇਵਾਲ, ਮਾਹਿਲਪੁਰ ਵਿੱਚ ਅਤੇ ਹੋਰ ਇਲਾਕਿਆਂ ਵਿੱਚ ਵੱਡੀ ਗਿਣਤੀ ਬਜ਼ੁਰਗ ਇੱਕਲਤਾ ਦਾ ਸੰਤਾਪ ਹੰਢਾ ਰਹੇ ਹਨ। ਜਿਥੇ ਪੰਜਾਬ ਵੱਡੀ ਗਿਣਤੀ ਨੌਜਵਾਨ ਵਿਦੇਸ਼ਾਂ ਵਿੱਚ ਚਲੇ ਗਏ ਹਨ ਅਤੇ ਕੁੜੀਆਂ ਆਪਣੇ ਸਹੁਰੇ ਚਲੀਆ ਗਈਆਂ ਹਨ ਤਾਂ ਪਿੰਡਾਂ ਵਿੱਚ ਬਣੀਆਂ ਆਲੀਸ਼ਾਨ ਕੋਠੀਆਂ ਵਿੱਚ ਸਿਰਫ਼ ਬਜ਼ੁਰਗ ਮਾਪੇ ਹੀ ਰਹਿ ਰਹੇ ਹਨ। ਇਹ ਉਹ ਲੋਕ ਹਨ ਜਿਨ੍ਹਾਂ ਨੂੰ ਉਹਨਾਂ ਦੇ ਪੁੱਤਾਂ ਨੇ ਦੇਸ਼ ਅਤੇ ਵਿਦੇਸ਼ ਵਿਚੋਂ ਹਰ ਇੱਕ ਲੋੜੀਂਦੀ ਚੀਜ਼ ਲਿਆ ਕੇ ਦਿੱਤੀ ਹੋਈ ਹੈ। ਉਹਨਾਂ ਨੂੰ ਹਰ ਸੁੱਖ ਸਹੂਲਤ ਦੇਣ ਦਾ ਯਤਨ ਕੀਤਾ ਗਿਆ ਹੈ, ਪਰ ਇਹ ਬਜ਼ੁਰਗ ਤਾਂ ਆਪਣੇ ਇਕੱਲੇਪਣ ਤੋਂ ਹੀ ਦੁਖੀ ਹਨ। ਸਾਰਾ ਦਿਨ ਇਕੱਲਤਾ ਬਜ਼ੁਰਗਾਂ ਨੂੰ ਵੱਢ ਵੱਢ ਖਾਂਦੀ ਹੈ, ਮਹੱਲ ਵਰਗੇ ਆਲੀਸ਼ਾਨ ਘਰ ਉਹਨਾਂ ਨੂੰ ਡਰਾਉਣੇ ਜਿਹੇ ਹੀ ਲੱਗਣ ਲੱਗਦੇ ਹਨ, ਘਰਾਂ ਦੀਆਂ ਕੰਧਾਂ ਉਹਨਾਂ ਖਾਣ ਨੂੰ ਆਉਂਦੀਆਂ ਜਾਪਦੀਆਂ ਹਨ। ਦਿਨ ਤਾਂ ਉਹਨਾਂ ਦਾ ਕਿਸੇ ਨਾ ਕਿਸੇ ਤਰਾਂ ਬੀਤ ਜਾਂਦਾ ਹੈ ਪਰ ਰਾਤਾਂ ਤਾਂ ਉਹ ਬੜੀ ਮੁਸ਼ਕਿਲ ਨਾਲ ਹੀ ਕੱਟਦੇ ਹਨ। ਸਿਆਲਾਂ ਵਿੱਚ ਰਾਤਾਂ ਹੁੰਦੀਆਂ ਵੀ ਲੰਬੀਆਂ ਹਨ। ਇਹਨਾਂ ਬਜ਼ੁਰਗਾਂ ਦੇ ਮਨੋਰੰਜਨ ਲਈ ਭਾਵੇਂ ਪੁੱਤਰਾਂ ਨੇ ਟੈਲੀਵਿਜ਼ਨ ਲੈ ਕੇ ਕੇਬਲ ਜਾਂ ਡਿਸ਼ ਵੀ ਲਗਾ ਕੇ ਦਿੱਤੀ ਹੋਈ ਹੈ ਪਰ ਪੁਰਾਣੇ ਵਿਚਾਰਾਂ ਵਾਲੇ ਬਜ਼ੁਰਗ ਲੰਬਾ ਸਮਾਂ ਟੈਲੀਵਿਜਨ ਵੀ ਨਹੀਂ ਵੇਖਦੇ।





ਆਖਰ ਅਜਿਹੇ ਲੋਕਾਂ ਬਾਰੇ ਕੀ ਲਿਖਾਂ ? ਜਿਨ੍ਹਾਂ ਕੋਲ ਜ਼ਿੰਦਗੀ ਦੀ ਹਰ ਸਹੂਲਤ ਹੈ ਪਰ ਉਹਨਾਂ ਸਹੂਲਤਾਂ ਨੂੰ ਮਾਨਣ ਯੋਗ ਸਰੀਰ ਹੀ ਨਹੀਂ ਭਾਵ ਉਹ ਤੰਦਰੁਸਤ ਨਹੀਂ। ਮੈਂ ਕਈ ਪਿੰਡਾਂ ਵਿੱਚ ਅਜਿਹੇ ਬਜ਼ੁਰਗ ਵੀ ਵੇਖੇ ਨੇ, ਜਿਨ੍ਹਾਂ ਦੇ ਵਿਦੇਸ਼ ਰਹਿੰਦੇ ਪੁੱਤਾਂ ਨੇ ਬਜ਼ੁਰਗਾਂ ਲਈ ਮਹੱਲਾਂ ਵਰਗੇ ਘਰ ਬਣਾ ਕੇ ਦਿੱਤੇ ਹੋਏ ਹਨ । ਏ ਸੀ, ਗੀਜ਼ਰ ਵੀ ਲਗਾਏ ਹੋਏ ਹਨ ਪਰ ਇਹ ਬਜ਼ੁਰਗ ਹਨ ਕਿ ਇਹਨਾਂ ਨੂੰ ਤਾਜ਼ੇ ਪਾਣੀ ਨਾਲ ਨਹਾ ਕੇ ਹੀ ਸੰਤੁਸ਼ਟੀ ਮਿਲਦੀ ਹੈ। ਏ. ਸੀ. ਦੀ ਠੰਢਕ ਇਹਨਾਂ ਨੂੰ ਚੁਭਦੀ ਜਿਹੀ ਹੈ। ਇਹ ਤਾਂ ਰੁੱਖਾਂ ਦੀ ਠੰਢੀ ਛਾਂ ਦਾ ਆਨੰਦ ਭਾਲਦੇ ਹਨ। ਇੱਕ ਬਜ਼ੁਰਗ ਦਾ ਕਹਿਣਾ ਸੀ ਕਿ ਉਹ ਦਿਨ ਵੇਲੇ ਪਾਣੀ ਹੀ ਘੱਟ ਪੀਂਦਾ ਹੈ ਤਾਂ ਕਿ ਰਾਤ ਨੂੰ ਵੇਲੇ ਕੁ ਵੇਲੇ ਬਾਥਰੂਮ ਜਾਣ ਲਈ ਉੱਠਣਾ ਨਾ ਪਵੇ। ਇਸ ਦਾ ਕਹਿਣਾ ਸੀ ਕਿ ਜੇ ਰਾਤ ਨੂੰ ਕੋਈ ਮਾੜਾ ਜਿਹਾ ਵੀ ਖੜਾਕ ਹੋਵੇ ਤਾਂ ਨੀਂਦ ਖੁੱਲ੍ਹ ਜਾਂਦੀ ਹੈ ਫੇਰ ਸਾਰੀ ਰਾਤ ਨੀਂਦਰ ਹੀ ਨਹੀਂ ਆਉਂਦੀ। ਜੇ ਬਿੱਲੀ ਜਾਂ ਚੂਹੇ ਕਾਰਨ ਰਾਤ ਨੂੰ ਖੜਕਾ ਹੋਵੇ ਤਾਂ ਕਈ ਬਜ਼ੁਰਗ ਜਦੋਂ ਤਕ ਉੱਠਦੇ ਹਨ ਤਾਂ ਉਦੋਂ ਤਕ ਬਿੱਲੀ ਚਾਰ ਕੋਠੇ ਟੱਪ ਚੁੱਕੀ ਹੁੰਦੀ ਹੈ। ਕਈ ਬਜ਼ੁਰਗਾਂ ਨੂੰ ਉੱਠਣ ਵੇਲੇ ਹੀ ਅੱਖਾਂ 'ਤੇ ਲਾਉਣ ਲਈ ਐਨਕ ਲੱਭਣੀ ਪੈਂਦੀ ਹੈ, ਫੇਰ ਸੋਟੀ ਹੱਥ ਵਿੱਚ ਫੜ ਕੇ ਹੀ ਉਹ ਚੱਲਣ ਫਿਰਨ ਦੇ ਕਾਬਲ ਹੁੰਦੇ ਹਨ। ਇਸ ਤਰਾਂ ਮਹੱਲ ਵਰਗੇ ਘਰ ਵਿੱਚ ਇਕੱਲੇ ਹੀ ਜ਼ਿੰਦਗੀ ਦੀ ਸ਼ਾਮ ਨੂੰ ਕੱਟ ਰਹੇ ਹਨ । ਬੁਢਾਪਾ ਇਹਨਾਂ ਲਈ ਇੱਕ ਕਸੈਲ਼ੀ ਹਕੀਕਤ ਬਣਿਆ ਹੋਇਆ ਹੈ।



# ਮਹਿੰਗੇ ਵਿਆਹਾਂ ਦੇ ਵਿਖਾਵਾਕਾਰੀ ਪ੍ਰਭਾਵਾਂ ਨੂੰ ਨੱਥ ਕਿਵੇਂ ਪਾਈ ਜਾਵੇ ?

**ਡਾ. ਸੁਖਦੇਵ ਸਿੰਘ**
-ਸਾਬਕਾ ਪ੍ਰੋਫ਼ੈਸਰ ਸਮਾਜ ਵਿਗਿਆਨ
ਪੀ.ਏ.ਯੂ. ਲੁਧਿਆਣਾ।





21ਵੀਂ ਸਦੀ ਦੇ ਲਗਭਗ ਢਾਈ ਦਹਾਕਿਆਂ ਦੇ ਮਾਨਵੀ ਸਫ਼ਰ 'ਚ ਭਾਰਤੀ ਸਮਾਜ 'ਚ ਵੱਡੇ ਉਦਯੋਗਪਤੀ ਮੁਕੇਸ਼ ਅੰਬਾਨੀ ਦੇ ਪੁੱਤਰ ਦਾ ਵਿਆਹ ਸਭ ਤੋਂ ਮਹਿੰਗਾ ਵਿਆਹ ਮੰਨਿਆ ਗਿਆ ਹੈ, ਜਿਸ 'ਤੇ ਮੋਟੇ ਅੰਦਾਜ਼ਿਆਂ ਮੁਤਾਬਿਕ ਪੰਜ ਹਜ਼ਾਰ ਕਰੋੜ ਰੁਪਏ ਦਾ ਖਰਚਾ ਕੀਤਾ ਗਿਆ ਹੈ। ਕਈ ਮਹੀਨਿਆਂ ਤੋਂ ਵਿਆਹ ਸੰਬੰਧਿਤ ਚੱਲ ਰਹੀਆਂ ਰਸਮਾਂ, ਇਟਲੀ 'ਚ ਪ੍ਰੀ-ਵੈਡਿੰਗ ਅਤੇ 12 ਜੁਲਾਈ ਨੂੰ ਵਿਆਹ ਅਤੇ ਇਸ ਉਪਰੰਤ ਚੱਲੀਆਂ ਰਿਸੈਪਸ਼ਨ ਪਾਰਟੀਆਂ ਆਦਿ ਦੇ ਸਮੇਂ ਤੋਂ ਪਤਾ ਚਲਦਾ ਹੈ ਕਿ ਖਰਚੇ ਤੋਂ ਬਿਨਾਂ ਇਹ ਲੰਬਾ ਸਮਾਂ ਚਲਣ ਵਾਲਾ ਵਿਆਹ ਵੀ ਹੋ ਨਿਬੜਿਆ ਹੈ। ਇਸ ਵਿਆਹ 'ਚ ਰਾਸ਼ਟਰੀ, ਅੰਤਰਰਾਸ਼ਟਰੀ ਮਹਿਮਾਨਾਂ ਤੋਂ ਇਲਾਵਾ ਦੇਸ਼ ਦੇ ਰਾਜਨੀਤੀਵਾਨਾਂ ਅਤੇ ਵੱਖ-ਵੱਖ ਧਾਰਮਿਕ ਸੰਪਰਦਾਇਕ ਦੇ ਮੁਖੀਆਂ ਦੀ ਸ਼ਮੂਲੀਅਤ ਅਤੇ ਉਨ੍ਹਾਂ ਦੀ ਆਓਭਗਤ 'ਤੇ ਅੱਤ ਮਹਿੰਗੇ ਤੋਹਫ਼ਿਆਂ ਦੇ ਅਦਾਨ-ਪ੍ਰਦਾਨ ਨੇ ਤਕਰੀਬਨ ਹਰ ਬਾਸ਼ਿੰਦੇ ਦਾ ਕਿਸੇ ਨਾ ਕਿਸੇ ਰੂਪ 'ਚ ਧਿਆਨ ਖਿੱਚਿਆ ਹੈ। ਇਸ ਵਿਆਹ ਸੰਬੰਧੀ ਜਿੱਥੇ ਕੁਝ ਕੁ ਲੋਕ ਪਦਾਰਥਿਕ ਵਿਖਾਵਿਆਂ 'ਚ ਦਿਲਚਸਪੀ ਤੇ ਮਨੋਰੰਜਨ ਵਜੋਂ ਦੇਖ ਰਹੇ ਹਨ, ਉੱਥੇ ਦੇਸ਼ ਦੀ ਵੱਡੀ ਗਿਣਤੀ ਚਿੰਤਨਸ਼ੀਲ ਲੋਕ ਇਸ ਸਮਾਜ ਦੇ ਮੱਧ ਵਰਗ ਤੇ ਹੇਠਲੇ ਵਰਗ 'ਤੇ ਪੈਣ ਵਾਲੇ ਪ੍ਰਭਾਵ ਨੂੰ ਲੈ ਕੇ ਚਿੰਤਤ ਹਨ।

ਸੰਸਾਰ ਦੇ ਸਾਰੇ ਦੇਸ਼ਾਂ ਤੇ ਧਰਮਾਂ 'ਚ ਵਿਆਹ ਸੰਸਥਾ ਨੂੰ ਸਨਮਾਨ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ ਭਾਵੇਂ ਵਿਆਹ ਰਸਮਾਂ ਦਾ ਸਮਾਂ, ਵਿਆਹ ਦੀ ਉਮਰ ਅਤੇ ਦਹੇਜ ਪੱਖੋਂ ਬਹੁਤ ਵਖਰੇਵੇਂ ਹਨ। ਹਿੰਦੂ ਧਰਮ 'ਚ ਵਿਆਹ ਨੂੰ ਵਿਸ਼ੇਸ਼ 'ਤੇ ਪਵਿੱਤਰਤਾ ਵਾਲਾ ਸਮਾਜਿਕ ਬੰਧਨ ਮੰਨਿਆ ਗਿਆ ਹੈ। ਹਿੰਦੂ ਆਸ਼ਰਮ ਵਿਵਸਥਾ ਤਹਿਤ ਮਨੁੱਖੀ ਜੀਵਨ ਦੇ ਚਾਰ ਆਸ਼ਰਮਾਂ 'ਚੋਂ ਦੂਜੇ ਪੜਾਅ ਭਾਵ ਗ੍ਰਹਿਸਤ ਆਸ਼ਰਮ ਨੂੰ ਉੱਤਮ ਦਰਜਾ ਹਾਸਿਲ ਹੈ, ਕਿਉਂਕਿ ਇਸ ਆਸ਼ਰਮ ਦੀ ਸੰਪੂਰਨਤਾ ਤੋਂ ਬਿਨਾਂ ਅਗਲੇ ਆਸ਼ਰਮਾਂ ਦੇ ਪੜਾਵਾਂ 'ਚ ਵਿਗਾੜ ਆ ਜਾਂਦੇ ਹਨ। ਕੁਦਰਤੀ ਨਿਯਮਾਂ ਅਨੁਸਾਰ ਪਰਿਵਾਰ 'ਚ ਵਾਧਾ ਤੇ ਸੰਤਾਨ ਉਤਪਤੀ ਇਸ ਸੰਸਥਾ ਦੇ ਮੂਲ ਆਧਾਰ ਹਨ। ਰਵਾਇਤੀ ਸਮਾਜ 'ਚ ਵਿਆਹ ਦੀ ਰਸਮ ਧਾਰਮਿਕ ਬੰਧਨਾਂ 'ਚ ਬੰਨ੍ਹੀ ਪਰ ਸਾਦੀ ਹੁੰਦੀ ਸੀ ਅਤੇ ਸੰਬੰਧਿਤ ਪਰਿਵਾਰਾਂ ਨੂੰ ਕੋਈ ਬਹੁਤਾ ਆਰਥਿਕ ਬੋਝ ਨਹੀਂ ਸੀ ਪੈਂਦਾ। ਨਵੇਂ ਜੋੜੇ ਨੂੰ ਜੀਵਨ ਸ਼ੁਰੂ ਕਰਨ ਲਈ ਜੀਵਨ ਨਿਰਬਾਹਕ ਕੁਝ ਸੀਮਿਤ ਸਾਮਾਨ ਦੇ ਦਿੰਦੇ ਸਨ। ਅੱਧੀ ਸਦੀ ਪਹਿਲਾਂ ਤੱਕ ਵਿਆਹ ਆਮ ਧਾਰਮਿਕ ਸਥਾਨਾਂ, ਧਰਮਸ਼ਲਾਵਾਂ, ਸਾਂਝੇ ਜੰਞ ਘਰਾਂ ਜਾਂ ਨਿੱਜੀ ਸਥਾਨਾਂ ਅਤੇ ਗਲੀ-ਮੁਹੱਲਿਆਂ 'ਚ ਹੀ ਨਿਭਾਅ ਲਏ ਜਾਂਦੇ ਸਨ। ਸਮੇਂ ਦੇ ਬਦਲਾਅ, ਤਕਨੀਕੀ ਗਿਆਨ ਅਤੇ ਪਦਾਰਥਵਾਦ ਦੀ ਆਮਦ ਨੇ ਮਨੁੱਖੀ ਜੀਵਨ 'ਚ ਕਈ ਹੋਰ ਬਦਲਾਵਾਂ ਦੇ ਨਾਲ-ਨਾਲ ਸਮਾਜਿਕ-ਸੱਭਿਆਚਾਰਕ ਰਸਮਾਂ-ਰਿਵਾਜਾਂ 'ਚ ਵੀ ਢੇਰ ਸਾਰੀ ਤਬਦੀਲੀ ਲਿਆਂਦੀ ਹੈ। ਵਿਆਹ-ਸ਼ਾਦੀਆਂ ਤੇ ਹੋਰ ਰਸਮਾਂ 'ਤੇ ਵੱਧ ਰਹੇ ਖਰਚੇ ਅਤੇ ਦਿਖਾਵੇ, ਜਿੱਥੇ ਸਰਦੇ-ਪੁਜਦੇ ਲੋਕਾਂ ਲਈ ਸਮਾਜਿਕ ਰੁਤਬੇ ਹਾਸਿਲ ਕਰਨ ਵਾਲੀ ਗੱਲ ਹੈ, ਉੱਥੇ ਇਸ ਨਾਲ ਸਧਾਰਨ ਤੇ ਗ਼ਰੀਬ ਤਬਕਿਆਂ ਉੱਪਰ ਆਰਥਿਕ ਬੋਝ ਬਹੁਤ ਵਧ ਗਿਆ ਹੈ, ਜਿਸ ਦੇ ਅੱਗੋਂ ਮਾਰੂ ਆਰਥਿਕ ਤੇ ਮਨੋਵਿਗਿਆਨਕ ਨਤੀਜੇ ਨਿਕਲਦੇ ਹਨ ਅਤੇ ਕਈ ਲੋਕ ਰਸਮਾਂ ਨਿਭਾਉਣ ਉਪਰੰਤ ਤੰਗੀਆਂ-ਤੁਰਸ਼ੀਆਂ ਦੇ ਚੱਕਰ 'ਚ ਫਸੇ ਰਹਿੰਦੇ ਹਨ। ਭਾਰਤ ਇਕ ਵਿਕਾਸਸ਼ੀਲ ਤੇ ਗ਼ਰੀਬ ਮੁਲਕਾਂ ਦੀ ਸ਼੍ਰੇਣੀ 'ਚ ਆਉਂਦਾ ਹੈ। ਭਾਵੇਂ ਸਾਡੇ ਕੁਝ ਅਰਥ ਸ਼ਾਸਤਰੀ ਗ਼ਰੀਬੀ ਰੇਖਾ ਤੋਂ ਥੱਲੇ ਲੋਕਾਂ ਦੀ ਗਿਣਤੀ ਕੁਲ ਆਬਾਦੀ ਦਾ 22 ਪ੍ਰਤੀਸ਼ਤ ਦੇ ਕਰੀਬ ਜਾਂ ਇਸ ਤੋਂ ਵੀ ਘੱਟ ਦੱਸਦੇ ਹਨ, ਪ੍ਰੰਤੂ ਅੰਤਰਰਾਸ਼ਟਰੀ ਰਿਪੋਰਟਾਂ 'ਤੇ ਹੋਰ ਅਰਥ ਸ਼ਾਸਤਰੀਆਂ ਮੁਤਾਬਿਕ ਭਾਰਤ 'ਚ ਗ਼ਰੀਬਾਂ ਦੀ ਗਿਣਤੀ ਵਧੇਰੇ ਹੈ। ਸਵਿਟਰਜ਼ਰਲੈਂਡ ਦੇ ਸਮਾਜ ਵਿਗਿਆਨੀ ਜਾਨ ਬਰੀਮੈਨ ਮੁਤਾਬਿਕ ਭਾਰਤ ਦੀ 76 ਪ੍ਰਤੀਸ਼ਤ ਆਬਾਦੀ ਗ਼ਰੀਬ ਹੈ ਅਤੇ ਇਨ੍ਹਾਂ 'ਚੋਂ 25 ਫ਼ੀਸਦੀ ਕੰਗਾਲੀ ਦੇ ਕੰਢੇ ਜੀਵਨ ਬਸਰ ਕਰ ਰਹੇ ਹਨ। ਗ਼ਰੀਬੀ ਤੇ ਕੰਗਾਲੀ ਬਾਰੇ ਫ਼ਰਕ ਦੱਸਦਿਆਂ ਉਹ ਸਾਫ ਕਰਦਾ ਹੈ ਕਿ ਗ਼ਰੀਬੀ 'ਚ ਕੋਈ ਮਨੁੱਖ ਜਾਂ ਪਰਿਵਾਰ ਆਪਣੇ ਸਾਧਨਾਂ ਤੇ ਲੇਬਰ ਜੁਗਾੜਾਂ ਰਾਹੀਂ ਪਰਿਵਾਰ ਦੀ ਗੱਡੀ ਨੂੰ ਤੋਰੀ ਜਾਂਦਾ ਹੈ, ਪ੍ਰੰਤੂ ਕੰਗਾਲੀ ਦੀ ਦਸ਼ਾ ਸਾਧਨਹੀਣਤਾ ਹੈ ਅਤੇ ਜੀਵਨ ਬਸਰ ਲਈ ਦੂਜਿਆਂ ਅੱਗੇ ਹੱਥ ਅੱਡਣਾ ਪੈਂਦਾ ਹੈ। ਇਸ ਤੋਂ ਬਿਨਾਂ ਅਜੋਕੇ ਸਮੇਂ ਸਮਾਜ 'ਚ ਵੱਧ ਰਹੇ ਆਰਥਿਕ ਪਾੜੇ ਵੀ ਕਿਸੇ ਕੋਲੋਂ ਛੁਪੇ ਨਹੀਂ। ਵੱਖ-ਵੱਖ ਖੋਜੀ ਰਿਪੋਰਟਾਂ, ਅਰਥ ਸ਼ਾਸਤਰੀਆਂ ਦੇ ਕਿਤਾਬਾਂ 'ਚ ਦਰਸਾਏ ਵਿਸ਼ਲੇਸ਼ਣ ਇਸ਼ਾਰਾ ਕਰਦੇ ਹਨ ਕਿ ਅੱਜ ਸਾਡੇ ਦੇਸ਼ ਦੀ ਸੰਪਤੀ ਤੇ ਆਰਥਿਕ ਵਸੀਲਿਆਂ ਉੱਪਰ ਮੁੱਠੀ ਭਰ ਲੋਕਾਂ ਦਾ ਕਬਜ਼ਾ ਹੈ। 1980 ਤੋਂ ਪਹਿਲਾਂ ਭਾਰਤ 'ਚ ਜਿੱਥੇ 2-4 ਅਰਬਪਤੀ ਸਨ, ਅੱਜ ਉਨ੍ਹਾਂ ਦੀ ਗਿਣਤੀ 200 ਤੋਂ ਉੱਪਰ ਚਲੀ ਗਈ ਹੈ। ਇਸ ਆਰਥਿਕ ਵਿਕਾਸ ਪ੍ਰਕਿਰਿਆ ਤਹਿਤ ਜਿੱਥੇ ਕੁਝ ਲੋਕ ਅਮੀਰ ਹੋ ਰਹੇ ਹਨ, ਉੱਥੇ ਦੇਸ਼ ਦੀ ਆਬਾਦੀ ਦਾ ਵੱਡਾ ਭਾਗ ਗ਼ਰੀਬੀ, ਅੱਤ ਗ਼ਰੀਬੀ ਤੇ ਬੇਰੁਜ਼ਗਾਰੀ ਵੱਲ ਧੱਕਿਆ ਜਾ ਰਿਹਾ ਹੈ। ਦੂਜੇ ਪਾਸੇ ਜੇ ਟੈਕਸਾਂ ਦੀ ਗੱਲ ਕਰੀਏ ਤਾਂ ਆਕਸਫੈਮ ਦੀ ਹੁਣੇ ਆਈ ਰਿਪੋਰਟ ਮੁਤਾਬਿਕ 50 ਫ਼ੀਸਦੀ ਹੇਠਲੇ ਤਬਕੇ ਤੇ ਗ਼ਰੀਬਾਂ ਕੋਲੋਂ ਜੀ.ਐੱਸ.ਟੀ. ਦੀ ਵਸੂਲੀ 64 ਪ੍ਰਤੀਸ਼ਤ ਹੈ, ਜਦਕਿ ਮੱਧ-ਵਰਗ 33 ਪ੍ਰਤੀਸ਼ਤ ਤੇ ਅਮੀਰ ਤੇ ਅੱਤ ਅਮੀਰ ਸਿਰਫ 3 ਤੋਂ 4 ਪ੍ਰਤੀਸ਼ਤ ਜੀ.ਐੱਸ.ਟੀ. ਟੈਕਸ ਭਰਦੇ ਹਨ ਅਤੇ ਅਮੀਰਾਂ ਨੂੰ ਬੈਂਕਾਂ ਦੇ ਕਰਜ਼ੇ ਲੈ ਕੇ ਵੀ ਮੁਆਫ਼ੀ ਦਾ ਪ੍ਰਬੰਧ ਹੈ, ਭਾਵੇਂ ਗ਼ਰੀਬ ਤੇ ਕਿਸਾਨ ਭਾਵੇਂ ਸੜਦੇ ਰਹਿਣ। ਜ਼ਮੀਨੀ ਹਕੀਕਤ ਹੈ ਕਿ ਜਦੋਂ ਅਮਰੀਕਾ ਦਾ ਤਤਕਾਲੀ ਰਾਸ਼ਟਰਪਤੀ ਡੋਨਾਲਡ ਟਰੰਪ ਭਾਰਤ ਆਇਆ ਤਾਂ ਗੁਜਰਾਤ 'ਚ ਹਵਾਈ ਅੱਡੇ ਤੋਂ ਲੈ ਕੇ ਪ੍ਰੋਗਰਾਮ ਵਾਲੀ ਥਾਂ ਤੱਕ ਗ਼ਰੀਬੀ ਨਾ ਦਿਖਾਉਣ ਖ਼ਾਤਰ ਸੜਕ ਦੇ ਨਾਲ-ਨਾਲ ਕੰਧ ਕਰ ਦਿੱਤੀ ਗਈ ਸੀ। ਇਸੇ ਤਰ੍ਹਾਂ ਦਿੱਲੀ 'ਚ ਜੀ-20 ਦੇਸ਼ਾਂ ਦੇ ਸਿਖਰ ਸੰਮੇਲਨ ਦੌਰਾਨ ਗ਼ਰੀਬੀ ਛੁਪਾਉਣ ਲਈ ਰਾਹ 'ਚ ਪੈਂਦੀਆਂ ਝੁੱਗੀਆਂ ਨੂੰ ਚਾਦਰਾਂ ਨਾਲ ਢਕ ਦਿੱਤਾ ਗਿਆ ਸੀ। ਭਾਰਤੀ ਅਮੀਰਾਂ ਕੋਲ ਪਿਛਲੇ ਦੋ-ਤਿੰਨ ਦਹਾਕਿਆਂ 'ਚ ਹੀ ਅੰਤਾਂ ਦਾ ਪੈਸਾ ਇਕੱਠਾ ਹੋ ਜਾਣਾ ਬਹੁਤ ਸਵਾਲ ਖੜ੍ਹੇ ਕਰਦਾ ਹੈ। ਹੁਣੇ ਹੀ ਅੰਬਾਨੀ ਦੀ ਜੀਓ ਕੰਪਨੀ ਸਮੇਤ ਹੋਰਾਂ ਵਲੋਂ ਵੀ ਮੋਬਾਈਲ ਪੈਕਜਾਂ ਦੀਆਂ ਕੀਮਤਾਂ ਵਧਾਉਣੀਆਂ ਇਕ ਪ੍ਰਤੱਖ ਉਦਾਹਰਨ ਹੈ ਅਤੇ ਇਕੱਲੇ ਅੰਬਾਨੀ ਗਰੁੱਪ ਨੂੰ ਵਿਆਹ ਖਰਚੇ ਤੋਂ ਵੱਧ ਹਜ਼ਾਰਾਂ ਕਰੋੜਾਂ ਦਾ ਫਾਇਦਾ ਹੋ ਗਿਆ ਹੈ। ਲੋਹੜਾ ਰੱਬ ਦਾ। ਜੇਕਰ ਬੇਰੁਜ਼ਗਾਰੀ ਦੀ ਗੱਲ ਕਰੀਏ ਤਾਂ ਇਕ ਦਿਲ-ਕੰਬਾਊ ਹਾਲਾਤ ਸਾਹਮਣੇ ਆਉਂਦੇ ਹਨ। ਅੱਜ ਦੇਸ਼ ਦੀ ਬੇਰੁਜ਼ਗਾਰੀ 40 ਫ਼ੀਸਦੀ ਹੈ, ਜੋ ਕਿ ਆਜ਼ਾਦੀ ਤੋਂ ਬਾਅਦ ਵਾਲੇ ਸਮੇਂ 'ਚ ਸਭ ਤੋਂ ਵੱਧ ਦੱਸੀ ਜਾਂਦੀ ਹੈ। ਚਪੜਾਸੀ ਦੀਆਂ ਅਸਾਮੀਆਂ ਵਾਸਤੇ ਪੀ.ਐੱਚ.ਡੀ ਤੱਕ ਪੜ੍ਹੇ ਬੱਚਿਆਂ ਦਾ ਅਪਲਾਈ ਕਰਨਾ ਅੱਤ ਹੀ ਹੈ। ਹੁਣੇ ਹੀ ਗੁਜਰਾਤ ਤੇ ਮਹਾਰਾਸ਼ਟਰ 'ਚ ਥੋੜ੍ਹੀਆਂ ਜਿਹੀਆਂ ਅਸਾਮੀਆਂ ਲਈ ਹਜ਼ਾਰਾਂ ਟਰੇਡ ਇੰਜੀਨੀਅਰ ਬੱਚਿਆਂ ਦੀ ਭੀੜ ਦਾ ਦ੍ਰਿਸ਼ ਇਸ ਤੱਥ ਨੂੰ ਹੋਰ ਪੱਕਾ ਕਰਦਾ ਹੈ। ਅਜਿਹੇ ਹਾਲਾਤ ਵਿਚ ਸਮਾਜਿਕ ਰਸਮਾਂ 'ਤੇ ਵੱਡਾ ਖਰਚ ਨਹੀਂ ਸ਼ੋਭਦਾ ?

**(ਬਾਕੀ ਸਫ਼ਾ 30 'ਤੇ)**

# ਲੇਖਕਾਂ, ਕਲਾਕਾਰਾਂ ਦੀ ਆਵਾਜ਼ ਕੁਚਲਣ ਲਈ ਸਰਕਾਰੀ ਹਮਲੇ ਜਮਹੂਰੀਅਤ ਵਿਰੋਧੀ



**ਅਰਵਿੰਦਰ ਕੌਰ ਕਾਕੜਾ**
**(ਡਾ.)**

ਭਾਰਤ ਅੰਦਰ ਲਗਾਤਾਰ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ ਜਿਸ ਪਿੱਛੇ ਪਿਆ ਏਜੰਡਾ ਸੱਚ ਤੇ ਹੱਕ ਨੂੰ ਕੁਚਲ ਕੇ ਕਿਸੇ ਕੋਈ ਖਾਸ ਮਨੋਰਥ ਚਾਹੁੰਦਾ ਹੈ। ਇਸ ਦੀ ਚਰਚਾ ਜਮਹੂਰੀ ਹਲਕਿਆਂ ਵਿੱਚ ਲਗਾਤਾਰ ਹੋ ਰਹੀ ਹੈ। ਸਮਾਜਿਕ ਕਾਰਕੁਨ ਅਰੁੰਧਤੀ ਰਾਏ ਅਤੇ ਕਸ਼ਮੀਰ ਕੇਂਦਰੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਸ਼ੇਖ ਸ਼ੌਕਤ ਹੁਸੈਨ ਉੱਪਰ ਦਰਜ ਕੀਤੇ ਕੇਸ ਵਿਰੁੱਧ ਚੇਤੰਨ ਲੋਕਾਂ ਅੰਦਰ ਗਹਿਰਾ ਰੋਸ ਹੈ। ਅਜਿਹੇ ਫਰਮਾਨਾਂ ਨੇ ਸੰਵੇਦਨਸ਼ੀਲ ਲੋਕਾਂ ਨੂੰ ਝੰਜੋੜਿਆ ਹੈ ਤੇ ਸੱਚ ਦੀ ਕਲਮ 'ਤੇ ਹੋ ਰਹੇ ਤਿੱਖੇ ਹਮਲੇ ਵਿਰੁੱਧ ਸੱਚ ਦੀ ਆਵਾਜ਼ ਬੁਲੰਦ ਕਰਨ ਦਾ ਸਵਾਲ ਵੀ ਖੜ੍ਹਾ ਕੀਤਾ ਹੈ। ਲੇਖਕ ਕਿਉਂ ਲਿਖਦਾ ਹੈ, ਕਿਸ ਵਾਸਤੇ ਲਿਖਦਾ ਹੈ, ਬੁੱਧੀਜੀਵੀ ਤੇ ਚਿੰਤਕ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਕਿਵੇਂ ਨਿਭਾਉਂਦਾ ਹੈ, ਅਜਿਹੇ ਬਹੁਤ ਸਾਰੇ ਪ੍ਰਸ਼ਨ ਹਨ। ਅਜਿਹੇ ਅਮਾਨਵੀ ਵਰਤਾਰੇ 'ਚ ਲੇਖਕ, ਚਿੰਤਕ ਫ਼ਰਜ਼ਾਂ ਨੂੰ ਕਿਸ ਸਿੱਦਤ ਨਾਲ ਲੈਂਦੇ ਹਨ, ਇਹ ਸੋਚਣ ਦਾ ਵਕਤ ਹੈ।

ਅੱਜ ਸਾਡੇ ਮੁਲਕ ਦੀ ਸਥਿਤੀ ਅਜਿਹੀ ਹੈ ਕਿ ਕੇਂਦਰ ਵਿੱਚ ਸੱਤਾਧਾਰੀ ਜਮਾਤ ਆਪਣੇ ਹਿੰਦੂਤਵੀ ਫਾਸ਼ੀਵਾਦੀ ਏਜੰਡੇ ਨੂੰ ਥੋਪਦਿਆਂ ਧਰਮ ਤੰਤਰੀ ਸਟੇਜ ਬਣਾਉਣ ਦੀਆਂ ਸਾਜਿਸ਼ਾਂ ਘੜ ਰਹੀ ਹੈ। ਮੰਨੂਵਾਦੀ ਪਿਛਾਖੜੀ ਸੋਚ ਨੂੰ ਲੋਕਾਂ ਉੱਪਰ ਥੋਪਦਿਆਂ ਪ੍ਰਗਤੀਸ਼ੀਲ/ਤਰਕਸ਼ੀਲ ਮੁੱਲਾਂ ਨੂੰ ਖਤਮ ਕਰਨ ਲਈ ਕਦਮ ਪੁੱਟਿਆ ਜਾ ਰਿਹਾ ਹੈ ਜਿਸ ਤਹਿਤ ਘੱਟ ਗਿਣਤੀ ਵਰਗ ਜਿਸ ਵਿੱਚ ਮੁਸਲਮਾਨ, ਦਲਿਤ, ਔਰਤਾਂ, ਪ੍ਰਗਤੀਸ਼ੀਲ/ਤਰਕਸ਼ੀਲ ਵਿਚਾਰਧਾਰਕ ਲੋਕਾਂ ਉੱਪਰ ਤਿੱਖੇ ਹਮਲੇ ਹੋ ਰਹੇ ਹਨ। ਕਈ ਤਰ੍ਹਾਂ ਦੇ ਕਾਲੇ ਕਾਨੂੰਨਾਂ ਰਾਹੀਂ, ਹੋਰ ਦਬਾਵਾਂ ਰਾਹੀਂ, ਦੇਸ਼-ਧ੍ਰੋਹੀ ਦੇ ਦੋਸ਼, ਝੂਠੇ ਕੇਸ ਬਣਾ ਕੇ ਲੋਕਾਂ ਦੀ ਆਵਾਜ਼ ਨੂੰ ਦਬਾਉਣ ਦੀਆਂ ਕੋਸਿਸ਼ਾਂ ਚੱਲ ਰਹੀਆਂ ਹਨ। ਲਗਾਤਾਰ ਆ ਰਹੇ ਫਰਮਾਨ ਹੁਣ ਬੌਧਿਕ ਤੇ ਸਮਾਜਿਕ ਖੇਤਰਾਂ ਅੰਦਰ ਵੀ ਜਕੜ ਡੂੰਘੀ ਕਰਨ ਦੀ ਤਾਕ ਵਿੱਚ ਹਨ। ਇਸੇ ਲਈ ਹੁਣ ਬੁੱਧੀਜੀਵੀ, ਲੇਖਕ, ਸਮਾਜਿਕ ਕਾਰਕੁਨ ਨਿਸ਼ਾਨੇ 'ਤੇ ਹਨ।

ਬੁੱਧੀਜੀਵੀ ਤਾਂ ਦੇਸ਼ ਜਾਂ ਸਮਾਜ ਅੰਦਰ ਬੁੱਧੀਮਤਾ ਦੇ ਕੈਨਵਸ ਦਾ ਵਿਸਥਾਰ ਕਰ ਕੇ ਸਮਾਜ ਨੂੰ ਨਿਵੇਕਲੀਆਂ ਰਾਹਾਂ 'ਤੇ ਤੁਰਨ ਦੀ ਦਿਸ਼ਾ ਤੈਅ ਕਰਦੇ ਹਨ। ਜੇਕਰ ਦੇਸ਼ ਬੌਧਿਕ ਪੱਧਰ 'ਤੇ ਉੱਚਾ ਹੋਵੇਗਾ ਤਾਂ ਹੀ ਸਮਾਜ ਅੰਦਰਲੀ ਬੇਤਰਤੀਬੀ ਨੂੰ ਠੀਕ ਰਾਹ 'ਤੇ ਲਿਆ ਕੇ ਲੋਕਾਂ ਨੂੰ ਨਿਆਂ ਦਿਵਾਇਆ ਜਾ ਸਕਦਾ ਹੈ। ਜਦ ਬੌਧਿਕਤਾ ਦੀ ਦਿਸ਼ਾ ਲੋਕ ਪੈਂਤੜੇ ਦੀ ਅਗਵਾਈ ਕਰ ਰਹੀ ਹੋਵੇ ਤਾਂ ਲੇਖਕ, ਵਿਦਵਾਨ, ਵਿਦਿਆਰਥੀ, ਪੱਤਰਕਾਰ, ਜਮਹੂਰੀ ਆਗੂ ਆਪਣੀਆਂ ਲਿਖਤਾਂ ਜਾਂ ਭਾਸ਼ਣਾਂ ਰਾਹੀਂ ਸਮੇਂ ਦਾ ਸੱਚ ਬਿਆਨ ਕਰਦੇ ਸੱਤਾਧਾਰੀ ਜਮਾਤ ਨੂੰ ਖ਼ਤਰਾ ਜਾਪਦੇ ਹਨ। ਸੱਤਾ ਨਹੀਂ ਚਾਹੁੰਦੀ ਕਿ ਉਨਾਂ ਦੀ ਅਸਲ ਕਾਰਜਸ਼ੀਲਤਾ ਤੋਂ ਲੋਕ ਜਾਣੂ ਹੋਣ, ਇਸ ਲਈ ਲੋਕਾਂ ਦੇ ਧਿਆਨ ਨੂੰ ਹੋਰ ਪਾਸੇ ਲਗਾਉਣ ਲਈ ਦੇਸ਼ ਅੰਦਰ ਅਮਾਨਵੀ ਹਿੱਲਜੁਲ ਕਰਵਾਈ ਜਾਂਦੀ ਹੈ। ਅੱਜ ਦੇਸ਼ ਦੀ ਆਰਥਿਕ, ਸਮਾਜਿਕ, ਭੂਗੋਲਿਕ, ਕੁਦਰਤੀ ਸਾਧਨਾਂ ਦੀ ਲੁੱਟ ਕਰਨ ਦਾ ਅਧਿਕਾਰ ਕਾਰਪੋਰੇਟ ਘਰਾਣਿਆਂ ਨੂੰ ਦਿੱਤਾ ਜਾ ਰਿਹਾ ਹੈ। ਮਨੁੱਖ ਦੀ ਅੰਨ੍ਹੀ ਲੁੱਟ ਦੇਖ ਕੇ ਜਦ ਕੋਈ ਕਲਮ ਜਾਂ ਆਵਾਜ਼ ਸੱਚ ਤੇ ਹੱਕ ਲਈ ਉੱਠਦੀ ਹੈ ਤਾਂ ਲੋਟੂ ਸ਼ਕਤੀਆਂ ਸਾਜਿਸ਼ ਤਹਿਤ ਲੇਖਕਾਂ, ਕਵੀਆਂ, ਬੁੱਧੀਜੀਵੀਆਂ, ਪੱਤਰਕਾਰਾਂ, ਮੀਡੀਆ ਤੇ ਸਮਾਜਿਕ ਕਾਰਕੁਨਾਂ ਦੀ ਜ਼ਬਾਨਬੰਦੀ ਕਰਦੀਆਂ ਹਨ। ਇਸ ਲੁਟੇਰੇ ਪ੍ਰਬੰਧ ਦਾ ਯਤਨ ਰਹਿੰਦਾ ਹੈ ਕਿ ਲੋਕਾਂ ਦੇ ਰਾਹ ਦਸੇਰਾ, ਲੋਕ ਘੋਲਾਂ ਦੇ ਨਾਇਕ ਦੇ ਲੋਕ ਸੰਘਰਸ਼ਾਂ ਦੇ ਇਤਿਹਾਸ ਨੂੰ ਦੂਰ ਹੀ ਰੱਖਿਆ ਜਾਵੇ ਤਾਂ ਕਿ ਇਹ ਲੋਕ ਆਪਣੀਆਂ ਸੰਘਰਸ਼ੀ ਪੈੜਾਂ ਤੋਂ ਸਬਕ ਲੈ ਕੇ ਪ੍ਰਬੰਧ ਦੀ ਲੁੱਟ, ਜਬਰ ਅਤੇ ਅਨਿਆਂ ਵਿਰੁੱਧ ਖੜ੍ਹੇ ਨਾ ਹੋ ਜਾਣ। ਇਸ ਲਈ ਸਮੇਂ ਦੀਆਂ ਸਰਕਾਰਾਂ ਲੇਖਕਾਂ, ਸਾਹਿਤਕਾਰਾਂ, ਪੱਤਰਕਾਰਾਂ ਤੇ ਸਮਾਜਿਕ ਕਾਰਕੁਨਾਂ ਨੂੰ ਕਈ ਕਿਸਮ ਦੇ ਸਨਮਾਨ ਤੇ ਹੋਰ ਲਾਲਚ ਦੇ ਕੇ ਉਨ੍ਹਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਪਰ ਜਾਗਦੀ ਜ਼ਮੀਰ ਵਾਲੇ ਲੋਕ ਸਥਾਪਤੀ ਦੇ ਅਜਿਹੇ ਰਵੱਈਏ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਹੁੰਦੇ ਹਨ। ਉਹ ਸਮਾਜ ਵਿਚਲੀ ਗਰੀਬੀ, ਬੇਰੁਜ਼ਗਾਰੀ, ਭੁੱਖਮਰੀ, ਮਹਿੰਗਾਈ, ਭ੍ਰਿਸ਼ਟਾਚਾਰ, ਜਾਤੀ ਵਿਤਕਰਾ, ਧਾਰਮਿਕ ਵਿਤਕਰਾ ਤੇ ਆਰਥਿਕ ਤੇ ਸਮਾਜਿਕ ਕਾਣੀ ਵੰਡ ਵੰਡ ਦੀਆਂ ਅਲਾਮਤਾਂ ਨੂੰ ਲੋਕਾਂ ਸਾਹਮਣੇ ਖੋਲ੍ਹ ਕੇ ਰੱਖਦੇ ਹਨ। ਅਜਿਹੇ ਲੋਕਾਂ ਨੂੰ ਜੇਲ੍ਹਾਂ, ਹੱਥਕੜੀਆਂ ਤੇ ਸਜ਼ਾਵਾਂ ਰਾਹੀਂ ਬੰਨ੍ਹਣ ਦੀ ਕੋਸਿਸ਼ ਕੀਤੀ ਜਾਂਦੀ ਹੈ।

ਜਦ ਨਾਗਰਿਕਤਾ ਸੋਧ ਕਾਨੂੰਨ ਖਿਲਾਫ ਪੂਰੇ ਮੁਲਕ 'ਚ ਆਵਾਜ਼ਾਂ ਉੱਠੀਆਂ, ਮੁਲਕ ਵਿੱਚ ਥਾਂ-ਥਾਂ ਰੋਸ ਮੁਜ਼ਾਹਰੇ ਹੋਏ, ਬਹੁਤ ਸਾਰੀਆਂ ਥਾਵਾਂ 'ਤੇ ਸ਼ਹੀਨ ਬਾਗ ਬਣੇ। ਇਹ ਅੰਦੋਲਨ ਹੁਕਮਰਾਨਾਂ ਲਈ ਸਿਰਦਰਦੀ ਸਨ। ਉਸ ਸਮੇਂ ਕਰੋਨਾ ਵਾਇਰਸ ਤੋਂ ਬਚਾਅ ਦਾ ਬਹਾਨਾ ਕਰਦਿਆਂ ਸਰਕਾਰ ਨੇ ਲੌਕਡਾਊਨ ਲਗਾਇਆ, ਇਕ-ਦੂਜੇ ਤੋਂ ਦੂਰੀ ਰੱਖਣ ਦਾ ਨਾਅਰਾ ਬੁਲੰਦ ਕੀਤਾ। ਅਜਿਹਾ ਕਰਨ ਨਾਲ ਦਿੱਲੀ ਵਿੱਚ ਚੱਲ ਰਹੇ ਸ਼ਾਹੀਨ ਬਾਗ਼ ਦੇ ਵੱਡੇ ਅੰਦੋਲਨ ਨੂੰ ਖਤਮ ਲਈ ਇਹ ਤਰੀਕਾ ਅਪਨਾਇਆ ਗਿਆ। ਇਸ ਅੰਦੋਲਨ ਜ਼ਰੀਏ ਰੋਸ ਪ੍ਰਗਟ ਕਰ ਰਹੇ ਅਨੇਕ ਕਾਰਕੁਨਾਂ ਨੂੰ ਜੇਲ੍ਹ ਵਿੱਚ ਡੱਕ ਦਿੱਤਾ ਗਿਆ। ਇਹ ਵਿਚਾਰਾਂ ਦੀ ਆਜ਼ਾਦੀ 'ਤੇ ਹਮਲਾ ਸੀ।

ਪਿਛਲੇ ਕੁਝ ਸਾਲਾਂ ਦੌਰਾਨ ਯੂਏਪੀਏ ਦੀ ਦੁਰਵਰਤੋਂ ਵਿੱਚ ਬਹੁਤ ਜ਼ਿਆਦਾ ਵਾਧਾ ਹੋਇਆ ਹੈ। ਇਹ ਵਿਚਾਰਾਂ ਦੀ ਅਸਹਿਮਤੀ ਨੂੰ ਕੁਚਲਣ ਲਈ ਸਰਕਾਰ ਦਾ ਮੁੱਖ ਹਥਿਆਰ ਬਣ ਚੁੱਕਾ ਹੈ। ਇਹ 2018 ਵਿੱਚ ਭੀਮਾ ਕੋਰੇਗਾਓਂ ਵਿੱਚ ਹੋਏ ਇਕੱਠ ਤੋਂ ਬਾਅਦ ਸੁਰਖੀਆਂ ਵਿੱਚ ਆਇਆ। ਜਦੋਂ ਬਹੁਤ ਸਾਰੇ ਬੁੱਧੀਜੀਵੀਆਂ, ਪੱਤਰਕਾਰਾਂ, ਸਮਾਜਿਕ ਕਾਰਕੁਨਾਂ, ਟਰੇਡ ਯੂਨੀਅਨ ਕਾਮਿਆਂ ਉੱਤੇ ਇਲਜ਼ਾਮ ਲਾ ਕੇ ਜੇਲ੍ਹ ਵਿੱਚ ਬੰਦ ਕੀਤਾ। ਫਰਵਰੀ 2020 ਵਿੱਚ ਹੋਈ ਦਿੱਲੀ ਹਿੰਸਾ ਦੇ ਦੋਸ਼ ਲਾ ਕੇ ਕਈ ਲੋਕਾਂ ਨੂੰ ਯੂਏਪੀਏ ਤਹਿਤ ਫੜਿਆ ਗਿਆ। ਇਹ ਸਿਲਸਿਲਾ ਲਗਾਤਾਰ ਜਾਰੀ ਹੈ ਪਰ ਸੱਤਾ ਦੀ ਤਾਕਤ ਨੂੰ ਚੈਲੰਜ ਕਰਨ ਵਾਲੇ ਚੇਤੰਨ ਦਿਮਾਗ ਜਿਊਂਦੇ ਹਨ। ਅਜਿਹੇ ਰੌਸ਼ਨ ਸੋਚ ਵਾਲੇ ਲੇਖਕ, ਪੱਤਰਕਾਰ, ਸਮਾਜਿਕ ਕਾਰਕੁਨ, ਬੁੱਧੀਜੀਵੀ ਹਾਕਮਾਂ ਦੀਆਂ ਨਜ਼ਰਾਂ ਵਿੱਚ ਵੱਡੇ ਦੁਸ਼ਮਣ ਹਨ। ਇਹੀ ਕਾਰਨ ਹੈ ਕਿ ਦੇਸ਼ ਅੰਦਰ ਫਿਰਕੂ ਜਨੂਨ ਤਹਿਤ ਅਗਾਂਹਵਧੂ, ਪ੍ਰਗਤੀਸ਼ੀਲ, ਧਰਮ ਨਿਰਪੱਖ, ਤਰਕਸ਼ੀਲ ਤੇ ਜਮਹੂਰੀ ਵਿਚਾਰਾਂ ਵਾਲੇ ਬੁੱਧੀਜੀਵੀ, ਚਿੰਤਕਾਂ, ਕਵੀਆਂ, ਪੱਤਰਕਾਰਾਂ ਤੇ ਲੇਖਕਾਂ ਨੂੰ ਨਿਸ਼ਾਨਾ ਬਣਾਉਣ ਦੀਆਂ ਕਾਰਵਾਈਆਂ ਤੇਜ਼ ? ਹੋਈਆਂ ਹਨ। ਜੋ ਕਲਮ ਹੁਕਮਰਾਨਾਂ ਦੀ ਫਿਰਕੂ ਸੋਚ ਦੇ ਸਾਂਚੇ ਵਿੱਚ ਫਿੱਟ ਨਹੀਂ ਬੈਠਦੀ, ਉਸ ਦੀ ਆਵਾਜ਼ ਨੂੰ ਕੁਚਲਣ ਲਈ ਨਵੇਂ-ਨਵੇਂ ਤਰੀਕੇ ਲੱਭੇ ਜਾ ਰਹੇ ਹਨ। ਲੇਖਕਾਂ, ਬੁੱਧੀਜੀਵੀਆਂ, ਕਵੀਆਂ, ਸਮਾਜਿਕ ਕਾਰਕੁਨਾਂ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਨ ਤੇ ਧਮਕਾਉਣ ਰਾਹੀਂ, ਉਨ੍ਹਾਂ ਦੀ ਜ਼ਬਾਨਬੰਦੀ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਲਮ ਨੂੰ ਸੱਚ ਤੋਂ ਮੁੱਖ ਮੋੜ ਲੈਣ ਲਈ ਹਰ ਹੀਲਾ ਵਰਤਣ ਦੀ ਮਜਬੂਰ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਦਲੀਲਾਂ ਸਹਿਤ ਗੱਲ ਰੱਖਣ ਨੂੰ ਭੜਕਾਊ ਭਾਸ਼ਣ ਦੱਸ ਕੇ ਅਪਰਾਧਿਕ ਕਾਨੂੰਨ ਤਹਿਤ ਕੇਸ ਪਾ ਕੇ ਵਿਚਾਰਾਂ ਨੂੰ ਦਬਾਇਆ ਜਾ ਰਿਹਾ ਹੈ।

ਪਿਛਲੇ ਦਿਨੀਂ ਦਿੱਲੀ ਦੇ ਉਪ ਰਾਜਪਾਲ ਨੇ ਮਸ਼ਹੂਰ ਕਾਰਕੁਨ ਅਰੁੰਧਤੀ ਰਾਏ ਅਤੇ ਕਸ਼ਮੀਰ ਕੇਂਦਰੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਸ਼ੇਖ ਸ਼ੌਕਤ ਹੁਸੈਨ ਉੱਪਰ 'ਗੈਰ-ਕਨੂੰਨੀ ਸਰਗਰਮੀਆਂ ਰੋਕੂ ਕਨੂੰਨ' ਤਹਿਤ ਮੁਕੱਦਮਾ ਚਲਾਉਣ ਨੂੰ ਮਨਜ਼ੂਰੀ ਦਿੱਤੀ ਹੈ। ਇਨ੍ਹਾਂ ਵੱਲੋਂ ਨਵੰਬਰ 2010 ਵਿੱਚ ਦਿੱਲੀ ਵਿੱਚ ਕਸ਼ਮੀਰ ਦੇ ਸਵਾਲ ਉੱਪਰ 'ਆਜ਼ਾਦੀ: ਇੱਕੋ-ਇਕ ਰਾਹ' ਨਾਂ ਦੀ ਕਾਨਫਰੰਸ ਵਿੱਚ 'ਸਿਆਸੀ ਕੈਦੀਆਂ ਦੀ ਰਿਹਾਈ ਲਈ ਕਮੇਟੀ' ਵੱਲੋਂ ਹਿੱਸਾ ਲਿਆ ਸੀ। ਇਨ੍ਹਾਂ ਬੁਲਾਰਿਆਂ ਨੇ ਕਸ਼ਮੀਰ ਬਾਰੇ ਚਰਚਾ ਕਰਦਿਆਂ ਕਸ਼ਮੀਰੀ ਲੋਕਾਂ ਦੇ ਆਪਾ-ਨਿਰਣੇ ਦੇ ਹੱਕ ਬਾਰੇ ਗੱਲ ਰੱਖੀ ਸੀ। ਇਸ ਨੂੰ ਆਧਾਰ ਬਣਾ ਕੇ ਕੇਸ ਬਣਾਉਣਾ ਵਿਚਾਰਾਂ ਦੀ ਆਜ਼ਾਦੀ ਨੂੰ ਕੁਚਲ ਕੇ ਲੇਖਕ ਦੇ ਧਰਮ ਨੂੰ ਲਾਂਭੇ ਕਰਨਾ ਹੈ। ਇਹ ਗਹਿਰਾ ਮਾਮਲਾ ਹੈ ਕਿਉਂਕਿ ਆਪਣਾ ਮਨੋਰਥ ਸਿੱਧ ਕਰਨ ਵਾਲੇ ਐਲਾਨਨਾਮੇ ਮੁਲਕ ਨੂੰ ਖਾਸ ਪਾਸੇ ਧੱਕ ਰਹੇ ਹਨ। ਅਜਿਹਾ ਕਰ ਕੇ ਭੈਅ ਵਾਲਾ ਮਾਹੌਲ ਤਿਆਰ ਕੀਤਾ ਜਾ ਰਿਹਾ ਹੈ ਜਿਸ ਵਿੱਚ ਸੱਚ ਬੋਲਣ, ਲਿਖਣ ਤੇ ਕਹਿਣ ਤੋਂ ਲੋਕ ਕਤਰਾਉਣ ਲੱਗ ਜਾਣ ਪਰ ਸੱਚ ਕਦੇ ਨਹੀਂ ਮਰਦਾ। ਇਤਿਹਾਸ ਗਵਾਹ ਹੈ ਕਿ ਲੋਕਾਂ ਦੀ ਇੱਕ ਹੋਈ ਆਵਾਜ਼ ਹਨੇਰਗਰਦੀ ਨੂੰ ਠੱਲ੍ਹ ਪਾਉਂਦੀ ਹੈ। ਕਿਸਾਨ ਅੰਦੋਲਨ ਇਸ ਦੀ ਮੂੰਹ ਬੋਲਦੀ ਮਿਸਾਲ ਹੈ। ਹੁਣ ਦੇਸ਼ ਅੰਦਰ ਬਣ ਰਹੀ ਸਥਿਤੀ ਨੂੰ ਗੰਭੀਰਤਾ ਨਾਲ ਸੋਚਦਿਆਂ ਹੱਕ ਦੀ ਆਵਾਜ਼ ਅਤੇ ਸੱਚ ਦੀ ਕਲਮ ਨਾਲ ਖੜ੍ਹੇ ਹੋਣ ਲਈ ਲੋਕ ਲਹਿਰ ਬਣਾਉਣਾ ਸਾਡਾ ਫ਼ਰਜ਼ ਹੈ। ਲੇਖਕਾਂ, ਕਲਾਕਾਰਾਂ ਦੀ ਆਵਾਜ਼ ਕੁਚਲਣ ਲਈ ਚੱਲ ਰਹੇ ਹਮਲਿਆਂ ਨੂੰ ਸਿਰਫ਼ ਸੀਮਤ ਦਾਇਰੇ ਵਿੱਚ ਦੇਖਣ ਦੀ ਬਜਾਇ ਦੇਸ਼ ਦੀ ਸੱਤਾਧਾਰੀ ਜਮਾਤ ਦੇ ਲੋਕਾਂ ਪ੍ਰਤੀ ਸਮੁੱਚੇ ਰਵੱਈਏ ਤਹਿਤ ਫਿਰਕੂ ਫਾਸ਼ੀ ਵਰਤਾਰੇ ਦੇ ਅੰਗ ਵਜੋਂ ਵਾਚਣਾ ਜ਼ਰੂਰੀ ਹੈ। ਆਓ ਦੇਸ਼ ਦੀ ਜਮਹੂਰੀਅਤ ਨੂੰ ਬਚਾਉਣ ਲਈ ਅੱਗੇ ਆਈਏ।

# ਦੇਵਤਿਆਂ ਦੇ ਦੇਸ਼ ’ਚ ਦੇਵਦਾਸੀਆਂ ਦੀ ਪਰੰਪਰਾ ਕਾਲਾ ਧੱਬਾ



ਡਾ. ਪਰਮਜੀਤ ਸਿੰਘ ਢੀਂਗਰਾ





ਭਾਰਤੀ ਇਤਿਹਾਸ ਵਿੱਚ ਮਿਲਦੀਆਂ ਵਿੱਚੋਂ ਕਈ ਪਰੰਪਰਾਵਾਂ ਨਾਕਾਰਾਤਮਕ ਮੁੱਲਾਂ ਵਾਲੀਆਂ ਹਨ। ਇਨ੍ਹਾਂ ਨੂੰ ਸ਼ੁਰੂ ਕਰਨ ਸਮੇਂ ਧਰਮ ਦਾ ਆਸਰਾ ਲਿਆ ਗਿਆ ਅਤੇ ਬਾਅਦ ਵਿੱਚ ਇਹ ਇੰਨੀਆਂ ਪੀਢੀਆਂ ਹੋ ਗਈਆਂ ਕਿ ਕਾਨੂੰਨ ਵੀ ਇਨ੍ਹਾਂ ’ਤੇ ਬਹੁਤੇ ਅਸਰਅੰਦਾਜ਼ ਨਹੀਂ ਹੋ ਸਕੇ। ਇਨ੍ਹਾਂ ਵਿੱਚੋਂ ਦੇਵਦਾਸੀ ਪਰੰਪਰਾ ਪ੍ਰਮੁੱਖ ਹੈ। ਦੇਵਦਾਸੀ ਅਰਥਾਤ ਦੇਵਤਿਆਂ ਦੀ ਦਾਸੀ ਹੈ ਜੋ ਪੂਰੀ ਉਮਰ ਦੇਵਤਿਆਂ ਦੇ ਚਰਨਾਂ ਵਿੱਚ ਗੁਜ਼ਾਰਦੀ ਹੈ ਤੇ ਉਨ੍ਹਾਂ ਦੀ ਟਹਿਲ ਸੇਵਾ ਕਰਦੀ ਹੈ। ਪ੍ਰਸਿੱਧ ਲੇਖਕ ਡੂਬਵਾ ਆਪਣੀ ਪੁਸਤਕ ‘ਹਿੰਦੂ ਮੈਨਰਜ਼, ਕਸਟਮਜ਼ ਐਂਡ ਸੈਰੇਮਨੀਜ਼’ ਵਿੱਚ ਲਿਖਦਾ ਹੈ: ਹਰੇਕ ਦੇਵਦਾਸੀ ਨੂੰ ਮੰਦਿਰ ਵਿੱਚ ਨੱਚਣਾ ਤੇ ਗਾਉਣਾ ਪੈਂਦਾ ਹੈ। ਮੰਦਿਰ ਵਿੱਚ ਬਾਹਰੋਂ ਆਉਣ ਵਾਲੇ ਖ਼ਾਸ ਮਹਿਮਾਨਾਂ ਨਾਲ ਸੌਣਾ ਪੈਂਦਾ ਹੈ। ਇਸ ਦੇ ਇਵਜ਼ ਵਿੱਚ ਉਸ ਨੂੰ ਅਨਾਜ, ਨਕਦੀ ਬਤੌਰ ਰੁਖਤਾਨ/ਮਿਹਨਤਾਨਾ ਮਿਲਦਾ ਹੈ। ਮੰਦਿਰਾਂ ਵਿੱਚ ਦੇਵਦਾਸੀਆਂ ਦੀ ਨਿਯੁਕਤੀ ਮਹੀਨਾਵਾਰ ਜਾਂ ਸਾਲ ਭਰ ਦੀ ਤਨਖ਼ਾਹ ’ਤੇ ਵੀ ਕੀਤੀ ਜਾਂਦੀ ਹੈ। ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਸਿਰਫ਼ ਪੈਂਤੀ ਵਰ੍ਹਿਆਂ ਦੌਰਾਨ ਲਗਪਗ ਡੇਢ ਲੱਖ ਔਰਤਾਂ ਦੇਵੀ ਦੇਵਤਿਆਂ ਨੂੰ ਭੇਟ ਕੀਤੀਆਂ ਗਈਆਂ। ਹਰ ਸਾਲ ਲਗਪਗ ਸਾਢੇ ਚਾਰ ਹਜ਼ਾਰ ਔਰਤਾਂ ਦੇਵਦਾਸੀਆਂ ਬਣਾਈਆਂ ਗਈਆਂ। ਪੈਂਤੀ ਵਰ੍ਹਿਆਂ ਬਾਅਦ ਇਹ ਗਿਣਤੀ ਬੜੀ ਤੇਜ਼ੀ ਨਾਲ ਵਧੀ। ਇਹੀ ਕਾਰਨ ਹੈ ਕਿ ਕਈ ਸੂਬਿਆਂ ਲਈ ਇਹ ਬੜੀ ਗੰਭੀਰ ਸਮੱਸਿਆ ਬਣ ਗਈ ਹੈ। ਇਸ ਪ੍ਰਥਾ ਦੇ ਸ਼ੁਰੂ ਹੋਣ ਪਿੱਛੇ ਬੈਬੀਲੋਨ ਦੀ ਸਭਿਅਤਾ ਵਿੱਚ ਪ੍ਰਸਿੱਧ ਮਿਲਿਟਾ ਦੇਵੀ ਦੀ ਉਦਾਹਰਨ ਵੀ ਲਈ ਜਾਂਦੀ ਹੈ। ਇਹ ਦੇਵੀ ਆਜ਼ਾਦੀ ਦੀ ਪ੍ਰਤੀਕ ਮੰਨੀ ਜਾਂਦੀ ਹੈ। ਉਹ ਲੰਮੀ ਉਮਰ ਭੋਗਣ ਦੀ ਇੱਛਾ ਰੱਖਦੀ ਸੀ। ਵਰ੍ਹੇ ਵਿੱਚ ਇੱਕ ਵਾਰ ਉਸ ਦੇਵੀ ਦੀ ਯਾਤਰਾ ਹੁੰਦੀ ਸੀ। ਯਾਤਰਾ ਵਾਲੇ ਦਿਨ ਮੰਦਿਰ ਆਉਣ ਵਾਲਾ ਕੋਈ ਵੀ ਪੁਰਸ਼ ਜਿਸ ਵੀ ਔਰਤ ਦਾ ਹੱਥ ਫੜ ਲੈਂਦਾ ਸੀ, ਉਸ ਨੂੰ ਬਿਨਾਂ ਕਿਸੇ ਹੀਲ ਹੁੱਜਤ ਦੇ ਉਸ ਪੁਰਸ਼ ਨਾਲ ਸੌਣਾ ਪੈਂਦਾ ਸੀ। ਕਈ ਵਰ੍ਹਿਆਂ ਤਕ ਇਹ ਪ੍ਰਥਾ ਚਲਦੀ ਰਹੀ। ਪੁਰਸ਼ ਬਾਅਦ ਵਿੱਚ ਉਸ ਔਰਤ ਨੂੰ ਇਨਾਮ ਦਿੰਦਾ ਸੀ ਜਿਸ ਨੂੰ ਉਹ ਮੰਦਿਰ ਦੀ ਦਾਨ-ਪੇਟੀ ਵਿੱਚ ਪਾ ਦਿੰਦੀ ਸੀ। ਇਸ ਤਰ੍ਹਾਂ ਪੁਰਸ਼ ਉਸ ਔਰਤ ਨੂੰ ਦੇਵੀ ਦੇ ਨਾਂ ’ਤੇ ਆਪਣੀ ਰਖੇਲ ਵਜੋਂ ਵੀ ਰੱਖ ਲੈਂਦਾ ਸੀ।

ਦੇਵਦਾਸੀ ਪ੍ਰਥਾ ਸ਼ੁਰੂ ਹੋਣ ਦਾ ਇੱਕ ਕਾਰਨ ਇਹ ਵੀ ਮੰਨਿਆ ਜਾਂਦਾ ਹੈ ਕਿ ਵਿਆਹ ਸਮੇਂ ਹਰ ਹਿੰਦੂ ਦੁਲਹਨ ਨੂੰ ਇੰਦਰ ਸਮੇਤ ਪੰਜ ਦੇਵਤਿਆਂ ਨਾਲ ਵਿਆਹਿਆ ਜਾਂਦਾ ਹੈ। ਇਸ ਤੋਂ ਬਾਅਦ ਹੀ ਉਸ ਦਾ ਆਪਣੇ ਵਰ ਨਾਲ ਵਿਆਹ ਹੁੰਦਾ ਹੈ। ਪੁਰਾਣਾਂ ਵਿੱਚ ਵੀ ਇਸ ਦਾ ਜ਼ਿਕਰ ਮਿਲਦਾ ਹੈ। ਮੱਧ ਯੁੱਗ ਵਿੱਚ ਵੀ ਇਸ ਦੇ ਕਈ ਹਵਾਲੇ ਮਿਲਦੇ ਹਨ। 1351 ਵਿੱਚ ਅਰਬ ਦੇ ਦੋ ਯਾਤਰੀ ਭਾਰਤ ਪਹੁੰਚੇ ਤੇ ਉਨ੍ਹਾਂ ਨੇ ਵੇਸਵਾਵਾਂ ਨੂੰ ਹੀ ਦੇਵਦਾਸੀ ਪਰੰਪਰਾ ਨਾਲ ਜੋੜਿਆ। ਉਨ੍ਹਾਂ ਦਾ ਕਥਨ ਹੈ ਕਿ ਸੰਤਾਨ ਦੀ ਇੱਛਾ ਰੱਖਣ ਵਾਲੀ ਕਿਸੇ ਵੀ ਔਰਤ ਦੀ ਮੰਨਤ ਪੂਰੀ ਕਰਨ ਲਈ ਤੇ ਸੁੰਦਰ ਪੁੱਤਰ ਦੀ ਪ੍ਰਾਪਤੀ ਲਈ ਉਹ ਬੋਡ ਨਾਂ ਦੀ ਮੂਰਤੀ ਕੋਲ ਲਿਜਾ ਕੇ ਉਸ ਨੂੰ ਭੇਟ ਕਰ ਦਿੱਤੀ ਜਾਂਦੀ ਹੈ। ਉਹ ਔਰਤ ਜਵਾਨ ਹੋਣ ਤੋਂ ਬਾਅਦ ਕਿਸੇ ਜਨਤਕ ਸਥਾਨ ’ਤੇ ਰਹਿਣ ਲੱਗ ਜਾਂਦੀ ਹੈ। ਉੱਥੇ ਆਉਣ ਜਾਣ ਵਾਲੇ ਯਾਤਰੂਆਂ ਤੋਂ ਜਿਸਮਫਰੋਸ਼ੀ ਬਦਲੇ ਲਿਆ ਪੈਸਾ ਉਹ ਮੂਰਤੀ ਦੇ ਪੁਜਾਰੀ ਨੂੰ ਦੇ ਦਿੰਦੀ ਹੈ। ਕਰਨਾਟਕ ਵਿੱਚ ਪਹਿਲਾਂ ਦੇਵਦਾਸੀ ਨੂੰ ‘ਸੁੱਲੇ’ (ਵੇਸਵਾ) ਕਿਹਾ ਜਾਂਦਾ ਸੀ। ਸਮੇਂ ਦੇ ਨਾਲ ਨਾਲ ਉੱਥੇ ਇਨ੍ਹਾਂ ਨੂੰ ‘ਭੋਗੰਦ’ ਅਥਵਾ ‘ਅਗੰਦ ਸੁੱਲੇ’ ਕਿਹਾ ਜਾਣ ਲੱਗਿਆ। ਅੱਜ ਵੀ ਕੋਈ ਦੇਵਦਾਸੀ ਵਿਧਵਾ ਨਹੀਂ ਹੁੰਦੀ ਕਿਉਂਕਿ ਉਹ ਦੇਵਤੇ ਨੂੰ ਭੇਂਟ ਕੀਤੀ ਜਾਂਦੀ ਹੈ ਅਤੇ ਉਹ ਅਮਰ ਮੰਨਿਆ ਜਾਂਦਾ ਹੈ। ਪੁਰਾਣੇ ਸਮੇਂ ਵਿੱਚ ਦੇਵਦਾਸੀ ਬਣਨ ’ਤੇ ਔਰਤ ਦੀ ਬਾਂਹ ’ਤੇ ਸਬੰਧਿਤ ਮੰਦਿਰ ਦੀ ਮੋਹਰ ਦਾਗਣ ਦੀ ਪਰੰਪਰਾ ਸੀ। ਇਹ ਦਾਗ਼ ਉਸ ਦੀ ਮੌਤ ਤਕ ਕਾਇਮ ਰਹਿੰਦਾ ਸੀ। ਇਸ ਨਾਲ ਸਮਾਜ ਵਿੱਚ ਉਸ ਦੀ ਪਛਾਣ ਦੇਵਦਾਸੀ ਵਜੋਂ ਦ੍ਰਿੜ੍ਹ ਕੀਤੀ ਗਈ। ਉਹ ਚਾਹ ਕੇ ਵੀ ਆਪਣਾ ਘਰ ਨਹੀਂ ਸੀ ਵਸਾ ਸਕਦੀ ਕਿਉਂਕਿ ਇਹ ਦਾਗ਼ ਉਸ ਨੂੰ ਹਮੇਸ਼ਾਂ ਇਸ ਗੱਲ ਦੀ ਯਾਦ ਦਿਵਾਉਂਦਾ ਸੀ ਕਿ ਉਹ ਦੇਵਦਾਸੀ ਹੈ।





ਆਂਧਰਾ ਪ੍ਰਦੇਸ਼ ਵਿੱਚ ਦੇਵਦਾਸੀ ਪ੍ਰਥਾ ਨੂੰ ‘ਜੋਗਿਨੀ’ ਨਾਂ ਨਾਲ ਪਛਾਣ ਮਿਲੀ। ਇੱਕ ਦੰਦਕਥਾ ਹੈ ਕਿ ਸੈਂਕੜੇ ਵਰ੍ਹੇ ਪਹਿਲਾਂ ਇੱਕ ਬ੍ਰਾਹਮਣ ਕੰਨਿਆ ਨਾਲ ਕੁਝ ਲੋਕਾਂ ਨੇ ਜਬਰ ਜਨਾਹ ਕਰਨ ਦੀ ਕੋਸ਼ਿਸ਼ ਕੀਤੀ। ਖ਼ੁਦ ਨੂੰ ਬਚਾਉਣ ਲਈ ਉਹ ਦੌੜਣ ਲੱਗੀ। ਦੌੜਦੇ ਦੌੜਦੇ ਉਹ ਇੱਕ ਦਲਿਤ ਮੁਟਿਆਰ ਦੇ ਘਰ ਜਾ ਵੜੀ। ਉਸ ਮੁਟਿਆਰ ਦਾ ਨਾਂ ਚੇਲੰਮਾ ਸੀ। ਉਸ ਨੇ ਉਸ ਬ੍ਰਾਹਮਣ ਮੁਟਿਆਰ ਨੂੰ ਉਨ੍ਹਾਂ ਆਦਮੀਆਂ ਤੋਂ ਬਚਾ ਲਿਆ। ਉਸ ਪਿੰਡ ਦੇ ਲੋਕਾਂ ਨੇ ਚੇਲੰਮਾ ਨੂੰ ਹੀ ਦੇਵੀ ਦੇ ਰੂਪ ਵਿੱਚ ਪ੍ਰਸਿੱਧ ਕਰ ਦਿੱਤਾ। ਉਸ ਦੀ ਮੌਤ ਤੋਂ ਬਾਅਦ ਉਸ ਦੇ ਨਾਂ ’ਤੇ ਮੰਦਿਰ ਬਣਾਇਆ ਗਿਆ ਜਿਸ ਵਿੱਚ ਚੇਲੰਮਾ ਦੇਵੀ ਦੀ ਮੂਰਤੀ ਸਥਾਪਤ ਕੀਤੀ ਗਈ। ਇੱਕ ਮੁਟਿਆਰ ਨੂੰ ਬਚਾਉਣ ਕਰਕੇ ਲੋਕ ਆਪਣੀਆਂ ਧੀਆਂ ਦੀ ਰੱਖਿਆ ਲਈ ਉਸ ਨੂੰ ਧੀਆਂ ਭੇਟ ਕਰਨ ਲੱਗੇ। ਇਨ੍ਹਾਂ ਨੂੰ ਜੋਗਨੀਆਂ ਕਿਹਾ ਜਾਂਦਾ ਹੈ। ਕੋਈ ਵੀ ਅਮੀਰ ਜਾਂ ਧਨੀ ਪੁਰਸ਼ ਉਨ੍ਹਾਂ ਨੂੰ ਘਰੇ ਬੁਲਾ ਕੇ ਉਨ੍ਹਾਂ ਨਾਲ ਸਬੰਧ ਬਣਾ ਸਕਦਾ ਹੈ। ਇਸ ਬਦਲੇ ਉਹ ਉਨ੍ਹਾਂ ਨੂੰ ਪੈਸੇ ਤੇ ਵਸਤਾਂ ਦਿੰਦਾ ਹੈ। ਇਸ ਪ੍ਰਥਾ ਨਾਲ ਇਹ ਦਹਿਸ਼ਤ ਵੀ ਫੈਲਾ ਦਿੱਤੀ ਗਈ ਕਿ ਜੇ ਕੋਈ ਘਰ ਦੇਵੀ ਨੂੰ ਆਪਣੀ ਧੀ ਭੇਟ ਨਹੀਂ ਕਰਦਾ ਤਾਂ ਦੇਵੀ ਨਾਰਾਜ਼ ਹੋ ਸਕਦੀ ਹੈ ਜਿਸ ਨਾਲ ਸਾਰੇ ਪਿੰਡ ’ਤੇ ਆਫ਼ਤ ਆ ਸਕਦੀ ਹੈ। ਕਰਨਾਟਕ ਤੇ ਮਹਾਰਾਸ਼ਟਰ ਦੀਆਂ ਦੇਵਦਾਸੀਆਂ ਵਿੱਚੋਂ ਨੱਬੇ ਫ਼ੀਸਦੀ ਯੇਲੰਮਾ ਨੂੰ ਸਮਰਪਿਤ ਹਨ। ਅਨੇਕਾਂ ਥਾਵਾਂ ’ਤੇ ਇਸ ਦੇਵੀ ਦੇ ਮੰਦਿਰ ਹਨ, ਪਰ ਬੇਲਗਾਮ ਜ਼ਿਲ੍ਹੇ ਦੇ ਸੌਂਦਤੀ, ਕੋਕਟਨੂਰ ਅਤੇ ਸ਼ਿਮੋਗਾ ਜ਼ਿਲ੍ਹੇ ਦੇ ਚੰਦਰਗੁਤੀ ਮੰਦਿਰ ਵਿੱਚ ਵੱਡੀ ਗਿਣਤੀ ਵਿੱਚ ਕੁੜੀਆਂ ਨੂੰ ਮੰਦਿਰਾਂ ਵਿੱਚ ਦੇਵਦਾਸੀਆਂ ਵਜੋਂ ਸੌਂਪਿਆ ਜਾਂਦਾ ਹੈ। ਯੇਲੰਮਾ ਦੇਵੀ ਬਾਰੇ ਕਈ ਕਥਾਵਾਂ ਪ੍ਰਚੱਲਿਤ ਹਨ। ਉਸ ਦੀ ਮਹਿਮਾ ਰੇਣੂਕਾ ਮਹਾਤਮ ਵਿੱਚ ਵੀ ਦੱਸੀ ਗਈ ਹੈ। ਰੇਣੂਕਾ ਦਾ ਦੂਜਾ ਨਾਂ ਯੇਲੰਮਾ ਹੈ। ਦੇਵਦਾਸੀ ਪ੍ਰਥਾ ਦਾ ਮੁੱਖ ਕੇਂਦਰ ਸੌਂਦਤੀ ਵਿੱਚ ਸਥਿਤ ਯੇਲੰਮਾ ਮੰਦਿਰ ਹੀ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ ਹੁਲਗੇਮਾ ਦੇਵੀ ਦੇ ਮੰਦਿਰ ਵਿੱਚ ਵੀ ਬੱਚੀਆਂ ਅਰਪਿਤ ਕੀਤੀਆਂ ਜਾਂਦੀਆਂ ਹਨ। ਇਹ ਸਥਾਨ ਕਰਨਾਟਕ ਦੇ ਬੇਲਾਰੀ ਜ਼ਿਲ੍ਹੇ ਦੇ ਪਿੰਡ ਹੁਲਗੇ ਵਿੱਚ ਹੈ। ਹੁਲਗੇ ਪਿੰਡ ਦੀ ਅੰਮਾ ਹੁਲਗੇਮਾ ਬਣੀ। ਯੇਲੰਮਾ ਵਾਂਗ ਹੁਲਗੇਮਾ ਦਾ ਮੰਦਿਰ ਵੀ ਪਹਾੜ ਉੱਤੇ ਹੈ ਜਿੱਥੇ ਹਰ ਸਾਲ ਸੈਂਕੜੇ ਕੁੜੀਆਂ ਨੂੰ ਦੇਵਦਾਸੀਆਂ ਬਣਾਇਆ ਜਾਂਦਾ ਹੈ। ਹੁਲਗੇਮਾ ਬੜੇ ਸਖ਼ਤ ਸੁਭਾਅ ਦੀ ਮੰਨੀ ਜਾਂਦੀ ਹੈ। ਉਸ ਦੇ ਕ੍ਰੋਧ ਤੋਂ ਬਚਣ ਲਈ ਲੋਕ ਉਸ ਦੀ ਪੂਜਾ ਕਰਦੇ ਹਨ ਤੇ ਉਸ ਦੇ ਗੁੱਸੇ ਤੋਂ ਬਚਣ ਲਈ ਹੀ ਕੰਨਿਆਵਾਂ ਭੇਟ ਕਰਦੇ ਹਨ। ਕਰਨਾਟਕ ਦੇ ਚਿਤਰਦੁਰਗ, ਬੇਲਾਰੀ ਅਤੇ ਸ਼ਿਮੋਗਾ ਆਦਿ ਜ਼ਿਲ੍ਹਿਆਂ ਵਿੱਚ ਹਰ ਪਿੰਡ ਵਿੱਚ ਗ੍ਰਾਮ ਦੇਵਤਾ ਹੁੰਦਾ ਹੈ ਜਿਸ ਨੂੰ ਦੇਵਦਾਸੀਆਂ ਭੇਟ ਕਰਨ ਦੀ ਪ੍ਰਥਾ ਹੈ। ਮੰਦਿਰ ਵਿੱਚ ਹੋਣ ਵਾਲੀਆਂ ਵੱਖ ਵੱਖ ਧਾਰਮਿਕ ਵਿਧੀਆਂ ਅਤੇ ਸਮਾਗਮਾਂ ਵਿੱਚ ਉਹ ਸ਼ਾਮਲ ਹੁੰਦੀਆਂ ਹਨ। ਮੰਦਿਰਾਂ ਵਿੱਚ ਚੜ੍ਹਨ ਵਾਲੇ ਚੜ੍ਹਾਵੇ ਦਾ ਕੁਝ ਹਿੱਸਾ ਉਨ੍ਹਾਂ ਨੂੰ ਦਿੱਤਾ ਜਾਂਦਾ ਹੈ। ਫ਼ਸਲ ਜਾਂ ਤਿਓਹਾਰਾਂ ਵੇਲੇ ਲੋਕ ਉਨ੍ਹਾਂ ਨੂੰ ਕੱਪੜੇ, ਅਨਾਜ ਤੇ ਹੋਰ ਵਸਤੂਆਂ ਦਿੰਦੇ ਹਨ। ਹਰ ਪਿੰਡ ਵਿੱਚ ਅਕਸਰ ਦੋ ਤਿੰਨ ਦੇਵਦਾਸੀਆਂ ਜ਼ਰੂਰ ਹੁੰਦੀਆਂ ਹਨ। ਕੋਈ ਦੇਵਦਾਸੀ ਆਪਣਾ ਪਿੰਡ ਛੱਡ ਕੇ ਦੂਜੇ ਕਿਸੇ ਪਿੰਡ ਮੰਗਣ ਜਾਂ ਧਾਰਮਿਕ ਰਹੁਰੀਤਾਂ ਕਰਨ ਨਹੀਂ ਜਾ ਸਕਦੀ। ਕਈਆਂ ਦਾ ਗੁਜ਼ਾਰਾ ਨਹੀਂ ਹੁੰਦਾ ਤਾਂ ਉਹ ਮਜ਼ਦੂਰੀ ਵੀ ਕਰਦੀਆਂ ਹਨ। ਕਈ ਪਿੰਡ ਦੇ ਕਿਸੇ ਧਨਾਢ ਨੂੰ ‘ਮਾਲਕ’ ਮੰਨ ਕੇ ਉਸ ਦੀਆਂ ਰਖੇਲਾਂ ਬਣ ਜਾਂਦੀਆਂ ਹਨ। ਦਿਲਚਸਪ ਤੱਥ ਇਹ ਹੈ ਕਿ ਕਈ ਪਿੰਡਾਂ ਵਿੱਚ ਹਨੂੰਮਾਨ ਜੀ ਪਿੰਡ ਦੇ ਗ੍ਰਾਮ ਦੇਵਤਾ ਹਨ ਤੇ ਉਹ ਜਤੀ ਸਤੀ ਮੰਨੇ ਜਾਂਦੇ ਹਨ, ਪਰ ਕਰਨਾਟਕ ਦੇ ਕੁਝ ਪਿੰਡਾਂ ਵਿੱਚ ਉਨ੍ਹਾਂ ਨੂੰ ਵੀ ਦੇਵਦਾਸੀਆਂ ਭੇਟ ਕੀਤੀਆਂ ਜਾਂਦੀਆਂ ਹਨ। ਮੰਦਿਰ ਤੇ ਮੰਦਿਰ ਤੋਂ ਬਾਹਰ ਦੇਵਦਾਸੀਆਂ ਨਾਚ ਗਾਣਾ ਕਰਦੀਆਂ ਹਨ। ਤਾਮਿਲ ਦਾ ਪ੍ਰਸਿੱਧ ਨਾਚ ਭਰਤਨਾਟਯਮ ਮੁੱਢਲੇ ਰੂਪ ਵਿੱਚ ਇਨ੍ਹਾਂ ਦੀ ਦੇਣ ਹੈ। ਦੇਵਦਾਸੀ ਪ੍ਰਥਾ ਜਿਸ ਪਰਿਵਾਰ ਵਿੱਚ ਸ਼ੁਰੂ ਹੁੰਦੀ ਹੈ ਉਸ ਵਿੱਚ ਇਸ ਨੂੰ ਹਮੇਸ਼ਾਂ ਕਾਇਮ ਰੱਖਿਆ ਜਾਂਦਾ ਹੈ। ਮਾਂ ਤੋਂ ਬਾਅਦ ਬੇਟੀ, ਫਿਰ ਉਸ ਦੀ ਬੇਟੀ ਅਤੇ ਲੜੀ ਤੁਰਦੀ ਜਾਂਦੀ ਹੈ। ਢੋਲਕੀ ਇੱਕ ਗਲੇ ’ਚੋਂ ਦੂਜੇ ਗਲੇ ਵਿੱਚ ਲਟਕ ਜਾਂਦੀ ਹੈ। ਇਹ ਪ੍ਰਥਾ ਜਾਰੀ ਰੱਖਣ ਵਾਲੇ ਲੋਕਾਂ ਵਿੱਚ ਦੇਵੀ ਦਾ ਭੈਅ ਹੈ ਕਿ ਜੇ ਇਸ ਨੂੰ ਤੋੜ ਦਿੱਤਾ ਗਿਆ ਤਾਂ ਦੇਵੀ ਨਰਾਜ਼ ਹੋ ਕੇ ਨੁਕਸਾਨ ਕਰ ਸਕਦੀ ਹੈ, ਬੱਚੇ ਮਾਰ ਸਕਦੀ ਹੈ, ਬਿਮਾਰੀ ਦੇ ਸਕਦੀ ਹੈ, ਗ਼ਰੀਬ ਕਰ ਸਕਦੀ ਹੈ, ਆਫ਼ਤ ਲਿਆ ਸਕਦੀ ਹੈ, ਮਹਾਂਮਾਰੀ ਫੈਲਾ ਸਕਦੀ ਹੈ। ਅਜਿਹੇ ਅੰਧ-ਵਿਸ਼ਵਾਸਾਂ ਕਰਕੇ ਹੀ ਇਹ ਪ੍ਰਥਾ ਅੱਗੇ ਤੋਂ ਅੱਗੇ ਤੁਰਦੀ ਜਾਂਦੀ ਹੈ। ਇਸ ਪਿੱਛੇ ਇੱਕ ਕਾਰਨ ਇਹ ਵੀ ਹੈ ਕਿ ਜਦੋਂ ਪਿੰਡ ਦਾ ਕੋਈ ਅਮੀਰ ਬੰਦਾ ਦੇਵਦਾਸੀ ਦਾ ਸਰਪ੍ਰਸਤ ਬਣ ਜਾਂਦਾ ਹੈ ਤਾਂ ਗ਼ਰੀਬ ਘਰਾਂ ਨੂੰ ਪੈਸਾ ਤੇ ਵਸਤਾਂ ਮਿਲਣ ਲੱਗ ਜਾਂਦੀਆਂ ਹਨ। ਇਸ ਲਈ ਗ਼ਰੀਬ ਮਾਪੇ ਕੰਨਿਆ ਨੂੰ ਦੇਵਦਾਸੀ ਬਣਾ ਕੇ ਇਸ ਝਾਕ ਵਿੱਚ ਰਹਿੰਦੇ ਹਨ ਕਿ ਕੋਈ ਅਮੀਰ ਬੰਦਾ ਉਸ ਦਾ ਸਰਪ੍ਰਸਤ ਬਣ ਜਾਵੇ ਤੇ ਇਸ ਦੇ ਇਵਜ਼ ਵਿੱਚ ਮਿਲਣ ਵਾਲੀਆਂ ਵਸਤਾਂ ਜਾਂ ਪੈਸਾ ਟਕਾ, ਜਿਸ ਨੂੰ ਝੁਲਵਾ ਕਿਹਾ ਜਾਂਦਾ ਹੈ, ਉਨ੍ਹਾਂ ਨੂੰ ਮਿਲਦਾ ਰਹੇ। ਅੱਜ ਦੇ ਸਮੇਂ ਵਿੱਚ ਬਣਨ ਵਾਲੀਆਂ ਦੇਵਦਾਸੀਆਂ ਵਿੱਚੋਂ ਅੱਸੀ ਫ਼ੀਸਦੀ ਜਿਸਮਫਰੋਸ਼ੀ ਦੇ ਧੰਦੇ ਵਿੱਚ ਲੱਗ ਰਹੀਆਂ ਹਨ। ਗਲ ਵਿੱਚ ਦੇਵੀ ਦੇ ਨਾਂ ਦੀ ਮਣੀ ਪਾ ਕੇ ਉਹ ਸਿੱਧਾ ਸ਼ਹਿਰਾਂ ਵੱਲ ਰੁਖ਼ ਕਰਦੀਆਂ ਹਨ ਤੇ ਪੈਸਾ ਕਮਾਉਂਦੀਆਂ ਹਨ। ਪੈਸਾ ਘਰ ਵੀ ਭੇਜਦੀਆਂ ਹਨ। ਇਹ ਵੀ ਮਾਨਤਾ ਹੈ ਕਿ ਦੇਵਦਾਸੀ ਦੇਵੀ ਦਾ ਰੂਪ ਹੈ। ਇਸ ਲਈ ਉਨ੍ਹਾਂ ਨੂੰ ਕੁਝ ਵੀ ਕਰਨ ਦਾ ਅਧਿਕਾਰ ਹੈ। ਅੱਜ ਮਥੁਰਾ ਅਤੇ ਹੋਰ ਧਾਰਮਿਕ ਸ਼ਹਿਰਾਂ ਵਿੱਚ ਦੇਹ ਵਪਾਰ ਕਰਦੀਆਂ ਦੇਵਦਾਸੀਆਂ ਆਮ ਦੇਖੀਆਂ ਜਾ ਸਕਦੀਆਂ ਹਨ ਜਿਨ੍ਹਾਂ ਦੀ ਹਾਲਤ ਬੜੀ ਤਰਸਯੋਗ ਹੈ। ਜੇ ਕਿਸੇ ਨੂੰ ਦਾਦ ਜਾਂ ਖਸਰਾ ਨਿਕਲ ਆਵੇ ਤਾਂ ਇਸ ਨੂੰ ਯੇਲੰਮਾ ਦੇਵੀ ਦੀ ਕਰੋਪੀ ਮੰਨਿਆ ਜਾਂਦਾ ਹੈ। ਜਿਸ ਬੱਚੇ ਦੇ ਸਿਰ ਵਿੱਚ ਜਟਾਵਾਂ ਨਿਕਲ ਆਉਣ ਤਾਂ ਉਹ ਸੰਕੇਤ ਮੰਨਿਆ ਜਾਂਦਾ ਹੈ ਕਿ ਇਸ ਨੂੰ ਦੇਵੀ ਨੂੰ ਅਰਪਿਤ ਕੀਤਾ ਜਾਵੇਗਾ। ਕਈ ਔਰਤਾਂ ਮੰਨਤ ਮੰਨਦੀਆਂ ਹਨ ਕਿ ਜੇ ਉਨ੍ਹਾਂ ਦੇ ਬੱਚਾ ਹੋ ਜਾਵੇ ਤਾਂ ਉਹ ਦੇਵੀ ਨੂੰ ਅਰਪਿਤ ਕਰ ਦੇਣਗੀਆਂ। ਦੇਵਦਾਸੀ ਪ੍ਰਥਾ ਧਾਰਮਿਕ ਆਸਥਾ ਨਾਲ ਜੁੜੀ ਹੋਣ ਕਰਕੇ ਇਸ ਨੂੰ ਕਾਨੂੰਨੀ ਰੂਪ ਵਿੱਚ ਬੰਦ ਕਰਨ ਦੇ ਜ਼ੋਰ ਜ਼ਬਰਦਸਤੀ ਵਾਲੇ ਕਦਮ ਨਹੀਂ ਚੁੱਕੇ ਗਏ। ਇੱਥੋਂ ਤਕ ਕਿ ਸੌਂਦਤੀ ਮੰਦਿਰ ਨੇੜੇ ਤਾਇਨਾਤ ਪੁਲਿਸ ਵਾਲੇ ਚਮੜੇ ਦੀ ਪੇਟੀ ਨਹੀਂ ਬੰਨ੍ਹਦੇ, ਪੈਰਾਂ ਵਿੱਚ ਜੁੱਤੀਆਂ ਨਹੀਂ ਪਾਉਂਦੇ ਅਤੇ ਆਪਣੀਆਂ ਅੱਖਾਂ ਸਾਹਮਣੇ ਮਾਸੂਮ ਬਾਲੜੀਆਂ ਨੂੰ ਦੇਵਦਾਸੀਆਂ ਬਣਦਿਆਂ ਦੇਖ ਕੇ ਵੀ ਅੱਖਾਂ ਮੀਟੀ ਰੱਖਦੇ ਹਨ। ਉਨ੍ਹਾਂ ਵਿੱਚ ਇਹ ਅੰਧਵਿਸ਼ਵਾਸ ਹੈ ਕਿ ਜੇ ਉਹ ਦੇਵੀ ਦੇ ਕੰਮਾਂ ਵਿੱਚ ਦਖ਼ਲਅੰਦਾਜ਼ੀ ਕਰਨਗੇ ਤਾਂ ਦੇਵੀ ਉਨ੍ਹਾਂ ਨੂੰ ਵੀ ਸਾੜ੍ਹੀ ਪਾਉਣ ਲਈ ਮਜਬੂਰ ਕਰ ਦੇਵੇਗੀ। ਹੁਣ ਤਕ ਬਣੇ ਕਾਨੂੰਨ ਇਸ ਆਸਥਾ ਅੱਗੇ ਬੌਣੇ ਹਨ। ਸਿਰਫ਼ ਹੁਣ ਤਕ ਇੱਕ ਕੇਸ ਮਿਲਦਾ ਹੈ। ਸ਼ਿਰਗਾਂਵ ਪਿੰਡ ਵਿੱਚ 23 ਜਨਵਰੀ 1931 ਨੂੰ ਦੇਵਦਾਸੀ ਬਣਾਉਣ ਦੀ ਵਿਧੀ ਕਰਨ ਵਾਲਿਆਂ ਨੂੰ ਅਦਾਲਤ ਨੇ ਜੁਰਮਾਨਾ ਕੀਤਾ। ਇਸ ਤੋਂ ਪਹਿਲਾਂ ਇੱਕ ਇਤਿਹਾਸਕ ਹਵਾਲਾ ਮਿਲਦਾ ਹੈ। ਜਦੋਂ ਔਰੰਗਜ਼ੇਬ 1652 ਤੋਂ 58 ਤਕ ਦੱਖਣ ਦਾ ਸੂਬੇਦਾਰ ਬਣਕੇ ਆਇਆ ਤਾਂ ਉਸ ਨੇ ਇਸ ਬਾਰੇ ਲਿਖਿਆ ਹੈ: ਔਰੰਗਾਬਾਦ ਦੇ ਦੱਖਣ ਵਿੱਚ ਛੇ ਮੀਲ ਦੀ ਦੂਰੀ ’ਤੇ ਸਿਤਾਰਾ ਨਾਂ ਦਾ ਛੋਟਾ ਜਿਹਾ ਪਿੰਡ ਹੈ। ਮੈਂ ਇਸ ਇਲਾਕੇ ਵਿੱਚ ਸ਼ਿਕਾਰ ਖੇਡਣ ਜਾਂਦਾ ਸੀ। ਇਸ ਪਿੰਡ ਦੇ ਨਾਲ ਇੱਕ ਪਹਾੜੀ ’ਤੇ ਸ੍ਰੀ ਖੰਡੇਰਾਓ ਦਾ ਮੰਦਿਰ ਹੈ। ਅੱਲ੍ਹਾ ਦੀ ਮਰਜ਼ੀ ਨਾਲ ਮੈਂ ਉਸ ਨੂੰ ਜ਼ਮੀਦੋਜ਼ ਕਰਕੇ ਮੁਰਕੀ (ਦੇਵਦਾਸੀ) ਵਰਗੀ ਸ਼ਰਮਨਾਕ ਰਸਮ ’ਤੇ ਬੰਦਿਸ਼ ਲਾ ਦਿੱਤੀ ਹੈ। ਭਾਵੇਂ ਇਹ ਪ੍ਰਥਾ ਬੰਦ ਨਹੀਂ ਹੋ ਸਕੀ, ਪਰ ਕੁਝ ਲੋਕਾਂ ਨੇ ਸੁਧਾਰ ਕਰਨ ਲਈ ਉੱਘੇ ਕੰਮ ਕੀਤੇ ਹਨ। ਕਰਨਾਟਕ ਦੇ ਤਤਕਾਲੀ ਪੁਲਿਸ ਮੁਖੀ ਰਮੇਸ਼ ਨੇ 22 ਜਨਵਰੀ 1984 ਨੂੰ ਮਹਾਂਲਿੰਗਪੁਰ ਵਿੱਚ 57 ਦੇਵਦਾਸੀਆਂ ਦਾ ਸਮੂਹਿਕ ਵਿਆਹ ਕਰਵਾਇਆ। ਹਾਲਾਂਕਿ ਕੁਝ ਦੇ ਬੱਚੇ ਵੀ ਸਨ ਤੇ ਕੁਝ ਅੱਧਖੜ ਉਮਰ ਦੀਆਂ ਵੀ ਸਨ। ਇਸੇ ਤਰ੍ਹਾਂ ਪੁਲਿਸ ਮੁਖੀ ਸੁਭਾਸ਼ ਭਰਣੀ ਨੇ 28 ਅਪਰੈਲ ਤੇ 11 ਮਈ 1986 ਨੂੰ 100 ਦੇਵਦਾਸੀਆਂ ਦੇ ਸਮੂਹਿਕ ਵਿਆਹ ਕਰਵਾ ਕੇ ਉਨ੍ਹਾਂ ਨੂੰ ਜ਼ਿੱਲਤ ਭਰੀ ਜ਼ਿੰਦਗੀ ਤੋਂ ਮੁਕਤੀ ਦਿਵਾਈ। ਇਸ ਪ੍ਰਥਾ ਨੇ ਸਦੀਆਂ ਤੋਂ ਧਰਮ ਦੇ ਨਾਂ ’ਤੇ ਔਰਤ ਦਾ ਸ਼ੋਸ਼ਣ ਕੀਤਾ ਹੈ। ਕੌਮੀ ਪੱਧਰ ਸਖ਼ਤ ਕਾਨੂੰਨ ਬਣਾਉਣ ਦੀ ਲੋੜ ਹੈ ਤਾਂ ਜੋ ਅਜਿਹੀਆਂ ਮਾੜੀਆਂ ਪ੍ਰਥਾਵਾਂ ਨੂੰ ਨੱਥ ਪਾਈ ਜਾ ਸਕੇ। ਇਸ ਪ੍ਰਥਾ ਦੀਆਂ ਪੀੜਤ ਔਰਤਾਂ ਦੇ ਮੁੜਵਸੇਬੇ, ਰੁਜ਼ਗਾਰ ਅਤੇ ਉਨ੍ਹਾਂ ਦੇ ਬੱਚਿਆਂ ਦੇ ਭਵਿੱਖ ਲਈ ਕੰਮ ਕੀਤੇ ਜਾਣੇ ਚਾਹੀਦੇ ਹਨ। ਹੁਣ ਹੌਲੀ ਹੌਲੀ ਇਨ੍ਹਾਂ ਵਿੱਚ ਜਾਗਰਤੀ ਆ ਰਹੀ ਹੈ। ਅੰਦੋਲਨ ਵੀ ਹੋਏ ਹਨ, ਪਰ ਧਰਮ ਤੇ ਆਸਥਾ ਦੇ ਨਾਂ ’ਤੇ ਸਖ਼ਤੀ ਕਰਨ ਤੋਂ ਹਰ ਸਰਕਾਰ ਡਰਦੀ ਹੈ ਕਿਉਂਕਿ ਇਸ ਨਾਲ ਉਨ੍ਹਾਂ ਦੇ ਵੋਟ ਬੈਂਕਾਂ ਨੂੰ ਢਾਹ ਲੱਗਦੀ ਹੈ। ਅੱਜ ਮਨੁੱਖਤਾ ਦੇ ਨਾਂ ’ਤੇ ਲੱਗੇ ਇਸ ਕਲੰਕ ਨੂੰ ਮਿਟਾਉਣ ਲਈ ਨਵੇਂ ਸਿਰਿਓਂ ਸੋਚਣ ਅਤੇ ਸਾਰਥਕ ਵਿਉਂਤਾਂ ਘੜਣ ਦੀ ਲੋੜ ਹੈ।

# ਅਕਾਲ ਤਖ਼ਤ ਦੇ ਜਥੇਦਾਰ ਪੰਥਕ ਮਾਨਸਿਕਤਾ ਅਨੁਸਾਰ ਇਤਿਹਾਸਕ ਫ਼ੈਸਲਾ ਕਰਨ

ਹਜ਼ਾਰਾ ਸਿੰਘ ਮਿਸੀਸਾਗਾ





ਸੱਤਾ ਦੀ ਔੜ ਦੇ ਸਤਾਏ ਅਕਾਲੀ ਅਤੇ ਅਕਾਲੀ ਰਾਜਕੁਮਾਰ (ਬਜ਼ੁਰਗ ਅਕਾਲੀਆਂ ਦੀ ਮਾਡਰਨ ਆਰਾਮ ਪ੍ਰਸਤ ਔਲਾਦ ਅਤੇ ਦੋਹਤੇ, ਪੋਤੇ) ਸੱਤਾ ਲਈ ਮੱਛੀ ਵਾਂਗ ਤੜਫਦੇ ਹੋਏ ਅਕਾਲ ਤਖਤ ਜਾ ਪਹੁੰਚੇ ਹਨ। ਇਹ ਬੇਅਸੂਲੀ ਸਿਆਸਤ ਦੇ ਵਪਾਰੀ ਅਕਾਲ ਤਖਤ 'ਤੇ ਮਨ ਦੀ ਸਫਾਈ ਲਈ ਨਹੀਂ ਜਾ ਰਹੇ, ਇਹ ਅਕਾਲ ਤਖਤ ਨੂੰ ਆਪਣੀ ਚਤੁਰ ਬੁੱਧੀ ਨਾਲ ਵਰਤ ਕੇ ਮੁੜ ਸੱਤਾ ਹਾਸਿਲ ਕਰਨ ਦੇ ਰਾਹ ਪੈਣ ਦਾ ਆਹਰ ਪਾਹਰ ਕਰ ਕਰ ਰਹੇ ਹਨ। ਇਨ੍ਹਾਂ ਦੀ ਬੁੱਧੀ ਇਨ੍ਹਾਂ ਨੂੰ ਕਾਇਲ ਕਰੀ ਬੈਠੀ ਹੈ ਕਿ ਲੋਕਾਂ ਨੂੰ (ਖਾਸ ਕਰਕੇ ਸਿੱਖਾਂ ਨੂੰ) ਬੇਵਕੂਫ਼ ਬਣਾਉਣਾ ਕੋਈ ਔਖਾ ਕੰਮ ਨਹੀਂ ਹੈ। ਸੱਤਾ ਦੇ ਸੁਖ ਵਿੱਚ ਪਲ਼ੇ ਸਿੱਖ ਸਰੋਕਾਰਾਂ ਤੋਂ ਕੋਰੇ ਇਹ ਅਕਾਲੀ ਰਾਜਕੁਮਾਰ ਸਿਆਸਤ ਨੂੰ ਸਿਆਸੀ ਤਿਕੜਮਬਾਜ਼ੀ ਤੋਂ ਵੱਧ ਨਹੀਂ ਜਾਣਦੇ। ਇੱਕ ਧੜਾ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨਗੀ ਤੋਂ ਲਾਹੁਣ ਲਈ ਅਕਾਲ ਤਖਤ 'ਤੇ ਸ਼ਿਕਾਇਤ ਲਾ ਰਿਹਾ ਹੈ ਅਤੇ ਸੁਖਬੀਰ ਬਾਦਲ ਆਪਣੇ ਧੜੇ ਨਾਲ ਨਿਮਾਣੇ ਸਿੱਖ ਵਜੋਂ ਪੇਸ਼ ਹੋਣ ਦੀਆਂ ਗੱਲਾਂ ਕਰ ਰਿਹਾ ਹੈ। ਦੋਹਾਂ ਧੜਿਆਂ ਦੇ ਲੋਕ ਹੀ ਚਤੁਰਾਈ ਨਾਲ ਅਕਾਲ ਤਖਤ ਦੀ ਵਰਤੋਂ ਨਾਲ ਨਾਤ੍ਹੇ ਧੋਤੇ ਬਣਨ ਦੀ ਕੋਸ਼ਿਸ਼ ਕਰ ਰਹੇ ਹਨ। ਲੋਕਾਂ ਦੀ ਨਜ਼ਰ ਵਿੱਚ ਅਕਾਲ ਤਖਤ 'ਤੇ ਭੁੱਲਾਂ ਬਖ਼ਸ਼ਾਉਣ ਲਈ ਜਾਣ ਵਾਲੇ ਇਨ੍ਹਾਂ ਦੋਨੋਂ ਧੜਿਆਂ ਦੀ ਖਸਲਤ, ਨਾਵ੍ਹਿਣ ਚਲੈ ਤੀਰਥੀਂ, ਮਨ ਖੋਟੈ ਤਨਿ ਚੋਰ। ਤੋਂ ਵੱਧ ਨਹੀਂ ਹੈ।

ਅਕਾਲੀ ਦਲ ਦਾ ਸੰਕਟ ਸਿਆਸੀ ਅਤੇ ਨੈਤਿਕ ਹੈ। ਅੱਜ ਦਾ ਅਕਾਲੀ ਦਲ ਨਾਂ ਲੋਕਤੰਤਰੀ ਹੈ, ਨਾਂ ਕਿਸੇ ਸਿਧਾਂਤ ਨੂੰ ਪ੍ਰਣਾਇਆ ਹੋਇਆ ਹੈ। ਸਿਆਸਤ ਨੂੰ ਵਪਾਰ ਬਣਾਉਣ ਵਾਲੇ ਸੱਤਾ ਦੌਰਾਨ ਸਫਲ ਵਪਾਰੀ ਸਾਬਤ ਹੋਏ। ਪਰ ਸੱਤਾ ਜਾਣ ਤੋਂ ਬਾਅਦ ਹੁਣ 'ਮੰਦਵਾੜੇ' ਵਿੱਚ ਮਹਿਸੂਸ ਕਰ ਰਹੇ ਹਨ। ਸਿਆਸੀ ਸੂਝਬੂਝ ਤੋਂ ਕੋਰੇ ਕੇਵਲ ਸਵਾਰਥ ਦੀ ਰਾਜਨੀਤੀ ਕਰਨ ਵਾਲੇ ਇਹ ਅਕਾਲੀ ਇਹ ਸੋਚੀ ਬੈਠੇ ਸਨ ਕਿ ਲੋਕ ਇਨ੍ਹਾਂ ਦੀਆਂ ਗਲਤੀਆਂ ਨੂੰ ਭੁੱਲ ਭੁਲਾ ਜਾਣਗੇ। ਪਰ ਅਜਿਹਾ ਹੁੰਦਾ ਨਜ਼ਰ ਨਾ ਆਉਣ ਕਾਰਨ ਇਹ ਘਬਰਾ ਰਹੇ ਹਨ। ਮਸਲਾ ਤਾਂ ਸਿਆਸਤ ਅਤੇ ਸਿਆਸੀ ਜਥੇਬੰਦਕ ਢਾਂਚੇ ਨੂੰ ਦਰੁਸਤ ਕਰਨ ਦਾ ਸੀ ਪਰ ਇਹ ਸਭ ਕੁਝ ਨੂੰ ਧਾਰਮਿਕ ਉਕਾਈਆਂ ਦੀ ਚਾਦਰ ਵਿੱਚ ਲਪੇਟਣ ਦੇ ਦਾਅ ਵਜੋਂ ਅਕਾਲ ਤਖਤ 'ਤੇ ਚਲੇ ਗਏ। ਇਸ ਅਨਾੜੀਪੁਣੇ ਵਾਲੇ ਕਦਮ ਨਾਲ ਪਿਛਲੀਆਂ ਖੁਨਾਮੀਆਂ ਦੇ ਕੱਚੇ ਚਿੱਠੇ ਫਿਰ ਤਾਜ਼ੇ ਹੋਣੇ ਸ਼ੁਰੂ ਹੋ ਗਏ ਹਨ। ਦਿੱਤੀਆਂ ਜਾਣ ਵਾਲੀਆਂ ਸਫਾਈਆਂ ਦੀ ਚੀਰ ਫਾੜ ਵਿੱਚੋਂ ਲੋਕ ਇਨ੍ਹਾਂ ਦੇ ਦੰਭ ਨਿਤਾਰਨਗੇ ਅਤੇ ਹੋਰ ਸਵਾਲ ਖੜ੍ਹੇ ਹੋਣਗੇ। ਵਾਰਿਸ ਸ਼ਾਹ ਮੀਆਂ ਸੱਚ ਝੂਠ ਵਿੱਚੋਂ, ਪਾਪ ਕੱਢਦਾ ਪੁੰਨ ਨਿਤਾਰਦਾ ਈ। ਜਿਹੜੇ ਪਾਪ ਢਕਣ ਲਈ ਅਕਾਲ ਤਖਤ ਦਾ ਓਹਲਾ ਵਰਤਣ ਦਾ ਯਤਨ ਕੀਤਾ ਹੈ, ਉਹ ਇੱਕ ਵਾਰ ਫਿਰ ਨਿੱਤਰ ਕੇ ਸਾਹਮਣੇ ਆਉਣਗੇ। ਅਕਾਲ ਤਖਤ ਦਾ ਜਥੇਦਾਰ ਲੋਕ ਭਾਵਨਾਵਾਂ ਅਨੁਸਾਰ ਫੈਸਲਾ ਨਾ ਕਰ ਸਕਿਆ ਤਾਂ ਉਸ ਦੀ ਤੋਹੇ ਤੋਹੇ ਅਲੱਗ ਹੋਏਗੀ, ਜਿਹੜੀ ਕਿ ਹੋਣੀ ਸ਼ੁਰੂ ਹੋ ਵੀ ਗਈ ਹੈ।ਅੱਜ ਇਹ ਕਿਹਾ ਜਾਂਦਾ ਹੈ ਕਿ ਅਕਾਲ ਤਖਤ ਦਾ ਸਿਸਟਮ ਬਾਦਲਾਂ ਨੇ ਤਬਾਹ ਕੀਤਾ। ਪਰ ਇਸ ਪਿੱਛੇ ਵੀ ਇੱਕ ਇਤਿਹਾਸ ਹੈ। ਅਕਾਲ ਤਖਤ ਨੂੰ ਆਪਣੇ ਧੜੇ ਦੀ ਸਿਆਸਤ ਲਈ ਵਰਤਣ ਦੀ ਪਿਰਤ ਕੋਈ 45 ਕੁ ਸਾਲ ਪੁਰਾਣੀ ਹੈ। ਉਦੋਂ ਅਕਾਲੀ ਦਲ ਵਿੱਚ ਸ਼ਕਤੀ ਦੇ ਤਿੰਨ ਕੇਂਦਰ ਹੋਇਆ ਕਰਦੇ ਸਨ। ਸ਼੍ਰੋਮਣੀ ਕਮੇਟੀ ਦਾ ਪ੍ਰਧਾਨ, ਅਕਾਲੀ ਦਲ ਦਾ ਪ੍ਰਧਾਨ ਅਤੇ ਮੁੱਖ ਮੰਤਰੀ। ਸ੍ਰ. ਬਾਦਲ ਮੁੱਖ ਮੰਤਰੀ ਦਾ ਅਹੁਦਾ ਆਪਣੇ ਲਈ ਰਾਖਵਾਂ ਸਮਝਦਾ ਸੀ ਪਰ ਦੂਸਰੇ ਸ਼ਕਤੀ ਕੇਂਦਰਾਂ ਵਾਲੇ ਵੀ ਵੱਡੀ ਕੁਰਸੀ ਦਾ ਆਨੰਦ ਮਾਣਨ ਦੇ ਚਾਹਵਾਨ ਸਨ। ਉਨ੍ਹਾਂ 1979 ਵਿੱਚ ਅਕਾਲ ਤਖਤ ਨੂੰ ਵਰਤ ਕੇ ਬਾਦਲ ਦੀ ਕੁਰਸੀ ਹਿਲਾਉਣ ਦੇ ਪੈਂਤੜਿਆਂ ਦੀ ਸ਼ੁਰੂਆਤ ਕਰ ਦਿੱਤੀ। ਬਾਦਲ ਵਿਰੋਧੀ ਧੜੇ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖਤ ਨੂੰ ਵਰਤ ਕੇ ਬਾਦਲ ਵਾਸਤੇ ਕੋਈ ਨਾ ਕੋਈ ਸਿਰਦਰਦੀ ਖੜ੍ਹੀ ਹੀ ਰੱਖਦੇ ਸਨ। 1984 ਤੋਂ ਬਾਅਦ 'ਅਕਾਲ ਤਖਤ ਸਰਵ ਉੱਚ' ਦਾ ਨਾਅਰਾ ਘੜਿਆ ਗਿਆ ਅਤੇ ਫਿਰ ਇਸ ਦੀ ਦੁਰਵਰਤੋਂ ਸ਼ੁਰੂ ਹੋਈ। ਪਹਿਲਾਂ ਖਾੜਕੂਆਂ ਨੇ ਇਸ ਡੰਡੇ ਦੀ ਵਰਤੋਂ ਅਕਾਲੀਆਂ ਨੂੰ ਬੱਧੂ ਕਰਨ ਲਈ ਕੀਤੀ। ਫਿਰ ਬਾਦਲ ਵਿਰੋਧੀ ਧੜਿਆਂ ਨੇ ਬਾਦਲ ਨੂੰ ਅਕਾਲ ਤਖਤ ਦੇ ਡੰਡੇ ਨਾਲ ਕਾਬੂ ਕਰਨ ਦੀ ਕੋਸ਼ਿਸ਼ ਕੀਤੀ। ਬਾਦਲ ਇੱਕ ਗੱਲ ਜਾਣ ਗਿਆ ਸੀ ਕਿ ਪੰਥ ਵਿਚਲੇ ਵੱਖ ਵੱਖ ਸ਼ਕਤੀ ਕੇਂਦਰ ਭੰਨੇ ਬਗੈਰ ਟਿਕ ਕੇ ਰਾਜ ਨਹੀਂ ਕੀਤਾ ਜਾ ਸਕਦਾ। ਫਿਰ 'ਅਕਾਲ ਤਖਤ ਸਰਵ ਉੱਚ ਹੈ' ਵਾਲਾ ਘੜਿਆ ਘੜਾਇਆ ਡੰਡਾ ਬਾਦਲ ਨੇ ਹਥਿਆ ਲਿਆ। ਉਸਨੇ ਫਿਰ 20 ਸਾਲ ਕੋਈ ਕੁਸਕਣ ਨਹੀਂ ਦਿੱਤਾ ਅਤੇ ਨਿਰਵਿਰੋਧ ਚੰਮ ਦੀਆਂ ਚਲਾਈਆਂ। ਅਕਾਲ ਤਖਤ ਦੀ ਬੇਦਰੇਗ ਦੁਰਵਰਤੋਂ ਕਾਰਨ ਬਦਨਾਮੀ ਹੋ ਗਈ, ਜਿਸ ਕਾਰਨ ਹੁਣ ਅਕਾਲ ਤਖਤ ਦੇ ਡੰਡੇ ਵਿੱਚ ਬਹੁਤੀ ਸ਼ਕਤੀ ਨਹੀਂ ਰਹੀ।

ਕਬੀਰ ਜੋ ਹਮ ਜੰਤੁ ਬਜਾਵਤੇ, ਟੂਟਿ ਗਈਂ ਸਭ ਤਾਰ। ਜੰਤੁ ਬਿਚਾਰਾ ਕਿਆ ਕਰੇ, ਚਲੇ ਬਜਾਵਨਹਾਰ।

ਲੋਕਾਂ ਵੱਲੋਂ ਖੁਨਾਮੀਆਂ ਦੀ ਦਿੱਤੀ ਸਿਆਸੀ ਸਜ਼ਾ ਕਾਰਨ ਬਾਦਲਕਿਆਂ ਦਾ ਰਾਜਸੀ ਸ਼ਕਤੀ ਦਾ ਬੋਹੜ ਵੀ ਸੁੱਕ ਗਿਆ। ਹੁਣ ਨਾ ਤਾਂ ਇਸ ਬੋਹੜ ਥੱਲੇ ਕੋਈ ਨਵਾਂ ਬੋਹੜ ਲੱਗ ਸਕਦਾ ਹੈ ਅਤੇ ਨਾਂ ਅਕਾਲ ਤਖਤ ਦੇ ਜਥੇਦਾਰ ਦੀ ਮੁਆਫ਼ੀ ਦਾ ਪਾਣੀ ਪਾਉਣ ਨਾਲ ਨਵੀਆਂ ਕਰੂੰਬਲਾਂ ਫੁੱਟ ਸਕਦੀਆਂ ਹਨ। ਹੁਣ ਬਾਦਲ ਪਰਿਵਾਰ ਵਿੱਚੋਂ ਕਿਸੇ ਦੇ ਮੁੱਖ ਮੰਤਰੀ ਬਣਨ ਵਾਲੇ ਇਤਿਹਾਸ ਦਾ ਅਧਿਆਏ ਖਤਮ ਹੋ ਗਿਆ ਹੈ।

ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ, ਜੋ ਸੱਤਾ ਦੀ ਔੜ ਕਾਰਨ ਪਰੇਸ਼ਾਨ ਹੈ ਅਤੇ ਮੁੜ ਸੱਤਾ ਪ੍ਰਾਪਤੀ ਲਈ ਖੇਖਣ ਕਰ ਰਹੀ ਹੈ, ਨੇ ਅਕਾਲ ਤਖਤ ਨੂੰ ਮੁੜ ਆਪਣੇ ਸਿਆਸੀ ਝਮੇਲੇ ਦਾ ਅਖਾੜਾ ਬਣਾ ਲਿਆ ਹੈ। ਸੱਚ ਇਹ ਹੈ ਕਿ ਪਿਛਲੇ 45 ਸਾਲਾਂ ਵਿੱਚ ਇਸ ਤਖਤ ਨੇ ਕੋਈ ਵੀ ਧਾਰਮਿਕ ਜਾਂ ਰਾਜਨੀਤਕ ਮਾਮਲਾ ਹੱਲ ਨਹੀਂ ਕੀਤਾ। ਰਾਜਨੀਤੀ ਵਿੱਚ ਅਕਾਲ ਤਖਤ ਦੇ ਦਖ਼ਲ ਨੇ ਇਸ ਸੰਸਥਾ ਦਾ ਵਕਾਰ ਮਿੱਟੀ ਵਿੱਚ ਮਿਲਾ ਦਿੱਤਾ ਹੈ। ਰਾਜਨੀਤਕ ਸੇਧ ਦੇ ਮਾਮਲੇ ਵਿੱਚ ਅਕਾਲ ਤਖਤ ਦਾ ਰੋਲ ਗੁਮਰਾਹਕੁੰਨ ਹੈ। ਮੇਰੀ ਸਮਝ ਅਨੁਸਾਰ ਅਕਾਲ ਤਖਤ ਦੇ ਜਥੇਦਾਰ ਵੱਲੋਂ ਅਕਾਲੀ ਸਿਆਸਤ ਦੇ ਬਿਖੇੜੇ ਸੁਲਝਾਉਣ ਦੀ ਪਾਈ ਪਿਰਤ ਹੀ ਬੇਅਸੂਲੀ ਹੈ। ਪਿਛਲੇ 46 ਸਾਲ ਦਾ ਘਟਨਾਕਰਮ ਇਹ ਦੱਸਦਾ ਹੈ ਜਦੋਂ ਵੀ ਅਕਾਲ ਤਖਤ ਦੇ ਜਥੇਦਾਰ ਨੂੰ ਇਸ ਝਮੇਲੇ ਵਿੱਚ ਸ਼ਾਮਿਲ ਕੀਤਾ ਗਿਆ, ਹਰ ਵਾਰ ਅਕਾਲ ਤਖਤ ਦੇ ਜਥੇਦਾਰ ਦੀ ਪਦਵੀ ਦਾ ਸਤਿਕਾਰ ਘਟਿਆ ਅਤੇ ਅਕਾਲ ਤਖਤ ਦੀ ਸੰਸਥਾ ਨੂੰ ਠੇਸ ਪੁੱਜੀ। ਇਸ ਵਕਤ ਜਥੇਦਾਰ ਦੀ ਪਦਵੀ ਦੇ ਵਕਾਰ ਅਤੇ ਸਤਿਕਾਰ ਦਾ ਗਰਾਫ ਸਭ ਸਮਿਆਂ ਨਾਲੋਂ ਹੇਠਾਂ ਹੈ। ਸਿੰਘ ਸਾਹਿਬਾਨ ਦੇ ਆਪਣੇ ਪੈਰ ਨਹੀਂ ਹਨ, ਨਿੱਜੀ ਯੋਗਤਾ ਅਤੇ ਲਿਆਕਤ ਦਾ ਵੀ ਕੋਈ ਵਿਲੱਖਣ ਪ੍ਰਗਟਾਵਾ ਨਹੀਂ ਹੈ। ਜਿੰਨਾ ਕੁਝ ਉਲਝ ਗਿਆ ਹੈ, ਉਸ ਨੂੰ ਸੁਲਝਾਉਣ ਲਈ ਜਿਸ ਯੋਗਤਾ, ਹੌਸਲੇ ਅਤੇ ਅਸੂਲ ਪ੍ਰਸਤੀ ਦੀ ਲੋੜ ਹੈ, ਉਹ ਨਜ਼ਰ ਨਹੀਂ ਆਉਂਦੀ। ਕੁਤਾਹੀਆਂ ਕੇਵਲ ਧਾਰਮਿਕ ਨਹੀਂ ਹਨ, ਸਿਆਸੀ ਅਤੇ ਕਾਨੂੰਨੀ ਵੀ ਹਨ। ਸਿੰਘ ਸਾਹਿਬ ਵੱਲੋਂ ਧਾਰਮਿਕ ਸਜ਼ਾ ਤਾਂ ਲੱਗ ਜਾਏਗੀ ਪਰ ਸਿਆਸੀ ਅਤੇ ਕਾਨੂੰਨੀ ਉਕਾਈਆਂ ਦਾ ਸਿੰਘ ਸਾਹਿਬ ਕੀ ਕਰਨਗੇ ? ਮੈਨੂੰ ਖਦਸ਼ਾ ਹੈ ਕਿ ਇਸ ਐਪੀਸੋਡ ਦੀਆਂ 'ਵਿਹਾਰ ਚਤੁਰਾਈਆਂ' ਕਾਰਨ ਜਥੇਦਾਰ ਦੀ ਪਦਵੀ ਦੀ ਰਹਿੰਦੀ ਮਿੱਟੀ ਵੀ ਪਲੀਤ ਹੋਵੇਗੀ ਅਤੇ ਅਕਾਲ ਤਖਤ ਦੀ ਸੰਸਥਾ ਨੂੰ ਹੋਰ ਖੋਰਾ ਲੱਗੇਗਾ।

ਹੁਣ ਸੱਤਾ ਤੋਂ ਬਾਹਰ ਹੋਏ ਅਕਾਲੀ ਸੋਚ ਰਹੇ ਹਨ ਕਿ ਸੁਖਬੀਰ ਬਾਦਲ ਦਾ ਚਿਹਰਾ ਬਦਲੇ ਬਗੈਰ ਅਕਾਲੀ ਦਲ ਬਚ ਨਹੀਂ ਸਕੇਗਾ। ਸੁਖਬੀਰ ਬਾਦਲ ਸੋਚ ਰਿਹਾ ਹੈ ਕਿ ਪ੍ਰਧਾਨਗੀ ਛੱਡ ਕੇ ਬਚਾਏ ਅਕਾਲੀ ਦਲ ਦਾ ਉਸ ਨੂੰ ਕੀ ਲਾਭ। ਜਦੋਂ ਸੁਖਬੀਰ ਨੇ ਕਿਸੇ ਦੀ ਨਹੀਂ ਸੁਣੀ ਤਾਂ ਇਹ ਗਰੁੱਪ ਸੁਖਬੀਰ ਬਾਦਲ ਖ਼ਿਲਾਫ਼ ਸ਼ਿਕਾਇਤ ਲੈ ਕੇ ਅਕਾਲ ਤਖਤ 'ਤੇ ਪੇਸ਼ ਹੋ ਗਿਆ ਅਤੇ ਅਕਾਲ ਤਖਤ ਦੇ ਜਥੇਦਾਰ ਨੇ ਸਪਸ਼ਟੀਕਰਨ ਵਾਸਤੇ ਸੁਖਬੀਰ ਬਾਦਲ ਨੂੰ ਸੱਦ ਲਿਆ ਹੈ। ਜਿਸ ਮਸਲੇ ਨੂੰ ਧਾਰਮਿਕ ਚਾਦਰ ਵਿੱਚ ਲਪੇਟਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਉਹ ਅਸਲ ਵਿੱਚ ਜਥੇਬੰਦਕ ਢਾਂਚੇ ਨੂੰ ਦਰੁਸਤ ਕਰਨ ਅਤੇ ਨਵੇਂ ਸਿਆਸੀ ਪ੍ਰੋਗਰਾਮ ਉਲੀਕਣ ਦਾ ਹੈ, ਨਾ ਕਿ ਧਾਰਮਿਕ। ਜਦੋਂ ਇਹ ਮਾਮਲਾ ਅਕਾਲ ਤਖਤ 'ਤੇ ਚਲਾ ਹੀ ਗਿਆ ਹੈ ਤਾਂ ਹਰ ਕਿਸੇ ਦੇ ਮਨ ਵਿੱਚ ਸਵਾਲ ਪੈਦਾ ਹੁੰਦਾ ਹੈ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਜੀ ਹੁਣ ਕੀ ਕਰਨ ? ਪਹਿਲੀ ਗੱਲ ਅਕਾਲ ਤਖਤ ਦੇ ਜਥੇਦਾਰ ਨੂੰ ਧਾਰਮਿਕ ਦਾਇਰੇ ਤਕ ਸੀਮਿਤ ਰਹਿਣਾ ਚਾਹੀਦਾ ਹੈ। ਸਿਆਸੀ ਅਤੇ ਕਾਨੂੰਨੀ ਦਾਇਰੇ ਦੇ ਮਾਮਲਿਆਂ ਵਿੱਚ ਉਲਝਣਾ ਨਹੀਂ ਚਾਹੀਦਾ। ਦੂਸਰਾ, ਕਿਸੇ ਨੂੰ ਵੀ ਤਲਬ ਕਰਨ ਵਾਲੀ ਪਿਰਤ ਦੀ ਥਾਂ ਸਵੈ ਇੱਛਾ ਨਾਲ ਨਿੱਜੀ ਤੌਰ 'ਤੇ ਇਕੱਲਿਆਂ ਪੇਸ਼ ਹੋਣ ਦੀ ਰਵਾਇਤ ਮੁੜ ਸੁਰਜੀਤ ਕਰਨੀ ਚਾਹੀਦੀ ਹੈ। ਪੇਸ਼ ਹੋਣ ਵਾਲਾ ਆਪਣੀ ਭੁੱਲ ਆਪ ਹੀ ਲਿਖਤੀ ਤੌਰ 'ਤੇ ਮੰਨੇ ਅਤੇ ਮੁਆਫ਼ੀ ਲਈ ਬੇਨਤੀ ਕਰੇ। ਇਹ ਸਮੂਹਿਕ ਜਾਂ ਜਥੇ ਦੇ ਰੂਪ ਵਿੱਚ ਨਹੀਂ ਹੋਣਾ ਚਾਹੀਦਾ, ਨਿੱਜੀ ਹੋਵੇ। ਕਿਸੇ ਸ਼ਿਕਾਇਤ ਬਾਰੇ ਸੁਣਵਾਈ ਕਰਨ ਅਤੇ ਸੁਣਵਾਈ ਤੋਂ ਬਾਅਦ ਅਦਾਲਤ ਵਾਂਗ ਫੈਸਲੇ ਕਰਨ ਦੀ ਰੀਤ ਖਤਮ ਕਰ ਦਿੱਤੀ ਜਾਵੇ। ਅਕਾਲ ਤਖਤ ਨੂੰ ਅਦਾਲਤ ਵਾਂਗ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਵਾਲੀ ਸੰਸਥਾ ਨਾ ਬਣਾਇਆ ਜਾਵੇ। ਮੌਜੂਦਾ ਹਾਲਾਤ ਵਿੱਚ ਸ਼ਿਕਾਇਤ ਕਰਨ ਵਾਲੇ ਅਕਾਲੀ ਆਗੂਆਂ ਨੂੰ ਉਨ੍ਹਾਂ ਦੇ ਨਿਭਾਏ ਰੋਲ ਦੀ ਸਵੈ ਇੱਛਾ ਨਾਲ ਲਿਖਤੀ ਗਲਤੀ ਮੰਨਣ ਅਤੇ ਮੁਆਫ਼ੀ ਮੰਗਣ ਲਈ ਕਹਿਕੇ ਫ਼ਾਰਗ ਕਰ ਦਿੱਤਾ ਜਾਵੇ। ਜਿਨ੍ਹਾਂ ਕੋਲੋਂ ਸਪਸ਼ਟੀਕਰਨ ਮੰਗਿਆ ਹੈ, ਉਹ ਸਪਸ਼ਟੀਕਰਨ ਜਨਤਕ ਕਰ ਦਿੱਤਾ ਜਾਏ। ਸਪਸ਼ਟੀਕਰਨ ਦੇਣ ਵਾਲਾ ਜੇ ਆਪਣੀ ਗਲਤੀ ਮੰਨਦਾ ਹੈ ਤਾਂ ਮੁਆਫ਼ੀ ਲਈ ਅਗਲੀ ਕਾਰਵਾਈ ਕੀਤੀ ਜਾਏ, ਨਹੀਂ ਤਾਂ ਫੈਸਲਾ ਲੋਕਾਂ 'ਤੇ ਛੱਡ ਦਿੱਤਾ ਜਾਏ। ਕਾਨੂੰਨੀ ਗਲਤੀ ਦੀ ਸਜ਼ਾ ਅਦਾਲਤ ਅਤੇ ਸਿਆਸੀ ਸਜ਼ਾ ਲੋਕ ਹੀ ਦੇ ਸਕਦੇ ਹਨ। ਧਾਰਮਿਕ ਸਜ਼ਾ ਸਵੈ ਇੱਛਾ ਤਕ ਸੀਮਿਤ ਰੱਖੀ ਜਾਵੇ। ਪਿਛਲੇ ਸਮੇਂ ਵਿੱਚ ਅਕਾਲ ਤਖਤ ਤੋਂ ਕੀਤੇ ਫੈਸਲਿਆਂ 'ਤੇ ਮੁੜ ਵਿਚਾਰ ਕੀਤਾ ਜਾਏ। ਪੰਥ ਵਿੱਚੋਂ ਖ਼ਾਰਜ ਕੀਤੇ ਵਿਅਕਤੀਆਂ ਨਾਲ ਸੰਬੰਧਿਤ ਸਾਰੇ ਹੀ ਫੈਸਲੇ ਵਾਪਸ ਲੈ ਲਏ ਜਾਣ। ਅਕਾਲੀ ਦਲ ਦੇ ਜਥੇਬੰਦਕ ਢਾਂਚੇ ਦੇ ਮਾਮਲੇ ਅਕਾਲੀ ਦਲ ਨੂੰ ਆਪ ਨਿਬੇੜਨ ਲਈ ਕਿਹਾ ਜਾਏ।



ਹੁਣ ਕੋਈ ਕਹਿ ਸਕਦਾ ਹੈ ਕਿ ਜੇ ਅਕਾਲ ਤਖਤ 'ਤੇ ਕੋਈ ਸ਼ਿਕਾਇਤ ਹੀ ਨਹੀਂ ਲਿਜਾਣੀ, ਧਾਰਮਿਕ ਭੁੱਲ ਦੀ ਮੁਆਫ਼ੀ ਕਿਸੇ ਗੁਰਦੁਆਰੇ ਜਾ ਕੇ ਹੀ ਮੰਗ ਲੈਣੀ ਹੈ, ਸਿਆਸੀ ਅਤੇ ਕਾਨੂੰਨੀ ਮਸਲੇ ਅਕਾਲ ਤਖਤ ਤੋਂ ਪਰੇ ਹੀ ਰੱਖਣੇ ਹਨ ਤਾਂ ਅਕਾਲ ਤਖਤ ਦੇ ਜਥੇਦਾਰ ਤੋਂ ਕੀ ਕਰਾਉਣਾ ਹੈ ? ਅਸਲ ਵਿੱਚ ਅਕਾਲ ਤਖਤ ਦੇ ਜਥੇਦਾਰ ਦੀ ਨਿੱਜੀ ਅਤੇ ਸੌੜੇ ਹਿਤਾਂ ਲਈ ਵਰਤੋਂ ਕਰਨ ਦੀ ਪਿਰਤ ਤੋੜਨ ਤੋਂ ਬਾਅਦ ਹੀ ਸਪਸ਼ਟ ਹੋਏਗਾ ਕਿ ਅਕਾਲ ਤਖਤ ਦੇ ਜਥੇਦਾਰ ਲਈ ਕਰਨਯੋਗ ਸਾਰਥਿਕ ਕੰਮ ਵੀ ਬੜੇ ਹਨ।

ਅਕਾਲ ਤਖਤ 'ਤੇ ਪੈਦਾ ਹੋਏ ਮੌਜੂਦਾ ਹਾਲਾਤ ਕਾਰਨ ਸਿੱਖ ਵਿਦਵਾਨ ਅਤੇ ਬੁੱਧੀਜੀਵੀ ਬਹੁਤ ਸਾਰੇ ਪੱਖਾਂ 'ਤੇ ਵਿਚਾਰ ਕਰ ਰਹੇ ਹਨ। ਬਹੁਤ ਸਾਰੇ ਲੋਕ ਇਸ ਵਿਚਾਰ ਦੇ ਹਨ ਕਿ ਹੁਣ ਰਵਾਇਤੀ ਅਕਾਲੀ ਦਲ ਅਤੇ ਅਕਾਲ ਤਖਤ ਦੀ ਆਜ਼ਾਦ ਹਸਤੀ ਦੀ ਮੁੜ ਬਹਾਲੀ ਦੀ ਲੋੜ ਹੈ। ਜੇ ਅਕਾਲ ਤਖਤ ਦਾ ਜਥੇਦਾਰ ਮਿਸਾਲੀ ਹੌਸਲੇ ਨਾਲ ਇਤਿਹਾਸਕ ਫੈਸਲਾ ਕਰਨ ਦੀ ਜੁਰਅਤ ਦਿਖਾ ਜਾਏ ਤਾਂ ਅਜਿਹਾ ਹੋ ਵੀ ਸਕਦਾ ਹੈ। ਹੁਣ ਅਕਾਲੀ ਦਲ ਦੇ ਸਾਰੇ ਆਗੂ ਅਕਾਲ ਤਖਤ ਅੱਗੇ ਝੁਕੇ ਹੋਏ ਹਨ, ਰਾਜਸੀ ਤਾਕਤ ਤੋਂ ਬਾਹਰ ਹਨ, ਸ਼ਕਤੀਸ਼ਾਲੀ ਨਹੀਂ ਹਨ, ਬਦਨਾਮ ਹਨ ਅਤੇ ਹੋਰ ਬਦਨਾਮੀ ਤੋਂ ਡਰਦੇ ਹਨ। ਸਿੰਘ ਸਾਹਿਬ ਨਵੇਂ ਅਕਾਲੀ ਦਲ ਦਾ ਰਾਹ ਪੱਧਰਾ ਕਰਨ ਲਈ ਅਕਾਲੀ ਦਲ ਦੇ ਮੌਜੂਦਾ ਅਤੇ ਸਾਬਕਾ ਵਿਧਾਇਕਾਂ, ਸੰਸਦ ਮੈਂਬਰਾਂ ਅਤੇ ਸ਼ਰੋਮਣੀ ਕਮੇਟੀ ਮੈਂਬਰਾਂ ਨੂੰ ਅਕਾਲ ਤਖਤ 'ਤੇ ਸੱਦ ਕੇ ਅਗਲੇ ਕੁਝ ਸਮੇਂ ਲਈ ਕੋਈ ਵੀ ਅਹੁਦਾ ਨਾ ਲੈਣ ਦਾ ਹੁਕਮਨਾਮਾ ਸੁਣਾ ਦੇਣ। ਇਸ ਵਿੱਚ ਮੌਜੂਦਾ ਵਿਧਾਇਕਾਂ, ਸੰਸਦਾਂ ਅਤੇ ਸ਼ਰੋਮਣੀ ਕਮੇਟੀ ਮੈਂਬਰਾਂ ਨੂੰ ਅਹੁਦੇ ਦੀ ਮਿਆਦ ਤਕ ਕੰਮ ਕਰਦੇ ਰਹਿਣ ਦੀ ਛੋਟ ਦਿੱਤੀ ਜਾਏ। ਇਨ੍ਹਾਂ 'ਤੇ ਅਹੁਦਾ ਨਾਂ ਲੈਣ ਵਾਲੀ ਸ਼ਰਤ ਅਹੁਦੇ ਦੀ ਮਿਆਦ ਖਤਮ ਹੋਣ ਤੋਂ ਬਾਅਦ ਲਾਗੂ ਹੋਏ। ਇਸ ਤੋਂ ਸਭ ਦੇ ਅਕਾਲ ਤਖਤ ਪ੍ਰਤੀ ਸਮਰਪਣ ਦਾ ਵੀ ਪਤਾ ਲੱਗ ਜਾਏਗਾ ਅਤੇ ਲੋਕਤੰਤਰੀ ਲੀਹਾਂ 'ਤੇ ਨਵੇਂ ਜੋਸ਼ ਵਾਲਾ ਨਵਾਂ ਅਕਾਲੀ ਦਲ ਸਿਰਜਣ ਦਾ ਰਾਹ ਵੀ ਪੱਧਰਾ ਹੋ ਜਾਏਗਾ। ਜੇ ਅਜਿਹਾ ਹੋ ਜਾਂਦਾ ਹੈ ਤਾਂ ਅਕਾਲ ਤਖਤ ਦੀ ਸਰਵ ਉੱਚ ਹਸਤੀ ਸੱਚਮੁੱਚ ਹੀ ਉਜਾਗਰ ਹੋ ਜਾਵੇਗੀ, ਪੰਥ ਵਿੱਚ ਨਵੀਂ ਹਵਾ ਰੁਮਕਣੀ ਸ਼ੁਰੂ ਹੋ ਜਾਏਗੀ, ਖੜੋਤ ਟੁੱਟ ਜਾਏਗੀ ਅਤੇ ਸਾਰੇ ਸੰਸਾਰ ਵਿੱਚ ਜਥੇਦਾਰ ਦੀ ਮਹਿਮਾ ਅਪਰ ਅਪਾਰ ਹੋ ਜਾਵੇਗੀ। ਪਰ ਕੀ ਅਜਿਹਾ ਕ੍ਰਿਸ਼ਮਾ ਹੋ ਸਕੇਗਾ ? ਮੌਕਾ ਜ਼ਰੂਰ ਹੈ, ਇਹ ਸਭ ਕੁਝ ਜਥੇਦਾਰ ਦੀ ਦੂਰ-ਦਰਸ਼ਤਾ, ਹੌਸਲੇ, ਕੁਰਬਾਨੀ ਦੇ ਜਜ਼ਬੇ ਅਤੇ ਤਿਆਗ ਦੀ ਭਾਵਨਾ 'ਤੇ ਨਿਰਭਰ ਕਰਦਾ ਹੈ। ਇਹ ਇੱਕ ਪ੍ਰਕਾਰ ਦਾ ਸਿੱਖ ਸੰਸਥਾਵੀ ਇਨਕਲਾਬ ਹੋਵੇਗਾ।

ਇਸ ਦੇ ਨਾਲ ਹੀ ਜਥੇਦਾਰਾਂ ਨੂੰ ਵੱਖ ਵੱਖ ਫਿਰਕਿਆਂ ਖ਼ਿਲਾਫ਼ ਜਾਰੀ ਕੀਤੇ ਹੁਕਮਨਾਮਿਆਂ ਨੂੰ ਵੀ ਵਾਪਸ ਲੈਣ ਲਈ ਵਿਚਾਰ ਕਰਨ ਦੀ ਲੋੜ ਹੈ। ਮਿਸਾਲ ਵਜੋਂ ਨਿਰੰਕਾਰੀਆਂ ਖ਼ਿਲਾਫ਼ ਜਾਰੀ ਕੀਤਾ ਹੁਕਮਨਾਮਾ ਚੋਣਾਂ ਲੜਨ ਵਾਲੇ ਉਮੀਦਵਾਰਾਂ ਸਾਹਮਣੇ ਹਰ ਵਾਰ ਧਰਮ ਸੰਕਟ ਖੜ੍ਹਾ ਕਰਦਾ ਹੈ। ਹਰ ਵਾਰ ਇਹ ਸਵਾਲ ਹੁੰਦਾ ਕਿ ਉਮੀਦਵਾਰ ਹੁਕਮਨਾਮੇ ਦੀ ਉਲੰਘਣਾ ਕੀਤੇ ਬਿਨਾਂ ਨਿਰੰਕਾਰੀ ਵੋਟਾਂ ਤਕ ਪਹੁੰਚ ਕਿਵੇਂ ਕਰੇ ? ਜਾਂ ਫਿਰ ਹੁਕਮਨਾਮੇ ਦੀ ਪਾਲਣਾ ਹਿਤ ਇਹੋ ਜਿਹੇ ਫਿਰਕਿਆਂ ਦੀਆਂ ਵੋਟਾਂ ਨਾ ਮੰਗੇ। ਚਲੋ, ਜੇ ਵੋਟਾਂ ਮੰਗੇ ਬਗੈਰ ਜਿੱਤ ਵੀ ਜਾਏ ਤਾਂ ਵੀ ਨੁਮਾਇੰਦਾ ਬਣਨ ਤੋਂ ਬਾਅਦ ਸੰਵਿਧਾਨਕ ਤੌਰ 'ਤੇ ਨਿਰੰਕਾਰੀਆਂ ਦਾ ਨੁਮਾਇੰਦਾ ਹੋਣ ਤੋਂ ਨਾਂਹ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਨੂੰ ਦਫ਼ਤਰ ਆਦਿ ਵਿੱਚ ਤਾਂ ਮਿਲਣਾ ਹੀ ਪਵੇਗਾ। ਕੁੱਲ ਮਿਲਾ ਕੇ ਇਹਨਾਂ ਹੁਕਮਨਾਮਿਆਂ ਕਾਰਨ ਹਰ ਸਿੱਖ ਉਮੀਦਵਾਰ ਨੂੰ ਹਰ ਚੋਣ ਸਮੇਂ ਹੀ ਖ਼ੱਜਲ਼ ਹੋਣਾ ਪੈਂਦਾ ਹੈ। ਕਈਆਂ ਦੀਆਂ ਸ਼ਿਕਾਇਤਾਂ ਹੁੰਦੀਆਂ ਹਨ, ਰੌਲਾ ਪੈਂਦਾ ਹੈ, ਪੇਸ਼ੀਆਂ ਪੈਣ ਲੱਗ ਪੈਂਦੀਆਂ ਹਨ ਅਤੇ ਕਈਆਂ ਨੂੰ ਝੂਠੇ ਬਹਾਨੇ ਘੜਨੇ ਪੈਂਦੇ ਹਨ। ਇੱਕ ਵਾਰ ਟੌਹੜਾ ਸਾਹਿਬ ਨੂੰ ਵੀ ਇਹ ਪ੍ਰੇਸ਼ਾਨੀ ਝੱਲਣੀ ਪਈ ਸੀ।

(ਬਾਕੀ ਸਫ਼ਾ 31 'ਤੇ)

# ਖੇਤੀ ਪ੍ਰਸਾਰ ਸੇਵਾਵਾਂ ਨੂੰ ਨਵੀਆਂ ਲੀਹਾਂ ’ਤੇ ਲਿਆਉਣ ਦੀ ਲੋੜ

ਭਗਵਾਨ ਦਾਸ



ਖੇਤੀ ਪ੍ਰਸਾਰ ਸੇਵਾ ਲਈ ਮੁੱਖ ਤੌਰ ’ਤੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਜ਼ਿੰਮੇਵਾਰ ਹੈ। ਵਿਭਾਗ ਵੱਲੋਂ ਜ਼ਿਲ੍ਹਾ ਪੱਧਰ ’ਤੇ ਮੁੱਖ ਖੇਤੀਬਾੜੀ ਅਫ਼ਸਰ ਲਗਾਏ ਹੋਏ ਹਨ, ਜਿਨ੍ਹਾਂ ਦੀ ਸਹਾਇਤਾ ਲਈ ਖੇਤੀਬਾੜੀ ਵਿਕਾਸ ਅਫ਼ਸਰ ਉਪਲਬਧ ਹਨ। ਬਲਾਕ ਪੱਧਰ ’ਤੇ ਖੇਤੀ ਅਫ਼ਸਰ, ਖੇਤੀ ਵਿਕਾਸ ਅਫ਼ਸਰ ਅਤੇ ਉਪ-ਨਿਰੀਖਕ ਤਾਇਨਾਤ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੀ ਆਪਣੇ ਮਾਹਿਰਾਂ ਰਾਹੀਂ ਕਿਸਾਨਾਂ ਨੂੰ ਅਗਵਾਈ ਤੇ ਖੇਤੀ ਗਿਆਨ ਮੁਹੱਈਆ ਕਰਦੀ ਹੈ। ਸਰਕਾਰ ਦੀਆਂ ਸਕੀਮਾਂ, ਸਬਸਿਡੀਆਂ ਅਤੇ ਹੋਰ ਖੇਤੀ ਵਿਸ਼ਿਆਂ ਦੀ ਜਾਣਕਾਰੀ ਵੀ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਕਰਮਚਾਰੀਆਂ ਰਾਹੀਂ ਕਿਸਾਨਾਂ ਤੱਕ ਪਹੁੰਚਾਈ ਜਾਂਦੀ ਹੈ। ਕ੍ਰਿਸ਼ੀ ਵਿਗਿਆਨ ਕੇਂਦਰ ਜੋ ਹਰ ਜ਼ਿਲ੍ਹੇ ’ਚ ਇੱਕ ਸਥਾਪਿਤ ਹੈ, ਉਹ ਵੀ ਖੋਜ ਕਰ ਕੇ ਅਤੇ ਕੇਂਦਰ ਤੋਂ ਜਾਣਕਾਰੀ ਦੇ ਕੇ ਕਿਸਾਨਾਂ ਦੀ ਸਹਾਇਤਾ ਕਰਦਾ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਜ਼ਿਲ੍ਹਿਆਂ ’ਚ ਅਤੇ ਆਪਣੇ ਕੈਂਪਸ ’ਚ ਵੀ ਖੇਤੀ ਪ੍ਰਸਾਰ ਸੇਵਾ ਲਈ ਮਾਹਿਰ ਨਿਰਧਾਰਤ ਕੀਤੇ ਹੋਏ ਹਨ। ਰੇਡੀਉ, ਟੀ.ਵੀ. ਅਤੇ ਮੋਬਾਈਲ ਤਕਨਾਲੋਜੀ ਨੂੰ ਵੀ ਕਿਸਾਨਾਂ ਤੱਕ ਖੇਤੀ ਵਿਗਿਆਨ ਪਹੁੰਚਾਉਣ ਲਈ ਵਰਤਿਆ ਜਾ ਰਿਹਾ ਹੈ। ਪ੍ਰੰਤੂ ਇਸ ਦੇ ਬਾਵਜੂਦ ਖੇਤੀ ਖੋਜ, ਨਵੀਆਂ ਤਕਨੀਕਾਂ ਅਤੇ ਫ਼ਸਲਾਂ ਦੀਆਂ ਨਵੀਆਂ ਕਿਸਮਾਂ ਦੇ ਬੀਜ ਦੁਰਾਡੇ ਪਿੰਡਾਂ ’ਚ ਵਿਸ਼ੇਸ਼ ਕਰਕੇ ਛੋਟੇ ਤੇ ਸੀਮਾਂਤ ਕਿਸਾਨਾਂ ਤੱਕ ਨਹੀਂ ਪਹੁੰਚ ਰਹੇ, ਜਿਸ ਕਾਰਨ ਵੱਖੋ-ਵੱਖ ਪਿੰਡਾਂ ਅਤੇ ਇਕੋ ਪਿੰਡ ਦੇ ਕਿਸਾਨਾਂ ਦਰਮਿਆਨ ਉਤਪਾਦਕਤਾ ਦੇ ਅੰਤਰ ਹਨ। ਦੂਰ ਅੰਦਰਲੇ ਪਿੰਡਾਂ ’ਚ ਤਾਂ ਖੇਤੀ ਕਰ ਰਹੇ ਛੋਟੇ ਕਿਸਾਨਾਂ ਨੂੰ ਕੇਂਦਰ ਤੇ ਰਾਜ ਸਰਕਾਰਾਂ ਵਲੋਂ ਦਿੱਤੀ ਜਾ ਰਹੀ ਸਹਾਇਤਾ, ਸਬਸਿਡੀਆਂ ਅਤੇ ਗਰਾਂਟਾਂ ਵੀ ਸਮੇਂ ਸਿਰ ਪੂਰੀ ਮਿਕਦਰ ’ਚ ਉਪਲਬਧ ਨਹੀਂ ਹੁੰਦੀਆਂ। ਜਿਸ ਕਾਰਨ ਇਸ ਸ਼੍ਰੇਣੀ ਦੇ ਕਿਸਾਨ ਇਹ ਸਹੂਲਤਾਂ ਲੈਣ ਅਤੇ ਇਨ੍ਹਾਂ ਸਕੀਮਾਂ ਦੇ ਲਾਭ ਉਠਾਉਣ ਤੋਂ ਵਾਂਝੇ ਰਹਿ ਜਾਂਦੇ ਹਨ। ਇਹੋ ਵਜ੍ਹਾ ਹੈ ਕਿ ਉਹ ਗ਼ਰੀਬੀ ਅਤੇ ਕਰਜ਼ੇ ਥੱਲੇ ਦੱਬਿਆ ਹੋਇਆ ਜੀਵਨ ਬਸਰ ਕਰ ਰਹੇ ਹਨ। ਕਿਸਾਨਾਂ ਦੀਆਂ ਵੱਖ-ਵੱਖ ਸ਼੍ਰੇਣੀਆਂ ਦਰਮਿਆਨ ਪਾੜਾ ਵਧ ਰਿਹਾ ਹੈ। ਅਮੀਰ ਹੋਰ ਅਮੀਰ ਹੁੰਦੇ ਜਾ ਰਹੇ ਹਨ ਅਤੇ ਗ਼ਰੀਬ ਹੋਰ ਗ਼ਰੀਬੀ ਵੱਲ ਵਧ ਰਹੇ ਹਨ। ਖੇਤੀ ਪ੍ਰਸਾਰ ਸੇਵਾ ਦੇ ਢਾਂਚੇ ’ਤੇ ਨਜ਼ਰਸਾਨੀ ਕਰਨ ਦੀ ਲੋੜ ਹੈ। ਕੁਝ ਮਾਹਿਰ ਕਹਿੰਦੇ ਹਨ ਕਿ ਇਸ ਦਾ ਪੁਨਰਗਠਨ ਹੋਣਾ ਚਾਹੀਦਾ ਹੈ।

ਪੰਜਾਬ ਦੇ ਕਿਸਾਨਾਂ ਤੇ ਕਰਜ਼ਿਆਂ ਦੇ ਬੋਝ ਅਤੇ ਹੋਰ ਸੰਕਟ ਵਧਣ ਦਾ ਇੱਕ ਕਾਰਨ ਖੇਤੀ ਪ੍ਰਸਾਰ ਸੇਵਾ ਦਾ ਅਧੂਰੀ ਅਤੇ ਲੋੜ ਅਨੁਸਾਰ ਨਾ ਹੋਣਾ ਵੀ ਹੈ। ਇਸੇ ਲਈ ਪੰਜਾਬ ਦੇ ਕਿਸਾਨ ਜ਼ਿੰਮੇ ਔਸਤਨ ਸਭ ਰਾਜਾਂ ਨਾਲੋਂ ਵੱਧ ਕਰਜ਼ਾ 2.95 ਲੱਖ ਪ੍ਰਤੀ ਕਿਸਾਨ ਹੈ। ਹਿਸਾਬ ਕਿਤਾਬ ’ਚ ਆਇਆ ਕਿਸਾਨ ਜ਼ਿੰਮੇ ਕੁੱਲ ਕਰਜ਼ਾ 55428 ਕਰੋੜ ਤੋਂ ਵੱਧ ਹੈ। ਹਰਿਆਣਾ ਤੇ ਗੁਜਰਾਤ ਦੇ ਕਿਸਾਨ ਵੀ ਕਰਜ਼ੇ ਪੱਖੋਂ ਪੰਜਾਬ ਤੋਂ ਬਿਹਤਰ ਹਨ, ਜਿੱਥੇ ਤਰਤੀਬਵਾਰ ਪ੍ਰਤੀ ਕਿਸਾਨ ਔਸਤਨ ਕਰਜ਼ਾ 2.11 ਲੱਖ ਅਤੇ 2.28 ਲੱਖ ਹੈ। ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਖੇਤੀ ਪ੍ਰਸਾਰ ਸੇਵਾ ਤੋਂ ਇਲਾਵਾ ਖੇਤੀ ਸੰਬੰਧੀ ਕਾਨੂੰਨ ਅਤੇ ਨਿਯਮਾਂ ਦੀ ਪਾਲਣਾ ਕਰਵਾਉਣਾ, ਖੇਤੀ ਸਮੱਗਰੀ ਜਿਸ ਵਿੱਚ ਕੀਟਨਾਸ਼ਕ ਤੇ ਬੀਜ ਆਦਿ ਸ਼ਾਮਿਲ ਹਨ, ਦੀ ਵੰਡ ਦੀ ਦੇਖਭਾਲ ਕਰਨਾ, ਵਿਭਾਗ ਵਲੋਂ ਲੋੜੀਂਦੇ ਚਿੱਠੇ ਅਤੇ ਅੰਕੜੇ ਤਿਆਰ ਕਰਨਾ ਅਤੇ ਸਬਸਿਡੀਆਂ ਦੀ ਨਿਗਰਾਨੀ ਤੇ ਯੋਗ ਵਰਤੋਂ ਸੰਬੰਧੀ ਕਾਰਵਾਈ ਕਰਨਾ ਵੀ ਹੈ, ਜਿਸ ਵਿੱਚ ਖੇਤੀ ਪ੍ਰਸਾਰ ਸੇਵਾ ਲਈ ਨਿਰਧਾਰਤ ਕਰਮਚਾਰੀਆਂ ਦਾ ਕਾਫ਼ੀ ਸਮਾਂ ਲੱਗ ਜਾਂਦਾ ਹੈ।

ਸਰਕਾਰੀ ਖੇਤੀ ਪ੍ਰਸਾਰ ਸੇਵਾ ਦੇ ਪ੍ਰਭਾਵਹੀਣ ਹੋਣ ਕਾਰਨ ਹੁਣ ਨਿੱਜੀ ਖੇਤਰ ਦੇ ਅਦਾਰੇ ਇਹ ਸੇਵਾ ਕਰਨ ਲਈ ਇਸ ਖੇਤਰ ਵਿੱਚ ਪ੍ਰਵੇਸ਼ ਕਰ ਰਹੇ ਹਨ। ਕਈ ਬਹੁਕੌਮੀ ਕੰਪਨੀਆਂ ਨੇ ਪਿੰਡਾਂ ’ਚ ਆਪਣੇ ਖੇਤੀ ਮਾਹਿਰ ਵੀ ਤਾਇਨਾਤ ਕਰ ਦਿੱਤੇ ਹਨ। ਖੇਤੀਬਾੜੀ ਵਿਭਾਗ ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰਾਂ ਨਾਲ ਲੋੜੀਂਦਾ ਸੰਪਰਕ ਨਾ ਹੋਣ ਕਾਰਨ ਆਮ ਕਿਸਾਨ ਵਪਾਰਕ ਅਦਾਰਿਆਂ ਵਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਨੂੰ ਅਪਣਾ ਰਹੇ ਹਨ। ਫ਼ਸਲੀ ਘਣਤਾ ਵਧਣ ਨਾਲ ਫ਼ਸਲਾਂ ਦੀਆਂ ਬਿਮਾਰੀਆਂ ਦੀ ਵੀ ਭਰਮਾਰ ਹੈ, ਜਿਸ ਲਈ ਆਮ ਕਿਸਾਨਾਂ ਨੂੰ ਇਨ੍ਹਾਂ ਬਿਮਾਰੀਆਂ ਦੇ ਇਲਾਜ ’ਤੇ ਰੋਕ ਲਈ ਕੀੜੇਮਾਰ ਦਵਾਈਆਂ ਦੇ ਨਿਰਮਾਤਾਵਾਂ ਅਤੇ ਡੀਲਰਾਂ ਦੀ ਸਲਾਹ ਲੈਣ ਲਈ ਮਜਬੂਰ ਹੋਣਾ ਪੈਂਦਾ ਹੈ। ਕਈ ਵਾਰ ਕਿਸਾਨ ਕੀਟਨਾਸ਼ਕ ਪ੍ਰਮਾਣਿਕ ਸੀਮਾ ਤੋਂ ਵੱਧ ਵਰਤ ਲੈਂਦੇ ਹਨ ਅਤੇ ਕਣਕ, ਝੋਨੇ ’ਚ ਨਦੀਨ ਨਾਸ਼ਕਾਂ ਵਲੋਂ ਕੰਮ ਨਾ ਕਰਨ ਉਪਰੰਤ ਦੋ-ਤਿੰਨ ਵਾਰੀ ਵੀ ਨਦੀਨ ਨਾਸ਼ਕ ਵਰਤਣ ਲਈ ਉਹ ਮਜਬੂਰ ਹੋ ਜਾਂਦੇ ਹਨ। ਇਸ ਸੰਬੰਧੀ ਉਨ੍ਹਾਂ ਕੋਲ ਮਾਹਿਰਾਂ ਦੀ ਪਹੁੰਚ ਸ਼ਾਇਦ ਨਹੀਂ ਹੋ ਰਹੀ ਹੁੰਦੀ।

ਕਿਸਾਨਾਂ ਨੂੰ ਬਲਾਕ ਹੈੱਡਕੁਆਰਟਰ ’ਤੇ ਜਾ ਕੇ ਵੀ ਮਾਹਿਰਾਂ ਦੀ ਸਲਾਹ ਤੇ ਅਗਵਾਈ ਵੱਖੋ-ਵੱਖ ਖੇਤਰਾਂ ’ਚ ਉਪਲਬਧ ਨਹੀਂ ਹੁੰਦੀ। ਉਨ੍ਹਾਂ ਦੀਆਂ ਕਣਕ-ਝੋਨੇ ਦੀ ਖੇਤੀ ਤੋਂ ਇਲਾਵਾ ਖੇਤੀ ਨਾਲ ਸੰਬੰਧਿਤ ਹੋਰ ਵਿਸ਼ਿਆਂ ਬਾਰੇ ਵੀ ਸਮੱਸਿਆਵਾਂ ਹੁੰਦੀਆਂ ਹਨ। ਜਿਨ੍ਹਾਂ ਨੂੰ ਹੱਲ ਕਰਨ ਲਈ ਇੱਕ ਦਫ਼ਤਰ ਤੋਂ ਦੂਜੇ ਦਫ਼ਤਰ ’ਚ ਚੱਕਰ ਕੱਟ ਕੇ ਉਹ ਆਪਣਾ ਸਮਾਂ ਗੁਆ ਦਿੰਦੇ ਹਨ। ਖੇਤੀ ਪ੍ਰਸਾਰ ਸੇਵਾ ਦਾ ਦਾਇਰਾ ਬੜਾ ਵਿਸ਼ਾਲ ਹੋਣਾ ਚਾਹੀਦਾ ਹੈ, ਜਿਸ ’ਚ ਖੇਤੀ ਤੋਂ ਇਲਾਵਾ ਮੰਡੀਕਰਨ, ਬੀਮਾ, ਪ੍ਰੋਸੈਸਿੰਗ, ਕਰਜ਼ਾ ਅਤੇ ਰੁਜ਼ਗਾਰ ਆਦਿ ਦੇ ਮਾਮਲੇ ਸ਼ਾਮਿਲ ਹਨ। ਵਰਤਮਾਨ ਢਾਂਚੇ ’ਚ ਤਾਂ ਬਾਗ਼ਬਾਨੀ ਤੇ ਸਬਜ਼ੀਆਂ ਦੀ ਕਾਸ਼ਤ ਦਾ ਵਿਭਾਗ ਵੀ ਖੇਤੀਬਾੜੀ ਵਿਭਾਗ ਤੋਂ ਅਲੱਗ ਹੈ। ਦੋਵੇਂ ਵਿਭਾਗਾਂ ਦੇ ਬਲਾਕ ਤੇ ਜ਼ਿਲ੍ਹਾ ਪੱਧਰ ਦੇ ਦਫ਼ਤਰ ਵੀ ਵੱਖਰੀਆਂ-ਵੱਖਰੀਆਂ ਥਾਵਾਂ ’ਤੇ ਹਨ। ਕਿਸਾਨਾਂ ਦੇ ਜੀਵਨ ਅਤੇ ਆਰਥਿਕਤਾ ’ਚ ਸੁਧਾਰ ਲਿਆਉਣਾ ਪ੍ਰਸਾਰ ਸੇਵਾ ਵਿਧੀ ਥੱਲੇ ਆਉਣਾ ਚਾਹੀਦਾ ਹੈ। ਵਰਤਮਾਨ ਸਰਕਾਰੀ ਪ੍ਰਸਾਰ ਸੇਵਾ, ਫ਼ਸਲਾਂ ਦੇ ਉਤਪਾਦਨ ’ਤੇ ਹੀ ਆਪਣਾ ਧਿਆਨ ਰੱਖਦੀ ਹੈ। ਇਸ ਦਾ ਦਾਇਰਾ ਬਹੁਤ ਹੀ ਸੀਮਤ ਹੈ। ਖੇਤੀ ਪ੍ਰਸਾਰ ਸੇਵਾ ਕਿਸਾਨ ਦੇ ਆਰਥਿਕ ਵਿਕਾਸ ਦੀ ਇਕ ਕੜੀ ਹੋਣੀ ਚਾਹੀਦੀ ਹੈ। ਕਿਸਾਨਾਂ ਦਾ ਹੀ ਨਹੀਂ ਪਿੰਡ ’ਚ ਰਹਿ ਰਹੇ ਦੂਜੇ ਲੋਕਾਂ ਦਾ ਜੀਵਨ ਪੱਧਰ ਉੱਚਾ ਕਰਨਾ, ਖੇਤੀ ਵਿਕਾਸ ਤੋਂ ਇਲਾਵਾ ਪ੍ਰਸਾਰ ਸੇਵਾ ਦਾ ਉਦੇਸ਼ ਹੋਣਾ ਚਾਹੀਦਾ ਹੈ।

ਪਿਛਲੀ ਸ਼ਤਾਬਦੀ ਦੇ 6ਵੇਂ ਦਹਾਕੇ ’ਚ ਸਬਜ਼ ਇਨਕਲਾਬ ਦੇ ਆਗ਼ਾਜ਼ ਤੋਂ ਪਹਿਲਾਂ ਉਸ ਵੇਲੇ ਦੇ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਨੇ ਖੇਤੀ ਪ੍ਰਸਾਰ ਸੇਵਾ ਨੂੰ ਪਿੰਡਾਂ ਦੇ ਵਿਕਾਸ ਦਾ ਧੁਰਾ ਸਮਝਦੇ ਹੋਏ ਪੇਂਡੂ ਆਰਥਿਕ ਵਿਕਾਸ ਅਤੇ ਕਿਸਾਨਾਂ ਦੇ ਜੀਵਨ ਦੇ ਸਾਰੇ ਪਹਿਲੂਆਂ ਸੰਬੰਧੀ ਉਨ੍ਹਾਂ ਨੂੰ ਸੇਵਾ ਮੁਹੱਈਆ ਕਰਨ ਲਈ ਸੰਬੰਧਿਤ ਵਿਭਾਗਾਂ ਦੇ ਮਾਹਿਰਾਂ ਨੂੰ ਬਲਾਕ-ਪੱਧਰ ’ਤੇ ਇੱਕਠਾ ਕਰਕੇ ਇੱਕੋ ਖਿੜਕੀ ਤੋਂ ਸਾਰੀਆਂ ਸੇਵਾਵਾਂ ਮੁਹੱਈਆ ਕਰਨ ਦਾ ਪ੍ਰਬੰਧ ਕੀਤਾ ਸੀ। ਇਸੇ ਪ੍ਰਬੰਧ ਥੱਲੇ ਸ. ਕੈਰੋਂ ਨੇ ਪੰਜਾਬ ਦੀ ਖੇਤੀ ਪੈਦਾਵਾਰ ਦੁੱਗਣੀ ਕਰ ਵਿਖਾਈ। ਸ. ਕੈਰੋਂ ਵਲੋਂ ਇਹ ਯਕੀਨੀ ਕੀਤਾ ਗਿਆ ਕਿ ਖੇਤੀ ਪ੍ਰਸਾਰ ਸੇਵਾ ’ਤੇ ਸਿਆਸੀ ਰੰਗ ਨਾ ਚੜ੍ਹੇ ਅਤੇ ਇਸ ਨੂੰ ਰਾਜਨੀਤੀ ਤੋਂ ਮੁਕਤ ਰੱਖਿਆ ਜਾਏ। ਸਬਜ਼ ਇਨਕਲਾਬ ਤੋਂ ਬਾਅਦ ਖੇਤੀ ਉਤਪਾਦਨ ਤਾਂ ਵਧਿਆ ਪਰ ਪਿੰਡਾਂ ਵਾਲਿਆਂ (ਜਿਨ੍ਹਾਂ ’ਚ ਕਿਸਾਨ ਸ਼ਾਮਿਲ ਹਨ) ਦੀ ਆਰਥਿਕ ਤੇ ਸਮਾਜਿਕ ਹਾਲਤ ’ਚ ਸੁਧਾਰ ਬੜਾ ਸੀਮਿਤ ਰਿਹਾ। ਪੰਜਾਬ ਦੀ ਖੇਤੀ ’ਚ ਅੱਜ ਅਜਿਹਾ ਮਾਹੌਲ ਹੈ ਕਿ ਪਿੰਡਾਂ ਦੇ ਨੌਜਵਾਨ ਰੁਜ਼ਗਾਰ ਦੇ ਸਾਧਨ ਮੁਹੱਈਆ ਨਾ ਹੋਣ ਕਾਰਨ ਮਾਯੂਸ ਹੋ ਕੇ ਨਸ਼ਿਆਂ ਦਾ ਸ਼ਿਕਾਰ ਹੋਈ ਜਾ ਰਹੇ ਹਨ। ਜ਼ਿਮੀਦਾਰਾਂ ਦੇ ਮੁੰਡੇ ਖੇਤੀ ਛੱਡ ਕੇ ਵਿਦੇਸ਼ਾਂ ਨੂੰ ਭੱਜ ਰਹੇ ਹਨ। ਮੁੱਖ ਮੰਤਰੀ ਵਲੋਂ ਜੋ ‘43 ਸਰਕਾਰੀ ਸੇਵਾਵਾਂ ਤੁਹਾਡੇ ਘਰ ਮਿਲਣਗੀਆਂ’ ਦਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ, ਇਸ ਵਿੱਚ ਖੇਤੀ ਸੰਬੰਧੀ ਸੇਵਾਵਾਂ ਸ਼ਾਮਿਲ ਨਜ਼ਰ ਨਹੀਂ ਆਉਂਦੀਆਂ। ਕਿਸਾਨਾਂ ਦੀ ਆਰਥਿਕਤਾ ’ਤੇ ਖੇਤੀ ’ਚ ਸੁਧਾਰ ਲਿਆਉਣ ਲਈ ਖੇਤੀ ਪ੍ਰਸਾਰ ਸੇਵਾਵਾਂ ਵਿੱਚ ਕੁਝ ਕੈਰੋਂ ਮਾਡਲ ਦੇ ਸਮੇਂ ਅਨੁਸਾਰ ਤਬਦੀਲੀ ਲਿਆ ਕੇ ਇਸ ਮਾਡਲ ਨੂੰ ਖੇਤੀ ਪ੍ਰਸਾਰ ਸੇਵਾ ਪ੍ਰਦਾਨ ਕਰਨ ਲਈ ਨਵੀਆਂ ਲੀਹਾਂ ’ਤੇ ਲਿਆਂਦਾ ਜਾਣਾ ਚਾਹੀਦਾ ਹੈ।




# ਲਹਿੰਦੇ ਪੰਜਾਬ ਦਾ ਉਹ ਘਰ

ਅਸ਼ਪੁਨੀਤ ਕੌਰ ਸਿੱਧੂ
+91-9988585879



ਕਈ ਸਾਲ ਪਹਿਲਾਂ, ਜਦ ਮੈਂ ਅੰਮ੍ਰਿਤਸਰ ਵਿਖੇ ਪੜ੍ਹਦੀ ਸੀ, ਮੈਂ ਆਪਣੀ ਜਮਾਤੀ ਅਤੇ ਉਸ ਦੇ ਪਰਿਵਾਰ ਨਾਲ ਅੰਮ੍ਰਿਤਸਰ ਜ਼ਿਲ੍ਹੇ ਦੇ ਅਟਾਰੀ ਸਰਹੱਦ ਨੇੜੇ ਉਹਨਾਂ ਦੇ ਜੱਦੀ ਪਿੰਡ ਨੌਸ਼ਹਿਰਾ ਢਾਲਾ ਵਿਖੇ ਗਈ। ਮੇਰੀ ਜਮਾਤਣ ਦੇ ਪਰਿਵਾਰ ਨੇ ਮੈਨੂੰ ਉਹਨਾਂ ਦੇ ਨਾਲ ਲੱਗਦੇ ਪਿੰਡ ਦਾ ਮੇਲਾ ਵੇਖਣ 'ਤੇ ਜ਼ੋਰ ਦਿੱਤਾ ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਮੇਰਾ ਜੱਦੀ ਪਰਿਵਾਰ ਲਾਹੌਰ ਜ਼ਿਲ੍ਹੇ ਦੇ ਪਿੰਡ ਦਾ ਸੀ।

ਉਹਨਾਂ ਨੇ ਮੈਨੂੰ ਦੱਸਿਆ ਕਿ ਉਹ ਪਿੰਡ ਸਰਹੱਦ ਦੀ ਵਾੜ ਤੋਂ ਸਿਰਫ਼ ਇੱਕ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਹ ਜਾਣਕਾਰੀ ਮੇਰੀ ਉਤਸੁਕਤਾ ਵਧਾਉਣ ਲਈ ਕਾਫ਼ੀ ਸੀ ਅਤੇ ਮੇਰੇ ਅੰਦਰ ਕਾਲ਼ ਪੈਣ ਲੱਗੀ ਹੁਣ ਮੈਂ ਉਹਨਾਂ ਦੇ ਸਰਹੱਦੀ ਪਿੰਡ ਪਹੁੰਚਣ ਲਈ ਇੰਤਜ਼ਾਰ ਨਹੀਂ ਕਰ ਸਕਦੀ ਸੀ ਅਤੇ ਅਸੀਂ ਉਹਨਾਂ ਦੇ ਪਿੰਡ ਨੌਸ਼ਿਹਰਾ ਢਾਲਾ ਲਈ ਰਵਾਨਾ ਹੋ ਗਏ।

ਉਥੇ ਪਹੁੰਚਣ 'ਤੇ ਮੇਰੀ ਦੋਸਤ ਦੇ ਪਿਤਾ ਨੇ ਮੇਰੀ ਵਾਰਤਾਲਾਪ ਇੱਕ ਬਜ਼ੁਰਗ ਨਾਲ ਕਰਵਾਈ ਜਿੰਨਾ ਨੇ ਦਾਅਵਾ ਕੀਤਾ ਕਿ ਉਹ 93 ਸਾਲਾਂ ਦੇ ਸਨ। ਜਿਸ ਪਲ ਮੈਂ ਉਸ ਬਜ਼ੁਰਗ ਨੂੰ ਆਪਣੇ ਪੜਦਾਦਾ ਜੀ ਦਾ ਨਾਮ ਦੱਸਿਆ ਤਾਂ ਉਹ ਹੱਸ ਪਿਆ ਅਤੇ ਬੋਲਿਆ, ਉਹੋ ਤਾਂ ਕੁੱਤੇ ਮਾਰ ਸਰਦਾਰ ਸੀ

ਬਜ਼ੁਰਗ ਸੱਜਣ ਦੇ ਇਹ ਦੱਸਣ ਤੋਂ ਪਹਿਲਾਂ ਕਿ ਮੇਰੇ ਪੜਦਾਦਾ ਜੀ ਦਾ ਇਹ ਨਾਮ ਕਿਵੇਂ ਪਿਆ, ਇੱਕ ਅਜੀਬ ਜੇਹੀ ਚੁੱਪ ਛਾ ਗਈ।

ਮੇਰਾ ਸਿਰ ਮਾਣ ਅਤੇ ਫ਼ਕਰ ਨਾਲ ਉੱਚਾ ਹੋ ਗਿਆ ਜਦ ਗੱਲਾਂ ਅਤੇ ਯਾਦ ਕਰਦੇ ਉਹ ਬਜ਼ੁਰਗ ਨੇ ਦੱਸਿਆ ਕਿ ਮੇਰੇ ਪੜਦਾਦਾ ਜੀ ਦਾ ਅਸਲੀ ਨਾਮ ਮੇਵਾ ਸਿੰਘ ਜੋ ਇੱਕ ਇਮਾਨਦਾਰ ਅਤੇ ਸਖ਼ਤ ਪੁਲਿਸ ਅਫਸਰ ਸਨ। ਵਾਰਤਾਲਾਪ ਨੂੰ ਅੱਗੇ ਵਧਾਉਂਦੇ ਬਜ਼ੁਰਗ ਦੇ ਦੱਸਿਆ ਕਿ ਇਕ ਵਾਰ, ਮੇਵਾ ਸਿੰਘ ਦੀ ਟੀਮ ਨੇ ਇੱਕ ਅਪਰਾਧੀ ਨੂੰ ਫੜ ਲਿਆ ਅਤੇ ਉਸ ਨੂੰ ਕੁੱਤੇ ਵਾਂਗ ਕੁੱਟਿਆ ਜਦੋਂ ਤੱਕ ਉਸ ਮੁਜਰਮ ਨੇ ਇਹ ਸਵੀਕਾਰ ਨਹੀਂ ਕੀਤਾ ਕਿ ਉਸਨੇ ਅਪਰਾਧ ਕੀਤਾ ਹੈ। ਉਦੋਂ ਤੋਂ ਹੀ ਮੇਵਾ ਸਿੰਘ ਨੂੰ 'ਕੁੱਤੇ ਮਾਰ ਸਰਦਾਰ' ਕਿਹਾ ਜਾਣ ਲੱਗਾ।

ਉਥੇ ਬੈਠੇ ਇੱਕ ਹੋਰ ਬਜ਼ੁਰਗ ਨੇ ਦੱਸਿਆ ਕੀ ਉਹਦੇ ਸਾਡੇ ਪਰਿਵਾਰ ਨਾਲ ਚੰਗੇ ਸਬੰਧ ਸਨ ਅਤੇ ਖਾਸਾ ਸਮਾਂ ਉਹਨੇ ਇਸ ਰਿਸ਼ਤੇ ਦਾ ਆਨੰਦ ਮਾਣਿਆ। ਉਹਨਾਂ ਦੱਸਿਆ ਕਿ ਪੰਜਾਬ ਦੀ ਵੰਡ ਤੋਂ ਪਹਿਲਾਂ ਉਹ ਅਕਸਰ ਮੇਰੇ ਜੱਦੀ ਘਰ ਜਾਂਦਾ ਰਹਿੰਦਾ ਸੀ। ਉਸ ਨੇ ਯਾਦ ਕਰਦਿਆਂ ਕਿਹਾ ਕਿ ਪਢਾਣਾ ਘਰ ਖੁੱਲ੍ਹਾ ਡੁੱਲਾ ਹੋਣ ਕਾਰਨ ਗਰਮੀਆਂ ਦਾ ਸਮਾਂ ਸਭ ਤੋਂ ਵਧੀਆ ਬਿਤਾਇਆ ਜਾਂਦਾ ਸੀ। ਉਹ ਘਰ ਤਿੰਨ ਮੰਜ਼ਿਲਾ ਸੀ ਪਰ 1971 ਦੀ ਭਾਰਤ-ਪਾਕਿ ਜੰਗ ਦੌਰਾਨ ਉੱਪਰਲੀ ਮੰਜ਼ਿਲ ਨੂੰ ਤਬਾਹ ਕਰ ਦਿੱਤਾ ਗਿਆ ਸੀ। ਪੁਰਾਣੇ ਜ਼ਮਾਨੇ ਵਿੱਚ, ਉਸ ਘਰ ਦੀ ਜ਼ਮੀਨੀ ਮੰਜ਼ਿਲ ਦੀ ਵਰਤੋਂ ਸਿਰਫ਼ ਖਾਣ ਪੀਣ ਅਤੇ ਆਏ ਗਏ ਲਈ ਕੀਤੀ ਜਾਂਦੀ ਸੀ ਅਤੇ ਖਾਣਾ ਪਕਾਉਣ ਤੋਂ ਬਾਅਦ ਰਸੋਈਆ ਟਲ ਵਜਾਉਂਦਾ ਸੀ। ਤਿਆਰ ਬਰ ਤਿਆਰ ਰਹਿਣ ਵਾਲੇ ਮੇਵਾ ਸਿੰਘ ਦਾ ਖਾਸ ਖਿਆਲ ਰਹਿੰਦਾ ਸੀ ਕਿ ਖਾਣਾ ਨਿਸ਼ਚਿਤ ਸਮੇਂ 'ਤੇ ਪਰੋਸਿਆ ਜਾਵੇ ਨਹੀਂ ਤਾਂ ਰਸੋਈਏ ਨੂੰ ਉਹਨਾਂ ਦੇ ਸਖ਼ਤ ਸੁਭਾਹ ਦਾ ਸਾਹਮਣਾ ਕਰਨਾ ਪੈਂਦਾ ਸੀ। ਉਸ ਘਰ ਦੀਆਂ ਪੌੜੀਆਂ ਸੁਰੱਖਿਆ ਕਾਰਨਾਂ ਕਰਕੇ ਗੁੰਝਲਦਾਰ ਢੰਗ ਨਾਲ ਬਣਾਈਆਂ ਗਈਆਂ ਸਨ।





ਭਾਵੁਕ ਹੁੰਦਿਆਂ ਬਜ਼ੁਰਗ ਸੱਜਣ ਨੇ ਮੈਨੂੰ ਪੁੱਛਿਆ ਕਿ ਕੀ ਮੈਂ ਆਪਣਾ ਘਰ ਦੇਖਣਾ ਚਾਹੁੰਦੀ ਹਾਂ? ਤਾਂ ਉਸਨੇ ਨਾਲ਼ ਲੱਗਦੀ ਇਮਾਰਤ ਵੱਲ ਇਸ਼ਾਰਾ ਕਰ ਕੇ ਕਿਹਾ ਕੀ ਉੱਪਰ ਜਾਉ ਤੇ ਦੇਖੋ ਬਿਲਕੁਲ ਉਹੀ ਜਿੱਥੇ ਕਾਫ਼ੀ ਦਰਖ਼ਤ ਲੱਗੇ ਨੇ ਓਹ ਹੈ ਤੁਹਾਡਾ ਘਰ । ਜਦ ਹੀ ਬਜ਼ੁਰਗ ਨੇ ਇਹ ਕਿਹਾ ਮੈਂ ਜਲਦੀ ਨਾਲ ਛੱਤ 'ਤੇ ਦੌੜਦੀ ਹਾਂ। ਛੱਤ 'ਤੇ ਪਹੁੰਚ ਕੇ ਥੋੜ੍ਹੀ ਦੂਰੀ 'ਤੇ, ਮੈਂ ਇੱਕ ਧੁੰਦਲੀ, ਦੋ ਮੰਜ਼ਿਲਾ ਇਮਾਰਤ ਦੇਖੀ ਜਿਸ ਦੇ ਆਲੇ ਦੁਆਲੇ ਬਹੁਤ ਸਾਰੇ ਅਸ਼ੋਕ ਦੇ ਰੁੱਖ ਲੱਗੇ ਹੋਏ ਸਨ। ਮੇਰੀਆਂ ਅੱਖਾਂ ਭਰ ਆਈਆਂ ਅਤੇ ਜੋ ਮੈਂ ਦੇਖ ਰਹੀ ਸੀ, ਉਸ ਨੂੰ ਸਾਂਝਾ ਕਰਨ ਲਈ ਮੈਂ ਆਪਣੇ ਪਿਤਾ ਨੂੰ ਫ਼ੋਨ ਕੀਤਾ। ਜਦੋਂ ਮੈਂ ਮੇਰੇ ਪਿਤਾ ਨੂੰ 'ਕੁੱਤੇ ਮਾਰ ਸਰਦਾਰ' ਬਾਰੇ ਪੁੱਛਿਆ ਤਾਂ ਉਹਨਾਂ ਦੀ ਵੀ ਦੀ ਆਵਾਜ਼ ਲੜ ਖੜ੍ਹਾ ਗਈ।

ਉਦੋਂ ਮੈਨੂੰ ਅਹਿਸਾਸ ਹੋਇਆ ਕਿ ਕਿਵੇਂ ਇੱਕ ਕਿਲੋਮੀਟਰ ਅਤੇ ਕੰਡਿਆਲੀ ਤਾਰ ਦੀ ਵਾੜ ਨੇ ਵਰਤਮਾਨ ਨੂੰ ਅਤੀਤ ਤੋਂ ਹਮੇਸ਼ਾ ਲਈ ਦੂਰ ਕਰ ਦਿੱਤਾ ਹੈ। ਹੁਣ ਮੇਰੀ ਇੱਕੋ ਇੱਕ ਇੱਛਾ ਹੈ ਕਿ ਇਸ ਜੀਵਨ ਵਿੱਚ ਇੱਕ ਵਾਰ ਚੜ੍ਹਦੇ ਪੰਜਾਬ ਦੇ ਇਸ ਘਰ ਤੋਂ ਦੂਰ ਉਸ ਲਹਿੰਦੇ ਪੰਜਾਬ ਦੇ ਘਰ ਦਾ ਦੌਰਾ ਕਰਾਂ।

# ਨਿਰੰਤਰ ਬਦਲਦਾ ਸੱਭਿਆਚਾਰ

ਡਾ. ਅਮਰਜੀਤ ਟਾਂਡਾ



ਸਮਾਂ ਬੀਤਣ ਨਾਲ ਸੱਭਿਆਚਾਰਕ ਜਾਂ ਸਮਾਜਿਕ ਰਚਨਾ/ਬਣਤਰ ਵਿੱਚ ਤਬਦੀਲੀਆਂ ਸਮਾਜੀ ਸੱਭਿਆਚਾਰਕ ਵਰਤਾਰਾ ਹੁੰਦਾ ਹੈ।

ਨਵੀਂ ਕਥਾ ਕਹਾਣੀ ਦੀ ਸ਼ੁਰੂਆਤ। ਕੱਚ ਕੁਆਰੀ ਕੁੜੀ ਦਾ ਵਹੁਟੀ ਬਣਨਾ। ਮਹਿੰਦੀ ਦੀ ਛੁਹ ਮਹਿਕ ਨੂੰ ਜਾਣਨਾ। ਸਖੀਆਂ ਦੀ ਕਿੱਕਲੀ ਨੂੰ ਛੱਡ ਕਿਸੇ ਸੁਪਨਿਆਂ ਦੇ ਰਾਂਝਣ ਦਾ ਹੋ ਜਾਣਾ। ਹਰ ਥਾਂ ਹਰ ਰੁੱਖ ਲਗਰ ਹਰ ਪੈੜ। ਹਰ ਪਹਿਰ ਸਮੇਂ ਵਿੱਚ ਪਰਿਵਰਤਨ ਆਉਂਦਾ ਹੈ।

ਆਰਥਿਕ, ਰਾਜਨੀਤਿਕ ਜਾਂ ਵਿਗਿਆਨਕ ਤਬਦੀਲੀਆਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਸੱਭਿਆਚਾਰ ਨੂੰ ਬਦਲਦਾ ਰੱਖਦੀਆਂ ਹਨ। ਪੰਜਾਬੀ ਸੱਭਿਆਚਾਰ ਵਿੱਚ ਪਿਛਲੀ ਸਦੀ ਦੌਰਾਨ ਤੇਜ਼ੀ ਨਾਲ ਪਰਿਵਰਤਨ ਆਇਆ ਹੈ। ਨਾ ਸਿਰਫ਼ ਸਾਡੇ ਕੰਮ ਕਰਨ ਦੇ ਢੰਗ-ਤਰੀਕਿਆਂ ਅਤੇ ਸਾਡੀਆਂ ਜ਼ਰੂਰਤਾਂ ਸਗੋਂ ਸਾਡੇ ਇਰਾਦੇ ਅਤੇ ਸਾਡੀ ਮਾਨਸਿਕਤਾ ਦੀਆਂ ਹੋਰ ਜ਼ਰੂਰਤਾਂ ਵਿੱਚ ਵੀ ਤਬਦੀਲੀਆਂ ਹੋਈਆਂ ਹਨ। ਇਨ੍ਹਾਂ ਤਬਦੀਲੀਆਂ ਨੇ ਪੰਜਾਬੀਆਂ ਲਈ ਨਵੀਆਂ ਚੁਣੌਤੀਆਂ ਖੜ੍ਹੀਆਂ ਕੀਤੀਆਂ ਹਨ।

ਸੱਭਿਆਚਾਰ ਦੇ ਸਬੰਧ ਵਿੱਚ ਇੱਕ ਨਿਰਪੇਖ ਸੱਚਾਈ ਇਹ ਹੈ ਕਿ ਇਹ ਬਦਲਦਾ ਰਹਿੰਦਾ ਹੈ। ਜਦੋਂ ਅਸੀਂ ਖੜੋਤ ਦਾ ਸ਼ਿਕਾਰ ਹੋਏ ਸੱਭਿਆਚਾਰਾਂ ਦੀ ਗੱਲ ਕਰਦੇ ਹਾਂ ਤਾਂ ਅਸੀਂ ਉਨ੍ਹਾਂ ਸੱਭਿਆਚਾਰਾਂ ਦੇ ਸਬੰਧ ਵਿੱਚ ਇੱਕ ਸਾਪੇਖਕ ਸੱਚ ਕਹਿ ਰਹੇ ਹੁੰਦੇ ਹਾਂ। ਇਨ੍ਹਾਂ ਦੀ ਤਬਦੀਲੀ ਬਹੁਤ ਹੌਲੀ ਹੁੰਦੀ ਹੈ। ਇਹ ਸੱਭਿਆਚਾਰ ਖੜੋਤ ਦਾ ਸ਼ਿਕਾਰ ਹੋਏ ਦਿਸਦੇ ਹਨ।

ਸੱਭਿਆਚਾਰਕ ਤਬਦੀਲੀ ਆਪਣੇ ਆਪ ਨਹੀਂ ਆਉਂਦੀ ਸਗੋਂ ਕਿਸੇ ਨਾ ਕਿਸੇ ਸੰਘਰਸ਼ ਦਾ ਸਿੱਟਾ ਹੁੰਦੀ ਹੈ। ਕਈ ਵਾਰ ਚੰਗੀ ਤਬਦੀਲੀ ਨੂੰ ਵੀ ਵਿਅਕਤੀਗਤ ਤੇ ਸਮਾਜਿਕ ਪੱਧਰ ਉੱਤੇ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਤਬਦੀਲੀ ਵਿਅਕਤੀ ਜਾਂ ਫਿਰ ਸਮਾਜ ਦੀ ਇੱਛਾ ਉੱਤੇ ਨਿਰਭਰ ਨਹੀਂ ਕਰਦੀ ਸਗੋਂ ਇਹ ਪ੍ਰਕਿਰਤੀ ਦਾ ਨਿਯਮ ਹੁੰਦਾ ਹੈ ਅਤੇ ਪ੍ਰਕਿਰਤੀ ਮਨੁੱਖੀ ਸਮਾਜ ਦਾ ਹੋਂਦ ਚੌਖਟਾ ਹੁੰਦਾ ਹੈ। ਮਨੁੱਖੀ ਸਮਾਜ ਲਈ ਅਨੁਕੂਲਨ ਸਮੱਸਿਆਵਾਂ ਪੈਦਾ ਕਰਨ ਲਈ ਪ੍ਰਕਿਰਤੀ ਵਿੱਚ ਤਬਦੀਲੀਆਂ ਵਾਪਰਦੀਆਂ ਰਹਿੰਦੀਆਂ ਹਨ ਤੇ ਸਦਾ ਰਹਿਣਗੀਆਂ ਵੀ। ਮਨੁੱਖ ਇਨ੍ਹਾਂ ਦਾ ਹੱਲ ਲੱਭਦਾ ਰਹਿੰਦਾ ਹੈ। ਇਹ ਹੱਲ ਮਨੁੱਖ ਤੇ ਪ੍ਰਕਿਰਤੀ ਨੂੰ ਬਦਲਦੇ ਅਤੇ ਕਈ ਹੋਰ ਸਮੱਸਿਆਵਾਂ ਨੂੰ ਜਨਮ ਦਿੰਦੇ ਰਹਿੰਦੇ ਹਨ। ਫਿਰ ਉਹੀ ਸੱਭਿਆਚਾਰ ਆਦਤ ਬਣ ਜਾਂਦਾ ਹੈ ਜਿਸ ਨੂੰ ਬਦਲਣਾ ਹਮੇਸ਼ਾ ਦੁਖਦਾਈ ਤੇ ਔਖਾ ਹੁੰਦਾ ਹੈ।

ਸਮਾਜ ਵਿਗਿਆਨੀ ਪਰਿਵਰਤਨ ਦੇ ਵਿਰੋਧ ਦੇ ਕਈ ਹੋਰ ਕਾਰਨ ਵੀ ਹੁੰਦੇ ਹਨ, ਜਿਵੇਂ ਬਜ਼ੁਰਗਾਂ ਦੀ ਪੁਰਾਤਨਤਾ। ਇਸ ਦੀ ਅਨਿਸ਼ਚਿਤਤਾ ਤੇ ਡਰ, ਨਵੇਂ ਨੂੰ ਲਾਗੂ ਕਰਨ ਵਿੱਚ ਆਉਂਦੇ ਖਰਚੇ, ਔਕੜਾਂ, ਬੀਤੇ ਦਾ ਸਤਿਕਾਰ। ਸਥਿਰਤਾ ਵਿੱਚ ਖ਼ਾਸ ਵਰਗਾਂ ਦੀ ਦਿਲਚਸਪੀ ਹੋਣਾ ਆਦਿ ਸਾਰੀਆਂ ਗੱਲਾਂ ਪਰਿਵਰਤਨ ਨੂੰ ਹੌਲੀ ਤੋਰ ਸਕਦੀਆਂ ਹਨ ਜਾਂ ਕਹੋ ਕਿ ਪਿੱਛੇ ਪਾ ਸਕਦੀਆਂ ਹਨ, ਪਰ ਰੋਕ ਬਿਲਕੁਲ ਨਹੀਂ ਸਕਦੀਆਂ।

ਸਮਾਜਿਕ ਤੇ ਮਾਨਵ ਵਿਗਿਆਨੀ ਸੱਭਿਆਚਾਰਕ ਪਰਿਵਰਤਨ ਦੇ ਕਾਰਨਾਂ ਨੂੰ ਤਿੰਨ ਹਿੱਸਿਆਂ ਵਿੱਚ ਵੰਡਦੇ ਹਨ: ਪ੍ਰਕਿਰਤਕ ਮਾਹੌਲ ਵਿੱਚ ਆਏ ਪਰਿਵਰਤਨ, ਸਮਾਜ ਦੇ ਅੰਦਰੋਂ ਪੈਦਾ ਹੋਏ ਕਾਰਨ ਅਤੇ ਸਮਾਜ ਦੇ ਬਾਹਰੋਂ ਉੱਠੇ ਕਾਰਨ।

ਪ੍ਰਕਿਰਤਕ ਪਰਿਵਰਤਨ ਹੌਲੀ ਅਤੇ ਹਜ਼ਾਰਾਂ ਸਾਲਾਂ ਦੇ ਸਮੇਂ ਵਿੱਚ ਵਾਪਰਦੇ ਹਨ। ਇਹ ਤਬਦੀਲੀਆਂ ਅਚਨਚੇਤ ਅਤੇ ਤਬਾਹਕੁਨ ਹੁੰਦੀਆਂ ਹਨ। ਜਦੋਂ ਕਿਸੇ ਕੁਦਰਤੀ ਵਰਤਾਰੇ ਕਾਰਨ ਮਨੁੱਖੀ ਸਮੂਹ ਨੂੰ ਆਪਣਾ ਰਿਹਾਇਸ਼ੀ ਸਥਾਨ ਬਦਲਣਾ ਪੈਂਦਾ ਹੈ: ਜਿਵੇਂ ਸੋਕਾ ਪੈਣ ਕਾਰਨ, ਕਾਲ ਦੀ ਹਾਲਤ ਵਿੱਚ। ਇਸ ਹਾਲਤ ਵਿੱਚ ਇੱਕ ਪੂਰਾ ਸੱਭਿਆਚਾਰਕ ਜੁੱਟ ਨਵੇਂ ਪ੍ਰਕਿਰਤਕ ਮਾਹੌਲ ਨੂੰ ਅਪਣਾ ਲੈਂਦਾ ਹੈ।

ਸਮਾਜ ਅੰਦਰੋਂ ਪੈਦਾ ਹੋਏ ਕਾਰਨ ਕਾਢ ਜਾਂ ਕਿਸੇ ਲੱਭਤ ਤੋਂ ਹੁੰਦੇ ਹਨ। ਜਦੋਂ ਵਸਤ ਪ੍ਰਕਿਰਤੀ ਹੋਵੇ ਪਰ ਮਨੁੱਖੀ ਗਿਆਨ ਅਜੇ ਵਰਤਣ ਜੋਗਾ ਨਾ ਹੋਇਆ ਹੋਵੇ। ਜਾਂ ਜਦੋਂ ਕੋਈ ਵਸਤੂ ਮਨੁੱਖੀ ਗਿਆਨ ਅਤੇ ਵਰਤੋਂ ਦਾ ਹਿੱਸਾ ਤਾਂ ਪਹਿਲਾਂ ਹੀ ਹੋਵੇ, ਪਰ ਇਸ ਦੇ ਸਮੁੱਚੇ ਅੰਸ਼ਾਂ ਨੂੰ ਨਵੀਂ ਤਰ੍ਹਾਂ ਸੁਮੇਲ ਕੇ ਨਵੀਂ ਵਰਤੋਂ ਵਿੱਚ ਲਿਆਂਦਾ ਗਿਆ ਹੋਵੇ।

ਸਮਾਜ ਦੇ ਬਾਹਰੋਂ ਆਏ ਕਾਰਨਾਂ ਵਿੱਚ ਅੰਸ਼ ਪਾਸਾਰ ਨੂੰ ਪਹਿਲ ਦਿੱਤੀ ਗਈ ਹੈ। ਇੱਕ ਸਮਾਜ ਵੱਲੋਂ ਕੀਤੀ ਕਾਢ ਨੂੰ ਦੂਜੇ ਸਮਾਜ ਦੁਆਰਾ ਅਪਣਾ ਲੈਣ ਨੂੰ ਅਮਲ ਖਿਡਾਉ ਜਾਂ ਅੰਸ਼ ਪਾਸਾਰ ਆਖਦੇ ਹਨ। ਸਮਾਜ ਤੋਂ ਬਾਹਰੋਂ ਆਏ ਕਾਰਨਾਂ ਵਿੱਚ ਮਹੱਤਵਪੂਰਨ ਅਮਲ 'ਸੱਭਿਆਚਾਰੀਕਰਨ' ਨੂੰ ਕਹਿੰਦੇ ਹਨ। ਸੱਭਿਆਚਾਰੀਕਰਨ ਦੂਜੇ ਸੱਭਿਆਚਾਰ ਨਾਲ ਸਿੱਧਾ, ਵਿਸ਼ਾਲ ਪੈਮਾਨੇ 'ਤੇ ਕਾਫ਼ੀ ਅਰਸੇ ਤੱਕ ਸੰਪਰਕ ਵਿੱਚ ਆਉਣ ਦੇ ਅਮਲ ਨੂੰ ਆਖਦੇ ਹਨ। ਸੱਭਿਆਚਾਰੀਕਰਨ ਵਿੱਚ ਦੋ ਸੱਭਿਆਚਾਰਾਂ ਦਾ ਆਪਸੀ ਸੰਪਰਕ ਵਿੱਚ ਲੰਮੇ ਸਮੇਂ ਤੋਂ ਰਹਿਣਾ ਵਸਣਾ ਜ਼ਰੂਰੀ ਹੁੰਦਾ ਹੈ।

ਦੋ ਵੱਖ-ਵੱਖ ਸੱਭਿਆਚਾਰਾਂ ਦੇ ਜਨ-ਸਮੂਹਾਂ ਦੇ ਸਿੱਧੇ, ਵੱਡੇ ਪੈਮਾਨੇ ਉੱਤੇ ਅਤੇ ਕਾਫ਼ੀ ਅਰਸੇ ਤੱਕ ਸੰਪਰਕ, ਵਸੇਬੇ, ਵਰਤਾਰੇ ਅਤੇ ਇਨ੍ਹਾਂ ਹਾਲਤਾਂ 'ਚੋਂ ਨਿਕਲਦੇ ਸਿੱਟਿਆਂ ਨੂੰ ਨਵਸੱਭਿਆਚਾਰੀਕਰਨ ਦਾ ਨਾਂ ਦਿੱਤਾ ਜਾ ਸਕਦਾ ਹੈ। ਇਸ ਨਵਸੱਭਿਆਚਾਰੀਕਰਨ ਪਰਿਵਰਤਨ ਦੀ ਵਿਲੱਖਣਤਾ ਇਹ ਹੋਵੇਗੀ ਕਿ ਦੋ ਸੱਭਿਆਚਾਰ ਇੱਕ ਦੂਜੇ ਦੇ ਸਿੱਧੇ ਸੰਪਰਕ ਵਿੱਚ ਆਉਣ 'ਤੇ ਅਨੁਕੂਲਤਾ ਪ੍ਰਤਿਕਰਮ ਜਾਂ ਟਕਰਾਅ ਪੈਦਾ ਹੁੰਦਾ ਹੈ। ਉਸ ਨੂੰ ਹੀ ਨਵਸੱਭਿਆਚਾਰੀਕਰਨ ਕਹਿੰਦੇ ਹਨ। ਇਹੀ ਪਰਿਵਰਤਨ ਫਿਰ ਸਹੇਲੀਆਂ ਨੂੰ ਵੀ ਨਹੀਂ ਪਛਾਣਦਾ ਕਿਉਂਕਿ ਪਿਆਰ ਵਿੱਚ ਗੜੁੱਚ ਘੜੀਆਂ ਕੋਲ ਵਿਹਲ ਹੀ ਨਹੀਂ ਬਚਦੀ। ਨਵਸੱਭਿਆਚਾਰੀਕਰਨ ਦਾ ਮੁੱਖ ਆਧਾਰ ਇੱਕ ਸੱਭਿਆਚਾਰ ਦੀ ਦੂਸਰੇ ਉੱਤੇ ਰਾਜਸੀ ਜਿੱਤ, ਰੋਅਬ, ਦਬਾਅ ਅਤੇ ਦਮਨ ਦਾ ਰਾਗ ਵੀ ਹੋ ਸਕਦਾ ਹੈ। ਇਹ ਪਰਿਵਰਤਨ ਸਹਿਜ ਆਰੋਪਿਤ ਜਾਂ ਦਬਾਅਪੂਰਨ ਦੋਵੇਂ ਤਰ੍ਹਾਂ ਦਾ ਹੋ ਸਕਦਾ ਹੈ। ਇਸ ਵਿੱਚ ਪ੍ਰਕਿਰਿਆ ਸੁਖਾਵੀਂ, ਸੁਭਾਵਿਕ ਅਤੇ ਸੰਤੁਲਿਤ ਹੋਣ ਦੀ ਥਾਂ ਕਈ ਵਾਰੀ ਵਿਨਾਸ਼ਮੂਲਕ, ਦਬਾਅਮੂਲਕ ਅਤੇ ਦਮਨ ਦਾ ਰੂਪ ਵੀ ਧਾਰ ਸਕਦੀ ਹੈ ਜਿਸ ਤੋਂ ਵਿਭਿੰਨ ਵਿਪਰੀਤ ਪ੍ਰਭਾਵ, ਪ੍ਰਤਿਕਰਮ, ਵਿਰੋਧ ਟਕਰਾਅ, ਅਸੰਤੁਲਨ ਅਤੇ ਵਿਰੂਪਣ ਵੀ ਪੈਦਾ ਹੋ ਸਕਦੇ ਹਨ।

(ਬਾਕੀ ਸਫ਼ਾ 31 'ਤੇ)

# ਗੁਰੂ ਕਾ ਬਾਗ਼ - ਅਕਾਲੀ ਸਰਫ਼ਰੋਸ਼ੀ

ਗੁਰਚਰਨਜੀਤ ਸਿੰਘ ਲਾਂਬਾ

ਗੁਰੂਦੁਆਰੈ ਹੋਇ ਸੋਝੀ ਪਾਇਸੀ॥ (ਮ:1 730) ਗੁਰਦੁਆਰਾ ਸਾਹਿਬ ਸਿੱਖਾਂ ਦੀ ਸਾਹ-ਰਗ ਹੈ। ਇਸ ਲਈ ਇੱਕ ਪੰਥਕ ਨਿਸ਼ਾਨਾ ਅਰਦਾਸ ਦੇ ਰੂਪ ਵਿੱਚ ਨਿਤਾਪ੍ਰਤਿ ਯਾਦ ਕੀਤਾ ਜਾਂਦਾ ਹੈ। ਇਹ ਹੈ ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਪ੍ਰਾਪਤ ਹੋਵੇ। ਇਹ ਮੁੱਢਲਾ ਪੰਥਕ ਹੱਕ ਅਤੇ ਫ਼ਰਜ਼ ਸੀ ਜਿਹੜਾ ਹਰ ਸਰਕਾਰ ਦੀਆਂ ਨਜ਼ਰਾਂ ਵਿੱਚ ਰੜਕਣ ਲਗ ਪਿਆ। ਇਹ ਤ੍ਰਾਸਦੀ ਹੈ ਕਿ ਮੁੱਢ ਕਦੀਮ ਤੋਂ ਹੀ ਵਕਤੀ ਸਰਕਾਰਾਂ ਗੁਰਦੁਆਰਾ ਪ੍ਰਬੰਧ ਨੂੰ ਆਪਣੇ ਅਧੀਨ ਰੱਖਣ ਲਈ ਹਰ ਹੀਲਾ ਵਰਤਦੀਆਂ ਰਹੀਆਂ ਹਨ। ਇਸ ਲਈ ਸਰਕਾਰਾਂ ਨੂੰ ਜਿਤਨਾ ਵੀ ਜ਼ੁਲਮੋ-ਤਸ਼ੱਦਦ ਕਰਨਾ ਪਵੇ, ਕੋਈ ਕੰਜੂਸੀ ਨਹੀਂ ਵਰਤੀ ਗਈ।

ਇਸ ਲੜੀ ਵਿੱਚ ਅੰਗਰੇਜ਼ੀ ਰਾਜ ਕਾਲ ਵਿੱਚ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਗੁਰੂ ਕਾ ਬਾਗ, ਗੰਗਸਰ, ਜੈਤੋ, ਪੰਜਾ ਸਾਹਿਬ, ਨਨਕਾਣਾ ਸਾਹਿਬ, ਤਰਨਤਾਰਨ ਸਾਹਿਬ ਆਦਿ ਮੋਰਚਿਆਂ ਵਿੱਚ ਸਿੰਘਾਂ ਨੇ ਜੋ ਕੁਰਬਾਨੀਆਂ ਕੀਤੀਆਂ ਉਹ ਲਹੂ ਰੰਗੇ ਸਿੱਖ ਇਤਿਹਾਸ ਦੇ ਸੁਨਹਿਰੀ ਪੱਤਰੇ ਹਨ। ਇਹਨਾਂ ਸਾਰਿਆਂ ਵਿੱਚ ਮੋਰਚਾ ਗੁਰੂ ਕਾ ਬਾਗ ਉਚੇਚੀ ਅਤੇ ਵਿਲੱਖਣ ਥਾਂ ਰਖਦਾ ਹੈ, ਪਰ ਪੰਥ ਨੇ ਆਪਣਾ ਆਪਾ ਵਾਰ ਕੇ ਚੜ੍ਹਦੀ ਕਲਾ ਨਾਲ ਫ਼ਤਹਿਯਾਬੀ ਹਾਸਲ ਕੀਤੀ। ਇਸ 'ਤੇ ਮਹਾਤਮਾ ਗਾਂਧੀ ਨੇ ਪੰਥ ਨੂੰ ਵਧਾਈ ਦੀ ਤਾਰ ਭੇਜੀ ਕਿ ਤੁਸੀਂ ਦੇਸ਼ ਦੀ ਆਜ਼ਾਦੀ ਦੀ ਪਹਿਲੀ ਵੱਡੀ ਜੰਗ ਜਿੱਤ ਲਈ।

ਨਾ ਓਹਿ ਮਰਹਿ ਨ ਠਾਗੇ ਜਾਹਿ॥ ਜਿਨ ਕੈ ਰਾਮੁ ਵਸੈ ਮਨ ਮਾਹਿ॥(ਮ:1 ) ਇੱਥੇ ਇੱਕ ਵਾਹਿਗੁਰੂ ਦੀ ਅਦ੍ਰਿਸ਼ ਕਲਾ ਵੀ ਵਾਪਰੀ। ਸਿੱਖ ਦੇ ਜੀਵਨ ਦਾ ਹਰ ਪੱਖ ਧਰਮ ਹੇਠ ਜੀਵਿਆ ਜਾਂਦਾ ਹੈ। ਇਸ ਨੂੰ ਵੱਖ ਵੱਖ ਢੰਗ ਨਾਲ ਡੱਬੇ ਬੰਦ ਨਹੀਂ ਕੀਤਾ ਜਾ ਸਕਦਾ ਕਿ ਇਹ ਉਸਦਾ ਨਿਜੀ ਜੀਵਨ ਹੈ, ਇਹ ਵਪਾਰਕ ਜੀਵਨ ਹੈ, ਇਹ ਸਮਾਜਕ ਜੀਵਨ ਹੈ ਆਦਿ ਆਦਿ। ਇਸ ਲਈ ਜਦੋਂ ਸਿੱਖ ਗੁਰਦੁਆਰਿਆਂ ਦੀ ਸੇਵਾ ਸੰਭਾਲ ਦੀ ਜ਼ਦੋ ਜਹਿਦ ਕਰਦਾ ਹੈ ਤਾਂ ਇਹ ਵੀ ਧਰਮ ਯੁੱਧ ਹੀ ਕਰ ਰਿਹਾ ਹੁੰਦਾ ਹੈ। ਜਦੋਂ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਸਿੱਖ ਜਾਨਾ ਹੂਲ ਰਹੇ ਸਨ ਅਤੇ ਫ਼ਿਰੰਗੀ ਸਰਕਾਰ ਅਤੇ ਉਹਨਾਂ ਦੇ ਪਿੱਠੂ ਹਾਰਦੀ ਲੜਾਈ ਲੜ ਰਹੇ ਸਨ ਤਾਂ ਮਹਾਤਮਾ ਗਾਂਧੀ ਨੇ ਸਿੱਖਾਂ ਨੂੰ ਰਾਇ ਦਿੱਤੀ ਕਿ ਤੁਸੀਂ ਇਸ ਗੁਰਦੁਆਰਾ ਸੁਧਾਰ ਲਹਿਰ ਨੂੰ ਫਿਲਹਾਲ ਰੋਕ ਕੇ ਦੇਸ਼ ਦੇ ਆਜ਼ਾਦੀ ਦੀ ਲਹਿਰ ਲਈ ਕੰਮ ਕਰੋ। ਜਦੋਂ ਦੇਸ਼ ਆਜ਼ਾਦ ਹੋ ਗਿਆ ਤਾਂ ਗੁਰਦੁਆਰੇ ਤਾਂ ਆਪੇ ਹੀ ਆਜ਼ਾਦ ਹੋ ਜਾਣਗੇ। ਇਹ ਪੰਥ ਦੇ ਵਾਲੀ ਦੀ ਅਪਾਰ ਰਹਿਮਤ ਅਤੇ ਬਖਸ਼ਿਸ਼ ਹੋਈ ਕਿ ਸਾਡੇ ਬਜ਼ੁਰਗ ਇਸ ਝਾਂਸੇ ਵਿੱਚ ਨਹੀਂ ਆਏ। ਇਹ ਸਹਿਜੇ ਹੀ ਅਨੁਮਾਨਿਆ ਜਾ ਸਕਦਾ ਹੈ ਕਿ ਜੇਕਰ ਐਸਾ ਹੋ ਜਾਂਦਾ ਤਾਂ ਕੀ ਗੁਰਦੁਆਰੇ ਪੰਥ ਦੇ ਪ੍ਰਬੰਧ ਹੇਠ ਆ ਜਾਂਦੇ? ਸ਼ਬਦਕੋਸ਼ਾਂ ਵਿੱਚ ਅੰਗਰੇਜ਼ੀ ਦਾ ਅਰਥ ਛੁਰੀ, ਤਲਵਾਰ ਜਾਂ ਕੈਂਚੀ ਕੀਤਾ ਗਿਆ ਹੈ ਜੋ ਅੰਗਾਂ ਦੇ ਟੋਟੇ ਕਰ ਦਵੇ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਵੀ ਇਸੇ ਅਰਥ ਵਿੱਚ ਇਸ ਦਾ ਵਰਣਨ ਕੀਤਾ ਹੈ। ਅੰਗਰੇਜ਼ੀ ਗਹਿ ਕੈ ਛੁਰੀ ਤਾ ਕੀ ਗ੍ਰੀਵ ਤਕਾਇ॥ ਤਨਿਕ ਦਬਾਈ ਇਹ ਦਿਸਾ ਉਹਿ ਦਿਸਿ ਨਿਕਸੀ ਜਾਇ॥੧੩॥ (ਦ.ਗ੍ਰ. ਚ.੧੩)। ਅੰਗਰੇਜ਼ਾਂ 'ਤੇ ਇਹ ਪੂਰੀ ਤਰ੍ਹਾਂ ਢੁਕਦੀ ਹੈ। ਸੋ ਦੇਸ਼ ਦੀ ਵੰਡ ਦੇ ਬਾਅਦ ਦੀਆਂ ਸਰਕਾਰਾਂ ਨੇ ਇਹੀ ਅੰਗਰੇਜ਼ਾਂ ਵਾਲਾ ਵਰਤਾਰਾ ਜਾਰੀ ਰਖਿਆ। ਪੰਜਾਬ ਤੋਂ ਬਾਹਰਲੇ ਇਤਿਹਾਸਕ ਗੁਰਦੁਆਰਿਆਂ ਵਿੱਚ ਦਖ਼ਲ ਦੇਣ ਦੇ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਗ ਰੇਜ਼ਾ ਰੇਜ਼ਾ ਕੀਤੇ।

ਸੋ ਜਦੋਂ ਗੁਰੂ ਕੇ ਬਾਗ ਦਾ ਮੋਰਚਾ ਅਰੰਭ ਹੋਇਆ ਤਾਂ ਇਹ ਸਰਕਾਰੀ ਵਰਤਾਰਾ ਵਰਤ ਰਿਹਾ ਸੀ। ਸਰਕਾਰ ਮਹੰਤਾਂ ਦੀ ਪਿੱਠ 'ਤੇ ਆ ਖੜੀ ਹੋਈ ਕਿ ਸਿੱਖ ਉਸ ਦੀ ਜਾਇਦਾਦ 'ਤੇ ਜ਼ਬਰਦਸਤੀ ਦਾਖ਼ਲ ਹੋ ਰਹੇ ਹਨ। ਇਸ ਦੇ ਬਾਅਦ ਤਸ਼ੱਦਦ ਦੀ ਜਿਹੜੀ ਅਣਚਿਤਵੀ ਹਨੇਰੀ ਝੁੱਲੀ ਉਸਨੇ ਨਾ ਕੇਵਲ ਸਾਰੇ ਦੇਸ਼ ਦੇ ਬਲਕਿ ਸੰਸਾਰ ਭਰ ਵਿੱਚ ਹਾਹਾਕਾਰ ਮਚਾ ਦਿੱਤੀ। ਇਸ ਵਿੱਚ ਇੰਗਲੈਂਡ ਤੋਂ ਆਏ ਪਾਦਰੀ, ਵੱਖ ਵੱਖ ਧਰਮਾਂ ਅਤੇ ਰਾਜਨੀਤਕ ਆਗੂ ਇਸ ਦ੍ਰਿਸ਼ ਨੂੰ ਵੇਖ ਕੇ ਕੰਬ ਉਠੇ।

ਬੀ.ਟੀ. ਵੱਲੋਂ ਇਸ ਮੋਰਚੇ ਵਿੱਚ ਸਿਰਫ਼ ਸੁੰਮ ਵਾਲੀਆਂ ਡਾਂਗਾਂ ਨਾਲ ਹੀ ਨਹੀਂ ਸੀ ਕੁੱਟਿਆ ਜਾਂਦਾ ਬਲਕਿ ਹੰਟਰ ਮਾਰਨੇ, ਦਾੜ੍ਹੀ ਕੇਸ ਪੁੱਟਣੇ, ਜ਼ਖਮੀ ਸਿੰਘਾਂ ਨੂੰ ਧੂਹ ਕੇ ਛੱਪੜਾਂ ਅਤੇ ਨਹਿਰਾਂ ਵਿੱਚ ਸੁੱਟਣਾ, ਗੁਪਤ ਅੰਗਾਂ 'ਤੇ ਸੱਟਾਂ ਮਾਰਨੀਆਂ ਆਦਿ ਸਾਰੇ ਵਹਿਸ਼ੀਆਨਾ ਕੰਮ ਕੀਤੇ ਗਏ। ਸੈਂਟਰਲ ਮਾਝਾ ਦੀਵਾਨ ਦੇ ਜਥੇ ਨਾਲ ਅੰਨ੍ਹੀ ਮਾਰ ਕੁਟਾਈ ਕੀਤੀ ਉਹ ਸਹਾਰ ਲਈ। ਪਰ ਇਸ ਦੇ ਬਾਅਦ ਤਾਕਤ ਵਿੱਚ ਅੰਨ੍ਹੇ ਹੋਏ ਬੀ.ਟੀ. ਨੇ ਕਿਹਾ ਕਿ ਦੱਸੋ! ਤੁਹਾਡਾ ਗੁਰੂ ਗੋਬਿੰਦ ਸਿੰਘ ਕਿੱਥੇ ਹੈ? ਇਹ ਕਹਿ ਕੇ ਉਸ ਨੇ ਆਪਣੀ ਮੌਤ ਦੇ ਵਰੰਟਾਂ 'ਤੇ ਖ਼ੁਦ ਦਸਤਖ਼ਤ ਕਰ ਦਿੱਤੇ।

**ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹਰ ਹਾਲਤ ਵਿੱਚ ਸ਼ਾਂਤਮਈ ਰਹਿਣ ਦੀ ਅਰਦਾਸ ਕਰਕੇ ਸਿਰ 'ਤੇ ਖੱਫ਼ਣ ਬੰਨ ਕੇ ਗੁਰੂ ਕੇ ਸੂਰਮੇ ਨਾਲ ਤੁਰਦੇ ਸਨ। ਉਹਨਾਂ ਦੇ ਗਾਤਰੇ ਸ੍ਰੀ ਸਾਹਿਬ ਹਨ। ਉਹਨਾਂ ਦੇ ਸਿਰਾਂ 'ਤੇ ਸੁੰਮਾਂ ਵਾਲੀਆਂ ਡਾਂਗਾਂ ਵਰ੍ਹਦੀਆਂ ਸਨ। ਆਮ ਤੌਰ 'ਤੇ ਜੇ ਕਿਸੇ ਨੂੰ ਕੋਈ ਸੋਟੀ ਮਾਰੇ ਤਾਂ ਆਪ ਮੁਹਾਰੇ ਉਸ ਦੇ ਹੱਥ ਹਿੱਲਣਗੇ, ਹੱਥ ਉੱਠਣਗੇ। ਪਰ ਹੈਰਾਨੀ ਦੀ ਇੰਤਹਾ ਹੋਈ ਕਿ ਉਹਨਾਂ ਜ਼ਿੰਦਾ ਸ਼ਹੀਦਾਂ ਦੇ ਹੱਥ ਜੁੜੇ ਹੋਏ ਹਨ, ਸਿਰ 'ਤੇ ਡਾਂਗ ਵੱਜੀ ਹੈ, ਸਿਰ ਖੁੱਲ ਗਿਆ ਹੈ, ਖ਼ੂਨ ਦਾ ਫ਼ੱਵਾਰਾ ਚਲ ਪਿਆ ਹੈ, ਪਰ ਉਹਨਾਂ ਦੇ ਹੱਥ ਜੁੜੇ ਦੇ ਜੁੜੇ ਹਨ। ਇਹ ਕਿਹੋ ਜਹੇ ਹਠੀ ਹਨ ਜਿਨ੍ਹਾਂ ਦੀ ਕਮਾਈ ਨੂੰ ਰੋਜ਼ ਅਰਦਾਸ ਵਿੱਚ ਯਾਦ ਕੀਤਾ ਜਾਂਦਾ ਹੈ।**

ਅੰਮ੍ਰਿਤਸਰ ਸਾਹਿਬ ਦੀ ਖ਼ੈਰਦੀਨ ਦੀ ਮਸੀਤ ਵਿੱਚ ਇੱਕ ਬਹੁਤ ਵੱਡਾ ਜਲਸਾ ਕੀਤਾ ਗਿਆ ਜਿੱਥੇ ਮੋਰਚੇ ਦੀ ਸਫ਼ਲਤਾ ਅਤੇ ਸਿੰਘਾਂ ਦੀ ਚੜ੍ਹਦੀ ਕਲਾ ਲਈ ਦੁਆ ਮੰਗੀ ਗਈ। ਕੋਈ ਤਬਕਾ ਐਸਾ ਨਹੀਂ ਰਿਹਾ ਜਿਸ ਨੇ ਅੰਗਰੇਜ਼ਾਂ ਅਤੇ ਬੀ.ਟੀ. ਨੂੰ ਲਾਅਨਤਾਂ ਨਹੀਂ ਪਾਈਆਂ।

ਇਸ ਮੋਰਚੇ ਦੌਰਾਨ ਇੱਕ ਹੋਰ ਪ੍ਰਤੱਖ ਬਖਸ਼ਿਸ਼ ਹੋਈ ਜਦੋਂ ਸਿੰਘਾਂ 'ਤੇ ਜ਼ੁਲਮ ਹੋ ਰਿਹਾ ਹੈ ਤਾਂ ਉੱਥੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਬਾਜ਼ ਦੇ ਪ੍ਰਤੱਖ ਦਰਸ਼ਨ ਹੋਏ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹਰ ਹਾਲਤ ਵਿੱਚ ਸ਼ਾਂਤਮਈ ਰਹਿਣ ਦੀ ਅਰਦਾਸ ਕਰਕੇ ਸਿਰ 'ਤੇ ਖੱਫ਼ਣ ਬੰਨ ਕੇ ਗੁਰੂ ਕੇ ਸੂਰਮੇ ਨਾਲ ਤੁਰਦੇ ਸਨ। ਉਹਨਾਂ ਦੇ ਗਾਤਰੇ ਸ੍ਰੀ ਸਾਹਿਬ ਹਨ। ਉਹਨਾਂ ਦੇ ਸਿਰਾਂ 'ਤੇ ਸੁੰਮਾਂ ਵਾਲੀਆਂ ਡਾਂਗਾਂ ਵਰ੍ਹਦੀਆਂ ਸਨ। ਆਮ ਤੌਰ 'ਤੇ ਜੇ ਕਿਸੇ ਨੂੰ ਕੋਈ ਸੋਟੀ ਮਾਰੇ ਤਾਂ ਆਪ ਮੁਹਾਰੇ ਉਸ ਦੇ ਹੱਥ ਹਿੱਲਣਗੇ, ਹੱਥ ਉੱਠਣਗੇ। ਪਰ ਹੈਰਾਨੀ ਦੀ ਇੰਤਹਾ ਹੋਈ ਕਿ ਉਹਨਾਂ ਜ਼ਿੰਦਾ ਸ਼ਹੀਦਾਂ ਦੇ ਹੱਥ ਜੁੜੇ ਹੋਏ ਹਨ, ਸਿਰ 'ਤੇ ਡਾਂਗ ਵੱਜੀ ਹੈ, ਸਿਰ ਖੁੱਲ ਗਿਆ ਹੈ, ਖ਼ੂਨ ਦਾ ਫ਼ੱਵਾਰਾ ਚਲ ਪਿਆ ਹੈ, ਪਰ ਉਹਨਾਂ ਦੇ ਹੱਥ ਜੁੜੇ ਦੇ ਜੁੜੇ ਹਨ। ਇਹ ਕਿਹੋ ਜਹੇ ਹਠੀ ਹਨ ਜਿਨ੍ਹਾਂ ਦੀ ਕਮਾਈ ਨੂੰ ਰੋਜ਼ ਅਰਦਾਸ ਵਿੱਚ ਯਾਦ ਕੀਤਾ ਜਾਂਦਾ ਹੈ।

ਤੈਨੂੰ ਮਾਣ ਹੈ ਜਾਬਰਾ ਗੋਲੀਆਂ ਤੇ,
ਜੇਲ੍ਹਾਂ ਚੱਕੀਆਂ ਤੇ ਤੇਜ਼ ਕਾਤੀਆਂ ਤੇ।
ਸਾਨੂੰ ਮਾਣ ਹੈ ਸਬਰ ਦੀ ਤੇਗ ਉਤੇ,
ਤੀਰ ਝਲਨੇ ਵਾਲੀਆਂ ਛਾਤੀਆਂ ਤੇ।
(ਵਿਧਾਤਾ ਸਿੰਘ ਤੀਰ)

ਡਾਂਗਾਂ ਦੀ ਮੋਹਲੇਧਾਰ ਬਰਖਾ ਨਾਲ ਉਹ ਧਰਤੀ 'ਤੇ ਡਿੱਗ ਪੈਂਦੇ ਸਨ। ਉਹਨਾਂ ਦੇ ਉੱਤੇ ਘੋੜੇ ਦੋੜਾ ਕੇ ਉਹਨਾਂ ਦੀਆਂ ਸੁੰਮਾਂ ਨਾਲ ਲਤਾੜਿਆ ਜਾਂਦਾ। ਇਹ ਹੈ ਅਸਲੀ ਚਿਹਰਾ ਸਭਿਅਕ ਅਖਵਾਉਣ ਵਾਲੇ ਗੋਰਿਆਂ ਦਾ। ਪਰ ਨਾਲ ਹੀ ਇਹ ਸਨ ਇੱਕ ਅਕਾਲ ਦੇ ਉਪਾਸ਼ਕ ਧੰਨ ਅਕਾਲੀ। ਜੇ ਐਸੇ ਅਕਾਲੀਆਂ ਦੇ ਕਿਰਦਾਰ ਦਾ ਕਿਣਕਾ ਵੀ ਹੁਣ ਦੇ ਅਕਾਲੀਆਂ ਵਿੱਚ ਆ ਜਾਏ ਤਾਂ ਕੋਈ ਸੰਸਾ ਨਹੀਂ ਕਿ ਪੰਥ ਤੇਰੇ ਦੀਆਂ ਗੂੰਜਾਂ ਨਾ ਪੈਣ ਸਾਰੇ ਸੰਸਾਰ ਵਿੱਚ। ਰਾਖਾ ਆਪ ਅਕਾਲ ਅਕਾਲੀਆਂ ਦਾ। ਅਕਾਲੀ ਕਿਰਦਾਰ ਦੀ ਤਰਜਮਾਨੀ ਉਸ ਸਮੇਂ ਗਿਆਨੀ ਹੀਰਾ ਸਿੰਘ ਦਰਦ ਨੇ ਕੀਤੀ, ਅੱਖਾਂ ਖੋਲ੍ਹੋ ਢਿੱਲੜ ਵੀਰੋ, ਆ ਗਿਆ ਫੇਰ ਅਕਾਲੀ ਜੇ।

ਝੰਡਾ ਫੜਿਆ ਹੱਥ ਸੱਚ ਦਾ, ਜੋਤ ਮਾਰਦੀ ਲਾਲੀ ਜੇ।
ਅੱਖੀਂ ਵੇਖ ਬੇਅਦਬੀ ਹੁੰਦੀ, ਬੀਰ ਨਾ ਕਦੀ ਸਹਾਰ ਸਕੇ।
ਜਿਸ ਨੇ ਸੀਸ ਤਲੀ ਤੇ ਧਰਿਆ, ਉਸ ਨੂੰ ਕੋਈ ਨਾ ਮਾਰ ਸਕੇ।....
ਜੀਉਂਦੇ ਹੋਣ ਅਕਾਲੀ ਵਰਗੇ, ਕੌਮ ਕਦੀ ਨਾ ਹਾਰ ਸਕੇ।
ਇਕ ਅਕਾਲੀ ਬਾਝੋਂ ਯਾਰੋ, ਬਣ ਗਈ ਕੌਮ ਪਰਾਲੀ ਜੇ।
ਅੱਖਾਂ ਖੋਲ੍ਹੋ ਢਿੱਲੜ ਵੀਰੋ..............

ਅਗਸਤ 1922 ਵਿੱਚ ਗੁਰੂ ਕਾ ਬਾਗ ਸ਼੍ਰੋਮਣੀ ਕਮੇਟੀ ਦੇ ਅਧੀਨ ਆ ਗਿਆ। ਇੱਥੋਂ ਗੁਰੂ ਕੇ ਲੰਗਰ ਲਈ ਬਾਲਣ ਦੀ ਲੱਕੜਾਂ ਲਿਆਈਆਂ ਜਾਂਦੀਆਂ ਸਨ। ਪਰ ਮਹੰਤ ਦੀ ਰਿਪੋਰਟ ਤੇ ਸਰਕਾਰ ਪੂਰੀ ਬੇਸ਼ਰਮੀ ਨਾਲ ਵਿਚਕਾਰ ਆ ਗਈ। ਫਿਰ ਸ਼ੁਰੂ ਹੋਇਆ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੁਰੂ ਕੇ ਬਾਗ ਵਲ ਜਾਣ ਵਾਲੇ ਜਥਿਆਂ ਤੇ ਤਸ਼ੱਦਦ ਦਾ। ਸਿੰਘਾਂ ਨੂੰ ਬੇਤਹਾਸ਼ਾ ਅਤੇ ਵਹਿਸ਼ੀਆਨਾ ਢੰਗ ਨਾਲ ਕੁੱਟਿਆ ਜਾਂਦਾ, ਡਾਂਗਾ ਨਾਲ ਫੇਹਾ ਜਾਂਦਾ, ਰਫ਼ਲਾਂ ਦੇ ਬੱਟ ਮਾਰੇ ਜਾਂਦੇ। ਪਰ ਸਿੰਘ ਹੱਥ ਜੋੜ ਵਾਹਿਗੁਰੂ ਵਾਹਿਗੁਰੂ ਦੇ ਅਲਾਵਾ ਕੋਈ ਲਫ਼ਜ਼ ਨਾ ਬੋਲਦੇ। ਇਸ ਸਮੇਂ ਅਖ਼ਬਾਰਾਂ ਦੇ ਐਡੀਟਰ, ਹਕੀਮ ਅਜਮਲ ਖਾਨ ਤੇ ਹੋਰ ਰਾਜਨੀਤਕ ਆਗੂ ਮੌਕੇ 'ਤੇ ਪਹੁੰਚ ਕੇ ਨਮ ਅੱਖਾਂ ਨਾਲ ਇਹ ਸਭ ਕੁਝ ਵੇਖਦੇ। ਜ਼ਿੰਮੀਦਾਰ ਦੇ ਐਡੀਟਰ ਮੌਲਾਨਾ ਜ਼ਫਰ ਅਲੀ ਅਤੇ ਲਾਲਾ ਮੇਲਾ ਰਾਮ ਵਫ਼ਾ ਨੇ ਕਵਿਤਾਵਾਂ ਲਿਖੀਆਂ। ਪੰਡਤ ਮਦਨ ਮੋਹਨ ਮਾਲਵੀਯ ਨੇ ਕਿਹਾ ਕਿ ਹਰ ਇੱਕ ਡਾਂਗ ਬ੍ਰਿਟਿਸ਼ ਸਰਕਾਰ ਦੀਆਂ ਜੜ੍ਹਾਂ ਉਤੇ ਵਾਰ ਸਾਬਤ ਹੋਏਗਾ। 12 ਸਤੰਬਰ ਨੂੰ ਪਾਦਰੀ ਸੀ ਐਫ਼ ਐਂਡਰੀਊ ਨੇ ਹਾਜ਼ਰ ਹੋ ਕੇ ਇਹ ਸਾਰਾ ਦ੍ਰਿਸ਼ ਵੇਖਿਆ ਅਤੇ ਕਈ ਲੇਖ ਲਿਖੇ। ਉਸ ਨੇ ਕੁਰਲਾ ਕੇ ਕਿਹਾ ਕਿ ਕਾਲੀਆਂ ਪਗੜੀਆਂ ਵਾਲੇ ਇਹਨਾਂ ਨਿਰਦੋਸ਼ ਨਿਹੱਥੇ ਸਿੱਖਾਂ ਉੱਤੇ ਪਿੱਤਲ ਦੀਆਂ ਸੁੰਮਾਂ ਵਾਲੀਆਂ ਡਾਂਗਾ ਨਾਲ ਕਾਇਰਾਨਾ ਹਮਲਾ ਕੀਤਾ ਜਾ ਰਿਹਾ ਹੈ। ਉਸ ਨੇ ਸਰਕਾਰ ਨੂੰ ਵੀ ਲਿਖਿਆ ਕਿ ਇਹ ਡਾਂਗਾ ਈਸਾ ਮਸੀਹ 'ਤੇ ਵਰ੍ਹਦੀਆਂ ਵੇਖ ਰਿਹਾ ਹਾਂ।

ਇਹ ਉਹ ਅਕਾਲੀ ਸੂਰਮੇ ਸਨ ਜਿਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਅਕਾਲੀ ਦਲ ਹੋਂਦ ਵਿੱਚ ਆਇਆ। ਪੰਡਤ ਲਾਲਾ ਮੇਲਾ ਰਾਮ ਵਫ਼ਾ ਨੇ ਉਸ ਸਮੇਂ ਲਿਖਿਆ,

ਤੇਰੀ ਕੁਰਬਾਨੀਉਂ ਕੀ ਧੂਮ ਹੈ ਆਜ ਇਸ ਜ਼ਮਾਨੇ ਮੇਂ,
ਬਹਾਦਰ ਹੈ ਅਗਰ ਕੋਈ ਤੋ ਵੋਹ ਤੂ ਅਕਾਲੀ ਹੈ।
ਬੜੀ ਤਾਰੀਫ਼ ਕੇ ਕਾਬਲ ਤੇਰੀ ਹਿੰਮਤ ਓ ਜੁਰਅਤ,
ਜਦੋ ਜਹਿਦ ਆਜ਼ਾਦੀ ਮੇਂ ਤੂੰ ਨੇ ਜਾਨ ਡਾਲੀ ਹੈ।
ਕੀਆ ਹੈ ਜ਼ਿੰਦਾ ਤੂੰ ਨੇ ਰਵਾਇਆਤੇ ਗੁਜ਼ੱਸ਼ਤਾ ਕੋ,
ਸਿਤਮਗਰੋਂ ਸੇ ਤੂੰ ਨੇ ਕੌਮ ਕੀ ਇੱਜ਼ਤ ਬਚਾ ਲੀ ਹੈ।
ਜ਼ਾਲਿਮੋਂ ਕੀ ਲਾਠੀਆਂ ਤੂੰ ਨੇ ਸਹੱਥ ਸੀਨਾਏ ਸਪਰ ਹੋ ਕਰ,
ਲੁਤਫ਼ ਇਸ ਪੈ ਕਿ ਲਬ ਪਹਿ ਸ਼ਿਕਾਇਤ ਹੈ ਨਾ ਗਾਲੀ ਹੈ।

ਇਸ ਅਕਾਲੀ ਲਹਿਰ ਵਿੱਚ ਪੰਡਤ ਜਵਾਹਰ ਲਾਲ ਨਹਿਰੂ ਨੇ ਵੀ ਆਪਣੀ ਗ੍ਰਿਫਤਾਰੀ ਦਿੱਤੀ ਅਤੇ ਨਾਭੇ ਜੇਲ੍ਹ ਵਿੱਚ ਕੈਦ ਕੱਟੀ। ਪੰਡਤ ਨਹਿਰੂ ਨੇ ਲਿਖਿਆ ਕਿ ਅਕਾਲੀਆਂ ਦੇ ਇਸ ਮਹਾਨ ਕਾਰਜ ਵਿੱਚ ਯੋਗਦਾਨ ਪਾ ਕੇ ਉਹ ਮਾਣ ਮਹਿਸੂਸ ਕਰ ਰਹੇ ਹਨ। ਪਰ ਇਤਿਹਾਸ ਕੇਵਲ ਆਪਣੀ ਚਾਲ ਨਹੀਂ ਚਲਦਾ ਬਲਕਿ ਜਦੋਂ ਸੱਤਾ ਦੀ ਵਾਗਡੋਰ ਪੰਡਤ ਨਹਿਰੂ ਦੇ ਹੱਥ ਆਈ ਤਾਂ ਇਹ ਗੁਰੂ ਕੇ ਬਾਗ ਵਰਗਾ ਜ਼ੁਲਮ ਸਿੱਖਾਂ ਦੇ ਉੱਤੇ 4 ਜੁਲਾਈ, 1955 ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿੱਚ ਪੁਲਿਸ ਦਾਖ਼ਲ ਕਰਵਾ ਕੇ ਅਤੇ ਮੁੜ 12 ਜੂਨ,1960 ਨੂੰ ਦਿੱਲੀ ਦੀਆਂ ਸੜਕਾਂ 'ਤੇ ਨਿਹੱਥੇ ਸਿੱਖਾਂ ਦਾ ਖ਼ੂਨ ਡੋਹਲਿਆ ਗਿਆ। ਫਰਕ ਸਿਰਫ਼ ਇਤਨਾ ਸੀ ਕਿ ਸਿੱਖ ਤਾਂ ਉਹ ਸਨ ਹਾਕਮ ਬਦਲ ਚੁੱਕੇ ਸਨ। ਬਾਬੇ ਕੇ ਬਾਬਰ ਕੇ ਦੋਊ॥ ਆਪ ਕਰੈ ਪਰਮੇਸਰ ਸੋਊ॥ (ਦ.ਗ੍ਰ. ਬਚਿੱਤ੍ਰ ੨੧)

ਅੰਗ+ਰੇਜ਼ੀ,ਅੰਗਰੇਜ਼ੀ ਹਕੂਮਤ ਦੇ ਬੀ. ਟੀ. ਦੀਆਂ ਡਾਂਗਾਂ ਦੇ ਜਿਹੜੇ ਵਹਿਸ਼ੀਆਨਾ ਤਸ਼ੱਦਦ, ਜ਼ੁਲਮ, ਕਹਿਰ ਗੁਰੂ ਰੂਪ ਖ਼ਾਲਸੇ ਨੇ ਆਪਣੇ ਸਰੀਰ 'ਤੇ ਹੰਢਾਏ ਉਸ ਨੇ 18ਵੀਂ ਸਦੀ ਦੇ ਇਤਿਹਾਸ ਨੂੰ ਮੁੜ ਪ੍ਰਤੱਖ ਕਰ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਇਮੀ ਤੋਂ ਲੈ ਕੇ ਬਾਕਾਇਦਾ ਕਾਨੂੰਨੀ ਮਾਨਤਾ ਪ੍ਰਾਪਤ ਹੋਣ ਦੇ ਵਿਚਕਾਰ ਦਾ ਇਹ ਸਮਾਂ ਬਹੁਤ ਹੱਥ ਭਾਰਾ ਸੀ। ਸਿੰਘਾਂ ਦੇ ਸਿਰੜ ਨੂੰ ਪਰੱਖਣ ਅਤੇ ਕੁਚਲਣ ਲਈ ਸਰਕਾਰ ਨੇ ਆਪਣੀ ਪੂਰੀ ਤਾਕਤ ਝੌਂਕ ਦਿੱਤੀ। ਮੁੱਦਾ ਸਿਰਫ਼ ਇਤਨਾ ਸੀ ਕਿ ਕੀ ਗੁਰਦੁਆਰਾ ਸਾਹਿਬ ਦੀ ਜ਼ਮੀਨ ਤੋਂ ਲੰਗਰ ਲਈ ਲੱਕੜਾਂ ਲਿਜਾਣ ਦਾ ਹੱਕ ਵੀ ਸਿੱਖਾਂ ਨੂੰ ਹੈ ਜਾਂ ਨਹੀਂ।

ਉਸ ਸਮੇਂ ਹੁੰਦੇ ਤਸ਼ੱਦਦ ਨੂੰ ਸਾਰੇ ਸੰਸਾਰ ਨੇ ਵੇਖਿਆ ਅਤੇ ਹਰ ਇੱਕ ਦੀਆਂ ਅੱਖਾਂ ਨਮ ਹੋ ਗਈਆਂ। ਪਾਦਰੀ ਸੀ. ਐਫ਼. ਐਂਡਰਿਊਜ਼, ਜਵਾਹਰ ਲਾਲ ਨਹਿਰੂ ਤੋਂ ਲੈ ਕੇ ਹਰ ਇੱਕ ਨੇ ਹਕੂਮਤ 'ਤੇ ਲਾਅਨਤ ਪਾਈ।

ਇਸ ਮੋਰਚੇ ਦੌਰਾਨ ਇੱਕ ਨੌਜਵਾਨ ਨੂੰ ਬੀ.ਟੀ. ਗੋਰਖੇ ਸਿਪਾਹੀਆਂ ਕੋਲੋਂ ਬੇ-ਦਰਦੀ ਨਾਲ ਕੁਟਵਾ ਰਿਹਾ ਸੀ। ਅਚਾਨਕ ਉਸ ਨੌਜਵਾਨ ਨੇ ਉਹਨਾਂ ਦੋਹਾਂ ਸਿਪਾਹੀਆਂ ਨੂੰ ਆਪਣੀਆਂ ਕੱਛਾਂ ਵਿੱਚ ਚੁੱਕਿਆ ਅਤੇ ਬੀ.ਟੀ. ਕੋਲ ਲਿਜਾ ਕੇ ਕਹਿਣ ਲਗਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕੀਤੇ ਅਰਦਾਸੇ ਦਾ ਜ਼ਾਬਤਾ ਨਾ ਹੁੰਦਾ ਤਾਂ ਹੁਣੇ ਪਤਾ ਲੱਗ ਜਾਣਾ ਸੀ।

ਅਕਾਲੀਆਂ ਦੀਆਂ ਕੁਰਬਾਨੀਆਂ ਅਤੇ ਕਿਰਦਾਰ ਤੋਂ ਪ੍ਰਭਾਵਤ ਹੋ ਕੇ ਉਸ ਸਮੇਂ ਮਦਰਾਸ ਦੇ ਜੀ ਏ ਸੁੰਦਰਮ ਨੇ ਅੰਗਰੇਜ਼ੀ ਵਿੱਚ ਇੱਕ ਕਿਤਾਬ ਗੁਰੂ ਕਾ ਬਾਗ ਸਤਿਆਗ੍ਰਹਿ ਲਿਖੀ। ਇਸ ਵਿੱਚ ਆਜ਼ਾਦੀ ਘੁਲਾਟੀਏ ਹਰਿੰਦਰਨਾਥ ਚਟੋਪਾਧਿਆਏ ਨੇ ਇੱਕ ਨਜ਼ਮ ਲਿਖੀ ਸਾਂਗ ਆਫ਼ ਦ ਅਕਾਲੀਜ਼। ਇਸ ਵਿੱਚ ਕਿਹਾ ਕਿ ਇਸ ਮੋਰਚੇ ਵਿੱਚ ਸਿੰਘਾਂ ਦੇ ਸਰੀਰ ਨਹੀਂ ਬਲਕਿ ਉਹਨਾਂ ਦੀਆਂ ਰੂਹਾਂ ਲੜ ਰਹੀਆਂ ਹਨ ਤੇ ਰੂਹਾਂ ਜਿੱਤੀਆਂ ਨਹੀਂ ਜਾ ਸਕਦੀਆਂ।

ਪੇਸ਼ ਹੈ ਇਸ ਕਵਿਤਾ ਦਾ ਪੰਜਾਬੀ ਰੂਪ:

ਅਕਾਲੀਆਂ ਦਾ ਜਯ ਗੀਤ

ਟਿੱਲ ਲਾ ਲੈ ਜੋ ਤੂੰ ਲਾਵਣਾਏ... ਨਹੀਂ ਮੋੜਨਾ ਕਦਮ ਪਿਛਾਂਹ ਇੱਕ ਵੀ,
ਇਹ ਰਣ-ਜੂਝ ਦੀ ਗੁੜ੍ਹਤੀ ਸਰੀਰਾਂ ਦੀ ਨਹੀਂ, ਰੂਹ ਦੀ ਏ।
ਤੇਰੇ ਬੇਜਾਨ ਹਥਿਆਰ ਕਿਵੇਂ ਹਟਕਾਉਣਗੇ,
ਤਖ਼ਤ ਅਕਾਲ 'ਤੇ ਸੋਧੇ ਇਸ ਜ਼ਾਬਤੇ ਦੇ ਅਰਦਾਸੇ ਤੋਂ।
ਸਾਡੀਆਂ ਦੇਹਾ? ... ਅਡੋਲ ਆਤਮਾ ਨੂੰ ਵਲੇਟੀ ਕੇਵਲ ਮਾਟੀ ਦੇ ਓਹਲੇ,
ਕੀ ਜਾਣੇ ਇਹ ਸੁੰਨ ਮਿੱਟੀ, ਜ਼ਖਮਾਂ, ਪੀੜਾਂ, ਦੁਖਾਂ, ਤਕਲੀਫਾਂ ਦੀ ਤਾਬ।
ਅਬਿਨਾਹੱਥ ਹੋ ਚੁਕੀ ਇਹ ਪ੍ਰੇਮ ਪ੍ਰੋਤੀ ਰੂਹ,
ਹੋ ਸੁਰਗ ਨਰਕ ਤੋਂ ਮੰਜ਼ਿਲਾਂ ਦੂ......ਰਰ, ਛੰਡ ਚੁਕੀ ਹੈ ਭੈ ਦੇ ਕਾਲੇ ਬੱਦਲ ।
ਇੱਥੇ ਇੱਕ ਨਹੱਥਾਂ ਹਰ ਯੋਧਾ ਬੰਦ ਬੰਦ ਪੇਸ਼ ਕਰਨ ਲਈ ਹੈ ਬੇਤਾਬ,
ਤੇਰੀ ਬੇਵਸ ਹੰਕਾਰੀ ਹਵਸ ਤੋਂ ਲਤਾੜੇ ਜਾਣ ਲਈ,
ਇਹ ਦਰਗਾਹੱਥ ਰੂਹਾਂ ਅਲਾਅ ਰਹੀਆਂ ਹਨ ਰਣਜੀਤ ਦੇ ਤਰਾਨੇ।
ਸ਼ਿੰਗਾਰੀ ਜਾ ਤੂੰ ਸਾਡੀ ਮਿਝ ਅਤੇ ਰਤ ਨਾਲ ਆਪਣੇ ਦੋਜ਼ਖ ਦੇ ਹਨੇਰੇ ਪੈਂਡੇ,
ਖਿੜੇ ਮੱਥੇ ਖੁੰਡੀਆਂ ਕਰੀਂ ਜਾਂਨੇਆਂ ਤੇਰੀਆਂ ਤਲਵਾਰਾਂ ਦੀ ਧਾਰਾਂ।
ਤੂੰ ਬੰਨ ਸਕੇਂਗਾ ਆਜ਼ਾਦ ਆਤਮਾ ਨੂੰ ਸੰਗਲਾਂ ਨਾਲ?
ਭਰ ਲੈਪਾਪ ਦੇ ਕਾਸੇ ਸਾਡੇ ਪਾਵਨ ਲਹੂ ਦੀਆਂ ਧਾਰਾਂ ਨਾਲ,
ਸਦੀ ਦੇ ਲਗੇ ਹੋਏ ਦਾਗਾਂ ਨੂੰ ਧੋਣ ਹਿਤ।
ਸਾਡੇ ਜਲੌ ਅਤੇ ਸ਼ਾਹੱਥ ਜਲਵੇ ਦੇ ਜਲਾਲ ਨੂੰ ਕਿਵੇਂ ਪਾਏਂਗਾ ਮਾਤ,
ਜੋ ਪਾਵਨ 'ਮਦਰ ਦੇਸ' ਹਿਤ ਦੁੱਖ ਸਹਿਣ ਲਈ ਹੈ ਚੇਤੰਨ?
ਕਰ ਸਕਦਾ ਹੈਂ ਕੀ ਤੂੰ? ਸਿਦਕ ਭਰੋਸਾ ਸਾਡਾ ਹੈ ਸਮਰੱਥ,
ਅੱਗ ਸੂਕਦੇ ਤੇਰੇ ਹਥਿਆਰਾਂ ਨੂੰ ਭਸਮਾਉਣ ਲਈ
ਮੂਲ: ਹਰਿੰਦਰਨਾਥ ਚਟੋਪਾਧਿਆਏ

ਇਸ ਸਾਰੇ ਜ਼ੁਲਮੋ ਤਸ਼ੱਦਦ ਦਾ ਚੰਦੂ ਰਿਆਸਤ ਪਟਿਆਲੇ ਦੇ ਪਿੰਡ ਚੱਡੇ ਦਾ ਰਹਿਣ ਵਾਲਾ ਪੁਲਿਸ ਕਪਤਾਨ ਬੀ.ਟੀ.ਸੀ। ਬੀ.ਟੀ. ਦੀ ਦੁਸ਼ਮਣੀ ਉਸ ਦੇ ਰਿਸ਼ਤੇਦਾਰ ਕਾਕਾ ਸਿੰਘ ਨਾਲ ਸੀ।

ਹੁਣ ਵੇਲਾ ਆ ਗਿਆ ਬੀ.ਟੀ. ਵਲੋਂ ਪਾਈ ਭਾਜੀ ਮੋੜਨ ਦਾ। ਬੱਬਰ ਅਕਾਲੀ ਕਰਤਾਰ ਸਿੰਘ ਛੀਨਾਵਾਲ, ਭੋਲਾ ਸਿੰਘ ਲੋਹਾ ਖੇੜਾ, ਕੁੰਢਾ ਸਿੰਘ ਗਾਜ਼ੀਆਣਾ ਅਤੇ ਫ਼ਜ਼ਲਾ ਘੁੰਮਣ ਨੇ ਪੁਲਿਸ ਦੀ ਵਰਦੀ ਪਾਈ ਅਤੇ ਬੀ.ਟੀ. ਦੇ ਦੁਸ਼ਮਣ ਕਾਕਾ ਸਿੰਘ ਨੂੰ ਰਲਾਇਆ। ਉਹ ਉਸ ਨੂੰ ਧੂਹੰਦੇ ਅਤੇ ਮਾਰ ਕੁਟਾਈ ਕਰਦੇ ਹੋਏ ਬੀ.ਟੀ ਦੀ ਕੋਠੀ ਲਿਜਾ ਕੇ ਉਸ ਦੇ ਪੈਰਾਂ ਵਿੱਚ ਸੁੱਟਿਆ। ਕਾਕਾ ਸਿੰਘ ਨੂੰ ਕਿਹਾ ਸਾਹਬ ਦੇ ਪੈਰੀਂ ਪੈ ਕੇ ਮੰਗ ਮਾਫੀ। ਕਾਕਾ ਸਿੰਘ ਜਦੋਂ ਬੀ.ਟੀ. ਦੇ ਪੈਰੀਂ ਪਿਆ ਉਸ ਨੇ ਪੈਰ ਫੜੇ ਅਤੇ ਉਸਨੂੰ ਲੱਤਾਂ ਤੋਂ ਉਲਟਾ ਦਿੱਤਾ। ਬਸ ਇਸ ਵੇਲੇ ਉਹਨਾਂ ਸਿੰਘਾਂ ਨੇ ਗੋਲੀਆਂ ਨਾਲ ਬੀ.ਟੀ. ਭੁੰਨ ਦਿੱਤਾ।

ਬਾਬਾ ਛੀਨਾ ਵਾਲ ਤੇ ਲੋਹਾ ਖੇੜਾ ਉਮਰ ਕੈਦ ਭੋਗ ਕੇ ਰਿਹਾ ਹੋਏ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰੰਬਧਕ ਕਮੇਟੀ ਨੇ 27 ਨਵੰਬਰ, 1959 ਦੇ ਜਨਰਲ ਇਜਲਾਸ ਵਿੱਚ ਇਹਨਾਂ ਦੀ ਪ੍ਰਸੰਸਾ ਕੀਤੀ ਅਤੇ ਮਤਾ ਪਾਸ ਕੀਤਾ ਜੋ ਪੰਜਾਹ ਸਾਲਾ ਇਤਿਹਾਸ ਦੇ ਪੰਨਾ 304 'ਤੇ ਅੰਕਤ ਹੈ।

(੧) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਇਜਲਾਸ ਬਾਬਾ ਕਰਤਾਰ ਸਿੰਘ ਛੀਨੇਵਾਲ ਤੇ ਬਾਬਾ ਭੋਲਾ ਸਿੰਘ ਲੋਹਾ ਖੇੜਾ ਜ਼ਿਲ੍ਹਾ ਸੰਗਰੂਰ ਦੀ ਉਸ ਸੇਵਾ ਦੀ ਪ੍ਰਸੰਸਾ ਕਰਦਾ ਹੈ ਕਿ ਜੋ ਉਨ੍ਹਾਂ ਨੇ ਅਕਾਲੀ ਲਹਿਰ ਸਮੇਂ ਗੁਰੂ ਕੇ ਬਾਗ ਦੇ ਮੋਰਚੇ 'ਤੇ ਅਤਿਆਚਾਰੀ ਮਿਸਟਰ ਬੀ.ਟੀ. ਦੇ ਕਤਲ ਦੇ ਦੋਸ਼ ਵਿੱਚ ਉਮਰ ਕੈਦ ਕਟ ਕੇ ਕੀਤੀ ਤੇ ਉਸ ਕੈਦ ਵਿਚੋਂ ਉਹ ਹੁਣੇ ਰਿਹਾ ਹੋਏ ਹਨ।

(੨) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਨ੍ਹਾਂ ਦੇਸ਼ ਭਗਤਾਂ ਨੂੰ ਖੁੱਲ੍ਹੀ ਸਹਾਇਤਾ ਦੇਵੇ ਤਾਂਕਿ ਇਹ ਆਪਣੀ ਬਕਾਇਆ ਜ਼ਿੰਦਗੀ ਸੁਖ ਨਾਲ ਬਤੀਤ ਕਰ ਸਕਣ।

ਸਮਾਂ ਬਦਲ ਗਿਆ। ਪਾਤਰ ਬਦਲ ਗਏ। ਪਰ ਪੰਥਕ ਹਾਲਾਤ ਨਹੱਥਾਂ ਬਦਲੇ। ਅਕਾਲੀ ਲਹਿਰ ਅਤੇ ਵਿਸ਼ੇਸ਼ ਕਰ ਗੁਰੂ ਕੇ ਬਾਗ ਦੇ ਮਹਾਨ ਯੋਧਿਆਂ ਨੂੰ ਯਾਦ ਕਰਦਿਆਂ ਮਹਾਨ ਅਕਾਲੀ ਲਫ਼ਜ਼ ਦੇ ਕਿਣਕਾ ਮਾਤਰ ਗੁਣ ਹਾਸਲ ਕਰਨ ਦਾ ਅਤੇ ਗੁਰਦੁਆਰਿਆਂ ਵਿੱਚ ਸਿੱਧੇ ਅਸਿੱਧੇ ਤੌਰ 'ਤੇ ਸਰਕਾਰੀ ਦਖ਼ਲ ਅੰਦਾਜ਼ੀ ਨੂੰ ਠੱਲ ਪਾਉਣ ਦਾ।



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

9 ਅਗਸਤ, 1922 'ਤੇ ਵਿਸ਼ੇਸ਼

# ਮੋਰਚਾ ਗੁਰੂ ਕਾ ਬਾਗ

ਸਿੱਖ ਧਰਮ ਅਤੇ ਰਾਜਨੀਤੀ ਸੰਸਾਰ ਵਿੱਚ ਹਮੇਸ਼ਾ ਚਰਚਾ ਦਾ ਵਿਸ਼ਾ ਰਹੇ ਹਨ। ਜਿਸਨੇ ਸਦਾ ਹੀ ਸਮਾਜ ਨੂੰ ਪ੍ਰਭਾਵਿਤ ਕੀਤਾ ਹੈ। ਸਿੱਖ ਧਰਮ ਮੂਲ ਰੂਪ ਵਿੱਚ ਇੱਕ ਸਮਾਜ ਸੁਧਾਰ ਲਹਿਰ ਹੈ, ਇੱਕ ਮਾਨਵਵਾਦੀ ਧਰਮ ਹੈ। ਮੁਗਲਾਂ ਦੇ ਜ਼ੁਲਮਾਂ ਦਾ ਟਾਕਰਾ ਕਰਦੇ, ਮਨੁੱਖੀ ਕਦਰਾਂ ਕੀਮਤਾਂ, ਹੱਕ ਸੱਚ ਨਿਆਂ ਸਵੈ ਮਾਣ, ਸਵੈ ਰਖਿਆ ਅਤੇ ਮਨੁੱਖ ਦੀ ਮੁਕੰਮਲ ਆਜ਼ਾਦੀ ਲਈ ਫ਼ੌਜੀ ਖ਼ਾਲਸਾ ਤਿਆਰ ਹੋਇਆ, ਜਿਸ ਨੇ ਹਮੇਸ਼ਾ ਜ਼ੁਲਮ ਸਹਿੰਦੇ ਵੀ ਹੱਸ ਹੱਸ ਕੇ ਕੁਰਬਾਨੀਆਂ ਦਿੱਤੀਆਂ। ਅਖੀਰ ਆਪਣਾ ਖ਼ਾਲਸਾ ਰਾਜ ਸਥਾਪਿਤ ਕੀਤਾ। ਅੰਰਗੇਜੀ ਹਕੂਮਤ ਨੇ ਆਪਣਾ ਰਾਜ ਕਾਇਮ ਰੱਖਣ ਲਈ ਗੁਰਦੁਆਰਿਆਂ ਨੂੰ ਨਿਸ਼ਾਨਾ ਬਣਾ ਕੇ ਸਿੱਖੀ ਨੂੰ ਢਾਅ ਲਾਉਣ ਦੀ ਸਾਜਿਸ ਰਚਾ ਲਈ। ਜਿਸ ਵਿੱਚ ਮਹੰਤਾਂ ਨੂੰ ਆਪਣੇ ਨਾਲ ਰਲਾ ਲਿਆ। ਗੁਰਦੁਆਰਿਆਂ ਤੇ ਮਹੰਤਾਂ ਦਾ ਕਬਜਾ ਕਰਵਾ ਲਿਆ। ਜਿੰਨਾਂ ਨੇ ਗੁਰਦੁਆਰਿਆਂ ਨੂੰ ਆਪਣੀ ਨਿੱਜੀ ਜਾਇਦਾਦ ਬਣਾ ਕੇ ਅਯੈਸੀ ਦੇ ਅੱਡੇ ਬਣਾ ਲਏ। ਪਾਵਨ ਇਤਿਹਾਸਕ ਗੁਰਧਾਮਾਂ ਨੂੰ ਭ੍ਰਿਸ਼ਟ ਮਹੰਤਾਂ ਦੇ ਕਬਜ਼ੇ ਵਿੱਚੋਂ ਆਜ਼ਾਦ ਕਰਵਾਉਣ ਲਈ ਚੱਲੀ ਗੁਰਦੁਆਰਾ ਸੁਧਾਰ ਲਹਿਰ ਹੇਠ ਇੱਕ ਤੋਂ ਬਾਅਦ ਇੱਕ ਮੋਰਚਾ ਅੰਗਰੇਜੀ ਹਕੂਮਤ ਵਿਰੁੱਧ ਲਾਉਣਾ ਪਿਆ। ਫਿਰ ਭਾਵੇਂ ਚਾਬੀਆਂ ਦਾ ਮੋਰਚਾ, ਨਨਕਾਣਾ ਸਾਹਿਬ , ਤਰਨ ਤਾਰਨ, ਜੈਤੋ ਮੋਰਚਾ, ਗੁਰੂ ਕਾ ਬਾਗ ਮੋਰਚਾ ਹੋਵੇ। ਇਸ ਜਨਤਕ ਸ਼ਾਂਤਮਈ ਸੰਘਰਸ਼ ਵਿੱਚ ਸਿੱਖਾਂ ਨੇ ਬੜੇ ਜੋਸ਼ ਨਾਲ ਵੱਧ ਚੜ ਕੇ ਹਿੱਸਾ ਲਿਆ। ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਗੁਰਦੁਆਰਿਆਂ ਵਿਚੋਂ ਦੁਰਾਚਾਰੀ ਮਹੰਤਾਂ ਨੂੰ ਕੱਢ ਕੇ ਗੁਰਦੁਆਰਿਆਂ ਨੂੰ ਆਜ਼ਾਦ ਕਰਵਾ ਕੇ ਪ੍ਰਬੰਧ ਸੰਗਤਾਂ ਦੇ ਹੱਥ ਸੌਂਪਿਆ। ਇਹਨਾਂ ਸਾਰੇ ਮੋਰਚਿਆਂ ਨੇ ਅੱਗੇ ਜਾ ਕੇ ਜਨਤਕ ਅੰਦੋਲਨਾਂ ਦਾ ਰਾਹ ਖੋਲਿਆ।



ਇਹਨਾਂ ਮੋਰਚਿਆਂ ਵਿੱਚ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਘੁੱਕੇਵਾਲੀ, ਸੰਹਿਸਰਾਂ ਆਦਿ ਦੇ ਵਿਚਕਾਰ ਸਥਿਤ ਗੁਰਦੁਆਰਾ 'ਗੁਰੂ ਕਾ ਬਾਗ' ਮੋਰਚਾ ਅਕਾਲੀ ਲਹਿਰ ਦਾ ਮਹੱਤਵਪੂਰਨ ਮੋਰਚਾ ਹੈ। ਅੰਮ੍ਰਿਤਸਰ ਤੋਂ 13 ਕੁ ਮੀਲ ਦੀ ਦੂਰੀ 'ਤੇ ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਸਥਾਪਿਤ ਹਨ। ਇਹਨਾਂ ਗੁਰਧਾਮਾਂ ਦੇ ਨਾਉਂ ਕਾਫ਼ੀ ਜ਼ਮੀਨ ਸੀ, ਮਹੰਤ ਸੁੰਦਰ ਦਾਸ ਦਾ ਕਬਜਾ ਸੀ। ਜੋ ਇੱਕ ਦੁਰਾਚਾਰੀ ਅਤੇ ਅਯੈਸੀ ਸੀ। ਉਸ ਨੂੰ ਅੰਗਰੇਜਾਂ ਵੱਲੋਂ ਸਿੱਖਾਂ ਦੇ ਵਿਰੁੱਧ ਵਰਤਿਆ ਜਾ ਰਿਹਾ ਸੀ। ਮਹੰਤਾਂ ਨਾਲ ਸਰਕਾਰੀ ਮਿਲੀਭੁਗਤ ਨਾਲ ਹੀ 20 ਫਰਵਰੀ 1921 ਈ. ਨੂੰ ਵਾਪਰੇ ਨਨਕਾਣਾਂ ਸਾਹਿਬ ਦੇ ਖੂਨੀ ਸਾਕੇ ਤੋਂ ਬਾਅਦ 8 ਅਗਸਤ 1922 ਈ. ਨੂੰ ਸਾਕਾ ਗੁਰੂ ਦਾ ਬਾਗ ਵਾਪਰਿਆ। ਜੋ ਸਿੱਖ ਕੌਮ ਦੀ ਅੰਗਰੇਜੀ ਸਰਕਾਰ ਦੇ ਵਿਰੁੱਧ ਆਪਣੇ ਧਰਮ ਪ੍ਰਤੀ ਵਿਖਾਈ ਕੁਰਬਾਨੀ ਦੀ ਮੂੰਹੋਂ ਬੋਲਦੀ ਤਸਵੀਰ ਹੈ।

ਇੱਕ ਦਿਨ ਗੁਰੂ ਕਾ ਬਾਗ ਦੀ ਜ਼ਮੀਨ ਤੋਂ ਲੰਗਰਾਂ ਦੀ ਸੇਵਾ ਵਾਸਤੇ ਬਾਲਣ ਲੈਣ ਗਏ ਪੰਜ ਸਿੰਘਾਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸਿੰਘਾਂ ਨੂੰ 6 ਮਹੀਨੇ ਦੀ ਕੈਦ ਅਤੇ ਜ਼ੁਰਮਾਨਾ ਕਰ ਦਿੱਤਾ। ਇਸ ਘਟਨਾਂ ਦੇ ਨਾਲ ਹੀ ਮੋਰਚਾ 'ਗੁਰੂ ਕਾ ਬਾਗ' ਆਰੰਭ ਹੋਇਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੁਰ ਅਮਨ ਸੰਘਰਸ਼ ਕਰਨ ਲਈ, ਸਿੱਖ ਸੰਗਤਾਂ ਨੂੰ ਅਪੀਲ ਕੀਤੀ ਗਈ। ਰੋਸ ਵਜੋਂ 5 ਸਿੰਘਾਂ ਦਾ ਜਥਾ ਗ੍ਰਿਫਤਾਰੀ ਲਈ ਭੇਜਿਆ ਜਾਣ ਲੱਗਿਆ, ਜਿਸ ਨੂੰ ਪੁਲਿਸ ਫੜ ਕੇ ਦੂਰ ਦੁਰਾਡੇ ਛੱਡ ਆਉਂਦੀ ਸੀ, ਜਦੋਂ ਗ੍ਰਿਫਤਾਰੀਆਂ ਦੀ ਗਿਣਤੀ ਵੱਧਦੀ ਗਈ, ਤਾਂ ਪੁਲਿਸ ਦੀ ਸਖਤੀ ਵੀ ਵਧਦੀ ਗਈ। ਫਿਰ 31 ਅਗਸਤ 1922 ਨੂੰ 200 ਅਕਾਲੀਆਂ ਦਾ ਜਥਾ ਅੰਮ੍ਰਿਤਸਰ ਤੋਂ ਗੁਰੂ ਕਾ ਬਾਗ ਭੇਜਿਆ ਗਿਆ। ਪਿੰਡ ਸੰਹਿਸਰਾ , ਘੁਕੇਵਾਲੀ, ਲਸਕਰੀ, ਨੰਗਲ, ਜਗਦੇਵ ਕਲਾਂ ਵਿੱਚ ਸਿੱਖਾਂ ਦਾ ਕਾਫੀ ਕੁੱਟਮਾਰ ਕੀਤੀ ਗਈ। ਭੇਜੇ ਜਾ ਰਹੇ ਜਥਿਆਂ ਦੀ ਵੀ ਕੁਟਮਾਰ ਹੋਈ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸੇਵਾ ਵਿੱਚ ਬੈਠੇ ਸਿੰਘਾਂ ਨੂੰ ਕੇਸਾਂ ਤੋਂ ਧਰੂਅ ਕੇ ਬਾਹਰ ਸੁੱਟਿਆ। ਬੰਦੂਕਾਂ ਦੇ ਦਸਤੇ ਅਤੇ ਡਾਗਾਂ ਨਾਲ ਵੀ ਭਾਰੀ ਕੁੱਟਮਾਰ ਕੀਤੀ ਗਈ। ਮੁੱਖ ਆਗੂਆਂ ਦੀ ਗ੍ਰਿਫ਼ਤਾਰੀ ਦੇ ਵੀ ਸੰਮਨ ਜਾਰੀ ਹੋ ਗਏ। ਅੰਮ੍ਰਿਤਸਰ ਤੋਂ ਪਹਿਲਾਂ 50 ਦਾ ਜਥਾ ਫਿਰ 100 ਦਾ ਜਥਾ ਭੇਜਿਆ ਜਾਣ ਲਗਿਆ। ਰੋਜ਼ਾਨਾ ਤੁਰਨ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸਾ ਸੋਧ ਕੇ ਸ਼ਾਂਤਮਈ ਗੁਰੂ ਕਾ ਬਾਗ ਮੋਰਚੇ ਲਈ ਕੁਰਬਾਨੀਆਂ ਦੇਣ ਲੱਗੇ। ਪੁਲਿਸ ਉਹਨਾਂ ਨੂੰ ਰੋਕਦੀ ਪਰ ਉਹ ਰੱਬ ਦੇ ਭਾਣੇ ਵਿੱਚ ਰਹਿ ਕੇ ਜਾਪ ਕਰਦੇ ਅੱਗੇ ਵਧੀ ਜਾਂਦੇ। ਪੁਲਿਸ ਉਹਨਾਂ 'ਤੇ ਲਾਠੀਆਂ ਵਰਸਾਉਂਦੀ। ਇਹ ਸਾਰਾ ਤਸ਼ੱਦਦ ਤਨ 'ਤੇ ਹੰਡਾਉਂਦੇ ਹੋਏ ਫੱਟੜ ਹੋ ਕੇ ਡਿੱਗ ਜਾਂਦੇ। ਹੌਂਸਲਾ ਕਰਕੇ ਫਿਰ ਉਠਦੇ , ਮਾਰ ਖਾਣ ਲਈ ਛਾਤੀਆ ਤਾਣ ਦਿੰਦੇ। ਪੁਲਿਸ ਨੇ ਡਾਗਾਂ ਨਾਲ ਹੀ ਬੱਸ ਨਹੀਂ ਕੀਤੀ, ਸਗੋਂ ਫੱਟੜ ਹੋ ਕੇ ਡਿੱਗੇ ਪਏ ਸਿੰਘਾਂ 'ਤੇ ਘੋੜੇ ਵੀ ਦੁੜਾਏ ਜਾਣ ਲੱਗੇ।

ਸੰਸਾਰ ਭਰ ਵਿੱਚ ਸਿੰਘਾਂ ਦੇ ਸਬਰ ਅਤੇ ਸ਼ਾਂਤਮਈ ਵਿਰੋਧ ਦੇ ਚਰਚੇ ਹੋਣ ਲੱਗੇ। ਅੰਗਰੇਜੀ ਹਕੂਮਤ ਦੇ ਵਹਿਸ਼ੀਪੁਣੇ ਅਣਮਨੁੱਖੀ ਤਸ਼ਦਦ ਦੀ ਘੋਰ ਨਿਖੇਧੀ ਹੋਣ ਲੱਗੀ। ਭਾਰੀ ਗਿਣਤੀ ਵਿੱਚ ਜਨਤਾ ਅਤੇ ਨੇਤਾ ਗੁਰੂ ਕੇ ਬਾਗ ਪਹੁੰਚਣ ਲੱਗੇ, ਜਿਹਨਾਂ ਵਿੱਚ ਮਦਨ ਮੋਹਨ ਮਾਲਵੀਆ, ਜੋਗਿੰਦਰ ਸਿੰਘ, ਸੁੰਦਰ ਸਿੰਘ ਮਜੀਠੀਆ, ਹਰਬੰਸ ਸਿੰਘ ਅਟਾਰੀ, ਲਾਲਾ ਦੁਨੀ ਚੰਦ, ਮਲਕ ਲਾਲ ਖਾਨ, ਸਯਦ ਅਤਾਉਲਾ ਸ਼ਾਹ, ਪ੍ਰੋ ਰੁੱਚੀ ਰਾਮ ਸਾਹਨੀ, ਹਕੀਮ ਅਜਮਲ ਖਾਂ, ਸਵਾਮੀ ਸ਼ਰਧਾ ਨੰਦ, ਡਾ. ਅਨਸਾਰੀ, ਭਾਈ ਜੋਧ ਸਿੰਘ, ਸੀ.ਐਫ. ਐਨਡਰੀਉ, ਸ਼ੰਕਰ ਅਚਾਰੀਆ, ਪੰਡਿਤ ਮੋਤੀ ਲਾਲ ਨਹਿਰੂ, ਸਰੋਜਨੀ ਨਾਉਡੋ ਆਦਿ ਤੋਂ ਇਲਾਵਾ ਅਖਬਾਰ ਨਵੀਸ ਸਨ। ਸਭ ਨੇ ਅੰਗਰਜੀ ਹਕੂਮਤ ਦੀ ਇਸ ਕਾਰਵਾਈ ਦੀ ਘੋਰ ਨਿਖੇਧੀ ਕੀਤੀ। ਸਿੰਘਾਂ ਨੇ ਜਿਸ ਦ੍ਰਿੜਤਾ ਅਤੇ ਸਬਰ ਨਾਲ ਅਕਹਿ ਮੁਸੀਬਤਾਂ ਦਾ ਸਾਹਮਣਾ ਕੀਤਾ ਅਤੇ ਅਤਿ ਦੇ ਤਸਦਦ ਸਾਹਮਣੇ ਹੱਥ ਨਹੀਂ ਚੁੱਕੇ, ਸੀਅ ਨਾ ਕੀਤੀ। ਇਕ ਇਕ ਅਦੁੱਤੀ ਮਿਸਾਲ ਕਾਇਮ ਕੀਤੀ।

ਸੀ.ਐਫ. ਐਨਡਰੀਉ ਨੇ ਇੱਕ ਮਸੀਹਾ ਸੂਲੀ ਚੜਦੇ ਸੁਣਿਆ ਸੀ। ਅੱਖਾਂ ਸਾਹਮਣੇ ਸੈਂਕੜੇ ਤਸੀਹੇ ਝੱਲ ਰਹੇ ਲੋਕਾਂ ਨੂੰ ਵੇਖ ਕੇ ਰੋ ਪਿਆ। ਉਸਨੇ ਅਖਬਾਰਾਂ ਨੂੰ ਰਿਪੋਰਟ ਭੇਜੀ ਕਿ ਇਹ ਅੰਗਰੇਜੀ ਸਰਕਾਰ ਦਾ ਅਣਮਨੁੱਖ ਤਸ਼ੱਦਦ ਹੈ। ਇਹ ਇੱਕ ਹਿਰਦੇਵੇਦਕ ਘਟਨਾ ਹੈ ਜੋ ਇੱਕ ਅੰਗਰੇਜ ਤੋਂ ਵੀ ਨਹੀਂ ਵੇਖੀ ਜਾ ਸਕੀ। ਰੱਬ ਅਜਿਹਾ ਸਮਾਂ ਕਿਸੇ ਨੂੰ ਵੀ ਨਾ ਵਿਖਾਵੇ। ਅੰਗਰੇਜੀ ਫ਼ਿਲਮਸਾਜ ਏ.ਐਲ., ਵਰਗਸ ਨੇ ਇਸ ਦਰਦਨਾਕ ਦ੍ਰਿਸ਼ ਦੀ ਫ਼ਿਲਮ ਵੀ ਬਣਾਈ। ਸਰ ਐਡਵਰਡ ਮੈਕਾਲਿਫ਼ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਗੁਰੂ ਕਾ ਬਾਗ ਦਾ ਦੌਰਾ ਕੀਤਾ। ਉਸ ਦੇ ਦਖਲ ਨਾਲ ਸਿੰਘਾਂ 'ਤੇ ਡਾਗਾਂ ਵਰਨੀਆਂ ਤਾਂ ਬੰਦ ਹੋ ਗਈਆਂ ਪਰ ਗ੍ਰਿਫਤਾਰੀਆ ਦਾ ਦੌਰ 17 ਨਵੰਬਰ 1922 ਤਕ ਚਲਿਆ। ਅਕਤੂਬਰ ਦੇ ਪਹਿਲੇ ਹਫ਼ਤੇ ਗਵਰਨਰ ਜਨਰਲ ਲਾਰਡ ਗੀਡਿੰਗ ਨੇ ਪੰਜਾਬ ਦੇ ਗਵਰਨਰ ਨਾਲ ਇਸ ਮਸਲੇ ਦੇ ਹਲ ਲਈ ਗਲਬਾਤ ਕੀਤੀ। ਅਖੀਰ ਪੰਜਾਬ ਸਰਕਾਰ ਨੇ ਮਹੰਤ ਸੁੰਦਰ ਦਾਸ ਵੱਲੋਂ ਗੁਰਦੁਆਰਾ ਜ਼ਮੀਨ ਦਾ ਠੇਕਾ ਰਾਇ ਬਹਾਦਰ ਗੰਗਾ ਰਾਮ ਨੂੰ ਦਿਵਾ ਕੇ ਜ਼ਮੀਨ ਦਾ ਜ਼ੁੰਮਾਂ ਸੰਗਤਾਂ ਨੂੰ ਮਿਲ ਗਿਆ। ਅੰਤ 17 ਨਵੰਬਰ 1922 ਨੂੰ ਸਿੰਘ ਰਿਹਾਅ ਹੋ ਗਏ ਤੇ ਮੋਰਚਾ ਸਫਲ ਹੋਇਆ। ਇਸ ਸ਼ਾਂਤਮਈ ਮੋਰਚੇ ਵਿੱਚ 839 ਸਿੰਘ ਜ਼ਖਮੀ ਅਤੇ 5605 ਸਿੰਘ ਗ੍ਰਿਫਤਾਰ ਹੋਏ ਸਨ। ਜਿਹਨਾਂ ਵਿੱਚ ਕਰੀਬ 35 ਸ਼੍ਰੋਮਣੀ ਕਮੇਟੀ ਮੈਂਬਰ ਅਤੇ 200 ਫੌਜੀ ਫੈਨ ਸ਼ਨੀਏ ਸਨ। ਇਸ ਮੋਰਚੇ ਨਾਲ ਗੁਰਦੁਆਰਾ ਸੁਧਾਰ ਨੂੰ ਬੜਾ ਬਲ ਮਿਲਿਆ। ਸਿੰਘਾਂ ਦੇ ਸਿਦਕ ਤੇ ਬਹਾਦਰੀ ਤੇ ਲੋਕਾਂ ਨੇ ਮਾਣ ਕੀਤਾ। ਸੂਰਬੀਰ ਸਿੰਘਾਂ ਨੇ ਅੰਗਰੇਜ਼ੀ ਪੁਲਿਸ ਦੇ ਅਣਮਨੁੱਖੀ ਤਸ਼ੱਦਦ ਨੂੰ ਸਹਿਣਸ਼ੀਲਤਾ, ਹੱਠ , ਤਿਆਗ ਦਾ ਸਬੂਤ ਦਿੰਦੇ ਹੋਏ ਆਪਣੇ ਤਨ 'ਤੇ ਜਰਿਆ। ਗੁਰਧਾਮਾਂ ਦੀ ਸ਼ਾਨ ਬਰਕਰਾਰ ਰੱਖਣ ਲਈ ਆਪਣੇ ਵਿਰਸੇ ਨੂੰ ਸੁਰਜੀਤ ਕੀਤਾ। ਮੋਰਚੇ ਦੀ ਜਿੱਤ ਨਾਲ ਜਨਤਕ ਲਹਿਰਾ ਲਈ ਰਾਹ ਪੱਧਰਾ ਹੋ ਗਿਆ। ਲੋਕਾਂ ਵਿੱਚ ਜਨਤਕ ਤੌਰ 'ਤੇ ਇਨਕਲਾਬੀ ਉਤਸ਼ਾਹ ਆਇਆ ਕਿਉਂਕਿ ਇਹ ਮੋਰਚਾ ਸਿੱਧਾ ਹੀ ਅੰਗਰੇਜੀ ਹਕੂਮਤ ਦੇ ਖ਼ਿਲਾਫ਼ ਸੀ। ਇਸ ਮੋਰਚੇ ਨੇ ਚੜ੍ਹਦੀ ਕਲਾ, ਸਰਬੱਤ ਦਾ ਭਲਾ ਦੇ ਸਿਧਾਂਤ ਨੂੰ ਪ੍ਰਦੂਲਿਤ ਕੀਤਾ। ਉਸ ਸਮੇਂ ਦੇ ਸਿੱਖ ਆਚਰਣ ਵਿੱਚ ਪ੍ਰਦਰਸ਼ਤ ਗੁਣਾਂ ਨੂੰ ਅਪਨਾਉਣ ਦੀ ਪ੍ਰੇਣਾ ਮਿਲਦੀ ਹੈ। ਇਹ ਇੱਕ ਗੌਰਵਮਈ ਸਫਲ ਇਤਿਹਾਸਿਕ ਮੋਰਚਾ ਹੋ ਨਿਬੜਿਆ।






# ਆਲਮੀ ਤਪਸ਼ ਖ਼ਿਲਾਫ਼ ਜੰਗ



-ਡਾ. ਇਕਬਾਲ ਸਿੰਘ ਸਕਰੌਦੀ

ਜਿਸ ਤਰ੍ਹਾਂ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਹਰ ਸਾਲ ਸਾਵਣ ਭਾਦੋਂ ਦੇ ਮਹੀਨੇ ਆਰੰਭ ਹੁੰਦਿਆਂ ਹੀ ਪੰਜਾਬ ਸਰਕਾਰ ਦੇ ਮੰਤਰੀਆਂ, ਵਿਧਾਇਕਾਂ, ਵੱਖ-ਵੱਖ ਅਦਾਰਿਆਂ ਦੇ ਚੇਅਰਮੈਨਾਂ, ਸਮਾਜਿਕ, ਧਾਰਮਿਕ, ਸੱਭਿਆਚਾਰਕ, ਸਰਕਾਰੀ , ਅਰਧ ਸਰਕਾਰੀ ਅਤੇ ਪ੍ਰਾਈਵੇਟ ਸੰਸਥਾਵਾਂ, ਵੱਖ-ਵੱਖ ਬੈਂਕਾਂ ਦੇ ਉੱਚ ਅਧਿਕਾਰੀਆਂ, ਸੀਨੀਅਰ ਸਿਟੀਜ਼ਨ ਸੁਸਾਇਟੀਆਂ, ਸ਼ਹਿਰਾਂ, ਕਸਬਿਆਂ, ਪਿੰਡਾਂ ਵਿਚਲੇ ਖੇਡ ਕਲੱਬਾਂ, ਯੂਥ ਕਲੱਬਾਂ, ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਧੜਾਧੜ ਨਵੇਂ ਬੂਟੇ ਲਾਉਣ ਦੀਆਂ ਖ਼ਬਰਾਂ ਸੋਸ਼ਲ ਮੀਡੀਆ, ਪ੍ਰਿੰਟ ਮੀਡੀਆ, ਟੀਵੀ ਚੈਨਲਾਂ 'ਤੇ ਬਹੁਤ ਹੀ ਜ਼ੋਰ-ਸ਼ੋਰ ਨਾਲ ਦੇਖਣ ਨੂੰ ਮਿਲਦੀਆਂ ਹਨ।

ਇਸ ਨਾਲ ਆਮ ਜਨਤਾ ਨੂੰ ਤਾਂ ਇਕ ਵਾਰ ਇਹ ਭੁਲੇਖਾ ਪੈ ਜਾਂਦਾ ਹੈ ਕਿ ਆਉਣ ਵਾਲ ਕੁਝ ਮਹੀਨਿਆਂ ਵਿਚ ਸਾਡੀ ਇਹ ਪੰਜਾਬ ਦੀ ਉਪਜਾਊ ਧਰਤੀ ਪੂਰੀ ਤਰ੍ਹਾਂ ਹਰਿਆਵਲ ਨਾਲ ਢਕੀ ਜਾਵੇਗੀ ਅਤੇ ਅਗਲੇ ਸਾਲ ਸੌਣ ਭਾਦੋਂ ਦੇ ਮਹੀਨਿਆਂ ਵਿਚ ਹੋਰ ਨਵੇਂ ਬੂਟੇ ਲਾਉਣ ਲਈ ਕੋਈ ਵੀ ਥਾਂ ਬਾਕੀ ਨਹੀਂ ਰਹੇਗੀ।

ਪਰੰਤੂ ਜੇਕਰ ਨਵੇਂ ਬੂਟੇ ਲਾਉਣ ਦੀ ਦਿਸ਼ਾ ਵਿੱਚ ਇਹ ਸਭ ਕੁਝ ਅਮਲੀ ਰੂਪ ਵਿੱਚ ਕੀਤਾ ਗਿਆ ਹੁੰਦਾ ਤਾਂ ਪੰਜਾਬ ਦੀ ਇਹ ਰੰਗਲੀ ਧਰਤੀ ਅੱਜ ਤੋਂ ਕਈ ਸਾਲ ਪਹਿਲਾਂ ਸੱਚਮੁੱਚ ਹੀ ਹਰੀ ਭਰੀ ਹੋ ਜਾਣੀ ਸੀ। ਪਰ ਅਜਿਹਾ ਕੁਝ ਵੀ ਨਹੀਂ ਹੋ ਸਕਿਆ। ਇਸ ਦਾ ਕਾਰਨ ਬਿਲਕੁਲ ਸਾਫ਼ ਅਤੇ ਸਪੱਸ਼ਟ ਹੈ ਕਿ ਉਪਰੋਕਤ ਸਾਰੀਆਂ ਸੰਸਥਾਵਾਂ ਵੱਲੋਂ ਹਰ ਸਾਲ ਨਵੇਂ ਬੂਟੇ ਲਾਉਣ ਦਾ ਕੀਤਾ ਜਾ ਰਿਹਾ ਪ੍ਰਚਾਰ ਕੇਵਲ ਵਾਹਵਾ ਖੱਟਣ ਲਈ, ਤਸਵੀਰਾਂ ਖਿਚਵਾਉਣ ਲਈ, ਫੇਸਬੁੱਕ 'ਤੇ ਪਾਉਣ ਲਈ ਤੇ ਝੂਠੀ ਸ਼ਾਨ ਬਣਾਉਣ ਲਈ ਹੀ ਕੀਤਾ ਜਾਂਦਾ ਰਿਹਾ ਹੈ।

ਅਜਿਹਾ ਕਰਕੇ ਉਹ ਕੇਵਲ ਆਉਣ ਵਾਲੀਆਂ ਪੀੜ੍ਹੀਆਂ ਦਾ ਹੀ ਨੁਕਸਾਨ ਨਹੀਂ ਕਰ ਰਹੇ, ਸਗੋਂ ਆਪਣੇ ਲਈ ਵੀ ਇੱਕ ਅਜਿਹਾ ਪ੍ਰਦੂਸ਼ਿਤ ਵਾਤਾਵਰਨ ਬਣਾਉਣ ਦੇ ਰਾਹ ਪਏ ਹੋਏ ਹਨ ਜਿਸ ਵਿੱਚ ਉਨ੍ਹਾਂ ਨੇ ਖ਼ੁਦ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਵੀ ਸਾਹ ਲੈਣਾ ਹੈ। ਆਉਣ ਵਾਲੇ ਸਮੇਂ ਵਿੱਚ ਅਜਿਹੀ ਸਥਿਤੀ ਸਾਡੇ ਸਾਰਿਆਂ ਲਈ ਬਹੁਤ ਹੀ ਤਬਾਹਕੁੰਨ ਅਤੇ ਖ਼ਤਰਨਾਕ ਸਿੱਧ ਹੋਣ ਵਾਲੀ ਹੈ। ਜੇਕਰ ਪੰਜਾਬ ਸਰਕਾਰ, ਹੋਰ ਸਰਕਾਰੀ ਅਤੇ ਗ਼ੈਰ ਸਰਕਾਰੀ ਅਦਾਰੇ ਸਹੀ ਅਰਥਾਂ ਵਿੱਚ ਪੰਜਾਬ ਦੀ ਧਰਤੀ ਨੂੰ ਸੋਹਣੀ ਅਤੇ ਹਰੀ ਭਰੀ ਬਣਾਉਣਾ ਚਾਹੁੰਦੇ ਹਨ ਜਾਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਕੁਝ ਚੰਗਾ ਕਰਨਾ ਚਾਹੁੰਦੇ ਹਨ ਤਾਂ ਇਸ ਖੇਤਰ ਵਿਚ ਝੂਠਾ ਲੋਕ ਦਿਖਾਵਾ ਛੱਡ ਕੇ ਅਮਲੀ ਰੂਪ ਵਿਚ ਕੰਮ ਕਰਨ ਦੀ ਲੋੜ ਹੈ ਤੇ ਇਕ ਤਰ੍ਹਾਂ ਜੰਗ ਲੜਨ ਦੀ ਲੋੜ ਹੈ। ਇਸ ਲਈ ਜ਼ਰੂਰੀ ਹੈ ਕਿ ਜਦੋਂ ਵੀ ਸਰਕਾਰੀ, ਅਰਧ ਸਰਕਾਰੀ, ਗ਼ੈਰ ਸਰਕਾਰੀ ਸੰਸਥਾਵਾਂ ਵੱਲੋਂ ਨਵੇਂ ਬੂਟੇ ਲਗਾਏ ਜਾਣ ਦਾ ਪ੍ਰੋਗਰਾਮ ਉਲੀਕਿਆ ਜਾਵੇ ਤਾਂ ਬਾਕਾਇਦਾ ਉਸ ਸਥਾਨ ਦਾ ਨਾਂ, ਲਗਾਏ ਗਏ ਨਵੇਂ ਬੂਟਿਆਂ ਦੀ ਗਿਣਤੀ, ਕਿਹੜੀ-ਕਿਹੜੀ ਕਿਸਮ ਦੇ ਕਿੰਨੇ ਬੂਟੇ ਲਗਾਏ ਗਏ, ਬੂਟੇ ਕਿੰਨੇ-ਕਿੰਨੇ ਫ਼ਾਸਲੇ ਉੱਤੇ ਲਗਾਏ ਗਏ, ਬੂਟਿਆਂ ਨੂੰ ਆਵਾਰਾ ਪਸ਼ੂਆਂ ਤੋਂ ਬਚਾਉਣ ਦਾ ਕੀ ਪ੍ਰਬੰਧ ਕੀਤਾ ਗਿਆ ਹੈ, ਬੂਟਿਆਂ ਨੂੰ ਕਿੰਨੇ ਸਮੇਂ ਬਾਅਦ ਪਾਣੀ ਦੇਣਾ ਹੈ, ਕਿੰਨਾ ਪਾਣੀ ਦੇਣਾ ਹੈ, ਪਾਣੀ ਕਿਸ ਨੇ ਦੇਣਾ ਹੈ ਆਦਿ ਦਾ ਬਿਉਰਾ ਲਿਖ਼ਤੀ ਰੂਪ ਵਿੱਚ ਰੱਖਿਆ ਜਾਵੇ।

ਹੋਰ ਵੀ ਵਧੇਰੇ ਚੰਗਾ ਹੋਵੇ, ਜੇਕਰ ਬੂਟਿਆਂ ਦੀ ਸਾਂਭ-ਸੰਭਾਲ ਅਤੇ ਹਿਸਾਬ ਕਿਤਾਬ ਰੱਖਣ ਲਈ ਇੱਕ ਵੱਖਰਾ ਵਿੰਗ ਸਥਾਪਤ ਕਰ ਲਿਆ ਜਾਵੇ, ਜੋ ਕਿ ਮਾਣਯੋਗ ਡਿਪਟੀ ਕਮਿਸ਼ਨਰ ਜੀ ਦੇ ਅਧੀਨ ਹੋਵੇ। ਪਿੰਡਾਂ ਦੀਆਂ ਪੰਚਾਇਤਾਂ, ਨਗਰ ਕੌਂਸਲ ਦੇ ਐੱਮਸੀ ਅਤੇ ਉਨ੍ਹਾਂ ਪਤਵੰਤੇ ਸੱਜਣਾਂ ਨੂੰ ਸੇਵਾ ਦਾ ਇਹ ਕਾਰਜ ਸੌਂਪਿਆ ਜਾਣਾ ਚਾਹੀਦਾ ਹੈ, ਜਿਹੜੇ ਇਸ ਖੇਤਰ ਵਿੱਚ ਆਪਣੀ ਦਿਲਚਸਪੀ ਨਾਲ ਆਉਣਾ ਚਾਹੁੰਦੇ ਹੋਣ। ਇਸੇ ਤਰ੍ਹਾਂ ਵਿੱਦਿਅਕ ਸੰਸਥਾਵਾਂ ਵਿੱਚ ਲਗਾਏ ਜਾਣ ਵਾਲੇ ਹਰ ਨਵੇਂ ਬੂਟੇ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਉਸ ਸੰਸਥਾ ਵਿੱਚ ਪੜ੍ਹਦੇ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤੀ ਜਾਵੇ, ਜੋ ਬੂਟਿਆਂ ਨੂੰ ਦਿਲੋਂ ਪਿਆਰ ਕਰਦੇ ਹੋਣ। ਵਿਦਿਆਰਥੀ ਵੱਲੋਂ ਨਵੇਂ ਬੂਟੇ ਦੀ ਕੀਤੀ ਗਈ ਸਾਂਭ-ਸੰਭਾਲ ਉਪਰੰਤ ਜਦੋਂ ਬੂਟਾ ਪਲ ਜਾਵੇ ਤਾਂ ਇੱਕ ਸਾਲ ਬਾਅਦ ਉਸ ਵਿਦਿਆਰਥੀ ਨੂੰ ਵਿਸ਼ੇਸ਼ ਸਮਾਗਮ ਦੌਰਾਨ ਸਨਮਾਨ ਚਿੰਨ੍ਹ ਭੇਟ ਕੀਤਾ ਜਾਵੇ ।

ਅਧਿਆਪਕਾਂ ਨੂੰ ਸਟੇਟ ਐਵਾਰਡ, ਨੈਸ਼ਨਲ ਐਵਾਰਡ ਦਿੰਦੇ ਸਮੇਂ ਵੀ ਉਸ ਅਧਿਆਪਕ ਵੱਲੋਂ ਨਵੇਂ ਪੌਦਿਆਂ ਦੀ ਕੀਤੀ ਸਾਂਭ-ਸੰਭਾਲ ਨੂੰ ਜ਼ਰੂਰ ਧਿਆਨ ਵਿੱਚ ਰੱਖਿਆ ਜਾਵੇ। ਨਵੀਆਂ ਬਣ ਰਹੀਆਂ ਫਿਲਮਾਂ, ਡਾਕੂਮੈਂਟਰੀਆਂ, ਨਾਟਕਾਂ, ਇਕਾਂਗੀਆਂ ਵਿੱਚ ਇਸ ਪ੍ਰਕਾਰ ਦਾ ਮਾਹੌਲ ਸਿਰਜਿਆ ਜਾਵੇ ਕਿ ਆਮ ਜਨਤਾ ਖ਼ੁਦ-ਬ-ਖ਼ੁਦ ਇਸ ਹਰਿਆਵਲ ਲਹਿਰ ਦਾ ਹਿੱਸਾ ਬਣ ਜਾਵੇ। ਹਰਿਆਵਲ ਲਹਿਰ ਨੂੰ ਉਤਸ਼ਾਹਿਤ ਕਰਨ ਵਾਲੇ ਲੇਖਕਾਂ ਨੂੰ ਯੋਗ ਸਤਿਕਾਰ ਅਤੇ ਸਨਮਾਨ ਦਿੱਤਾ ਜਾਵੇ। ਸੋਸ਼ਲ ਮੀਡੀਆ, ਪ੍ਰਿੰਟ ਮੀਡੀਆ ਅਤੇ ਟੀਵੀ ਚੈਨਲਾਂ 'ਤੇ ਵੀ ਇਸ ਸਬੰਧੀ ਪ੍ਰਚਾਰ ਕੀਤਾ ਜਾਵੇ। ਅਜਿਹੇ ਕੰਮ ਕਰ ਕੇ ਹੀ ਸਹੀ ਅਰਥਾਂ ਵਿਚ ਪੰਜਾਬ ਨੂੰ ਹਰਿਆ-ਭਰਿਆ ਬਣਾਇਆ ਜਾ ਸਕਦਾ ਹੈ।





# ਕੁਦਰਤੀ ਸੋਮਿਆਂ ਦੀ ਸੰਭਾਲ



ਸੰਜੀਵ ਸਿੰਘ ਸੈਣੀ

ਕੁਦਰਤ ਅਸੀਮ ਸੁੰਦਰਤਾ ਨਾਲ ਭਰਪੂਰ ਹੈ। ਧਰਤੀ ਦੇ ਹਰ ਜੀਵ ਦਾ ਇਸ 'ਤੇ ਪੂਰਾ ਹੱਕ ਹੈ। ਹਰ ਜੀਵ ਆਜ਼ਾਦੀ ਨਾਲ ਆਪਣੀ ਜ਼ਿੰਦਗੀ ਬਸਰ ਕਰ ਸਕਦਾ ਹੈ। ਪਰ ਪਿਛਲੇ ਕੁਝ ਸਾਲਾਂ ਤੋਂ ਦੇਖਣ 'ਚ ਆ ਰਿਹਾ ਹੈ ਕਿ ਮਨੁੱਖ ਦੇ ਲਾਲਚ ਕਾਰਨ ਜੀਵ-ਜੰਤੂ ਬਹੁਤ ਪ੍ਰਭਾਵਿਤ ਹੋ ਰਹੇ ਹਨ। ਪੈਸੇ ਦੀ ਦੌੜ ਬਹੁਤ ਵਧ ਗਈ ਹੈ।

ਮਨੁੱਖ ਨੇ ਆਪਣੇ ਨਿੱਜੀ ਹਿੱਤਾਂ ਲਈ ਕੁਦਰਤ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ। ਮਨੁੱਖ ਦੀ ਹਉਮੈ ਤੇ ਲਾਲਚ ਨੇ ਕਈ ਜੀਵ-ਜੰਤੂਆਂ ਦੀਆਂ ਨਸਲਾਂ ਨੂੰ ਵੀ ਖ਼ਤਮ ਕਰ ਦਿੱਤਾ ਹੈ। ਕੁਦਰਤ ਪ੍ਰਤੀ ਹਰ ਕੋਈ ਲਾਪਰਵਾਹ ਹੈ। ਹਰ ਸਾਲ ਖੇਤਾਂ ਵਿਚ ਨਾੜ ਨੂੰ ਅੱਗ ਲਗਾਈ ਜਾ ਰਹੀ ਹੈ। ਅੱਗ ਇਵੇਂ ਲਗਾਈ ਜਾਂਦੀ ਹੈ ਕਿ ਖੇਤਾਂ ਵਿੱਚ ਮੌਜੂਦ ਹਰੇ-ਭਰੇ ਰੁੱਖ ਵੀ ਸੜ ਕੇ ਸੁਆਹ ਹੋ ਜਾਂਦੇ ਹਨ। ਰੁੱਖਾਂ 'ਤੇ ਪੰਛੀਆਂ ਦੇ ਆਲ੍ਹਣੇ ਹੁੰਦੇ ਹਨ, ਉਹ ਵੀ ਨਾਲ ਹੀ ਸੜ ਜਾਂਦੇ ਹਨ ਜਿਸ ਕਾਰਨ ਉਸ 'ਚ ਰਹਿੰਦੇ ਪੰਛੀਆਂ ਦੇ ਬੱਚੇ ਵੀ ਮਰ ਜਾਂਦੇ ਹਨ।

ਹੋਰ ਪਤਾ ਨਹੀਂ ਕਿੰਨੇ ਕੁ ਜੀਵ ਇਸ ਅੱਗ ਦਾ ਸ਼ਿਕਾਰ ਬਣਦੇ ਹਨ। ਇਸ ਅੱਗ ਦੇ ਧੂੰਏਂ ਨਾਲ ਸੜਕਾਂ 'ਤੇ ਰਾਹਗੀਰਾਂ ਨੂੰ ਵੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਲੋਕ ਹਾਦਸਿਆਂ ਦੇ ਸ਼ਿਕਾਰ ਹੋ ਜਾਂਦੇ ਹਨ। ਇਸ ਦਾ ਜ਼ਿੰਮੇਵਾਰ ਕੌਣ ਹੈ ? ਇਹ ਵਿਚਾਰ ਕਰਨ ਵਾਲੀ ਗੱਲ ਹੈ। ਇਨਸਾਨ ਦੀ ਦਖ਼ਲਅੰਦਾਜ਼ੀ ਕਰਕੇ ਅੱਜ ਵੱਡੇ-ਵੱਡੇ ਜੰਗਲ ਤੱਕ ਖ਼ਤਮ ਹੋ ਗਏ ਹਨ। ਜਨਸੰਖਿਆ ਵਧ ਰਹੀ ਹੈ। ਰੁੱਖ ਕੱਟ ਕੇ ਇਮਾਰਤਾਂ ਉਸਾਰੀਆਂ ਜਾ ਰਹੀਆਂ ਹਨ। ਰੁੱਖਾਂ ਦੀ ਘਟ ਰਹੀ ਗਿਣਤੀ ਪ੍ਰਦੂਸ਼ਣ ਦਾ ਕਾਰਨ ਬਣਦੀ ਹੈ। ਕੁਦਰਤੀ ਸੋਮਿਆਂ ਦੀ ਅੰਨ੍ਹੀ ਲੁੱਟ ਹੋ ਰਹੀ ਹੈ।



ਅੱਜਕੱਲ੍ਹ ਗਰਮੀਆਂ ਦਾ ਤਾਪਮਾਨ 47 ਡਿਗਰੀ ਤੋਂ ਵੱਧ ਹੋ ਚੁੱਕਾ ਹੈ। ਇਸ ਨਾਲ ਜੀਵ-ਜੰਤੂ ਵੀ ਪ੍ਰਭਾਵਿਤ ਹੋ ਰਹੇ ਹਨ। ਵੱਡੇ ਸ਼ਹਿਰਾਂ ਵਿੱਚ ਸਿਰਫ਼ ਇਮਾਰਤਾਂ ਹੀ ਦਿਸਦੀਆਂ ਹਨ। ਕੋਈ ਰੁੱਖ ਨਹੀਂ ਦਿਸਦਾ ਹੈ। ਹਰ ਸਾਲ ਸਮਾਜ ਸੇਵੀ ਸੰਸਥਾਵਾਂ ਵੱਲੋਂ ਬਰਸਾਤ ਦੇ ਮੌਸਮ ਵਿੱਚ ਬੂਟੇ ਲਾਉਣ ਦਾ ਸੁਨੇਹਾ ਦਿੱਤਾ ਜਾਂਦਾ ਹੈ। ਸਿਰਫ਼ ਬੂਟੇ ਲਾਉਣਾ ਸਾਡੀ ਜ਼ਿੰਮੇਵਾਰੀ ਨਹੀਂ ਹੈ। ਸਮੇਂ-ਸਮੇਂ 'ਤੇ ਉਸ ਲਈ ਖਾਦ ਤੇ ਪਾਣੀ ਦਾ ਵੀ ਪ੍ਰਬੰਧ ਕਰਨਾ ਚਾਹੀਦਾ ਹੈ।

ਪਲਾਸਟਿਕ ਨੂੰ ਸ਼ਰੇਆਮ ਸੁੱਟ ਕੇ ਜਲਾਇਆ ਜਾ ਰਿਹਾ ਹੈ। ਪਲਾਸਟਿਕ ਦੇ ਲਿਫ਼ਾਫ਼ੇ ਢੇਰ ਦਾ ਰੂਪ ਧਾਰਨ ਕਰ ਰਹੇ ਹਾਂ। ਜਿਸ ਕਾਰਨ ਜਾਨਵਰ ਇਨ੍ਹਾਂ ਨੂੰ ਖਾ ਕੇ ਬਿਮਾਰ ਹੋ ਰਹੇ ਹਨ। ਅੱਜ ਪੰਜਾਬ ਦੇ ਕਈ ਸ਼ਹਿਰਾਂ ਦਾ ਧਰਤੀ ਹੇਠਲਾ ਪਾਣੀ ਬਹੁਤ ਡੂੰਘਾ ਹੋ ਗਿਆ ਹੈ। ਪਾਣੀ ਦੀ ਦੁਰਵਰਤੋਂ ਲਗਾਤਾਰ ਵਧਦੀ ਜਾ ਰਹੀ ਹੈ। ਜੇ ਇਵੇਂ ਹੀ ਜਾਰੀ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਛੇਤੀ ਹੀ ਪੰਜਾਬ ਰੇਗਿਸਤਾਨ ਬਣ ਜਾਵੇਗਾ। ਪਾਣੀ ਕੁਦਰਤੀ ਸੋਮਾ ਹੈ।

ਇਸ ਨੂੰ ਬਚਾਉਣਾ ਸਾਡੀ ਸਭ ਦੀ ਨੈਤਿਕ ਜ਼ਿੰਮੇਵਾਰੀ ਹੈ। ਅੱਜ ਇਹ ਵੇਲਾ ਸੋਚਣ ਦਾ ਹੈ। ਆਓ ਕੁਦਰਤੀ ਸੋਮਿਆਂ ਦੀ ਸਾਂਭ-ਸੰਭਾਲ ਕਰੀਏ। ਰੁੱਖ ਲਾ ਕੇ ਧਰਤੀ ਨੂੰ ਮੁੜ ਹਰਿਆ ਭਰਿਆ ਰੱਖੀਏ। ਪਾਣੀ ਦੀ ਦੁਰਵਰਤੋਂ ਰੋਕੀਏ।

# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




## FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO

(855)641-6955, (888)795-7035

ਕਹਾਣੀ

ਗੁਲਜ਼ਾਰ ਸਿੰਘ ਸੰਧੂ

# ਘਰ ਜਾ ਆਪਣੇ



ਇਸ ਘਰ ਵਿੱਚ ਪਿਛਲੇ ਚਾਲੀ ਵਰ੍ਹਿਆਂ ਤੋਂ ਕਿਸੇ ਮੁੰਡੇ ਦਾ ਵਿਆਹ ਨਹੀਂ ਸੀ ਹੋਇਆ। ਚਾਲੀ ਕੁ ਵਰ੍ਹੇ ਪਹਿਲਾਂ ਜੀਤੋ ਦੇ ਬਾਪੂ ਦਾ ਵਿਆਹ ਹੋਇਆ ਸੀ ਤੇ ਹੁਣ ਮਸਾਂ-ਮਸਾਂ ਉਸ ਦੇ ਵੀਰ ਦੀ ਉਮਰ ਆਈ ਸੀ, ਵਿਆਹ ਕਰਵਾਉਣ ਦੀ, ਪਰ ਉਹ ਮੰਨਦਾ ਹੀ ਨਹੀਂ ਸੀ। ਜੀਤੋ ਦੇ ਚਾਚੇ-ਚਾਚੀਆਂ, ਮਾਮੇ-ਮਾਮੀਆਂ, ਜੀਤੋ ਦੀਆਂ ਦੂਰੋਂ ਨੇੜਿਉਂ ਲੱਗਦੀਆਂ ਭਾਬੀਆਂ, ਜੀਤੋ ਦੀਆਂ ਆਪਣੀਆਂ ਸਹੇਲੀਆਂ ਜੀਤੋ ਦੇ ਵੀਰ ਨੂੰ ਉਲਾਂਭੇ ਦਿੰਦੀਆਂ ਕਿ ਉਹ ਉਨ੍ਹਾਂ ਨੂੰ ਇਕੱਠੇ ਮਿਲ ਕੇ ਬੈਠਣ ਦਾ ਮੌਕਾ ਨਹੀਂ ਸੀ ਦਿੰਦਾ। ਵਿਆਹ ਇੱਕੋ-ਇੱਕ ਮੌਕਾ ਹੁੰਦਾ ਹੈ ਜਦੋਂ ਇਕੱਠੇ ਹੋ ਕੇ ਬੈਠੀਦਾ ਹੈ, ਪਰ ਜੀਤੋ ਦਾ ਵੀਰ ਸੀ ਕਿ ਮੰਨਣ ਵਿੱਚ ਹੀ ਨਹੀਂ ਸੀ ਆਉਂਦਾ।

ਤੇ ਫੇਰ ਘਰਦਿਆਂ ਨੇ ਆਪਣਾ ਚਾਅ ਪੂਰਾ ਕਰਨ ਦਾ ਇੱਕ ਹੋਰ ਤਰੀਕਾ ਲੱਭ ਲਿਆ। ਜੀਤੋ ਦੇ ਵੀਰ ਦੀ ਥਾਂ ਜੀਤੋ ਦਾ ਹੀ ਵਿਆਹ ਰਚਾ ਦਿੱਤਾ। ਅੰਗਾਂ ਸਾਕਾਂ ਨੇ ਵੀ ਸੋਚਿਆ ਕਿ ਰਲ਼ ਬੈਠਣ ਦਾ ਚੰਗਾ ਬਹਾਨਾ ਸੀ। ਵੱਡੀ ਗੱਲ ਇਹ ਕਿ ਸਭ ਦੇ ਸਿਰ ਦਾ ਭਾਰ ਹੌਲ਼ਾ ਹੁੰਦਾ ਸੀ। ਕਿਸੇ ਦੀ ਜੀਤੋ ਭਾਣਜੀ ਸੀ। ਕਿਸੇ ਦੀ ਭਤੀਜੀ ਸੀ। ਕਿਸੇ ਦੀ ਜੀਤੋ ਨਣਾਨ ਸੀ, ਕਿਸੇ ਦੀ ਜੀਤੋ ਪੋਤਰੀ ਤੇ ਕਿਸੇ ਦੀ ਦੋਹਤਰੀ ਸੀ। ਇੱਕ ਜੀਤੋ ਨੂੰ ਵਿਆਹਿਆਂ ਸਭ ਦਾ ਪੁੰਨ ਹੁੰਦਾ ਸੀ ਤੇ ਸਾਰਿਆਂ ਦੇ ਸਿਰ ਦਾ ਬੋਝ ਹੌਲ਼ਾ ਹੁੰਦਾ ਸੀ। ਤੇ ਨਾਲ਼ੇ ਜੀਤੋ ਦੇ ਵੀਰ ਦਾ ਕੀ ਪਤਾ ਸੀ, ਕਦੋਂ ਮੰਨਦਾ। ਕੁੜੀਆਂ ਨੂੰ ਕੋਈ ਘਰ ਥੋੜ੍ਹੀ ਬਿਠਾਈ ਰੱਖਦਾ ਹੈ। ਸਤਾਰ੍ਹਵਾਂ ਸਾਲ ਜੀਤੋ ਨੂੰ ਲੱਗ ਗਿਆ ਸੀ, ਕੋਈ ਨਿਆਣੀ ਥੋੜ੍ਹੀ ਸੀ, ਸਾਰੇ ਅੰਗ-ਸਾਕ ਤੇ ਰਿਸ਼ਤੇਦਾਰ ਕਹਿੰਦੇ। ਜੀਤੋ ਲਈ ਮੁੰਡਾ ਲੱਭ ਲਿਆ ਗਿਆ ਤੇ ਘਰ ਵਿੱਚ ਜੀਤੋ ਦਾ ਵਿਆਹ ਕਰਨ ਦੀਆਂ ਸਲਾਹਾਂ ਹੋਣ ਲੱਗ ਪਈਆਂ।

ਕਰਦਿਆਂ-ਕਰਾਉਂਦਿਆਂ ਵਿਆਹ ਵੀ ਸਿਰ ’ਤੇ ਆ ਗਿਆ। ਵਿਆਹ ਦੇ ਘਮਸਾਣ ਵਿੱਚ ਜੀਤੋ ਦੇ ਵੀਰ ਦੀ ਮੱਤ ਮਾਰੀ ਗਈ। ਇੱਕ ਕੰਮ ਮੁੱਕਦਾ ਸੀ, ਦੂਜਾ ਉਸ ਲਈ ਤਿਆਰ ਹੁੰਦਾ ਸੀ। ਜੀਤੋ ਦੇ ਮਾਪਿਆਂ ਦੀ ਘਰ ਦੇ ਕੰਮਾਂ ਵਿੱਚ ਹੀ ਮੱਤ ਮਾਰੀ ਗਈ ਸੀ। ਬਾਹਰ ਦਾ ਸਾਰਾ ਕੰਮ ਜੀਤੋ ਦੇ ਵੀਰ ਨੇ ਹੀ ਕਰਨਾ ਸੀ। ਬਰਾਤ ਢੁੱਕਣ ਵਿੱਚ ਕੇਵਲ ਇੱਕ ਦਿਨ ਰਹਿ ਗਿਆ। ਘਰ ਵਿੱਚ ਭੱਜ-ਦੌੜ ਹੋਰ ਵੀ ਤੇਜ਼ ਹੋ ਗਈ। ਅਨੰਦ ਕਾਰਜ ਉੱਤੇ ਆਉਣ ਵਾਲੇ ਰਾਗੀਆਂ ਨੇ ਵੀ ਹਾਲੀ ਪੱਕੀ ਤਰ੍ਹਾਂ ਹਾਂ ਨਹੀਂ ਸੀ ਕੀਤੀ। ਖਾਣੇ ਤੋਂ ਪਿੱਛੋਂ ਬਰਾਤੀਆਂ ਨੂੰ ਫਲ਼ ਦੇਣੇ ਵੀ ਜ਼ਰੂਰੀ ਸਨ ਤੇ ਖ਼ਰੀਦਣ ਦਾ ਹਾਲੀ ਕਿਸੇ ਨੂੰ ਚਿੱਤ-ਚੇਤਾ ਨਹੀਂ ਸੀ। ਨਾਲ ਦੇ ਪਿੰਡਾਂ ਵਿੱਚੋਂ ਖਾਣਾ ਖੁਆਉਣ ਲਈ ਮੇਜ਼-ਕੁਰਸੀਆਂ ਵੀ ਇਕੱਠੀਆਂ ਕਰਨੀਆਂ ਸਨ। ਧਾਤ ਦੇ ਬਰਤਨਾਂ ਵਿੱਚ ਅੱਜ-ਕੱਲ੍ਹ ਕੋਈ ਨਹੀਂ ਸੀ ਖੁਆਉਂਦਾ ਤੇ ਪਿਰਚ-ਪਿਆਲੀਆਂ ਆਦਿ ਸਾਮਾਨ ਵੱਡੇ ਸ਼ਹਿਰ ਤੋਂ ਨੇੜੇ ਕਿਧਰੇ ਮਿਲਦਾ ਨਹੀਂ ਸੀ। ਹੁਣੇ-ਹੁਣੇ ਡਾਕੀਆ ਚਿੱਠੀ ਫੜਾ ਗਿਆ ਸੀ। ਮੁੰਡੇ ਵਾਲਿਆਂ ਨੇ ਲਿਖਿਆ ਸੀ ਕਿ ਉਹ ਬਿਸਤਰੇ ਨਹੀਂ ਲਿਆ ਰਹੇ। ਪਿੰਡ ਵਿੱਚੋਂ ਬਿਸਤਰੇ ਇਕੱਠੇ ਕਰਨਾ ਹੋਰ ਵੀ ਔਖਾ ਸੀ। ਵਿਆਹ ਵਾਲੇ ਘਰ ਆਈ ਚੀਜ਼ ਦਾ ਮੇਲ਼ੀ ਤੇ ਬਰਾਤੀ ਛੱਡਦੇ ਹੀ ਕੀ ਨੇ? ਇੱਕ ਦਿਨ ਵਿੱਚ ਹੀ ਸੁਆਹ ਵਰਗੀ ਕਰ ਦਿੰਦੇ ਹਨ। ਜੁੱਤੀਆਂ ਸਾਰਖੀਆਂ ਉਹ ਬਿਸਤਰਿਆਂ ਦੀਆਂ ਚਾਦਰਾਂ ਨਾਲ ਪੂੰਝਦੇ ਹਨ। ਇਸ ਲਈ ਮੰਗਣ ’ਤੇ ਵੀ ਕਿਹੜੀ ਕੋਈ ਚੀਜ਼ ਸੌਖੀ ਮਿਲ ਜਾਣੀ ਸੀ। ਮੁੱਠੀ ਕੁ ਸਾਨ ਪਿੰਡ ਸੀ ਉਨ੍ਹਾਂ ਦਾ। ਉਸ ਵਿੱਚੋਂ ਤਾਂ ਭਲਾ ਲੱਭਣਾ ਹੀ ਕੀ ਸੀ?

ਸ਼ਾਮ ਨੂੰ ਨਾਨਕੀ ਛੱਕ ਲੈ ਕੇ ਨਾਨਕੇ ਆ ਗਏ। ਆਪਣੇ-ਆਪਣੇ ਤਿਆਰ ਕੀਤੇ ਕੱਪੜੇ-ਲੱਤੇ ਲੈ ਕੇ ਜੀਤੋ ਦੀਆਂ ਭੂਆਂ ਆ ਗਈਆਂ। ਬਣਦਾ-ਸਰਦਾ ਕੰਨਿਆਦਾਨ ਲੈ ਕੇ ਸਾਰੇ ਅੰਗ-ਸਾਕ ਜੀਤੋ ਦੇ ਪਿੰਡ ਪਹੁੰਚ ਗਏ ਉਸ ਪਿੰਡ ਜਿੱਥੇ ਹੁਣ ਤੱਕ ਜੀਤੋ ਨੇ ਸਹੇਲ ਹੰਢਾਏ ਸਨ, ਜਿੱਥੇ ਜੀਤੋ ਗੁੱਡੀਆਂ-ਪਟੋਲਿਆਂ ਨਾਲ ਖੇਡੀ ਸੀ, ਜਿੱਥੇ ਹੁਣ ਤੱਕ ਜੀਤੋ ਨੇ ਤ੍ਰਿੰਞਣਾਂ ਵਿੱਚ ਬਹਿ ਕੇ ਕੱਤਿਆ ਸੀ, ਜਿੱਥੇ ਜੀਤੋ ਨੇ ਤੀਆਂ ਦੀਆਂ ਪੀਂਘਾਂ ਝੂਟੀਆਂ ਸਨ, ਤੇ ਜਿੱਥੋਂ ਦੇ ਕੱਖਾਂ ਸਾਰਖਿਆਂ ਨਾਲ ਜੀਤੋ ਦਾ ਮੋਹ ਪੈ ਗਿਆ ਸੀ। ਇਸ ਸਭ ਕੁਝ ਬਾਰੇ ਸੋਚ ਕੇ ਜੀਤੋ ਉਦਾਸ ਹੋ ਗਈ।

ਦੂਜੇ ਦਿਨ ਸਵੇਰੇ ਤਿੰਨ ਵਜੇ ਜੀਤੋ ਨੂੰ ਉਠਾ ਲਿਆ ਗਿਆ। ਉਸ ਨੂੰ ਫੇਰਿਆਂ ਵਾਲਾ ਲਾਲ ਸੂਟ ਪਹਿਨਾਇਆ ਗਿਆ। ਲਾਲ ਪਰਾਂਦਾ ਉਸ ਦੀ ਗੁੱਤ ਵਿੱਚ ਗੁੰਦਿਆ ਗਿਆ। ਕੁਝ ਸਹੁਰਿਆਂ ਵੱਲੋਂ ਆਏ ਤੇ ਕੁਝ ਨਾਨਕਿਆਂ ਤੋਂ ਆਏ ਕਈ ਪ੍ਰਕਾਰ ਦੇ ਗਹਿਣਿਆਂ ਨਾਲ ਉਸ ਨੂੰ ਸ਼ਿੰਗਾਰ ਦਿੱਤਾ ਗਿਆ। ਜੀਤੋ ਨੂੰ ਇਹ ਸਭ ਕੁਝ ਵੇਖ ਕੇ ਰੋਣ ਆ ਗਿਆ ਕਿ ਸਾਰੇ ਦੇ ਸਾਰੇ ਅੰਗ-ਸਾਕ ਤੇ ਸਖੀਆਂ-ਸਹੇਲੀਆਂ ਉਸ ਨੂੰ ਉਸ ਦੀ ਜਨਮ ਭੋਂ ਵਿੱਚੋਂ ਕੱਢਣ ਦੀਆਂ ਤਿਆਰੀਆਂ ਕਰ ਰਹੀਆਂ ਸਨ। ਕਿਵੇਂ ਕੋਈ ਵੀ ਉਸ ਦਾ ਸਾਥ ਨਹੀਂ ਸੀ ਦੇ ਰਿਹਾ। ਰੋਂਦੀ-ਕੁਰਲਾਂਦੀ ਜੀਤੋ ਨੂੰ ਚੁੱਪ ਕਰਵਾ ਕੇ ਅਨੰਦਾਂ ਵਾਸਤੇ ਬਿਠਾ ਦਿੱਤਾ ਗਿਆ। ਹੁਣ ਉਸ ਨੂੰ ਪਰਣਾ ਕੇ ਲੈ ਜਾਣ ਵਾਲਾ ਉਸ ਦੇ ਬਰਾਬਰ ਬੈਠਾ ਸੀ। ਉਹ ਇਸ ਵੇਲ਼ੇ ਕੁਝ ਸੋਚ ਰਹੀ ਸੀ, ਸ਼ਾਇਦ ਕੁਝ ਵੀ ਨਹੀਂ ਸੀ ਸੋਚ ਰਹੀ।

ਅਨੰਦ ਕਾਰਜ ਕਰਵਾਉਣ ਵਾਲਾ ਭਾਈ ਉਸ ਨੂੰ ਸਿੱਖਿਆ ਦੇ ਰਿਹਾ ਸੀ ਕਿ ਹੁਣ ਜੀਤੋ ਨੇ ਆਪਣੇ ਮਾਪੇ ਛੱਡ ਕੇ ਆਪਣੇ ਸਹੁਰੇ ਘਰ ਚਲੇ ਜਾਣਾ ਸੀ। ਉੱਥੇ ਉਸ ਲਈ ਉਸ ਦਾ ਪਤੀ ਹੀ ਪਰਮੇਸ਼ਰ ਸੀ। ਉਸ ਨੂੰ ਹਰ ਕੰਮ ਵਿੱਚ ਉਸ ਦੀ ਸਲਾਹ ਲੈਣੀ ਚਾਹੀਦੀ ਸੀ। ਉਸ ਨੂੰ ਪੁੱਛੇ ਬਿਨਾਂ ਆਪਣੀ ਮਰਜ਼ੀ ਨਾਲ ਕੋਈ ਕੰਮ ਨਹੀਂ ਸੀ ਕਰਨਾ। ਪਤੀ ਪਰਮੇਸ਼ਰ ਨੂੰ ਖ਼ੁਸ਼ ਰੱਖਣਾ ਸੀ ਤੇ ਅਜਿਹਾ ਕਰਨ ਲਈ ਉਸ ਨੂੰ ਨਿਵਣ, ਖਿਵਣ ਆਦਿ ਗੁਣ ਪੈਦਾ ਕਰਨ ਲਈ ਪ੍ਰੇਰਿਆ ਜਾ ਰਿਹਾ ਸੀ ।

ਇਸ ਬਾਰੇ ਗੁਰਬਾਣੀ ਦੀਆਂ ਤੁਕਾਂ ਭਾਈ ਜੀ ਨੇ ਕੁਝ ਇਸ ਪ੍ਰਕਾਰ ਦੇ ਵੈਰਾਗ ਵਿੱਚ ਕਹੀਆਂ ਕਿ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਬੈਠੀਆਂ ਸਾਰੀਆਂ ਕੁਆਰੀਆਂ ਕੁੜੀਆਂ ਉਦਾਸ ਜਿਹੀਆਂ ਹੋ ਗਈਆਂ। ਉਨ੍ਹਾਂ ਨੂੰ ਆਪਣਾ ਆਉਣ ਵਾਲਾ ਉਹ ਸਮਾਂ ਚੇਤੇ ਆ ਗਿਆ ਜਦ ਉਨ੍ਹਾਂ ਨੇ ਵੀ ਮਾਪਿਆਂ ਦੀ ਜਾਣੀ-ਪਛਾਣੀ ਧਰਤੀ ਨੂੰ ਛੱਡ ਕੇ ਅਣਜਾਣ ਭੋਂ ਵਿੱਚ ਕਿਸੇ ਅਣਜਾਣ ਬੰਦੇ ਨਾਲ ਜਾ ਵੱਸਣਾ ਸੀ। ਉਸ ਬੰਦੇ ਨਾਲ ਜਿਸ ਨੂੰ ਉਨ੍ਹਾਂ ਨੇ ਕਦੀ ਨਹੀਂ ਸੀ ਵੇਖਿਆ। ਜਿਹੜਾ ਪਤਾ ਨਹੀਂ ਕਿਹੋ-ਜਿਹੇ ਸੁਭਾਅ ਦਾ ਸੀ। ਉਹ ਸਭ ਉਦਾਸ ਸਨ, ਉਨ੍ਹਾਂ ਦੇ ਮਾਪੇ ਉਦਾਸ ਸਨ ਤੇ ਉਨ੍ਹਾਂ ਦੇ ਭੈਣ ਭਰਾ ਉਦਾਸ ਸਨ। ਜੀਤੋ ਦੇ ਇਹ ਸਮਾਂ ਬਿਲਕੁਲ ਸਿਰ ਉੱਤੇ ਆ ਗਿਆ ਸੀ। ਉਸ ਨੇ ਤਾਂ ਉਸੇ ਦੁਪਹਿਰ ਨੂੰ ਤੁਰ ਜਾਣਾ ਸੀ- ਆਪਣੀ ਅੰਮੜੀ ਦੇ ਵਿਹੜੇ ਤੇ ਤ੍ਰਿੰਞਣ ਦੀਆਂ ਸਹੇਲੀਆਂ ਤੋਂ ਦੂਰ।

ਸੰਗਤ ਵਿੱਚ ਛਾਈ ਉਦਾਸੀ ਹੋਰ ਵੀ ਤੀਬਰ ਹੋ ਗਈ। ਜਦ ਇੱਕ ਹਾਰਮੋਨੀਅਮ ਵਾਲੇ ਗਵੱਈਏ ਨੇ ਫਿਲਮੀ ਗੀਤ ਦੀ ਤਰਜ਼ ਉੱਤੇ ਗਾ ਕੇ ਸਹੁਰੇ ਜਾਣ ਵਾਲੀ ਕੁੜੀ ਦੇ ਆਉਣ ਵਾਲੇ ਸਮੇਂ ਦਾ ਚਿਤਰ ਦਰਦਮਈ ਸ਼ਬਦਾਂ ਵਿੱਚ ਖਿੱਚਣਾ ਸ਼ੁਰੂ ਕਰ ਦਿੱਤਾ। ਹਾਰਮੋਨੀਅਮ ਦੀ ਉਦਾਸ ਤੇ ਵੈਰਾਗੀ ਸੁਰ ਦੇ ਨਾਲ ਉਸ ਨੇ ਵੈਣ ਜਿਹੇ ਪਾ ਕੇ ਗਾਵਿਆ ਕਿ ਕਿਸ ਤਰ੍ਹਾਂ ਨਵੀਂ ਥਾਂ ਜਾ ਕੇ ਵਿਆਹੁਲੀ ਜੀਤੋ ਨੇ ਆਪਣੇ ਮਾਪਿਆਂ ਤੇ ਮਾਂ-ਪਿਉ ਜਾਇਆਂ ਨੂੰ ਤਾਂਘਣਾ ਸੀ ਤੇ ਕਿਸ ਤਰ੍ਹਾਂ ਜਦ ਉਨ੍ਹਾਂ ਨੇ ਨਹੀਂ ਸੀ ਬਹੁੜਨਾ ਤਾਂ ਉਸ ਵਿਚਾਰੀ ਨੇ ਵਿਅਰਥ ਹੀ ਬਨੇਰੇ ਤੋਂ ਕਾਂ ਉਡਾਉਂਦੀ ਰਹਿਣਾ ਸੀ। ਕਾਵਾਂ ਰਾਹੀਂ ਵੀਰਾਂ ਨੂੰ ਮਿਲਣ ਵਾਸਤੇ ਜੀਤੋ ਨੇ ਸੁਨੇਹੇ ਘੱਲਣੇ ਸਨ। ਉਸ ਦੀ ਵੈਰਾਗੀ ਤੇ ਭਰੜਾਈ ਆਵਾਜ਼ ਨੇ ਸਾਰੀ ਦੀ ਸਾਰਿਆਂ ਦੀਆਂ ਅੱਖਾਂ ਵਿੱਚ ਹੰਝੂ ਲੈ ਆਂਦੇ, ਨਜ਼ਦੀਕੀਆਂ ਦੇ ਨੈਣਾਂ ਵਿੱਚ ਜ਼ਰਾ ਵਧੇਰੇ ਤੇ ਬਾਕੀਆਂ ਦੇ ਨੈਣਾਂ ਵਿੱਚ ਘੱਟ।

ਜੀਤੋ ਦਾ ਵੀਰ ਵੀ ਇਸ ਸਭ ਕੁਝ ਨੂੰ ਸੁਣ ਰਿਹਾ ਸੀ। ਉਸ ਦਾ ਮਨ ਵੀ ਉਦਾਸ ਹੋ ਗਿਆ ਸੀ। ਉਸ ਦੀ ਸਕੀ ਭੈਣ ਨੇ ਉਸ ਟੱਬਰ ਵਿੱਚ ਤੁਰ ਜਾਣਾ ਸੀ ਜਿਸ ਬਾਰੇ ਉਹ ਕੁਝ ਨਹੀਂ ਸੀ ਜਾਣਦੀ ਤੇ ਜਿੱਥੇ ਜਾ ਕੇ ਉਸ ਆਪਣੀ ਮਰਜ਼ੀ ਨਹੀਂ ਸੀ ਕਰ ਸਕਣੀ। ਉਸ ਦਾ ਦਿਲ ਭਾਰਾ ਹੋ ਗਿਆ। ਉਸ ਨੇ ਗਾਉਣ ਵਾਲੇ ਨੂੰ ਝਿੜਕਵੇਂ ਜਿਹੇ ਲਹਿਜੇ ਵਿੱਚ ਬੋਲ ਕੇ ਉਸ ਦਾ ਗਾਣਾ ਬੰਦ ਕਰਵਾ ਦਿੱਤਾ। ਉਹ ਕਿਸੇ ਅੱਗੇ ਇਹ ਨਹੀਂ ਸੀ ਜ਼ਾਹਰ ਹੋਣ ਦੇਣਾ ਚਾਹੁੰਦਾ ਕਿ ਉਸ ਦਾ ਦਿਲ ਵੀ ਕਮਜ਼ੋਰ ਤੇ ਜਜ਼ਬਾਤੀ ਹੈ। ਉਹ ਦ੍ਰਿੜ੍ਹ ਸੀ ਤੇ ਉਹ ਆਪਣੇ ਨੈਣਾਂ ਵਿੱਚ ਆਉਣ ਵਾਲੇ ਹੰਝੂਆਂ ਨੂੰ ਰੋਕ ਕੇ ਆਪਣੀ ਦ੍ਰਿੜ੍ਹਤਾ ਕਾਇਮ ਰੱਖਣੀ ਚਾਹੁੰਦਾ ਸੀ।

ਉਸ ਨੇ ਆਪਣੇ ਆਪ ’ਤੇ ਕਾਬੂ ਜਿਹਾ ਪਾ ਕੇ ਜਿਸ ਬੇਪ੍ਰਵਾਹੀ ਨਾਲ ਹਾਰਮੋਨੀਅਮ ਵਾਲੇ ਮੁੰਡੇ ਨੂੰ ਕਿਹਾ ਸੀ, ਮੁੰਡੇ ਨੂੰ ਮੰਨਣਾ ਪਿਆ। ਅਨੰਦ ਕਾਰਜ ਦੀ ਰਸਮ ਖ਼ਤਮ ਹੋ ਗਈ। ਸਾਰੇ ਆਪਣੀਆਂ ਅੱਖਾਂ ਪੂੰਝਦੇ ਭੋਗ ਦਾ ਪ੍ਰਸ਼ਾਦ ਲੈ ਕੇ ਦੁਪਹਿਰ ਦੀ ਰੋਟੀ ਦਾ ਬੰਦੋਬਸਤ ਕਰਨ ਲੱਗ ਪਏ। ਜੀਤੋ ਦੇ ਵੀਰ ਨੇ ਆਪਣੇ ਤੋਂ ਅੱਠ-ਦਸ ਵਰ੍ਹੇ ਛੋਟੀ ਭੈਣ ਨੂੰ ਬੁੱਕਲ਼ ਵਿੱਚ ਲੈ ਕੇ ਮਹਾਰਾਜ ਦੇ ਹਜ਼ੂਰ ਤੋਂ ਉਠਾਇਆ ਤੇ ਲਿਜਾ ਕੇ ਆਪਣੇ ਘਰ ਅੰਦਰਲੇ ਕਮਰੇ ਵਿੱਚ ਬਿਠਾ ਦਿੱਤਾ। ਉਸ ਨੇ ਤੱਕਿਆ ਕਿ ਜੀਤੋ ਨੇ ਰੋ-ਰੋ ਕੇ ਅੱਖਾਂ ਸੁਜਾ ਲਈਆਂ ਸਨ। ਵਿਆਹ ਵਾਲਾ ਉਸ ਦਾ ਚੋਪ ਹੰਝੂਆਂ ਨਾਲ ਤਰੋ-ਤਰ ਹੋਇਆ ਪਿਆ ਸੀ। ‘ਬੱਚੀ ਹੈ ਵਿਚਾਰੀ’, ਉਸ ਨੇ ਮਨ ਹੀ ਮਨ ਵਿੱਚ ਕਿਹਾ ਸੀ। “ਮੂਰਖ ਨਹੀਂ ਬਣੀਂਦਾ, ਚੁੱਪ ਕਰ” ਉਸ ਨੇ ਆਪਣੀ ਛੋਟੀ ਭੈਣ ਨੂੰ ਝਿੜਕਿਆ ਤੇ ਦੁਪਹਿਰ ਦੀ ਰੋਟੀ ਦੀ ਤਿਆਰੀ ਲਈ ਝਿਊਰੀਆਂ ਤੇ ਪਕਾਵੀਆਂ ਨੂੰ ਤਾੜਨ ਲੱਗ ਪਿਆ।

ਰੋਟੀ ਬਣੀ। ਬਰਾਤੀ ਖਾ ਗਏ। ਉਸ ਪਿੱਛੋਂ ਦੂਰੋਂ-ਨੇੜਿਉਂ ਆਏ ਮੇਲੀ ਵੀ ਖਾ ਬੈਠੇ ਤੇ ਪਿੰਡ ਦਾ ਭਾਈਚਾਰਾ ਤੇ ਕੰਮੀ-ਕਮੀਣ ਵੀ। ਫਟਾ-ਫਟ ਖੱਟ ਵਿਛਾ ਦਿੱਤੀ ਗਈ। ਪਿੰਡ ਵਾਲੇ ਤੇ ਬਰਾਤੀ ਖੱਟ ਦੀ ਸ਼ਲਾਘਾ ਕਰਦੇ ਚਲੇ ਗਏ। ਜੀਤੋ ਦੇ ਵੀਰ ਨੂੰ ਅਨੰਦ ਕਾਰਜ ਸਮੇਂ ਦੀ ਉਦਾਸੀ ਤੇ ਜੀਤੋ ਦੇ ਹੰਝੂਆਂ ਨਾਲ ਭਿੱਜੇ ਚੋਪ ਸਭ ਭੁੱਲ-ਭੁਲਾ ਗਏ।

ਐਨ ਉਸ ਸਮੇਂ ਜੀਤੋ ਨੂੰ ਵਿਦਾ ਕਰਨ ਦੀ ਤਿਆਰੀ ਸ਼ੁਰੂ ਹੋ ਗਈ। ਵਿਆਂਹਦੜ ਲਾੜੇ ਨੂੰ ਬੁਲਾ ਕੇ ਭਾਈਚਾਰੇ ਤੇ ਅੰਗਾਂ-ਸਾਕਾਂ ਨੇ ਸਲਾਮੀਆਂ ਪਾਈਆਂ। ਜੀਤੋ ਦੀ ਮਾਂ ਨੇ ਜੀਤੋ ਦੇ ਪ੍ਰਾਹੁਣੇ ਨੂੰ ਬੜੇ ਪਿਆਰ ਨਾਲ ਪਿਆਰ ਦਿੱਤਾ ਤੇ ਸਲਾਮੀ ਦੇ ਗਿਆਰਾਂ ਰੁਪਏ ਉਸ ਦੀ ਝੋਲੀ ਵਿੱਚ ਪਾ ਦਿੱਤੇ। ਪਿੰਡ ਦੀਆਂ ਹੋਰ ਕੁੜੀਆਂ ਜਿਹੜੀਆਂ ਸ਼ਰੀਕੇ ਵਿੱਚ ਜੀਤੋ ਦੀਆਂ ਭੈਣਾਂ ਹੀ ਲਗਦੀਆਂ ਸਨ, ਆਪਣੇ ਨਵੇਂ ਬਣੇ ਜੀਜੇ ਨੂੰ ਟਿਚਕਰਾਂ ਤੇ ਮਖ਼ੌਲ ਕਰਨ ਲੱਗ ਪਈਆਂ ਤੇ ਜੀਤੋ ਦਾ ਵੀਰ ਵੀ ਉਨ੍ਹਾਂ ਦੇ ਨਾਲ ਰਲ ਗਿਆ।

ਜੀਤੋ ਦੀ ਇੱਕ ਬਹੁਤ ਗੂੜ੍ਹੀ ਸਹੇਲੀ ਜਿਹੜੀ ਗੁਆਂਢੀ ਪਿੰਡ ਤੋਂ ਚੱਲ ਕੇ ਆਈ ਸੀ ਤੇ ਜਿਹੜੀ ਪੰਜਵੀਂ ਜਮਾਤ ਵਿੱਚ ਜੀਤੋ ਦੀ ਜਮਾਤਣ ਰਹੀ ਸੀ, ਜੀਤੋ ਦੇ ਵੀਰ ਕੋਲ ਆ ਕੇ ਰੋਣ ਲੱਗ ਪਈ। ਜੀਤੋ ਦੇ ਵੀਰ ਨੇ ਉਸ ਨੂੰ ਰੋਣ ਦਾ ਕਾਰਨ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਜੀਤੋ ਦੇ ਵੀਰ ਨੂੰ ਜੀਤੋ ਦੇ ਨਾਲ ਸਹੁਰੀਂ ਜਾਣਾ ਚਾਹੀਦਾ ਹੈ। ਜੀਤੋ ਦੇ ਵੀਰ ਨੇ ਜੀਤੋ ਦੇ ਹਾਣ ਦੀ ਇਸ ਕੁੜੀ ਨੂੰ ਉਸੇ ਤਰ੍ਹਾਂ ਝਿੜਕ ਕੇ ਭੇਜ ਦਿੱਤਾ ਜਿਸ ਤਰ੍ਹਾਂ ਕਿ ਉਹ ਜੀਤੋ ਨੂੰ ਭੇਜ ਦਿਆ ਕਰਦਾ ਸੀ। ਫੇਰ ਉਦਾਸੀ ਹੋਈ ਜੀਤੋ ਦੀ ਮਾਂ ਆਈ, ਉਸ ਦੀ ਆਪਣੀ ਮਾਂ। ਉਸ ਨੇ ਉਹਦੀ ਗੱਲ ਸੁਣੀ ਅਣਸੁਣੀ ਕਰ ਦਿੱਤੀ। ਵਿਆਹ ਦੀ ਰੀਤ ਅਨੁਸਾਰ ਕਿਸੇ ਨਾ ਕਿਸੇ ਭਰਾ ਨੇ ਜੀਤੋ ਦੇ ਨਾਲ ਸਹੁਰੀਂ ਜ਼ਰੂਰ ਜਾਣਾ ਸੀ ਤੇ ਜੀਤੋ ਦੇ ਵੀਰ ਨੇ ਆਪਣੇ ਸਭ ਤੋਂ ਛੋਟੇ ਭਰਾ ਦਾ ਨਾਂ ਲੈ ਕੇ ਸਭ ਨੂੰ ਪਰ੍ਹੇ ਹਟਾ ਦਿੱਤਾ। ਜਦ ਬੜੇ ਮਾਣ ਨਾਲ ਉਸ ਦੇ ਤਾਏ ਦੀ ਵੱਡੀ ਧੀ ਮਨਾਉਣ ਆਈ ਤਾਂ ਜੀਤੋ ਦੇ ਵੀਰ ਨੇ ਉਸ ਨੂੰ ਵੀ ਨਾਂਹ ਕਰ ਦਿੱਤੀ। ਜੇ ਉਸ ਦੇ ਮੂੰਹੋਂ ਇੱਕ ਵਾਰੀ ਨਾਂਹ ਨਿਕਲ ਜਾਵੇ, ਉਹ ਕਦੇ ਹਾਂ ਨਹੀਂ ਸੀ ਕਰਦਾ। ਤਾਏ ਦੀ ਧੀ ਆਪਣਾ ਜਿਹਾ ਮੂੰਹ ਲੈ ਕੇ ਪਰ੍ਹੇ ਚਲੀ ਗਈ। ਉਸ ਤੋਂ ਪਿੱਛੋਂ ਹੋਰ ਕਿਸੇ ਦੀ ਹਿੰਮਤ ਨਾ ਪਈ ਕਿ ਜੀਤੋ ਦੇ ਵੀਰ ਨੂੰ ਕੋਈ ਕੁਝ ਕਹੇ।

ਸਾਰੀ ਦੀ ਸਾਰੀ ਜੰਞ ਵਿਦਾ ਹੋਣ ਲਈ ਤਿਆਰ ਹੋ ਕੇ ਬੱਸ ਵਿੱਚ ਬੈਠ ਗਈ। ਜੀਤੋ ਦਾ ਪ੍ਰਾਹੁਣਾ ਵੀ ਆ ਕੇ ਕਾਰ ਵਿੱਚ ਬੈਠ ਗਿਆ। ਜੀਤੋ ਸੀ ਕਿ ਰੋਣ ਤੋਂ ਹੀ ਨਹੀਂ ਸੀ ਹਟਦੀ। ਉਸ ਦੀਆਂ ਸਹੇਲੀਆਂ ਤੇ ਛੋਟੀਆਂ ਭੈਣਾਂ ਏਨੀ ਉੱਚੀ-ਉੱਚੀ ਰੋ ਰਹੀਆਂ ਸਨ ਕਿ ਕਿਸੇ ਨੂੰ ਕੁਝ ਸੁਣਾਈ ਨਹੀਂ ਸੀ ਦਿੰਦਾ। ਜੀਤੋ ਵੀ ਪਰਲ-ਪਰਲ ਰੋਈ ਜਾ ਰਹੀ ਸੀ ਤੇ ਘਰੋਂ ਕਾਰ ਵੱਲ ਪੈਰ ਪੁੱਟਣ ਦਾ ਨਾਂ ਹੀ ਨਹੀਂ ਸੀ ਲੈਂਦੀ। ਉਹ ਕਿਸੇ ਦੀ ਸਲਾਮੀ ਸਾਰਖੀ ਆਪਣੇ ਪੱਲੇ ਨਹੀਂ ਸੀ ਪੁਆ ਰਹੀ ਤੇ ਇਹ ਪੈਸੇ ਵੀ ਨੈਣ ਹੀ ਸੰਭਾਲ਼ ਰਹੀ ਸੀ। ਜੀਤੋ ਦਾ ਵੀਰ ਸੀ ਕਿ ਹਾਲੀਂ ਤੱਕ ਸਲਾਮੀ ਪਾਉਣ ਨਹੀਂ ਸੀ ਆਇਆ। ਉਸ ਦਾ ਵਿਚਾਰ ਸੀ ਕਿ ਉਹ ਸਭ ਤੋਂ ਪਿੱਛੋਂ, ਜਦ ਜੀਤੋ ਕਾਰ ਵਿੱਚ ਬੈਠ ਕੇ ਜਾਣ ਲੱਗੇਗੀ, ਉਸ ਵੇਲ਼ੇ ਉਸ ਨੂੰ ਸਲਾਮੀ ਪਾਵੇਗਾ ਤੇ ਪਿਆਰ ਦੇ ਕੇ ਤੋਰ ਦਏਗਾ। ਜੀਤੋ ਦੇ ਤਾਇਆ-ਚਾਚਿਆਂ ਤੇ ਪਿਉ ਨੇ ਵੀ ਜੀਤੋ ਦੇ ਵੀਰ ਨੂੰ ਸਮਝਾਇਆ ਕਿ ਉਸ ਨੂੰ ਨਾਲ ਜਾਣ ਵਿੱਚ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਜੇ ਨਿਆਣੀ ਕੁੜੀ ਜ਼ਿੱਦ ਕਰਦੀ ਹੈ ਤਾਂ ਵਿਆਹ ਵਾਲੇ ਦਿਨ ਉਸ ਦੀ ਇਹ ਜ਼ਿੱਦ ਵੀ ਪ੍ਰਵਾਨ ਕਰ ਲੈਣੀ ਚਾਹੀਦੀ ਹੈ, ਪਰ ਜੀਤੋ ਦੇ ਵੀਰ ਨੇ ਨਾ ਹਾਂ ਕੀਤੀ ਨਾ ਨਾਂਹ, ਪੱਥਰ ਦਾ ਪੱਥਰ ਉਸੇ ਤਰ੍ਹਾਂ ਖਲੋਤਾ ਰਿਹਾ।

ਜੰਞ ਦੇ ਤੁਰਨ ਵਿੱਚ ਦੇਰ ਹੋ ਰਹੀ ਸੀ। ਸ਼ਾਮ ਦੇ ਚਾਰ ਵੱਜ ਚੁੱਕੇ ਸਨ ਤੇ ਪੂਰੇ ਤੀਹ ਮੀਲ ਜਾਂਞੀਆਂ ਨੇ ਜਾਣਾ ਸੀ। ਵਿੱਚੋਂ ਯਾਰਾਂ ਮੀਲ ਕੱਚਾ ਰਸਤਾ ਸੀ ਤੇ ਦੋ ਮੀਲ ਬਿਲਕੁਲ ਰੇਤਾ ਜਿੱਥੋਂ ਕਦੀ ਕੋਈ ਬਸ ਥੋੜ੍ਹੇ ਕੀਤੇ ਪਾਰ ਨਹੀਂ ਸੀ ਲੰਘੀ। ਜੀਤੋ ਕਾਰ ਵੱਲ ਪੈਰ ਪੁੱਟਣ ਵਿੱਚ ਨਹੀਂ ਸੀ ਆਉਂਦੀ। ਜੀਤੋ ਦੇ ਵੀਰ ਨੇ ਘੜੀ ਵੱਲ ਤੱਕਿਆ ਤਾਂ ਸਾਢੇ ਪੰਜ ਹੋ ਚੁੱਕੇ ਸਨ। ਉਸ ਨੂੰ ਕੁੜੀਆਂ ਦੀ ਮੱਤ ਉੱਤੇ ਗੁੱਸਾ ਜਿਹਾ ਆਇਆ ਤੇ ਫਟਾ-ਫਟ ਘਰ ਜਾ ਕੇ ਰੋਂਦੀ ਕੁਰਲਾਉਂਦੀ ਸਾਲੂ ਵਿੱਚ ਵਲ੍ਹੇਟੀ ਜੀਤੋ ਨੂੰ ਆਪਣੇ ਕਲ਼ਾਵੇ ਵਿੱਚ ਚੁੱਕ ਲਿਆਇਆ ਤੇ ਲਿਆ ਕੇ ਕਾਰ ਵਿੱਚ ਬਿਠਾ ਦਿੱਤਾ। ਜੀਤੋ ਦੇ ਵੱਡੇ ਤਾਏ ਤੇ ਛੋਟੇ ਚਾਚੇ ਨੇ ਬੜੇ ਪਿਆਰ ਨਾਲ ਜੀਤੋ ਨੂੰ ਦਿਲਾਸਾ ਦਿੱਤਾ ਅਤੇ ਸਲਾਮੀ ਪਾ ਕੇ ਪਰ੍ਹੇ ਹਟ ਗਏ।

ਆਪਣੇ ਵੀਰ ਦੇ ਲੱਕ ਦੁਆਲੇ ਲਿਪਟੀ ਜੀਤੋ ਨੇ ਜਦ ਆਪਣੀਆਂ ਬਾਹਾਂ ਦੀ ਕੱਸ ਢਿੱਲੀ ਕੀਤੀ ਤਾਂ ਜੀਤੋ ਦਾ ਵੀਰ ਵੀ ਆਪਣੀ ਨਿੱਕੀ ਜਿਹੀ ਭੈਣ ਨੂੰ ਸਲਾਮੀ ਪਾਉਣ ਲਈ ਆਪਣਾ ਬਟੂਆ ਫਰੋਲਣ ਲੱਗ ਪਿਆ। ਜੀਤੋ ਅਤੇ ਉਸ ਦੀਆਂ ਸਹੇਲੀਆਂ ਦੇ ਰੋ-ਰੋ ਕੇ ਲਾਲ ਹੋਏ ਮੂੰਹ ਵੇਖ ਕੇ ਉਸ ਦਾ ਮਨ ਭਾਰੀ ਜਿਹਾ ਹੋ ਗਿਆ। ਤੇ ਫੇਰ ਉਸ ਨੂੰ ਆਪਣਾ ਚੇਤਾ ਆ ਗਿਆ ਕਿ ਕਿਸ ਤਰ੍ਹਾਂ ਵਿਆਹ ਲਈ ਤਿਆਰ ਹੁੰਦਾ-ਹੁੰਦਾ ਉਹ ਵਿਆਹ ਤੋਂ ਡਰ ਜਾਂਦਾ ਸੀ। ਉਹ ਕਿਸੇ ਉਸ ਕੁੜੀ ਨੂੰ ਕਿਸ ਤਰ੍ਹਾਂ ਅਪਣਾ ਸਕਦਾ ਸੀ ਜਿਸ ਨੂੰ ਉਹ ਨੇੜਿਉਂ ਨਹੀਂ ਸੀ ਜਾਣਦਾ। ਕਿਸੇ ਅਣਜਾਣ ਬੰਦੇ ਨੂੰ ਅਪਣਾ ਸਕਣਾ ਕਿੰਨਾ ਔਖਾ ਸੀ, ਹਾਲਾਂਕਿ ਉਸ ਦੀ ਵਹੁਟੀ ਨੇ ਤਾਂ ਉਸ ਦੇ ਘਰ ਆ ਕੇ ਭਾਰਤੀ ਮਰਯਾਦਾ ਅਨੁਸਾਰ ਉਸ ਦੀ ਦਾਸੀ ਬਣ ਕੇ ਰਹਿਣਾ ਸੀ। ਹੁਣ ਉਸ ਦੀ ਛੋਟੀ ਭੈਣ, ਉਸ ਤੋਂ ਅੱਠ-ਦਸ ਵਰ੍ਹੇ ਛੋਟੀ ਭੈਣ, ਕਿਸੇ ਅਣਜਾਣ ਮੁੰਡੇ ਕੋਲ ਜਾ ਰਹੀ ਸੀ, ਉਸ ਦਾ ਕਹਿਣਾ ਮੰਨਣ ਲਈ ਤਿਆਰ ਹੋ ਕੇ ਉਸ ਦੀ ਦਾਸੀ ਬਣਨ ਲਈ। ਜੀਤੋ ਦੇ ਵੀਰ ਨੂੰ ਭਾਈ ਤੇ ਗਵੱਈਏ ਦੇ ਵੈਰਾਗ ਵਿੱਚ ਪੜ੍ਹੇ ਗਏ ਸਲੋਕ ਤੇ ਗੀਤ ਚੇਤੇ ਆ ਗਏ। ਤੇ ਫੇਰ ਉਸ ਨੂੰ ਇਹ ਗੱਲ ਵੀ ਚੇਤੇ ਆਈ ਕਿ ਕਿਸ ਤਰ੍ਹਾਂ ਉਸ ਨੇ ਆਪਣੀ ਭੈਣ ਨੂੰ ਕਦੀ ਕਿਸੇ ਗੱਲੋਂ ਤੰਗ ਨਹੀਂ ਸੀ ਰੱਖਿਆ। ਉਦੋਂ ਵੀ ਤੰਗ ਨਹੀਂ ਸੀ ਰੱਖਿਆ, ਜਦੋਂ ਉਹ ਨੀਲੋਖੇੜੀ ਉਸ ਦੇ ਕੋਲ ਆ ਕੇ ਚਾਰ ਮਹੀਨੇ ਰਹੀ ਸੀ ਤੇ ਜਦੋਂ ਜੀਤੋ ਨੇ ਚਾਰ ਮਹੀਨੇ ਆਪਣੇ ਹੱਥੀਂ ਪਕਾ ਚਾਈਂ-ਚਾਈਂ ਉਸ ਨੂੰ ਰੋਟੀਆਂ ਖੁਆਈਆਂ ਸਨ ਤੇ ਜਦੋਂ ਉਹ ਮਾਪਿਆਂ ਤੋਂ ਦੂਰ ਬੈਠਾ ਵੀ ਜੀਤੋ ਕਾਰਨ ਮਾਪਿਆਂ ਦਾ ਉਦਰੇਵਾਂ ਨਹੀਂ ਸੀ ਕਰਦਾ। ਹੁਣ ਜੀਤੋ ਦੂਰ ਜਾ ਰਹੀ ਸੀ, ਜਿੱਥੇ ਉਸ ਨੂੰ ਸ਼ਾਇਦ ਛੇਤੀ ਮਿਲਣ ਨਹੀਂ ਸੀ ਜਾ ਸਕਣਾ ਤੇ ਸ਼ਾਇਦ ਚਿੱਠੀ ਵੀ ਨਹੀਂ ਸੀ ਲਿਖ ਸਕਣੀ। ਜਿੱਥੇ ਜੀਤੋ ਦੀ ਕੋਈ ਸਹੇਲੀ ਨਹੀਂ ਸੀ ਤੇ ਜਿੱਥੇ ਉਸ ਨੇ ਕੋਈ ਗੱਲ ਆਪਣੀ ਮਨਮਰਜ਼ੀ ਨਾਲ ਥੋੜ੍ਹੇ ਕੀਤੇ ਨਹੀਂ ਸੀ ਕਰ ਸਕਣੀ।

ਛਿਣ ਭਰ ਵਿੱਚ ਹੀ ਇਹ ਸਾਰੇ ਦੇ ਸਾਰੇ ਵਿਚਾਰ ਉਸ ਦੇ ਦਿਲ ਵਿੱਚ ਆਏ ਤੇ ਉਹ ਉਦਾਸ ਹੋ ਗਿਆ। ਉਦਾਸ ਜਿਹੇ ਮਨ ਨਾਲ ਉਸ ਨੇ ਆਪਣੇ ਬਟੂਏ ਵਿੱਚੋਂ ਸਾਰੇ ਦੇ ਸਾਰੇ ਪੈਸੇ ਬਿਨਾਂ ਕਿਸੇ ਗਿਣਤੀ ਕਰਨ ਦੇ ਕੱਢੇ ਤੇ ਜੀਤੋ ਦੇ ਹੱਥ ਉੱਤੇ ਧਰੇ। ਜੀਤੋ ਨੂੰ ਪਤਾ ਨਹੀਂ ਕੀ ਹੋਇਆ, ਚੰਗੀ-ਭਲੀ ਚੁੱਪ ਹੋਈ ਜੀਤੋ ਇਕਦਮ ਫਿੱਸ ਪਈ ਤੇ ਉਸ ਨੇ ਆਪਣੀ ਹਥੇਲੀ ਉੱਤੇ ਖਿੱਲਰੇ ਰੁਪਏ ਕਾਰ ਦੇ ਬਾਹਰ ਸੁੱਟ ਦਿੱਤੇ ਅਤੇ ਆਪਣੇ ਵੀਰ ਨੂੰ ਜੱਫੀ ਪਾ ਕੇ ਰੋਣ ਲੱਗ ਪਈ।

ਜੀਤੋ ਦੇ ਵੀਰ ਨੂੰ ਗੱਚ ਆ ਗਿਆ। ਡਰਾਈਵਰ ਨੂੰ ਉਸ ਨੇ ਕਾਰ ਸਟਾਰਟ ਕਰਨ ਦਾ ਇਸ਼ਾਰਾ ਕੀਤਾ ਤੇ ਭਾਰੇ ਜਿਹੇ ਮਨ ਨਾਲ ਆਪਣੇ ਛੋਟੇ ਭਰਾ ਨੂੰ ਜੀਤੋ ਕੋਲੋਂ ਉਠਾ ਕੇ ਆਪਣੇ ਬਾਪੂ ਨੂੰ ਫੜਾ ਦਿੱਤਾ ਅਤੇ ਆਪ ਜੀਤੋ ਦੇ ਨਾਲ ਵਾਲੀ ਸੀਟ ਉੱਤੇ ਬੈਠ ਗਿਆ।

“ਅਹਿ ਕੱਪੜੇ ਤਾਂ ਬਦਲ ਲੈ, ਸਬਜ਼ੀ ਨਾਲ ਖ਼ਰਾਬ ਹੋਏ ਪਏ ਨੇ,” ਪਿਉ ਨੇ ਛੋਟੇ ਪੁੱਤਰ ਨੂੰ ਕੁੱਛੜ ਚੁੱਕਦਿਆਂ ਜੀਤੋ ਦੇ ਵੱਡੇ ਵੀਰ ਨੂੰ ਕਿਹਾ।

“ਚੁੱਪ ਕਰ ਹੁਣ, ਨਹੀਂ ਤਾਂ ਮਾਰੂੰਗਾ ਮੈਂ,” ਆਪਣੇ ਬਾਪ ਦੇ ਬੋਲਾਂ ਨੂੰ ਅਣਸੁਣੇ ਕਰਕੇ ਉਸ ਨੇ ਜੀਤੋ ਨੂੰ ਕਿਹਾ ਤੇ ਉਨ੍ਹਾਂ ਹੀ ਕੱਪੜਿਆਂ ਨਾਲ ਜੀਤੋ ਦੇ ਨਾਲ ਤੁਰ ਗਿਆ।

# ਮੇਰੀ ਕਲਮ

## .ਗ਼ਜ਼ਲ
### ਰਣਜੀਤ ਕੌਰ ਰਤਨ

ਚਾਰੇ ਪਾਸੇ ਮੌਜ ਬਹਾਰਾਂ, ਰੂਹ ਦੇ ਕਾਸੇ ਖਾਲ਼ੀ।
ਦੂਰ ਗਿਆਂ ਦੀ ਪੈੜ ਮਿਲੇ ਨਾ, ਹੋਏ ਨੈਣ ਸਵਾਲੀ।
ਬਿਰਹਾ ਦੀ ਭੱਠੀ ਵਿੱਚ ਭੁੱਜਣ, ਦੁੱਖਾਂ ਵਾਲੇ ਦਾਣੇ,
ਚਾਵਾਂ ਵਾਲਾ ਬਾਲਣ ਪਾ ਕੇ, ਕੈਸੀ ਅਗਨੀ ਬਾਲ਼ੀ।
ਜ਼ਾਲਮ ਦੇ ਮੂੰਹਾਂ ਨੂੰ ਭੰਨਣ, ਇਸਦੇ ਧੀਆਂ ਪੁੱਤਰ,
ਦੇਸ਼ ਮਿਰੇ ਦੀ ਮਿੱਟੀ ਵੇਖੋ, ਕਿੰਨੀ ਅਣਖਾਂ ਵਾਲੀ।
ਜੰਗਲ ਬੇਲੇ ਵੱਢ ਮੁਕਾਏ, ਬੰਜਰ ਧਰਤ ਬਣਾਈ,
ਹਲ਼ ਹੁਣ ਕਿੱਥੇ ਹਾਲੀ ਜੋੜੇ, ਵੱਗ ਚਰਾਵੇ ਪਾਲ਼ੀ।
ਅੱਖਾਂ ਦੇ ਵਿੱਚ ਖਾਬਾਂ ਵਾਲੇ, ਲੱਖਾਂ ਜੁਗਨੂੰ ਲਿਸ਼ਕਣ,
ਮੁਖੜੇ ਉੱਤੋਂ ਡਲ੍ਹਕਾਂ ਮਾਰੇ, ਇਸ਼ਕ ਤਿਰੇ ਦੀ ਲਾਲੀ।

## ਆਸਾਂ ਦੇ ਬੋਟ
### ਪ੍ਰਸ਼ੋਤਮ ਪੱਤੋ

ਜਾਹ ਨੀ ਭੈੜੀਏ ਹਸਰਤੇ
ਐਵੇਂ ਨਾ ਕੂਕਾਂ ਮਾਰ,
ਲੱਗਦਾ ਤੇਰਾ ਕੁਝ ਲੁਟ ਗਿਐ
ਇੱਥੇ ਤਾਂ ਹੁੰਦਾ ਰੋਜ਼ ਵਪਾਰ।
ਆਸਾਂ ਦੇ ਬੋਟ ਨੀ ਜਿੰਦੇ
ਗਿਰਝਾਂ ਲੈ ਗਈਆਂ ਖੋਹ,
ਵੇਖ ਲੈ ਅੜਿਆ ਚੀਰ ਕੇ
ਮੇਰੇ ਦਿਲ ਦਾ ਰੰਗ ਵਸਾਰ।
ਹਰ ਰੁੱਤ ਇੱਥੇ ਫੁੱਲ ਨੇ ਖਿੜਦੇ,
ਰੋਜ਼ ਹੀ ਇੱਥੇ ਫੁੱਲ ਪਏ ਮਿਧਦੇ
ਸੰਗਮਰੀ ਮਹਿਲਾਂ ਥੱਲੇ ਕੂਕ ਰਿਹਾ
ਭੁੱਖਣ ਭਾਣਿਆਂ ਦਾ ਗੁਲਜ਼ਾਰ।
ਅਹੁ ਕੋਈ ਗਿੱਲੀਆਂ ਪਾਥੀਆਂ
ਵਿੱਚ ਰਿਹਾ ਹੈ ਫੂਕਾਂ ਮਾਰ,
'ਕੱਠੇ ਕਰ ਕਰ ਤਿਣਕੇ-ਤੀਲ੍ਹੇ,
ਕਰ ਰਿਹਾ ਹੈ ਧੂਣੀ ਤਿਆਰ।
'ਕੱਠੇ ਹੋ ਕੇ ਜੰਗ ਜਿੱਤਣੀ
'ਪੱਤੋ' ਮਨਾਂ 'ਚੋਂ ਕੱਢ ਕੇ ਖਾਰ।
ਜਾਹ ਨੀ ਭੈੜੀਏ ਹਸਰਤੇ
ਐਵੇਂ ਨਾ ਕੂਕਾਂ ਮਾਰ।

## .ਗ਼ਜ਼ਲ
### ਬਲਵਿੰਦਰ ਬਾਲਮ

ਸੁਰਖ਼ ਨਿਗਾਹਾਂ ਦੇ ਵਿੱਚ ਡੋਰੇ ਲਗਦੇ ਨੇ ਕਮਜ਼ੋਰ ਜਿਹੇ।
ਅੰਬਰ ਵਿੱਚੋਂ ਟੁੱਟੀ ਗੁੱਡੀ ਦੀ ਲਹਿਰਾਉਂਦੀ ਡੋਰ ਜਿਹੇ।
ਚੰਨ ਦੇ ਚਾਨਣ ਤਾਰੇ ਲੈ ਕੇ ਚੁੱਪ ਚੁਪੀਤੀ ਰਲ ਮਿਲ ਕੇ,
ਸੰਨ੍ਹ ਲਗਾ ਕੇ ਰਾਤਾਂ ਅੰਦਰ ਚੋਰੀ ਕਰਦੇ ਚੋਰ ਜਿਹੇ।
ਮੇਰੀ ਹੋਂਦ 'ਚ ਨਿਕਲੇ ਨੇ ਜੋ ਹੋਂਦ ਮਿਰੀ ਦੇ ਪਰਛਾਵੇਂ,
ਸ਼ਾਮ ਢਲੇ ਨੂੰ ਦਿਸਦੇ ਨੇ ਜੋ ਹੋਰਾਂ ਵਰਗੇ ਹੋਰ ਜਿਹੇ।
ਤੇਰੀਆਂ ਯਾਦਾਂ ਵਾਲੇ ਝੁਰਮਟ ਏਦਾਂ ਫੇਰਾ ਪਾਉਂਦੇ ਨੇ,
ਜੰਗਲ ਦੇ ਵਿਚ ਖੰਭ ਫਿਲਾ ਕੇ ਬੈਠੇ ਨੇ ਜਿਉਂ ਮੋਰ ਜਿਹੇ।
ਬੀਤੇ ਸਮਿਆਂ ਦੇ ਜੰਗਲ ਵਿੱਚ ਮੇਰੀ ਜੰਨਤ ਵਿੱਚ ਨਜ਼ਾਰੇ,
ਹਿਰਨ ਕੁਲਾਚੇ ਭਰਦੇ ਵੇਖੇ ਬਿਲਕੁਲ ਤੇਰੀ ਤੋਰ ਜਿਹੇ।
ਮਾਰੂਥਲ ਦੇ ਚਿਹਰੇ ਉੱਤੇ ਮਾਯੂਸੀ ਦਾ ਆਲਮ ਸੀ,
ਬਿਨ ਬਾਰਿਸ਼ ਦੇ ਚੜ੍ਹ ਕੇ ਆਏ ਬੱਦਲ ਸੀ ਘਨਘੋਰ ਜਿਹੇ।
ਨਾ ਕੋਈ ਮੇਰੇ ਲਾਗੇ ਚਾਗੇ ਨਾ ਕੋਈ ਦੂਰ ਦੁਰਾਡੇ,
ਖ਼ਬਰੇ ਕਿੰਝ ਸੁਣਾਈ ਦੇਵਣ ਕੰਨਾਂ ਦੇ ਵਿੱਚ ਸ਼ੋਰ ਜਿਹੇ।
ਏਕੇ ਵਾਲੀ ਬਰਕਤ ਕਰਕੇ ਭਾਰੀ ਬੋਝ ਉਠਾ ਲੈਂਦੇ,
ਵੇਖਣ ਨੂੰ ਤਾਂ ਲਗਦੇ ਸੀ ਕੀੜੀ ਦੇ ਝੁੰਡ ਕਮਜ਼ੋਰ ਜਿਹੇ।
ਫਿਰ ਵਿੱਚ ਬਹਾਰਾਂ ਅਪਣੇ ਰੰਗ ਰੂਪ 'ਚ ਵੱਖਰੇ ਨੇ,
ਬੇਸ਼ਕ ਇਹ ਖ਼ੁਸ਼ਬੂ ਨਈਂ ਰੱਖਦੇ ਚਾਅ ਮੇਰੇ ਇਹ ਥੋਰ੍ਹ ਜਿਹੇ।
ਰਾਤੀਂ ਕਿੱਥੋਂ ਆਇਆ ਸੀ ਤੂੰ ਗੱਲਾਂ ਕਿੰਝ ਦੀਆਂ ਕਰਦਾ ਸੀ,
ਬਾਲਮ ਤੇਰੇ ਕਦਮ ਇਵੇਂ ਸੀ ਮੈਖ਼ਾਨੇ ਦੀ ਲੋਰ ਜਿਹੇ।

## ਚੁਣੌਤੀਆਂ
### ਜਗਜੀਤ ਗੁਰਮ

ਚੁਣੌਤੀਆਂ ਖਿੜੇ ਮੱਥੇ ਨਾ ਹੁਣ ਸਵੀਕਾਰ ਕਰਦੇ ਨੇ
ਮਿਲੇ ਮੌਕਾ ਜਦੋਂ ਵੀ ਲੋਕ ਪਿੱਠ 'ਤੇ ਵਾਰ ਕਰਦੇ ਨੇ।
ਸ਼ੁਕਰ ਰੱਬ ਦਾ ਮੈਂ ਕੰਡਾ ਹਾਂ ਬੜਾ ਬਦਨਾਮ ਹਾਂ ਤਾਂ ਕੀ
ਉਰ੍ਹੇ ਤਾਂ ਲੋਕ ਫੁੱਲਾਂ ਦਾ ਵੀ ਬਹੁਤ ਵਪਾਰ ਕਰਦੇ ਨੇ।
ਜਦੋਂ ਡੁੱਬਣ, ਜਦੋਂ ਭੁੱਜਣ ਉਲਾਂਭੇ ਦੇਣ ਅੰਤਾਂ ਦੇ
ਖ਼ੁਦਾ ਕਦ ਯਾਦ ਹੁੰਦਾ ਲੋਕ ਜਦ ਵੀ ਪਿਆਰ ਕਰਦੇ ਨੇ।
ਤਲ਼ੀ ਤੇ ਸੀਸ ਨੂੰ ਧਰ ਕੇ ਪਵੇਗਾ ਆਪ ਸਭ ਕਹਿਣਾ
ਨਾ ਸੋਹਣੇ ਪਿਆਰ ਦਾ ਪਹਿਲਾਂ ਕਦੇ ਇਜ਼ਹਾਰ ਕਰਦੇ ਨੇ।
ਮੈਂ ਦੁਸ਼ਮਣ ਨੂੰ ਹਰਾ ਦਿੰਨਾ ਅਸਾਨੀ ਨਾਲ ਹਰ ਵਾਰੀ
ਮੈਂ ਹਰ ਜਾਵਾਂ ਜਦੋਂ ਦੁਸ਼ਮਣ ਦੇ ਵਾਂਗੂੰ ਯਾਰ ਕਰਦੇ ਨੇ।
ਕਈ ਵਾਰੀ ਮੈਂ ਅੱਖੀਂ ਤੱਕਿਆ ਇਜ਼ਹਾਰ ਸੋਹਣੇ ਦੇ
ਬੜੇ ਵਿਸ਼ਵਾਸ ਵਿੱਚ ਲਬਾਂ ਤੋਂ ਪਰ ਇਨਕਾਰ ਕਰਦੇ ਨੇ।
ਤੇਰੇ ਲਾਰੇ, ਤੇਰੇ ਵਾਅਦੇ, ਮੁੜੇ ਤੋਹਫ਼ੇ, ਪੁਰਾਣੇ ਖ਼ਤ
'ਗੁਰਮ' ਨੂੰ ਸਭ ਇਕੱਠੇ ਹੋ ਕੇ ਖੱਜਲ਼ ਖੁਆਰ ਕਰਦੇ ਨੇ।

## ਚਿੜੀਏ
### ਮਨਜੀਤ ਸਿੰਘ ਬੱਧਣ

ਉੱਡ ਜਾ ਚਿੜੀਏ! ਮਰ ਜਾ ਚਿੜੀਏ!
ਇਹ ਕੀ ਗੱਲ ਹੋਈ! ਦੱਸ ਜਾ ਚਿੜੀਏ।
ਇਹ ਕੋਈ ਗੱਲ ਨਾ ਹੋਈ ਸੁਣ ਜਾ ਚਿੜੀਏ।
ਆ ਜਾ ਚਿੜੀਏ ਬਹਿ ਜਾ ਚਿੜੀਏ
ਡਰ ਨਾ, ਤੈਨੂੰ ਸਦਾ ਕੋਲ ਨਾ ਰੱਖਣਾ।
ਇਹ ਵਿਹੜਾ ਅਸਾਂ ਵੀ ਕਰਨਾ ਸੱਖਣਾ।
ਚੁਗ ਲੈ ਕੁਝ ਦਾਣੇ ਬਰਕਤ ਪਾ ਜਾ ਚਿੜੀਏ,
ਆ ਜਾ ਚਿੜੀਏ ਬਹਿ ਜਾ ਚਿੜੀਏ
ਕਿਸੇ ਵੇਲ਼ੇ ਘਰ ਘਰ ਥੋਡਾ ਡੇਰਾ ਸੀ।
ਵਾਂਙ ਫੱਕਰਾਂ ਥੋਡਾ ਨਿੱਤ ਦਾ ਫੇਰਾ ਸੀ।
ਪੱਕੇ ਘਰੀਂ ਕੱਚਿਆਂ ਨੂੰ ਖ਼ੈਰ ਪਾ ਜਾ ਚਿੜੀਏ,
ਆ ਜਾ ਚਿੜੀਏ ਬਹਿ ਜਾ ਚਿੜੀਏ
ਥੋਡਾ ਚੂਹਕਣਾ ਹੁੰਦਾ ਸੀ ਦਿਨ ਦਾ ਚੜ੍ਹਨਾ।
ਚਾਟੀ ਵਿੱਚ ਮਧਾਣੀ ਕਿਤੇ ਦੁੱਧ ਦਾ ਕੜ੍ਹਨਾ।
ਬੜਾ ਕੁਝ ਖੁੰਝਿਆ, ਯਾਦ ਕਰਾ ਜਾ ਚਿੜੀਏ,
ਆ ਜਾ ਚਿੜੀਏ ਬਹਿ ਜਾ ਚਿੜੀਏ
ਝੱਟ ਛੱਡ ਚਰਖਾ ਬੇਬੇ ਉੱਠ ਭੱਜੀ ਸੀ,
ਤੇਰੀ ਵੱਡੀ ਵਡੇਰੀ ਪੱਖੇ ਜਾ ਵੱਜੀ ਸੀ।
ਬੇਰੀ ਹੇਠਾਂ ਦੱਬੀ, ਪਲਕਾਂ ਸੁਕਾ ਜਾ ਚਿੜੀਏ,
ਆ ਜਾ ਚਿੜੀਏ ਬਹਿ ਜਾ ਚਿੜੀਏ
ਨੀ ਚਿੜੀਏ ਅਸੀਂ ਤਰੱਕੀ ਕਰ ਗਏ!
ਜਿੱਤਦੇ ਜਿੱਤਦੇ ਬੜਾ ਕੁਝ ਹਰ ਗਏ!
ਸਾਨੂੰ ਮੁੜ ਇਨਸਾਨ ਬਣਾ ਜਾ ਅੜੀਏ,
ਆ ਜਾ ਚਿੜੀਏ ਬਹਿ ਜਾ ਚਿੜੀਏ
ਕਹਿੰਦੇ ਕੁੜੀਆਂ ਚਿੜੀਆਂ ਹੁੰਦੀਆਂ।
ਫੇਰ ਅੱਖੀਆਂ ਨਾ ਗਿੜੀਆਂ ਹੁੰਦੀਆਂ।
ਸਜਾ ਸੁਫ਼ਨੇ ਇਨ੍ਹਾਂ ਤਾਈਂ ਹਸਾ ਜਾ ਚਿੜੀਏ,
ਆ ਜਾ ਚਿੜੀਏ ਬਹਿ ਜਾ ਚਿੜੀਏ
ਜਿੰਦੜੀ ਤੇਰੀ, ਖੰਭ ਤੇਰੇ, ਉਡਾਣ ਤੇਰੀ।
ਗੱਲਾਂ ਸੁਣ ਉੱਡੀਂ, ਮਰੀਂ ਨਾ, ਮੰਨ ਮੇਰੀ।
ਮੇਰੀ ਦਰਖ਼ਾਸਤ ਵੀ ਮੰਨ ਜਾ ਚਿੜੀਏ,
ਆ ਜਾ ਚਿੜੀਏ ਬਹਿ ਜਾ ਚਿੜੀਏ

## ਸਾਂਝ
### ਕੇ.ਐੱਸ.ਅਮਰ

ਸਾਂਝ ਸਦੀਵੀਂ ਜੱਚਦੀ ਸੋਹਣੇ ਯਾਰਾਂ ਦੀ
ਜੋੜੀ ਬੜੀ ਹੀ ਫੱਬਦੀ ਏ ਦਿਲਦਾਰਾਂ ਦੀ।
ਪ੍ਰੀਤ ਸੁਨੇਹਾ ਦਿੰਦੀ ਸਭ ਨੂੰ ਕਹਿੰਦੀ ਏ
ਮਹਿਫ਼ਲ ਤੇਰੀ ਲੱਗਦੀ ਮੌਜ ਬਹਾਰਾਂ ਦੀ।
ਜੋਬਨ ਰੁੱਤੇ ਫੁੱਲਾਂ ਦੀ ਫੁੱਲਵਾੜੀ ਵਿੱਚ
ਮਹਿਕ ਬੜੀ ਹੀ ਜੱਚਦੀ ਏ ਗੁਲਨਾਰਾਂ ਦੀ।
ਦੁੱਖ ਵੇਲੇ ਜੇ ਸਾਂਝ ਜਤਾਵੇਂ ਮਿੱਤਰਾ ਵੇ
ਸਾਂਝ ਹੀ ਦੱਸਦੀ ਯਾਰੀ ਏ ਸਰਦਾਰਾਂ ਦੀ।
ਵਿੱਚ ਇਸ਼ਕ ਦੇ ਹੀਰ ਸਲੇਟੀ ਹੋ ਗਈ ਜਦ
ਨਾਲ ਚਾਕ ਦੇ ਬਣ ਗਈ ਹੀਰ ਹਜ਼ਾਰਾਂ ਦੀ।
ਇਸ਼ਕ ਮੂਲ ਵਿੱਚ ਪਿੱਛੇ ਮੁੜਦੇ ਆਸ਼ਕ ਨਾ
ਦੁਨੀਆ ਭੁੱਖੀ ਉਨ੍ਹਾਂ ਦੇ ਦੀਦਾਰਾਂ ਦੀ।
ਮੁਹੱਬਤ ਵਿੱਚ ਹੀ ਜ਼ਿੰਦਗੀ ਨੂੰ ਰੁਸ਼ਨਾ ਲੈਣਾ ਤੂੰ
ਅਮਰ ਹੈ ਲੱਗਦੀ ਚੰਗੀ ਖੇਡ ਪਿਆਰਾਂ ਦੀ।

## ਇਤਫ਼ਾਕ
### ਸੁਖਦੇਵ ਸਿੰਘ ਭੁੱਲੜ

ਜਿਸ ਘਰ ਵਿੱਚ ਪਿਆਰ ਇਤਫ਼ਾਕ ਹੋਵੇ,
ਉਸ ਘਰ ਦੀ ਉੱਚੀ ਸ਼ਾਨ ਹੁੰਦੀ।
ਉੱਥੇ ਬਰਕਤਾਂ ਦਾ ਸਦਾ ਮੀਂਹ ਵੱਸੇ,
ਵੱਸਣ ਵਾਲਿਆਂ ਦੀ ਮਿੱਠੀ ਜ਼ੁਬਾਨ ਹੁੰਦੀ।
ਗ਼ਲਤੀ ਨਾਲ ਜੇ ਕੰਮ ਕੋਈ ਵਿਗੜ ਜਾਵੇ,
ਉਹ ਵੀ ਲਾਭ ਦਿੰਦਾ, ਨਹੀਂ ਹਾਨ ਹੁੰਦੀ।
ਭੈੜੇ ਚੁਗਲ ਤੇ ਨਿੰਦਕ ਵੀ ਖ਼ੌਫ਼ ਖਾਂਦੇ,
ਸ਼ਕਤੀ ਇਤਫ਼ਾਕ ਦੀ ਏਨੀ ਬਲਵਾਨ ਹੁੰਦੀ।
ਜਿਸ ਘਰ ਵਿੱਚ ਏਕਾ ਇਤਫ਼ਾਕ ਹੋਵੇ,
ਵੱਸਣ ਵਾਲਿਆਂ ਦੀ ਜੈ-ਜੈ ਕਾਰ ਹੋਵੇ।
ਸੱਥ, ਪਰੇ-ਪੰਚਾਇਤ ਵਿੱਚ ਮਾਣ ਮਿਲਦਾ,
ਧੀਆਂ ਪੁੱਤ ਪਤਨੀ ਆਗਿਆਕਾਰ ਹੋਵੇ।
ਉੱਥੇ ਵਾਸ ਹੋਵੇ ਨਿਧੀਆਂ ਸਿੱਧੀਆਂ ਦਾ,
ਚਾਰਾਂ ਕੂੰਟਾਂ ਦੇ ਵਿੱਚ ਸਤਿਕਾਰ ਹੋਵੇ।
ਜਿਨ੍ਹਾਂ ਘਰਾਂ 'ਚ ਨਾ ਹੋਏ ਇਤਫ਼ਾਕ 'ਭੁੱਲੜਾ'
ਉੱਥੇ ਸਦਾ ਕਲੇਸ਼ ਤਕਰਾਰ ਹੋਵੇ।

## ਰੁਖ
### ਸੰਦੀਪ ਸਿੰਘ

ਮੇਰੇ ਦਿਲ ਦੇ ਬਹੁਤ ਕਰੀਬ ਨੇ ਰੁੱਖ
ਲੱਗਣ ਮੇਰਾ ਨਸੀਬ ਨੇ ਰੁੱਖ
ਮੈਂ ਬਹੁਤ ਵਾਰ ਮਹਿਸੂਸ ਕੀਤਾ ਏ
ਇਨਾਂ ਦੀ ਸਰਸਰਾਹਟ ਨੂੰ
ਹਵਾ ਵਿੱਚ ਗਾਉਂਦੇ ਪੱਤਿਆਂ ਤੇ ਸਾਹਾਂ ਦੀ ਆਹਟ ਨੂੰ
ਮੈਨੂੰ ਇਹ ਮੇਰਾ ਪਰਿਵਾਰ ਜਾਪਦੇ ਨੇ
ਕਦੇ-ਕਦੇ ਪੂਰਾ ਆਵਾਸ ਜਾਪਦੇ ਨੇ
ਪੀਲੇ ਪੱਤੇ ਮੈਨੂੰ ਵੱਡ-ਵਡੇਰੇ ਲੱਗਦੇ
ਇਹ ਤਾਂ ਸਾਡੇ ਬਜ਼ੁਰਗਾਂ ਦੇ ਵੀ ਜਠੇਰੇ ਲੱਗਦੇ
ਹਰੇ-ਭਰੇ ਮੈਨੂੰ ਮਿੱਤਰ ਜਾਪਣ
ਕੁਝ ਸਾਕ-ਨੇੜਲੇ ਕੁਝ ਸੰਗੀ ਜਾਪਣ
ਨਵੀਆਂ ਕਰੂੰਬਲਾਂ ਲੱਗਣ ਬੱਚਿਆਂ ਵਾਂਗਰ
ਕੁਝ ਪੁੱਤਰ ਕੁਝ ਧੀਆਂ ਜਾਪਣ
ਜੀ ਕਰਦਾ ਮੈਂ ਰੁੱਖ ਬਣ ਜਾਵਾਂ
ਪੰਛੀਆਂ ਨੂੰ ਮੈਂ ਕੋਲ ਬੁਲਾਵਾਂ
ਜਨੌਰ ਮੇਰੇ ਤੇ ਆਲ੍ਹਣੇ ਪਾਵਣ
ਉਹਨਾਂ ਨੂੰ ਮੈਂ ਗੋਦ ਖਿਡਾਵਾਂ
ਚਿੜੀਆਂ ਮਿੱਠੇ ਗੀਤ ਸੁਣਾਵਣ
ਹਰ ਦੁੱਖ ਮੈ ਇਹਨਾਂ ਨਾਲ ਵੰਡਾਵਾ
ਮੈਂ ਨਾ ਬਹੁਤੀ ਥਾਂ ਘੇਰਦਾ
ਮੈਂ ਨਾ ਕਿਸੇ ਤੋਂ ਮੂੰਹ ਫੇਰਦਾ
ਹਰ ਦੁੱਖ ਤੋਂ ਰੱਖਾਂ ਮੈਂ ਸਭ ਨੂੰ ਦੂਰ
ਹਰ ਸੁੱਖ ਜੀਵੋ ਤੁਸੀਂ ਹਜ਼ੂਰ
ਹਰ ਇੱਕ ਲੋੜ ਪੂਰੀ ਕਰਾਂ
ਨਾਲ ਹੀ ਜੀਵਾ ਨਾਲ ਹੀ ਮਰਾਂ
ਮੇਰੇ ਤੋਂ ਨਾ ਮੂੰਹ ਫੇਰਿਓ
ਮੈਨੂੰ ਲਗਾਓ ਚਾਰ ਚੁਫੇਰਿਓ
'ਸੰਦੀਪ' ਦੀ ਇੱਕੋ ਇੱਕ ਅਰਜੋਈ
ਰੁੱਖ ਲਗਾਵੋ ਹਰ ਇੱਕ ਕੋਈ
ਇਹੀ ਸਾਡੇ ਮੀਤ ਬਣਨਗੇ
ਪੁੱਤ-ਪੋਤਿਆਂ ਲਈ ਅਸੀਸ ਬਣਨਗੇ ।



## ਧੀਆਂ ਅਤੇ ਤ੍ਰਿੰਝਣਾਂ
### ਭੁਪਿੰਦਰ ਭਿੰਦਾ





ਰਲ-ਮਿਲ ਕੁੜੀਆਂ ਵਿਉਂਤ ਬਣਾਈ,ਜਦ ਦਿਨ ਸਾਉਣ ਦੇ ਆਏ,
ਘਰ-ਘਰ ਸੱਦੇ ਤੀਆਂ ਦੇ ਘੱਲਕੇ, ਗੀਤ ਖੁਸ਼ੀ ਦੇ ਗਾਏ।
ਜਦ ਹਰ ਗਲੀ ਮੁਹੱਲੇ, ਵਣਜਾਰਿਆਂ ਫੇਰੀ ਪਾਈ,
ਖਣ ਖਣ ਖਣਕਦੀਆਂ ਵੰਗਾਂ ਨਾਲ, ਕਲਾਈਆਂ ਫਿਰਨ ਸਜਾਈ।
ਗੋਟੇਦਾਰ ਚੁੰਨੀਆ ਦੇ ਨਾਲ, ਪਾਕੇ ਲਹਿੰਗੇ ਰੰਗ-ਬਿਰੰਗੇ,
ਗਿੱਧੇ ਦਾ ਮੋਹ ਏਦਾਂ ਜਾਪੇ, ਜਿਉਂ ਲੋਅ ਦੇ ਨਾਲ ਪਤੰਗੇ।
ਗਿੱਧੇ ਦੇ ਵਿੱਚ ਭੜਥੂ ਪਾਵਣ,ਆਉਂਦੀਆਂ ਬੰਨ ਬੰਨ ਟੋਲੀਆਂ,
ਅੰਬਰ ਘਟਾਵਾਂ ਚੜੀਆਂ, ਜਦ ਗਰਜਕੇ ਪਾਉਂਦੀਆਂ ਬੋਲੀਆਂ।
ਛਿੰਦੋ,ਮਿੰਦੋ,ਰਾਣੋ ਤੇ ਲਾਲੀ, ਸੂਟ ਚਾਰਾਂ ਦੇ ਲਾਲ,
ਨੱਚ ਨੱਚ ਧਰਤੀ ਪੱਟੀ ਜਾਵਣ ਤਾੜੀਆਂ ਦੀ ਵੱਜੇ ਤਾਲ।
ਹਵਾ ਦੇ ਨਾਲ ਗੱਲਾਂ ਕਰਦੀਆਂ,ਅੰਬਰੀ ਪੀਂਘਾਂ ਚੜੀਆਂ ਨੇ,
ਜੀਨਾਂ ਵਾਲੀਆਂ ਨੀਤੂ, ਸੀਮਾ ਬਾਰੀ ਪਿੱਛੇ ਲੜੀਆਂ ਨੇ।
ਗੁੱਤਾਂ ਦੇ ਕਈ ਨਾਗ ਬਣਾ ਕੇ, ਸਪੇਰੇ ਪਿੱਛੇ ਲਾਏ,
ਬਿਸ਼ਨੀ ਤਾਈ ਦੀ ਡਾਂਗ ਵੇਖ ਕੇ, ਭੱਜਦਿਆਂ ਰਾਹ ਨਾ ਥਿਆਏ।
ਅੱਡੀ ਦੇ ਨਾਲ ਝਾਂਜਰ ਵੱਜੇ,ਧਰਤੀ ਥਰ ਥਰ ਕੰਬੇ,
ਮੋਤੀਆਂ ਦੇ ਦੰਦ ਖਿੜ ਖਿੜ ਹੱਸਣ, ਧਮਕ ਪਵੇ ਪਿੰਡ ਬੰਬੇ।
ਮਿਸ ਵਰਲਡ ਤੋਂ ਘੱਟ ਨਹੀਂ, ਪੰਜਾਬ ਦਾ ਹੁਸਨ ਨਿਆਰਾ,
ਸੱਗੀ ਫੁੱਲ ਮੱਥੇ ਤੇ ਲਾ ਕੇ,ਜਦ ਜੱਚਦੀਆਂ ਨੇ ਮੁਟਿਆਰਾਂ।
ਨਿੱਕੀਆਂ ਨਿੱਕੀਆਂ ਕਲੀਆਂ ਵੀ, ਇੱਕ ਦੂਜੇ ਤੋਂ ਮੂਹਰੇ,
ਗੱਲ ਅਧੂਰੀ ਰਹਿ ਜਾਣੀ ਸੀ, ਜੇ ਨਾ ਦੱਸਦੇ ਖੀਰ ਮਾਲ ਪੂੜੇ।
ਇਹ ਮੇਲਾ ਪੰਜਾਬ ਬੇਲੀਓ, ਇਹ ਇਹਦੀ ਤਸਵੀਰ,
ਧੀਆਂ ਅਤੇ ਤ੍ਰਿੰਜਣਾਂ ਇਹਦਾ ਵਿਰਸਾ ਕੀਤਾ ਅਮੀਰ।
ਇਹ ਮੇਰਾ ਪੰਜਾਬ ਬੇਲੀਓ, ਪੰਜ ਦਰਿਆ ਦੀ ਧਰਤੀ,
ਤੀਆਂ ਅਤੇ ਤ੍ਰਿੰਜਣਾ,ਇਹਦੀ ਰੌਣਕ ਦੂਗਣੀ ਕਰਤੀ।

# ਵਿਨੇਸ਼ ਫੋਗਾਟ : ਉਲੰਪਿਕ 'ਚ ਟੁੱਟ ਗਿਆ ਸੋਨ ਤ.ਗਮੇ ਦਾ ਸੁਪਨਾ

## 100 ਗ੍ਰਾਮ ਭਾਰ ਵੱਧ ਹੋਣ ਕਾਰਨ ਮੁਕਾਬਲੇ ਤੋਂ ਕੀਤਾ ਬਾਹਰ





ਪੈਰਿਸ/ਏ.ਟੀ.ਨਿਊਜ਼ : ਭਾਰਤ ਨੂੰ ਉਲੰਪਿਕ 'ਚ ਵੱਡਾ ਝਟਕਾ ਲੱਗਿਆ ਹੈ। ਵਿਨੇਸ਼ ਫੋਗਾਟ, ਜਿਸ ਨੇ ਕੁਸ਼ਤੀ 'ਚ ਤ.ਗਮਾ ਯਕੀਨੀ ਬਣਾਇਆ ਗਿਆ ਸੀ, ਨੂੰ ਜ਼ਿਆਦਾ ਭਾਰ ਹੋਣ ਕਾਰਨ ਮੁਕਾਬਲੇ ਤੋਂ ਅਯੋਗ ਕਰਾਰ ਦਿੱਤਾ ਗਿਆ ਹੈ। ਇਸ ਖਬਰ ਨੇ ਸਾਰੇ ਖੇਡ ਪ੍ਰੇਮੀਆਂ ਦੇ ਦਿਲ ਤੋੜ ਦਿੱਤੇ ਹਨ। ਮੰਨਿਆ ਜਾ ਰਿਹਾ ਸੀ ਕਿ ਵਿਨੇਸ਼ 50 ਕਿਲੋਗ੍ਰਾਮ ਈਵੈਂਟ 'ਚ ਸੋਨ ਤ.ਗਮਾ ਜਿੱਤੇਗੀ ਪਰ ਹੁਣ ਉਹ ਬਿਨਾਂ ਕਿਸੇ ਤ.ਗਮੇ ਦੇ ਵਾਪਸੀ ਕਰੇਗੀ। ਵਿਨੇਸ਼ ਦੇ ਚਾਚਾ ਅਤੇ ਮਸ਼ਹੂਰ ਕੋਚ ਮਹਾਵੀਰ ਫੋਗਾਟ ਨੇ ਕਿਹਾ ਕਿ ਹੁਣ ਇਸ 'ਚ ਕੁਝ ਨਹੀਂ ਕੀਤਾ ਜਾ ਸਕਦਾ।

ਦਰਅਸਲ ਅੱਜ ਵਿਨੇਸ਼ ਨੇ ਆਪਣਾ ਫਾਈਨਲ ਮੈਚ ਖੇਡਣਾ ਸੀ। ਮੈਚ ਤੋਂ ਪਹਿਲਾਂ ਹਰ ਖਿਡਾਰੀ ਦਾ ਭਾਰ ਮਾਪਿਆ ਜਾਂਦਾ ਹੈ। ਇਸੇ ਵਜ਼ਨ ਮਾਪਣ ਦੌਰਾਨ ਵਿਨੇਸ਼ ਦਾ ਵਜ਼ਨ ਨਿਰਧਾਰਤ 50 ਕਿਲੋ ਤੋਂ 150 ਗ੍ਰਾਮ ਵੱਧ ਪਾਇਆ ਗਿਆ। ਇੰਟਰਨੈਸ਼ਨਲ ਉਲੰਪਿਕ ਸੰਘ ਦੇ ਨਿਯਮਾਂ ਅਨੁਸਾਰ ਜੇਕਰ ਭਾਰ ਨਿਰਧਾਰਤ ਵਜ਼ਨ ਤੋਂ ਵੱਧ ਜਾਂਦਾ ਹੈ ਤਾਂ ਖਿਡਾਰੀ ਨੂੰ ਅਯੋਗ ਕਰਾਰ ਦਿੱਤਾ ਜਾਂਦਾ ਹੈ। ਨਿਯਮਾਂ ਮੁਤਾਬਕ ਵਿਨੇਸ਼ ਮੁਕਾਬਲੇ ਤੋਂ ਬਾਹਰ ਹੋ ਗਈ। ਹੁਣ ਉਸ ਨੂੰ ਕੋਈ ਤ.ਗਮਾ ਨਹੀਂ ਮਿਲੇਗਾ।

ਵਿਨੇਸ਼ ਦੇ ਚਾਚਾ ਅਤੇ ਮਸ਼ਹੂਰ ਕੁਸ਼ਤੀ ਕੋਚ ਮਹਾਵੀਰ ਫੋਗਾਟ ਨੇ ਕਿਹਾ ਕਿ ਹੁਣ ਕੁਝ ਨਹੀਂ ਹੋ ਸਕਦਾ। ਹੁਣ ਕੋਈ ਮੈਡਲ ਨਹੀਂ ਆਉਣ ਵਾਲਾ। ਉਨ੍ਹਾਂ ਕਿਹਾ ਕਿ ਹੁਣ ਕੁਝ ਨਹੀਂ ਹੋ ਸਕਦਾ। ਉਸ ਨੇ ਕਿਹਾ ਕਿ ਰਾਤ ਨੂੰ ਉਸ ਨੇ ਕੁਝ ਖਾਧਾ ਹੋਵੇਗਾ। ਡਾਈਟ ਕਾਰਨ ਉਸ ਦਾ ਭਾਰ 150 ਗ੍ਰਾਮ ਵਧ ਗਿਆ। ਉਨ੍ਹਾਂ ਕਿਹਾ ਕਿ ਪੂਰਾ ਦੇਸ਼ ਇਸ ਤੋਂ ਬਹੁਤ ਦੁਖੀ ਹੈ। ਉਨ੍ਹਾਂ ਕਿਹਾ ਕਿ ਇਸ ਦਾ ਕੋਈ ਹੱਲ ਨਹੀਂ ਹੋ ਸਕਦਾ। ਮਹਾਵੀਰ ਨੇ ਕਿਹਾ ਕਿ ਹੁਣ ਉਹ ਦੁਬਾਰਾ ਕੋਸ਼ਿਸ਼ ਕਰੇਗੀ। ਉਹ 2028 ਲਈ ਕੋਸ਼ਿਸ਼ ਕਰੇਗੀ ਅਤੇ ਫਿਰ ਹੋਰ ਜ਼ੋਰ ਦੇਵੇਗੀ। ਉਨ੍ਹਾਂ ਕਿਹਾ ਕਿ ਨਿਯਮਾਂ ਮੁਤਾਬਕ ਜ਼ਿਆਦਾ ਭਾਰ ਹੋਣ ਤੋਂ ਬਾਅਦ ਅਜਿਹਾ ਹੁੰਦਾ ਹੈ। ਹੁਣ ਕੋਈ ਹੱਲ ਨਹੀਂ ਹੈ।

ਵਿਨੇਸ਼ ਫਾਈਨਲ ਤੱਕ ਦੇ ਆਪਣੇ ਸਫਰ 'ਚ ਦੁਨੀਆਂ ਦੀ ਨੰਬਰ ਇੱਕ ਪਹਿਲਵਾਨ ਸੁਸਾਕੋ ਨੂੰ ਹਰਾ ਕੇ ਇੱਥੇ ਪਹੁੰਚੀ। ਹਾਲਾਂਕਿ ਭਾਰਤੀ ਟੀਮ ਨੇ ਅੰਤਰਰਾਸ਼ਟਰੀ ਉਲੰਪਿਕ ਸੰਘ ਦੇ ਫੈਸਲੇ ਦਾ ਵਿਰੋਧ ਕੀਤਾ ਸੀ ਪਰ ਨਿਯਮਾਂ ਮੁਤਾਬਕ ਇਸ ਨੂੰ ਜ਼ਿਆਦਾ ਮਹੱਤਵ ਨਹੀਂ ਦਿੱਤਾ ਜਾ ਸਕਦਾ ਹੈ। ਵਿਨੇਸ਼ ਜਿੱਤ ਦੇ ਕਰੀਬ ਪਹੁੰਚੀ ਅਤੇ ਮੈਡਲ ਤੋਂ ਦੂਰ ਰਹੀ। ਹੁਣ ਉਨ੍ਹਾਂ ਨੂੰ 4 ਸਾਲ ਫਿਰ ਇੰਤਜ਼ਾਰ ਕਰਨਾ ਪਵੇਗਾ।

ਜ਼ਿਕਰਯੋਗ ਹੈ ਕਿ ਵਿਨੇਸ਼ ਫੋਗਾਟ ਉਲੰਪਿਕ ਮਹਿਲਾ 50 ਕਿਲੋਗ੍ਰਾਮ ਕੁਸ਼ਤੀ ਦੇ ਸੈਮੀਫਾਈਨਲ ਮੈਚ 'ਚ ਕਿਊਬਾ ਦੀ ਯੁਸਾਨੇਲਿਸ ਗੁਜ਼ਮੈਨ ਲੋਪੇਜ਼ ਨੂੰ 5-0 ਨਾਲ ਹਰਾ ਕੇ ਮੈਡਲ ਫਾਈਨਲ 'ਚ ਪਹੁੰਚਣ ਵਾਲੀ ਪਹਿਲੀ ਭਾਰਤੀ ਮਹਿਲਾ ਬਣ ਗਈ ਸੀ। ਇਸ ਦੇ ਨਾਲ ਹੀ ਇਨ੍ਹਾਂ ਉਲੰਪਿਕ ਖੇਡਾਂ 'ਚ ਭਾਰਤ ਦਾ ਇੱਕ ਹੋਰ ਤ.ਗਮਾ ਪੱਕਾ ਹੋ ਗਿਆ ਸੀ ਪਰ ਸਾਰੀਆਂ ਉਮੀਦਾਂ 'ਤੇ ਪਾਣੀ ਫਿਰ ਗਿਆ।

ਉਸ ਨੇ ਇਸ ਤੋਂ ਪਹਿਲਾਂ ਉਲੰਪਿਕ ਖੇਡਾਂ ਵਿੱਚ ਹੁਣ ਤਕ ਅਜੇਤੂ ਮੌਜੂਦਾ ਚੈਂਪੀਅਨ ਯੂਈ ਸੁਸਾਕੀ ਨੂੰ ਹਰਾ ਕੇ ਉਲਟਫੇਰ ਕੀਤਾ ਅਤੇ ਯੂਕਰੇਨ ਦੀ ਓਕਸਾਨਾ ਲਿਵਾਚ ਨੂੰ ਹਰਾ ਕੇ ਸੈਮੀਫਾਈਨਲ ਵਿੱਚ ਜਗ੍ਹਾ ਬਣਾਈ ਸੀ।

ਪਿਛਲੇ ਚਾਰ ਮੈਚਾਂ 'ਚ ਲੋਪੇਜ਼ ਨੇ ਸ਼ੁਰੂਆਤੀ ਦੌਰ 'ਚ ਵਿਨੇਸ਼ ਦੀ ਲੱਤ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਦੇ ਓਵਰ ਡਿਫੈਂਸਿਵ ਗੇਮ ਨੇ ਭਾਰਤੀ ਖਿਡਾਰੀ ਨੂੰ ਇੱਕ ਅੰਕ ਦੀ ਲੀਡ ਲੈਣ ਦਾ ਮੌਕਾ ਦਿੱਤਾ।

ਸ਼ੁਰੂਆਤੀ ਦੌਰ 'ਚ ਲੀਡ ਲੈਣ ਤੋਂ ਬਾਅਦ ਵਿਨੇਸ਼ ਨੇ ਦੂਜੇ ਪੀਰੀਅਡ 'ਚ ਹਮਲਾਵਰ ਸ਼ੁਰੂਆਤ ਕੀਤੀ ਅਤੇ ਵਿਰੋਧੀ ਦੇ ਸੱਜੇ ਪੈਰ 'ਤੇ ਮਜ਼ਬੂਤ ਪਕੜ ਬਣਾ ਕੇ 5-0 ਦੀ ਲੀਡ ਬਣਾ ਲਈ। ਕਿਊਬਾ ਦੀ ਭਲਵਾਨ ਨੇ ਫਿਰ ਵਿਨੇਸ਼ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਪਰ ਵਿਨੇਸ਼ ਦੇ ਸ਼ਾਨਦਾਰ ਡਿਫੈਂਸ ਦੇ ਸਾਹਮਣੇ ਉਸ ਦੀ ਕੋਸ਼ਿਸ਼ ਅਸਫਲ ਰਹੀ।

ਪੁਰਸ਼ ਵਰਗ 'ਚ ਸੁਸ਼ੀਲ ਕੁਮਾਰ ਅਤੇ ਰਵੀ ਦਹੀਆ ਨੂੰ ਉਲੰਪਿਕ ਫਾਈਨਲ ਖੇਡਣ ਦਾ ਤਜਰਬਾ ਹੈ ਪਰ ਦੋਵੇਂ ਚਾਂਦੀ ਦੇ ਤਗਮੇ ਜਿੱਤ ਸਕੇ ਸਨ, ਇਸ ਲਈ ਵਿਨੇਸ਼ ਕੋਲ ਕੁਸ਼ਤੀ 'ਚ ਦੇਸ਼ ਦੀ ਪਹਿਲੀ ਸੋਨ ਤ.ਗਮਾ ਜੇਤੂ ਬਣਨ ਦਾ ਮੌਕਾ ਸੀ। ਟੂਰਨਾਮੈਂਟ ਦਾ ਫਾਈਨਲ ਅੱਜ (ਬੁੱਧਵਾਰ) ਨੂੰ ਰਾਤ 10 ਵਜੇ ਖੇਡਿਆ ਜਾਣਾ ਸੀ ਪਰ ਹੁਣ ਵਿਨੇਸ਼ ਫੋਗਾਟ ਬਿਨਾਂ ਕਿਸੇ ਮੈਡਲ ਦੇ ਵਾਪਸ ਭਾਰਤ ਪਰਤੇਗੀ।

### ਉਲੰਪਿਕ ਫਾਈਨਲ 'ਚ ਪਹੁੰਚਣ ਵਾਲੀ ਪਹਿਲੀ ਭਾਰਤੀ ਮਹਿਲਾ ਪਹਿਲਵਾਨ

ਵਿਨੇਸ਼ ਮੰਗਲਵਾਰ ਨੂੰ 3 ਮੈਚ ਜਿੱਤ ਕੇ 50 ਕਿਲੋ ਕੁਸ਼ਤੀ ਉਲੰਪਿਕ ਦੇ ਫਾਈਨਲ 'ਚ ਪਹੁੰਚਣ ਵਾਲੀ ਪਹਿਲੀ ਭਾਰਤੀ ਮਹਿਲਾ ਪਹਿਲਵਾਨ ਬਣ ਗਈ ਸੀ। ਉਸਨੇ ਸੈਮੀਫਾਈਨਲ ਵਿੱਚ ਕਿਊਬਾ ਦੀ ਪਹਿਲਵਾਨ ਗੁਜ਼ਮੈਨ ਲੋਪੇਜ਼ ਨੂੰ, ਕੁਆਰਟਰ ਫਾਈਨਲ ਵਿੱਚ ਯੂਕਰੇਨ ਦੀ ਓਕਸਾਨਾ ਲਿਵਾਚ ਅਤੇ ਪ੍ਰੀ-ਕੁਆਰਟਰ ਫਾਈਨਲ ਵਿੱਚ ਵਿਸ਼ਵ ਚੈਂਪੀਅਨ ਜਾਪਾਨ ਦੀ ਯੂਈ ਸੁਸਾਕੀ ਨੂੰ 3-2 ਨਾਲ ਹਰਾਇਆ। ਉਸ ਨੂੰ ਬੁੱਧਵਾਰ ਰਾਤ ਨੂੰ ਕਰੀਬ 10 ਵਜੇ ਸੋਨ ਤਗਮੇ ਲਈ ਅਮਰੀਕੀ ਪਹਿਲਵਾਨ ਸਾਰਾਹ ਐਨ ਹਿਲਡਰਬ੍ਰਾਂਟ ਨਾਲ ਮੁਕਾਬਲਾ ਕਰਨਾ ਪਿਆ।

### ਫ਼ੈਸਲੇ ਤੋਂ ਬਾਅਦ ਵਿਨੇਸ਼ ਦੀ ਸਿਹਤ ਵਿਗੜੀ, ਹਸਪਤਾਲ ਦਾਖ਼ਲ



ਮੀਡੀਆ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਉਲੰਪਿਕ ਤੋਂ ਬਾਹਰ ਹੋਣ ਤੋਂ ਬਾਅਦ ਵਿਨੇਸ਼ ਫੋਗਾਟ ਦੀ ਸਿਹਤ ਵਿਗੜ ਗਈ ਹੈ ਅਤੇ ਉਨ੍ਹਾਂ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਕਈ ਮੀਡੀਆ ਰਿਪੋਰਟਾਂ 'ਚ ਕਿਹਾ ਗਿਆ ਹੈ ਕਿ ਵਿਨੇਸ਼ ਅਤੇ ਉਸ ਦੇ ਕੋਚ ਨੂੰ ਉਸ ਦੇ ਜ਼ਿਆਦਾ ਭਾਰ ਬਾਰੇ ਮੰਗਲਵਾਰ ਰਾਤ ਨੂੰ ਹੀ ਪਤਾ ਲੱਗਿਆ। ਇਸ ਤੋਂ ਬਾਅਦ ਵਿਨੇਸ਼ ਨੂੰ ਪੂਰੀ ਰਾਤ ਨੀਂਦ ਨਹੀਂ ਆਈ ਅਤੇ ਉਹ ਆਪਣੇ ਵਜ਼ਨ ਨੂੰ ਨਿਰਧਾਰਤ ਸ਼੍ਰੇਣੀ ਵਿੱਚ ਲਿਆਉਣ ਲਈ ਜੌਗਿੰਗ, ਸਕਿੱਪਿੰਗ ਅਤੇ ਸਾਈਕਲਿੰਗ ਵਰਗੀਆਂ ਕਸਰਤਾਂ ਕਰਦੀ ਰਹੀ।

ਮੀਡੀਆ ਰਿਪੋਰਟਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਵਿਨੇਸ਼ ਨੇ ਆਪਣੇ ਵਾਲ ਅਤੇ ਨਹੁੰ ਵੀ ਕੱਟ ਦਿੱਤੇ ਸਨ। ਇਸ ਦੇ ਬਾਵਜੂਦ ਉਸ ਦਾ ਭਾਰ ਘੱਟ ਨਹੀਂ ਹੋਇਆ। ਭਾਰਤੀ ਟੀਮ ਨੇ ਵਿਨੇਸ਼ ਨੂੰ ਕੁਝ ਹੋਰ ਸਮਾਂ ਦੇਣ ਦੀ ਮੰਗ ਕੀਤੀ ਸੀ, ਪਰ ਉਨ੍ਹਾਂ ਦੀ ਮੰਗ ਨਹੀਂ ਸੁਣੀ ਗਈ।

### ਜਿਣਸੀ ਸ਼ੋਸ਼ਣ ਵਿਰੁੱਧ ਅੰਦੋਲਨ

ਵਿਨੇਸ਼ ਉਹੀ ਪਹਿਲਵਾਨ ਹੈ ਜਿਸ ਨੇ ਭਾਰਤੀ ਕੁਸ਼ਤੀ ਮਹਾਸੰਘ (ਡਬਲਯੂ.ਐੱਫ.ਆਈ.) ਦੇ ਸਾਬਕਾ ਪ੍ਰਧਾਨ ਭਾਜਪਾ ਸੰਸਦ ਮੈਂਬਰ ਬ੍ਰਜ ਭੂਸ਼ਣ ਸਿੰਘ ਵਿਰੁੱਧ ਅੰਦੋਲਨ ਛੇੜਿਆ ਸੀ। ਮਹਿਲਾ ਪਹਿਲਵਾਨਾਂ ਦੇ ਜਿਨਸੀ ਸ਼ੋਸ਼ਣ ਦੇ ਵਿਰੋਧ 'ਚ ਵਿਨੇਸ਼ ਨੂੰ ਦਿੱਲੀ ਦੀਆਂ ਸੜਕਾਂ 'ਤੇ ਘਸੀਟਣ ਦੀਆਂ ਤਸਵੀਰਾਂ ਵੀ ਵਾਇਰਲ ਹੋਈਆਂ ਸਨ। ਪੈਰਿਸ ਉਲੰਪਿਕ ਚੋਣ ਟਰਾਇਲ ਨੂੰ ਲੈ ਕੇ ਕਾਫੀ ਹੰਗਾਮਾ ਹੋਇਆ ਸੀ। ਪਹਿਲਵਾਨ ਆਖਰੀ ਪੜਾਅ ਦੀ ਚੋਣ ਕਾਰਨ ਵਿਨੇਸ਼ ਨੂੰ ਆਪਣਾ ਅਸਲ ਭਾਰ 53 ਕਿਲੋਗ੍ਰਾਮ ਛੱਡਣਾ ਪਿਆ ਅਤੇ ਆਪਣਾ ਭਾਰ 50 ਕਿਲੋਗ੍ਰਾਮ ਵਰਗ ਤੱਕ ਘਟਾ ਲਿਆ। ਉਲੰਪਿਕ ਤੋਂ ਬਾਹਰ ਹੋਣ ਤੋਂ ਪਹਿਲਾਂ ਵਿਨੇਸ਼ ਦੇ ਚਾਚਾ ਦਰੋਣਾਚਾਰੀਆ ਐਵਾਰਡੀ ਮਹਾਵੀਰ ਫੋਗਾਟ ਨੇ ਕਿਹਾ ਸੀ, 'ਵਿਨੇਸ਼ ਪਹਿਲੀ ਲੜਾਈ 'ਚ ਵਿਸ਼ਵ ਚੈਂਪੀਅਨ ਯੂਈ ਸੁਸਾਕੀ ਨੂੰ ਹਰਾ ਕੇ ਸੋਨ ਤਗਮੇ ਦੀ ਦਾਅਵੇਦਾਰ ਬਣ ਗਈ ਸੀ। ਇਸ ਵਾਰ ਪੂਰੀ ਉਮੀਦ ਹੈ ਕਿ ਵਿਨੇਸ਼ ਸੋਨ ਤ.ਗਮਾ ਲੈ ਕੇ ਆਵੇਗੀ। ਵਿਨੇਸ਼ ਨੇ ਜੋ ਕੀਤਾ ਹੈ ਉਹ ਬ੍ਰਿਜ ਭੂਸ਼ਣ ਸਿੰਘ ਦੇ ਮੂੰਹ 'ਤੇ ਚਪੇੜ ਹੈ। ਬ੍ਰਿਜ ਭੂਸ਼ਣ ਨੂੰ ਹਰਾਉਣ ਲਈ ਸਖ਼ਤ ਮਿਹਨਤ ਕੀਤੀ ਗਈ ਸੀ ਪਰ ਵਿਨੇਸ਼ ਦੀ ਮਿਹਨਤ ਰੰਗ ਲਿਆਈ ਹੈ।'

**ਟੋਕੀਓ ਉਲੰਪਿਕ ਤੋਂ ਬਾਅਦ ਡਿਪ੍ਰੈਸ਼ਨ ਦਾ ਸ਼ਿਕਾਰ**

ਉਲੰਪਿਕ ਤੱਕ ਪਹੁੰਚਣ ਲਈ ਉਸ ਦੀ ਲੜਾਈ ਬਹੁਤ ਪਹਿਲਾਂ ਸ਼ੁਰੂ ਹੋ ਗਈ ਸੀ। ਵਿਨੇਸ਼ 'ਤੇ 2020 ਟੋਕੀਓ ਉਲੰਪਿਕ ਤੋਂ ਬਾਅਦ ਪਾਬੰਦੀ ਲਗਾ ਦਿੱਤੀ ਗਈ ਸੀ। ਉਦੋਂ ਭਾਰਤੀ ਕੁਸ਼ਤੀ ਮਹਾਸੰਘ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੇ ਕਿਹਾ ਸੀ- ਅਸੀਂ ਨਕਲੀ ਸਿੱਕਾ ਭੇਜਿਆ ਸੀ। ਬਾਅਦ ਵਿੱਚ ਪਹਿਲਵਾਨਾਂ ਅਤੇ ਬ੍ਰਿਜ ਭੂਸ਼ਣ ਵਿਚਾਲੇ ਲੜਾਈ ਸੁਪਰੀਮ ਕੋਰਟ ਤੱਕ ਪਹੁੰਚ ਗਈ। ਇਸ ਦੌਰਾਨ ਪਾਬੰਦੀ ਤੋਂ ਨਾਖੁਸ਼ ਵਿਨੇਸ਼ ਤਾਅਨੇ-ਮਿਹਣਿਆਂ ਕਾਰਨ ਡਿਪ੍ਰੈਸ਼ਨ 'ਚ ਚਲੀ ਗਈ ਸੀ।

### ਰਾਤ ਭਰ ਕੋਸ਼ਿਸ਼ਾਂ ਦੇ ਬਾਵਜੂਦ ਭਾਰ ਕੁਝ ਗ੍ਰਾਮ ਵਧਿਆ : ਭਾਰਤੀ ਉਲੰਪਿਕ ਸੰਘ

ਭਾਰਤੀ ਉਲੰਪਿਕ ਸੰਘ ਨੇ ਕਿਹਾ ਕਿ ਇਹ ਬੇਹੱਦ ਅਫਸੋਸਜਨਕ ਹੈ ਕਿ ਵਿਨੇਸ਼ ਫੋਗਾਟ ਨੂੰ ਜ਼ਿਆਦਾ ਭਾਰ ਹੋਣ ਕਾਰਨ ਮਹਿਲਾ ਕੁਸ਼ਤੀ ਦੇ 50 ਕਿਲੋਗ੍ਰਾਮ ਵਰਗ 'ਚ ਅਯੋਗ ਕਰਾਰ ਦਿੱਤਾ ਗਿਆ ਹੈ। ਰਾਤ ਭਰ ਕੋਸ਼ਿਸ਼ਾਂ ਦੇ ਬਾਵਜੂਦ ਸਵੇਰੇ ਉਸ ਦਾ ਵਜ਼ਨ 50 ਕਿਲੋ ਤੋਂ ਕੁਝ ਗ੍ਰਾਮ ਵੱਧ ਪਾਇਆ ਗਿਆ। ਭਾਰਤੀ ਟੀਮ ਵੱਲੋਂ ਫਿਲਹਾਲ ਇਸ ਬਾਰੇ 'ਚ ਕੋਈ ਟਿੱਪਣੀ ਨਹੀਂ ਕੀਤੀ ਜਾਵੇਗੀ। ਵਿਨੇਸ਼ ਦੀ ਨਿੱਜਤਾ ਦਾ ਸਤਿਕਾਰ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ। ਅਸੀਂ ਆਉਣ ਵਾਲੇ ਮੁਕਾਬਲਿਆਂ 'ਤੇ ਧਿਆਨ ਕੇਂਦਰਿਤ ਕਰਨਾ ਚਾਹਾਂਗੇ।

## ਉਲੰਪਿਕ 'ਚ ਦੋ ਤ.ਗਮੇ ਜਿੱਤਣ ਤੋਂ ਬਾਅਦ ਭਾਰਤ ਪਰਤੀ ਨਿਸ਼ਾਨੇਬਾਜ਼ ਮਨੂ

ਨਵੀਂ ਦਿੱਲੀ/ਏ.ਟੀ.ਨਿਊਜ਼ : ਭਾਰਤ ਦੀ ਸਟਾਰ ਨਿਸ਼ਾਨੇਬਾਜ਼ ਮਨੂ ਭਾਕਰ ਪੈਰਿਸ ਉਲੰਪਿਕ 2024 ਵਿੱਚ ਦੋ ਤ.ਗਮੇ ਜਿੱਤਣ ਤੋਂ ਬਾਅਦ ਘਰ ਪਰਤ ਆਈ। ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ।



ਲੋਕਾਂ ਨੇ ਮਨੂੰ ਭਾਕਰ ਅਤੇ ਉਨ੍ਹਾਂ ਦੇ ਕੋਚ ਜਸਪਾਲ ਰਾਣਾ ਦਾ ਢੋਲ-ਢਮਕਿਆਂ ਨਾਲ ਸ਼ਾਨਦਾਰ ਸਵਾਗਤ ਕੀਤਾ ਅਤੇ ਫੁੱਲਾਂ ਦੇ ਹਾਰਾਂ ਦੀ ਵਰਖਾ ਕੀਤੀ। ਲੋਕ ਮਨੂ ਭਾਕਰ ਨਾਲ ਸੈਲਫੀ ਲੈ ਰਹੇ ਸਨ। ਮਨੂ ਭਾਕਰ ਸ਼ਾਨਦਾਰ ਸਵਾਗਤ 'ਤੇ ਬਹੁਤ ਖੁਸ਼ ਨਜ਼ਰ ਆਈ। ਇਸ ਦੌਰਾਨ ਉਨ੍ਹਾਂ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਬਹੁਤ ਖੁਸ਼ ਹਨ। ਲੋਕਾਂ ਤੋਂ ਬਹੁਤ ਪਿਆਰ ਮਿਲ ਰਿਹਾ ਹੈ।

ਜ਼ਿਕਰਯੋਗ ਹੈ ਕਿ 22 ਸਾਲਾ ਮਨੂ ਭਾਕਰ ਨੇ ਪੈਰਿਸ ਉਲੰਪਿਕ 'ਚ ਦੋ ਕਾਂਸੀ ਦੇ ਤ.ਗਮੇ ਜਿੱਤ ਕੇ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ। ਮਨੂ ਨੇ ਪੈਰਿਸ ਉਲੰਪਿਕ 'ਚ ਔਰਤਾਂ ਦੇ 10 ਮੀਟਰ ਏਅਰ ਪਿਸਟਲ ਮੁਕਾਬਲੇ 'ਚ ਕਾਂਸੀ ਦਾ ਤ.ਗਮਾ ਜਿੱਤ ਕੇ ਦੇਸ਼ ਦਾ ਖਾਤਾ ਖੋਲ੍ਹਿਆ। ਇਸ ਤੋਂ ਬਾਅਦ ਉਸ ਨੇ ਸਰਬਜੋਤ ਸਿੰਘ ਨਾਲ ਮਿਲ ਕੇ 10 ਮੀਟਰ ਏਅਰ ਪਿਸਟਲ ਮਿਕਸਡ ਟੀਮ ਈਵੈਂਟ ਵਿੱਚ ਕਾਂਸੀ ਦਾ ਤ.ਗਮਾ ਜਿੱਤਿਆ।

ਇਸ ਨਾਲ ਉਹ ਇੱਕ ਉਲੰਪਿਕ ਵਿੱਚ ਦੋ ਤਗਮੇ ਜਿੱਤਣ ਵਾਲੀ ਆਜ਼ਾਦ ਭਾਰਤ ਤੋਂ ਪਹਿਲੀ ਭਾਰਤੀ ਬਣ ਗਈ। ਇਸ ਤੋਂ ਬਾਅਦ ਉਸ ਕੋਲ ਆਪਣਾ ਤੀਜਾ ਉਲੰਪਿਕ ਤਮਗਾ ਜਿੱਤ ਕੇ ਇਕਲੌਤੀ ਭਾਰਤੀ ਬਣ ਕੇ ਇਤਿਹਾਸ ਰਚਣ ਦਾ ਮੌਕਾ ਸੀ ਪਰ ਉਹ ਔਰਤਾਂ ਦੇ 25 ਮੀਟਰ ਪਿਸਟਲ ਮੁਕਾਬਲੇ ਵਿੱਚ ਥੋੜ੍ਹੇ ਫਰਕ ਨਾਲ ਇਸ ਨੂੰ ਗੁਆ ਬੈਠੀ ਅਤੇ ਚੌਥੇ ਸਥਾਨ 'ਤੇ ਰਹੀ।



# ਮੁੜ ਹਿੱਟ ਹੋ ਰਿਹੈ ਪੰਜਾਬੀ ਰਵਾਇਤੀ ਸੰਗੀਤ



ਤਾਨੀਆ ਸੰਘਾ

ਪੰਜਾਬੀ ਦੋਗਾਣਾ ਕਾਫ਼ੀ ਪੁਰਾਣੀ ਹੈ ਅਤੇ ਇਸ ਦੀਆਂ ਜੜ੍ਹਾਂ ਰਵਾਇਤੀ ਲੋਕ ਸੰਗੀਤ ਵਿੱਚ ਹਨ, ਪਰ ਪੰਜਾਬ ਤੋਂ ਬਾਹਰ ਹਮੇਸ਼ਾ ਅਜਿਹਾ ਨਹੀਂ ਰਿਹਾ ਹੈ। ਉਸ ਸਮੇਂ ਮਰਦਾਂ ਅਤੇ ਔਰਤਾਂ ਦੇ ਦੋਗਾਣੇ ਅਤੇ ਹਾਰਮੋਨੀਅਮ, ਅਕਾਰਡੀਅਨ ਅਤੇ ਗਿਟਾਰ ਦੀਆਂ ਆਵਾਜ਼ਾਂ ਇਸ ਦੀਆਂ ਮੁੱਖ ਵਿਸ਼ੇਸ਼ਤਾਵਾਂ ਸਨ।1970 ਅਤੇ 1980 ਦੇ ਦਹਾਕੇ ਨੂੰ ਇਸਦਾ ਸੁਨਹਿਰੀ ਯੁੱਗ ਮੰਨਿਆ ਜਾਂਦਾ ਹੈ। ਉਸ ਦੌਰਾਨ ਭੰਗੜੇ ਨੂੰ ਆਧੁਨਿਕ ਸ਼ਹਿਰੀ ਧੁਨਾਂ ਵਿੱਚ ਢਾਲਿਆ ਗਿਆ ਅਤੇ ਮਿਲਾਇਆ ਗਿਆ।

ਲੇਕਿਨ ਜਿਵੇਂ-ਜਿਵੇਂ ਇਸ ਸ਼ੈਲੀ ਨੇ ਵਿਕਾਸ ਕੀਤਾ, ਇਸ ਦਾ ਮੁਹਾਂਦਰਾ ਘੜਨ ਵਿੱਚ ਮਦਦ ਕਰਨ ਵਾਲੇ ਦੋਗਾਣੇ 'ਪੁਰਾਣੇ' ਜਾਪਣ ਲੱਗੇ ਪਰ ਸ਼ਾਇਦ ਹੁਣ ਉਹ ਵਾਪਸੀ ਕਰ ਸਕਦੇ ਹਨ। ਹਾਲ ਹੀ ਵਿੱਚ ਆਏ ਗਾਣੇ 'ਫਾਰਐਵਰ' ਦੇ ਪਿੱਛੇ ਬ੍ਰਿਟਿਸ਼ ਏਸ਼ੀਆਈ ਰਿਕਾਰਡ ਨਿਰਮਾਤਾ ਮੰਨੀ ਸੰਧੂ ਦਾ ਹੱਥ ਹੈ। ਇਹ ਗੀਤ ਗਾਇਕ ਤੇਗੀ ਪੰਨੂ ਅਤੇ ਪ੍ਰੇਮ ਲਤਾ ਦਾ ਦੋਗਾਣਾ ਹੈ, ਜੋ ਕਿ ਲਗਾਤਾਰ ਪੰਜ ਹਫ਼ਤਿਆਂ ਤੱਕ ਅਧਿਕਾਰਤ ਬ੍ਰਿਟਿਸ਼ ਏਸ਼ੀਅਨ ਚਾਰਟ ਵਿੱਚ ਸਿਖਰ 'ਤੇ ਰਿਹਾ ਹੈ।

ਇਸ ਨੂੰ ਸਪੌਟੀਫਾਈ ਅਤੇ ਯੂਟਿਊਬ 'ਤੇ ਕੁੱਲ ਮਿਲਾ ਕੇ ਤਿੰਨ ਕਰੋੜ ਤੋਂ ਵੱਧ ਵਾਰ ਵਜਾਇਆ ਗਿਆ। ਇਹ ਗਲੋਬਲ ਏਸ਼ੀਅਨ ਮਿਊਜ਼ਿਕ ਚਾਰਟ ਵਿੱਚ ਦੂਜੇ ਨੰਬਰ 'ਤੇ ਰਿਹਾ ਹੈ। ਮੰਨੀ ਨੇ ਕਿਹਾ, "ਦੋਗਾਣਾ ਗਾਇਕੀ ਦਾ ਦੌਰ ਯਕੀਨਨ ਵਾਪਸ ਆ ਰਿਹਾ ਹੈ।"

ਮੰਨੀ ਨੂੰ ਲੱਗਦਾ ਹੈ ਕਿ 'ਫਾਰਐਵਰ' ਦੀ ਪ੍ਰਸਿੱਧੀ ਉਸ ਤਰ੍ਹਾਂ ਦੇ ਪੰਜਾਬੀ ਲੋਕ ਸੰਗੀਤ ਪ੍ਰਤੀ ਵੱਧਦੀ ਚਾਹਤ ਦੇ ਕਾਰਨ ਹੈ ਜੋ ਕਈ ਦਹਾਕਿਆਂ ਪਹਿਲਾਂ ਬਹੁਤ ਪਸੰਦ ਕੀਤੀ ਜਾਂਦੀ ਸੀ। ਉਹ ਕਹਿੰਦੇ ਹਨ, "ਸਾਡੀ ਸਨਅਤ ਯਕੀਨੀ ਤੌਰ ਉਪਰ ਇੱਕ ਅਜਿਹੇ ਦੌਰ ਵਿੱਚੋਂ ਲੰਘੀ ਹੈ ਜਿੱਥੇ ਅਸੀਂ ਪੱਛਮ ਦੀ ਨਕਲ ਕਰਨ ਅਤੇ ਉਸ ਵਰਗਾ ਬਣਨ ਦੀ ਕੋਸ਼ਿਸ਼ ਕਰ ਰਹੇ ਸੀ।""ਪਰ ਇਹ ਕਦੇ ਵੀ ਉਸ ਤਰ੍ਹਾਂ ਨਹੀਂ ਹੋਣ ਵਾਲਾ ਸੀ ਕਿਉਂਕਿ ਇਹ ਪ੍ਰਮਾਣਿਕ ਨਹੀਂ ਹੈ।"



"ਮੈਨੂੰ ਲੱਗਦਾ ਹੈ ਕਿ ਪਿਛਲੇ ਛੇ-ਸੱਤ ਮਹੀਨਿਆਂ ਵਿੱਚ ਜੋ ਸੰਗੀਤ ਸਾਹਮਣੇ ਆਇਆ ਹੈ, ਉਸ ਵਿੱਚ ਨਿਸ਼ਚਤ ਤੌਰ 'ਤੇ ਜ਼ਿਆਦਾ ਰਵਾਇਤੀ ਧੁਨਾਂ ਹਨ।"

ਉਨ੍ਹਾਂ ਦਾ ਕਹਿਣਾ ਹੈ ਕਿ 'ਫਾਰਐਵਰ' ਦੀਆਂ ਧੁਨਾਂ 'ਥੋੜ੍ਹੀਆਂ ਸ਼ਹਿਰੀ' ਹਨ, ਪਰ ਗਾਇਕੀ ਅਤੇ ਬੋਲਾਂ ਵਿੱਚ ਪ੍ਰਮਾਣਿਕ ਪੁਰਾਣਾ ਪੰਜਾਬੀ ਸੰਗੀਤ ਮੌਜੂਦ ਹੈ।

ਮੰਨੀ ਨੇ ਅੱਗੇ ਕਿਹਾ, "ਮੈਨੂੰ ਖੁਸ਼ੀ ਹੈ ਕਿ ਇਸ ਦਾ ਸੰਗੀਤ ਜ਼ਿਆਦਾਤਰ ਲੋਕ ਸੰਗੀਤ ਵਰਗਾ ਹੈ ਕਿਉਂਕਿ ਅਜਿਹਾ ਹੀ ਹੋਣਾ ਚਾਹੀਦਾ ਹੈ।"ਇਸ ਦੀਆਂ ਮੂਲ ਲੋਕ ਧੁਨਾਂ ਅਮਰ ਸਿੰਘ ਚਮਕੀਲਾ ਤੋਂ ਕਾਫ਼ੀ ਪ੍ਰਭਾਵਿਤ ਸਨ, ਜਿਸ ਨੂੰ 1980 ਦੇ ਦਹਾਕੇ ਵਿੱਚ 'ਪੰਜਾਬ ਦਾ ਐਲਵਿਸ' ਕਿਹਾ ਜਾਂਦਾ ਸੀ।



ਚਮਕੀਲਾ ਦੀ ਕਹਾਣੀ ਨੂੰ ਨੈੱਟਫਲਿਕਸ ਦੀ ਬਾਇਓਪਿਕ 'ਅਮਰ ਸਿੰਘ ਚਮਕੀਲਾ' ਵਿੱਚ ਦਿਖਾਇਆ ਗਿਆ, ਜਿਸ ਵਿੱਚ ਦਿਲਜੀਤ ਦੋਸਾਂਝ ਨੇ ਮੁੱਖ ਭੂਮਿਕਾ ਨਿਭਾਈ ਹੈ। ਦਿਲਜੀਤ ਦੋਸਾਂਝ ਨੂੰ ਇਸ ਸਮੇਂ ਦੁਨੀਆ ਦਾ ਵੱਡਾ ਪੰਜਾਬੀ ਕਲਾਕਾਰ ਕਿਹਾ ਜਾਂਦਾ ਹਨ।ਅਮਰ ਸਿੰਘ ਚਮਕੀਲਾ ਦੇ ਬਹੁਤ ਸਾਰੇ ਹਿੱਟ ਗੀਤ ਅਮਰਜੋਤ ਨਾਲ ਦੋਗਾਣੇ ਸਨ, ਜਿਸ ਦਾ ਕਿਰਦਾਰ ਫਿਲਮ ਵਿੱਚ ਬੌਲੀਵੁੱਡ ਅਦਾਕਾਰਾ ਪਰਿਨੀਤੀ ਚੋਪੜਾ ਨੇ ਨਿਭਾਇਆ ਸੀ।

ਫਿਲਮ ਦੀ ਰਿਲੀਜ਼ ਤੋਂ ਇੱਕ ਮਹੀਨੇ ਬਾਅਦ ਰੈਪਰ ਅਤੇ ਗੀਤਕਾਰ ਰਾਜਾ ਕੁਮਾਰੀ ਨੇ ਗੁਰੂ ਰੰਧਾਵਾ ਦੇ ਨਾਲ ਇੱਕ ਰਵਾਇਤੀ ਦੋਗਾਣਾ ਸ਼ੈਲੀ ਦਾ ਗੀਤ 'ਇਨ ਲਵ' ਕੱਢਿਆ।ਇਸ ਮਿਊਜ਼ਿਕ ਵੀਡੀਓ ਦੀ ਸ਼ੂਟਿੰਗ ਪੰਜਾਬ 'ਚ ਕੀਤੀ ਗਈ ਅਤੇ ਯੂਟਿਊਬ 'ਤੇ ਇਸ ਨੂੰ 37 ਮਿਲੀਅਨ ਤੋਂ ਵੱਧ ਵਾਰ ਦੇਖਿਆ ਜਾ ਚੁੱਕਾ ਹੈ।

**ਮੂਲ ਧੁਨਾਂ ਨੂੰ ਸਾਂਭ ਕੇ ਰੱਖਣਾ ਮਹੱਤਵਪੂਰਨ :** ਰਾਜਾ ਕੁਮਾਰੀ ਨੇ ਦੱਸਿਆ, "ਅਸੀਂ ਸਾਰੇ ਪੁਰਾਣੇ ਸ਼ਾਹਕਾਰ ਦੇਖ ਰਹੇ ਹਾਂ ਅਤੇ ਇਹ ਸਮਝ ਰਹੇ ਹਾਂ ਕਿ ਉਨ੍ਹਾਂ ਵਿੱਚ ਵਿੱਚ ਕੀ ਖਾਸ ਸੀ।"

ਭਾਰਤੀ ਮੂਲ ਦੀ ਅਮਰੀਕੀ ਰਾਜਾ ਕੁਮਾਰੀ ਨੇ ਇਸ ਤੋਂ ਪਹਿਲਾਂ ਇਗੀ ਅਜ਼ਾਲੀਆ, ਫਿਫਥ ਹਾਰਮਨੀ, ਸਿੱਧੂ ਮੂਸੇਵਾਲਾ ਅਤੇ ਫਾਲ ਆਊਟ ਬੌਇ ਵਰਗੇ ਕਲਾਕਾਰਾਂ ਨਾਲ ਕੰਮ ਕੀਤਾ ਹੈ, ਪਰ ਉਨ੍ਹਾਂ ਦਾ ਕਹਿਣਾ ਹੈ ਕਿ "ਹਰ ਕੋਈ ਹਮੇਸ਼ਾ ਆਪਣੀਆਂ ਜੜ੍ਹਾਂ ਵੱਲ ਪਰਤਣ ਦੀ ਕੋਸ਼ਿਸ਼ ਕਰਦਾ ਹੈ।"ਉਨ੍ਹਾਂ ਨੇ ਅੱਗੇ ਕਿਹਾ, "ਇਸ ਗੀਤ ਲਈ ਪੰਜਾਬੀ ਭਾਈਚਾਰੇ ਵੱਲੋਂ ਜੋ ਮੈਨੂੰ ਪਿਆਰ ਮਿਲਿਆ ਹੈ, ਉਸ ਤੋਂ ਮੈਨੂੰ ਹੋਰ ਜ਼ਿਆਦਾ ਕੋਸ਼ਿਸ਼ ਕਰਨ ਦੀ ਪ੍ਰੇਰਨਾ ਮਿਲਦੀ ਹੈ।" ਉਨ੍ਹਾਂ ਦਾ ਮੰਨਣਾ ਹੈ ਕਿ ਨੌਜਵਾਨ ਸਰੋਤਿਆਂ ਲਈ ਮੂਲ ਧੁਨਾਂ ਨੂੰ ਸਾਂਭ ਕੇ ਰੱਖਣਾ ਮਹੱਤਵਪੂਰਨ ਹੈ।

ਰਾਜਾ ਕੁਮਾਰੀ ਨੇ ਕਿਹਾ, "ਮੈਨੂੰ ਉਮੀਦ ਹੈ ਕਿ ਜਦੋਂ ਲੋਕ ਇਨ੍ਹਾਂ ਆਧੁਨਿਕ ਜੋੜੀਆਂ ਨੂੰ ਦੇਖਣਗੇ, ਤਾਂ ਇਹ ਉਨ੍ਹਾਂ ਨੂੰ ਪਿੱਛੇ ਜਾ ਕੇ ਸਮਝਣ ਲਈ ਮਜਬੂਰ ਕਰਨਗੇ ਜਿੱਥੋਂ ਇਹ ਆਇਆ ਹੈ।" ਨੈੱਟਫਲਿਕਸ ਉੱਤੇ ਫਿਲਮ ਦੇ ਰਿਲੀਜ਼ ਹੋਣ ਤੋਂ ਬਾਅਦ, ਚਮਕੀਲਾ ਅਤੇ ਅਮਰਜੋਤ ਨੂੰ ਸ਼ਰਧਾਂਜਲੀ ਦੇਣ ਵਾਲੇ ਕਲਾਕਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਬੁਕਿੰਗ ਵਿੱਚ ਦੁਨੀਆ ਭਰ ਵਿੱਚ ਵਾਧਾ ਹੋਇਆ ਹੈ। ਬੈਂਗਰ ਅਤੇ ਸੈਮੀ, ਜਿਨ੍ਹਾਂ ਦੀ ਜੋੜੀ ਦਾ ਨਾਂ 'ਸਾਡੀ ਜੋੜੀ' ਹੈ, ਦਾ ਕਹਿਣਾ ਹੈ ਕਿ ਜਦੋਂ ਉਨ੍ਹਾਂ ਨੇ ਭਾਰਤ ਵਿੱਚ ਸ਼ੋਅ ਕੀਤਾ ਤਾਂ **(ਬਾਕੀ ਸਫ਼ਾ 30 'ਤੇ)**

# ਜੱਗ ਵਾਲਾ ਮੇਲਾ ਯਾਰੋ ਥੋੜ੍ਹੀ ਦੇਰ ਦਾ . . .



ਕੁਲਦੀਪ ਸਿੰਘ ਸਾਹਿਲ

ਤੁਮ ਮੁਝੇ ਯੂੰ ਭੁਲਾ ਨਾ ਪਾਓਗੇ
ਜਬ ਕਭੀ ਭੀ ਸੁਨੋਗੇ ਗੀਤ ਮੇਰੇ
ਸੰਗ-ਸੰਗ ਤੁਮ ਭੀ ਗੁਨ-ਗੁਨਾਉਗੇ

ਆਪਣੇ ਆਖਰੀ ਸਮੇਂ ਵਿੱਚ ਮੁਹੰਮਦ ਰਫੀ ਨੇ ਇਹ ਗੀਤ ਗਾਇਆ ਸੀ। ਉਸ ਵੱਲੋਂ ਗਾਈਆਂ ਗਈਆਂ ਇਹ ਸਤਰਾਂ ਬਿਲਕੁਲ ਸੱਚ ਹਨ। ਅੱਜ ਵੀ ਕਈ ਦਹਾਕਿਆਂ ਬਾਅਦ ਸਰੋਤੇ ਮੁਹੰਮਦ ਰਫੀ ਨੂੰ ਭੁੱਲ ਨਹੀਂ ਸਕੇ। ਉਹ ਹੁਣ ਵੀ ਉਸ ਦੇ ਗਾਏ ਗੀਤ ਗੁਣਗੁਣਾਉਂਦੇ ਹਨ। ਮੁਹੰਮਦ ਰਫੀ ਜਦੋਂ ਦਸ-ਬਾਰਾਂ ਸਾਲਾ ਦਾ ਸੀ ਤਾਂ ਉਨ੍ਹਾਂ ਦੇ ਮੁਹੱਲੇ ਵਿੱਚ ਇੱਕ ਫ਼ਕੀਰ 'ਜੱਗ ਵਾਲਾ ਮੇਲਾ ਯਾਰੋ ਥੋੜ੍ਹੀ ਦੇਰ ਦਾ' ਗੀਤ ਗਾ ਕੇ ਭੀਖ ਮੰਗਿਆ ਕਰਦਾ ਸਨ। ਉਸ ਦੀ ਨਕਲ ਕਰਦਿਆਂ ਉਹ ਵੀ ਇਸ ਗੀਤ ਨੂੰ ਬਹੁਤ ਸ਼ੌਕ ਨਾਲ ਗਾਇਆ ਕਰਦਾ ਸੀ। ਕਈ ਵਾਰ ਉਹ ਉਸ ਫ਼ਕੀਰ ਦਾ ਪਿੱਛਾ ਕਰਦੇ ਹੋਏ ਬਹੁਤ ਦੂਰ ਨਿਕਲ ਜਾਂਦਾ ਸੀ। ਉਸ ਨੂੰ ਪਹਿਲੀ ਵਾਰ 13 ਸਾਲ ਦੀ ਉਮਰ ਵਿੱਚ ਕੇ.ਐੱਲ ਸਹਿਗਲ ਦੀ ਮੌਜੂਦਗੀ ਵਿੱਚ ਲਾਹੌਰ ਵਿਖੇ ਉਦੋਂ ਗਾਉਣ ਦਾ ਮੌਕਾ ਮਿਲਿਆ ਜਦੋਂ ਬਿਜਲੀ ਚਲੇ ਜਾਣ ਕਾਰਨ ਸਹਿਗਲ ਨੇ ਗਾਉਣ ਤੋਂ ਇਨਕਾਰ ਕਰ ਦਿੱਤਾ ਤੇ ਪੰਡਾਲ ਵਿੱਚ ਹੰਗਾਮਾ ਮਚ ਗਿਆ। ਇਸ ਵਿਚਕਾਰ ਮੁਹੰਮਦ ਰਫੀ ਨੂੰ ਸਰੋਤਿਆਂ ਦੇ ਰੂਬਰੂ ਕੀਤਾ ਗਿਆ। ਜਿਵੇਂ ਹੀ 13 ਸਾਲਾ ਰਫੀ ਨੇ ਗਾਉਣਾ ਸ਼ੁਰੂ ਕੀਤਾ ਤਾਂ ਪੰਡਾਲ ਵਿੱਚ ਉਸ ਦੀ ਉੱਚੀ ਅਤੇ ਸੁਰੀਲੀ ਆਵਾਜ਼ ਸੁਣ ਕੇ ਸਰੋਤੇ ਹੈਰਾਨ ਰਹਿ ਗਏ।

ਮੁਹੰਮਦ ਰਫੀ ਦਾ ਜਨਮ ਅੰਮ੍ਰਿਤਸਰ ਦੇ ਲਾਗੇ ਪਿੰਡ ਕੋਟਲਾ ਸੁਲਤਾਨ ਸਿੰਘ ਵਿਖੇ 24 ਦਸੰਬਰ 1924 ਨੂੰ ਇੱਕ ਸਾਧਾਰਨ ਪਰਿਵਾਰ ਵਿੱਚ ਹੋਇਆ ਸੀ। ਮੁਹੰਮਦ ਰਫੀ ਛੇ ਭਰਾਵਾਂ ਵਿੱਚੋਂ ਦੂਸਰੇ ਨੰਬਰ 'ਤੇ ਸੀ। ਉਸ ਨੂੰ ਲੋਕੀ ਪਿਆਰ ਨਾਲ 'ਫਿੱਕੂ' ਵੀ ਕਹਿੰਦੇ ਸਨ ਪਰ ਦੇਸ਼ ਜਾਣਦਾ ਹੈ ਕਿ ਉਹ ਕਿੰਨਾ ਮਿੱਠਾ ਤੇ ਸੁਰੀਲਾ ਗਾਇਕ ਸੀ। ਉਹ ਆਪਣੇ ਪਿੰਡ ਦੇ ਸਕੂਲ ਵਿੱਚ ਦੂਜੀ ਜਮਾਤ ਤੱਕ ਹੀ ਪੜ੍ਹਾਈ ਕਰ ਸਕਿਆ। ਇਸੇ ਵਿਚਕਾਰ ਰਫੀ ਦੇ ਪਿਤਾ 1935 ਵਿੱਚ ਲਾਹੌਰ ਚਲੇ ਗਏ, ਜਿੱਥੇ ਉਨ੍ਹਾਂ ਨੇ ਭੱਟੀ ਗੇਟ ਵਿੱਚ ਨੂਰ ਮਹਿਲਾਂ ਵਿੱਚ ਇੱਕ ਪੁਰਸ਼ਾਂ ਦੇ ਸੈਲੂਨ ਦਾ ਕੰਮ ਸ਼ੁਰੂ ਕਰ ਦਿੱਤਾ।

ਮੁਹੰਮਦ ਰਫੀ ਦੇ ਦੁਨੀਆ ਤੋਂ ਰੁਖ਼ਸਤ ਹੋ ਜਾਣ ਦੇ ਬਾਅਦ ਵੀ ਉਸ ਦੀ ਆਵਾਜ਼ ਦਾ ਜਾਦੂ ਸਰੋਤਿਆਂ ਦੇ ਸਿਰ ਚੜ੍ਹ ਕੇ ਉਸੇ ਤਰ੍ਹਾਂ ਬੋਲਦਾ ਹੈ। ਉਸ ਨੇ 1941 ਵਿੱਚ 'ਸੋਹਣੀਏ ਨੀਂ, ਹੀਰੀਏ ਨੀਂ' ਗੀਤ ਗਾਇਆ ਜੋ ਜੀਨਤ ਬੇਗ਼ਮ ਨਾਲ ਲਾਹੌਰ ਵਿੱਚ ਪੰਜਾਬੀ ਫਿਲਮ 'ਗੁਲ ਬਲੋਚ' ਵਾਸਤੇ ਗਾਇਆ ਗਿਆ ਸੀ। ਇਸ ਦੇ ਨਾਲ ਹੀ ਉਸ ਦੀ ਗਾਇਕ ਦੇ ਤੌਰ 'ਤੇ ਸ਼ੁਰੂਆਤ ਹੋ ਗਈ। ਇਸੇ ਦੌਰਾਨ ਮੁਹੰਮਦ ਰਫੀ ਨੂੰ ਆਲ ਇੰਡੀਆ ਰੇਡੀਓ ਲਾਹੌਰ ਸਟੇਸ਼ਨ ਨੇ ਗਾਉਣ ਲਈ ਸੱਦਾ ਦਿੱਤਾ। 1944 ਵਿੱਚ ਰਫੀ ਮੁੰਬਈ ਚਲਾ ਗਿਆ। ਉਸ ਨੇ ਮੁੰਬਈ ਦੇ ਭੀੜ-ਭਰੇ ਭਿੰਡੀ ਬਾਜ਼ਾਰ ਵਿੱਚ ਇੱਕ ਕਮਰਾ ਕਿਰਾਏ 'ਤੇ ਲੈ ਕੇ ਰਹਿਣਾ ਸ਼ੁਰੂ ਕੀਤਾ। ਕਵੀ ਤਨਵੀਰ ਨਕਵੀ ਨੇ ਮੁਹੰਮਦ ਰਫੀ ਨੂੰ ਫਿਲਮ ਨਿਰਮਾਤਾ ਅਬਦੁਰ ਰਸ਼ੀਦ, ਨਿਰਦੇਸ਼ਕ ਮਹਿਬੂਬ ਖਾਨ ਅਤੇ ਅਭਿਨੇਤਾ ਤੇ ਨਿਰਦੇਸ਼ਕ ਨਜ਼ੀਰ ਆਦਿ ਨਾਲ ਮਿਲਵਾਇਆ।



ਉਸ ਨੇ ਸ਼ਾਸਤਰੀ ਗੀਤਾਂ ਤੋਂ ਲੈ ਕੇ ਦੇਸ਼ ਭਗਤੀ ਦੇ ਗੀਤ, ਉਦਾਸ ਵਿਰਲਾਪ ਤੋਂ ਲੈ ਕੇ ਰੁਮਾਂਸਵਾਦੀ ਗੀਤ, ਗ਼ਜ਼ਲ, ਭਜਨ ਅਤੇ ਕੱਵਾਲੀ ਤੱਕ ਗਾਈ। ਉਸ ਨੂੰ ਫਿਲਮ ਦੇ ਅਦਾਕਾਰਾਂ ਦੀ ਆਵਾਜ਼ ਨਾਲ ਮਿਲਦੀ ਆਵਾਜ਼ ਵਿੱਚ ਗਾਉਣ ਦੀ ਵਿਲੱਖਣ ਯੋਗਤਾ ਕਰ ਕੇ ਜਾਣਿਆ ਜਾਂਦਾ ਸੀ। 1950 ਅਤੇ 1970 ਦੇ ਵਿਚਕਾਰ ਦੇ ਸਮੇਂ ਵਿੱਚ ਰਫੀ ਹਿੰਦੀ ਫਿਲਮ ਉਦਯੋਗ ਵਿੱਚ ਸਭ ਤੋਂ ਵੱਧ ਮੰਗ ਵਾਲਾ ਗਾਇਕ ਸੀ। ਦਲੀਪ ਕੁਮਾਰ ਤੋਂ ਲੈ ਕੇ ਅਮਿਤਾਭ ਬੱਚਨ ਤੱਕ ਹਰ ਛੋਟੇ ਬੜੇ ਅਦਾਕਾਰ ਲਈ ਰਫੀ ਨੇ ਆਪਣੀ ਪਿੱਠਵਰਤੀ ਆਵਾਜ਼ ਮੁਹੱਈਆ ਕਰਵਾਈ।

ਉਸ ਨੇ ਹਿੰਦੀ ਤੇ ਪੰਜਾਬੀ ਤੋਂ ਇਲਾਵਾ ਹੋਰ ਵੀ ਕਈ ਭਾਸ਼ਾਵਾਂ ਵਿੱਚ ਗਾਣੇ ਗਾਏ ਜਿਨ੍ਹਾਂ ਵਿੱਚ ਅਸਾਮੀ, ਕੋਂਕਣੀ, ਭੋਜਪੁਰੀ, ਉੜੀਆ, ਬੰਗਾਲੀ, ਮਰਾਠੀ, ਸਿੰਧੀ, ਕੰਨੜ, ਗੁਜਰਾਤੀ, ਤੇਲਗੂ, ਮਗਾਹੀ ਅਤੇ ਉਰਦੂ ਸ਼ਾਮਲ ਹਨ। ਭਾਰਤੀ ਭਾਸ਼ਾ ਤੋਂ ਇਲਾਵਾ ਉਸ ਨੇ ਅੰਗਰੇਜ਼ੀ, ਫ਼ਾਰਸੀ, ਅਰਬੀ ਅਤੇ ਡੱਚ ਭਾਸ਼ਾਵਾਂ ਵਿੱਚ ਵੀ ਗਾਣੇ ਗਾਏ ਸਨ। ਆਪਣੇ ਪੈਂਤੀ ਸਾਲਾਂ ਦੇ ਗਾਇਕੀ ਦੇ ਸਫ਼ਰ ਦੌਰਾਨ ਉਸ ਨੇ ਲਗਭਗ 26000 ਹਜ਼ਾਰ ਗੀਤ ਗਾਏ। ਰਫੀ ਦੇ ਹਿੱਟ ਗੀਤਾਂ ਵਿੱਚੋਂ ਮੁੱਖ ਹਨ: 'ਯੇ ਦੁਨੀਆ ਯੇ ਮਹਿਫਲ ਮੇਰੇ ਕਾਮ ਕੀ ਨਹੀਂ', 'ਕਿਆ ਹੂਆ ਤੇਰਾ ਵਾਅਦਾ', 'ਵੋ ਕਸਮ ਵੋ ਇਰਾਦਾ', 'ਓ ਦੁਨੀਆ ਕੇ ਰਖਵਾਲੇ', 'ਦਿਲ ਦੀਯਾ ਦਰਦ ਲੀਆ', 'ਲਿਖੇ ਜੋ ਖ਼ਤ ਤੁਝੇ', 'ਐ ਮੁਹੱਬਤ ਜ਼ਿੰਦਾਬਾਦ', 'ਚਾਹੂੰਗਾ ਮੈਂ ਤੁਝੇ ਸਾਂਝ ਸਵੇਰੇ', 'ਆਦਮੀ ਮੁਸਾਫਿਰ ਹੈ', 'ਮੇਰੇ ਦੁਸ਼ਮਣ ਤੂ ਮੇਰੀ ਦੋਸਤੀ ਕੋ ਤਰਸੇ', 'ਯੇ ਜ਼ੁਲਫ਼ ਅਗਰ ਖਿਲ ਕੇ', 'ਜਾਨ ਜਾਨੀ ਜਨਾਧਨ', 'ਨਫ਼ਰਤ ਕੀ ਦੁਨੀਆ ਕੋ ਛੋੜ ਕਰ', 'ਮੈਂ ਜੱਟ ਯਮਲਾ ਪਗਲਾ ਦੀਵਾਨਾ', 'ਪੱਥਰ ਕੇ ਸਨਮ', 'ਬਾਬੁਲ ਕੀ ਦੁਆਏਂ ਲੇਤੀ ਜਾ', 'ਚੌਧਵੀਂ ਕਾ ਚਾਂਦ ਹੋ', 'ਵਕਤ ਸੇ ਦਿਨ ਔਰ ਰਾਤ', ਪੰਜਾਬੀ ਗੀਤ 'ਜੱਗ ਵਾਲਾ ਮੇਲਾ ਯਾਰੋ ਥੋੜ੍ਹੀ ਦੇਰ ਦਾ', 'ਚਿੱਟੇ ਦੰਦ ਹੱਸਣੋਂ ਨੀਹੀਂਓ ਰਹਿੰਦੇ', 'ਦਾਣਾ ਪਾਣੀ ਖਿੱਚ ਲਿਆਉਂਦਾ' ਤੇ ਸ਼ਬਦ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ', 'ਨਾਨਕ ਨਾਮ ਜਹਾਜ਼ ਹੈ', 'ਦੁੱਖ ਭੰਜਨ ਤੇਰਾ ਨਾਮ ਜੀ', 'ਜਿਸ ਕੇ ਸਿਰ ਊਪਰ ਤੂੰ ਸੁਆਮੀ' ਆਦਿ ਸਾਰੇ ਹੀ ਜਬਰਦਸਤ ਹਿੱਟ ਰਹੇ। ਰਫੀ ਸਾਹਿਬ ਨੇ ਛੇ ਫਿਲਮਫੇਅਰ ਐਵਾਰਡ ਅਤੇ ਇੱਕ ਨੈਸ਼ਨਲ ਫਿਲਮ ਐਵਾਰਡ ਪ੍ਰਾਪਤ ਕੀਤਾ। 1967 ਵਿੱਚ ਉਸ ਨੂੰ ਭਾਰਤ ਸਰਕਾਰ ਦੁਆਰਾ ਪਦਮ ਸ਼੍ਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਆਖਿਰਕਾਰ ਆਵਾਜ਼ ਦੀ ਦੁਨੀਆਂ ਦਾ ਇਹ ਮਹਾਨ ਸਿਤਾਰਾ 31 ਜੁਲਾਈ 1980 ਨੂੰ ਖਾਮੋਸ਼ ਹੋ ਗਿਆ। ਬਿਨਾਂ ਸ਼ੱਕ ਕਲਾ ਅਤੇ ਸੰਗੀਤ ਪ੍ਰੇਮੀਆਂ ਨੂੰ ਉਸ ਦੀ ਕਮੀ ਹਮੇਸ਼ਾ ਰੜਕਦੀ ਰਹੇਗੀ ਪਰ ਆਪਣੇ ਬੇ-ਮਿਸਾਲ ਗੀਤਾਂ ਅਤੇ ਮਿਲਣਸਾਰ ਸ਼ਖ਼ਸੀਅਤ ਕਾਰਨ ਰਫੀ ਸਾਹਿਬ ਹਮੇਸ਼ਾ ਰਹਿੰਦੀ ਦੁਨੀਆ ਤੱਕ ਆਪਣੇ ਚਾਹੁਣ ਵਾਲਿਆਂ ਦੇ ਦਿਲਾਂ ਵਿੱਚ ਜ਼ਿੰਦਾ ਰਹਿਣਗੇ।

## ਹੁਣ ਸੌਖਾ ਨਹੀਂ ਹੈ ਗ਼ੈਰ ਕਾਨੂੰਨੀ ਪਰਵਾਸੀਆਂ

ਪਰ ਅਮਰੀਕਾ ਇਨ੍ਹਾਂ ਲੋਕਾਂ ਨੂੰ ਵੀ ਮੰਨਣ ਲਈ ਤਿਆਰ ਨਹੀਂ ਹੈ। ਇੱਕ ਨਵਾਂ ਨਿਯਮ ਪੇਸ਼ ਕੀਤਾ ਗਿਆ ਹੈ ਜਿਸ ਨੂੰ ਸ਼ਾਊਟ ਆਊਟ ਕਿਹਾ ਜਾਂਦਾ ਹੈ। ਇਸ ਦਾ ਮਤਲਬ ਹੈ ਕਿ ਸ਼ਰਨ ਦੀ ਲੋੜ ਵਾਲੇ ਕਿਸੇ ਵੀ ਵਿਅਕਤੀ ਨੂੰ ਇਹ ਰਿਪੋਰਟ ਕਰਨ ਲਈ ਕਸਟਮ ਅਤੇ ਬਾਰਡਰ ਪ੍ਰੋਟੈਕਸ਼ਨ ਨੂੰ ਕਾਲ ਕਰਨੀ ਚਾਹੀਦੀ ਹੈ ਕਿ ਉਨ੍ਹਾਂ ਨੂੰ ਸ਼ਰਨ ਦੀ ਲੋੜ ਹੈ। ਬਹੁਤ ਸਾਰੇ ਲੋਕ ਖ਼ਤਰੇ ਵਿੱਚ ਹੁੰਦੇ ਹੋਏ ਵੀ, ਉਨ੍ਹਾਂ ਨੂੰ ਅਣਡਿੱਠਾ ਕਰ ਦਿੰਦੇ ਹਨ। ਬਾਰਡਰ ਪੁਲਿਸ ਉਨ੍ਹਾਂ ਨੂੰ ਕਈ ਤਰੀਕਿਆਂ ਨਾਲ ਧਮਕੀਆਂ ਦਿੰਦੀ ਹੈ।

ਉਨ੍ਹਾਂ ਨੂੰ ਸਾਫ਼-ਸਾਫ਼ ਦੱਸਦੀ ਹੈ ਕਿ ਅਮਰੀਕੀ ਸਰਹੱਦ ਬੰਦ ਹੈ, ਕੋਈ ਵੀ ਆਤਮ ਸਮਰਪਣ ਕਰਨ ਵਾਲਾ ਨਹੀਂ ਹੈ। ਅਤੇ ਸਾਨੂੰ ਪਰਵਾਹ ਨਹੀਂ ਹੈ ਕਿ ਤੁਹਾਡੀ ਸਮੱਸਿਆ ਕੀ ਹੈ ਜਾਂ ਤੁਸੀਂ ਕੀ ਕਹਿਣਾ ਚਾਹੁੰਦੇ ਹੋ। ਨਿਊਜ਼ਵੀਕ ਨੇ ਇੱਕ ਕੇਸ ਦਾ ਹਵਾਲਾ ਦਿੱਤਾ ਹੈ ਜਿਸ ਵਿੱਚ ਇੱਕ ਅਮੀਰ ਮੈਕਸੀਕਨ ਔਰਤ ਨੇ ਇੱਕ ਗੁਆਂਢੀ ਦੇ ਬੱਚੇ ਨੂੰ ਅਗਵਾ ਕਰ ਲਿਆ, ਫਿਰ ਘਰੋਂ ਭੱਜ ਗਈ, ਪਰ ਕੋਈ ਮਦਦ ਨਹੀਂ ਮਿਲੀ। ਉਸ ਨੂੰ ਚਾਰ ਦਿਨਾਂ ਲਈ ਹਿਰਾਸਤ ਵਿੱਚ ਰੱਖਿਆ ਗਿਆ ਅਤੇ ਫਿਰ ਵੀ ਅਮਰੀਕਾ ਵਿੱਚ ਸ਼ਰਨ ਨਹੀਂ ਮਿਲੀ

***

## ਲੱਖਾਂ ਭਾਰਤੀ ਕਿਉਂ ਛੱਡ ਰਹੇ

ਇਸ ਤੋਂ ਇਲਾਵਾ ਆਈ ਟੀ ਅਤੇ ਇੰਜੀਨੀਅਰਿੰਗ ਖੇਤਰ ਵਿੱਚ ਵਿਦੇਸ਼ਾਂ ਵਿੱਚ ਬਿਹਤਰ ਨੌਕਰੀਆਂ ਉਪਲਬਧ ਹਨ। ਇਨ੍ਹਾਂ ਵਿੱਚ ਲੋਕਾਂ ਨੂੰ ਚੰਗੀ ਤਨਖਾਹ ਵੀ ਮਿਲਦੀ ਹੈ। ਅਮਰੀਕਾ ਤੇ ਬ੍ਰਿਟੇਨ ਵਰਗੇ ਦੇਸ਼ਾਂ ਵਿੱਚ ਜੀਵਨ ਦੀ ਗੁਣਵੱਤਾ ਵੀ ਬਿਹਤਰ ਹੈ। ਕਾਰੋਬਾਰ ਲਈ ਚੰਗੀਆਂ ਸੰਭਾਵਨਾਵਾਂ ਹਨ। ਇਸ ਤੋਂ ਇਲਾਵਾ ਮਿਆਰੀ ਸਿਹਤ ਸੇਵਾਵਾਂ ਵੀ ਉਪਲਬਧ ਹਨ। ਭਾਰਤ ਤੋਂ ਬਾਹਰ ਜਾਣ ਵਾਲਿਆਂ ਲਈ ਸੁਰੱਖਿਆ ਵੀ ਇੱਕ ਵੱਡਾ ਕਾਰਨ ਹੈ। ਇਸ ਤੋਂ ਇਲਾਵਾ ਟੈਕਸ ਲਾਭ ਵੀ ਅਹਿਮ ਭੂਮਿਕਾ ਨਿਭਾ ਰਹੇ ਹਨ।

ਸੈਕੂਲਰ ਭਾਰਤ ਵਿੱਚ ਵਧ ਰਹੀ ਬੇਰੁਜ਼ਗਾਰੀ, ਭੁੱਖਮਰੀ, ਕਰਾਈਮ, ਅਮੀਰ-ਗਰੀਬ ਦੇ ਪਾੜੇ, ਧੱਕਾ ਧੌਂਸ ਦੀ ਸਿਆਸਤ ਅਤੇ ਆਮ ਲੋਕਾਂ ਦੇ ਜੀਵਨ ਦੀ ਅਸੁਰੱਖਿਆ ਨੇ ਇਥੋਂ ਦੇ ਸ਼ਹਿਰੀਆਂ 'ਚ ਇੱਕ ਡਰ ਪੈਦਾ ਕੀਤਾ ਹੈ। ਇਹ ਡਰ ਸਿਰਫ਼ ਕਾਰੋਬਾਰੀਆਂ ਵਿੱਚ ਹੀ ਨਹੀਂ ਹੈ, ਜਿਹੜੇ ਕਾਰੋਬਾਰਾਂ ਸਮੇਤ ਦੁਨੀਆਂ 'ਚ ਕੋਈ ਸੁਰੱਖਿਅਤ ਕੋਨਾ ਲੱਭ ਰਹੇ ਹਨ, ਇਹ ਹੇਠਲੇ ਮੱਧ ਵਰਗ ਵਿੱਚ ਜ਼ਿਆਦਾ ਹੈ, ਜਿਨ੍ਹਾਂ ਨੂੰ ਆਪਣੇ ਭਵਿੱਖ ਵਿੱਚ ਬਿਹਤਰ ਜੀਵਨ ਦੀ ਵੱਧ ਤਮੰਨਾ ਹੁੰਦੀ ਹੈ। ਇਹ ਲੋਕ ਹਰ ਹੀਲਾ ਵਸੀਲਾ ਵਰਤ ਕੇ, ਆਪਣੀ ਜਮ੍ਹਾਂ ਪੂੰਜੀ, ਆਪਣੀ ਛੋਟੀ ਮੋਟੀ ਜਾਇਦਾਦ ਗਿਰਵੀ ਰੱਖਕੇ ਆਪਣੇ ਬੱਚਿਆਂ ਨੂੰ ਅਤੇ ਫਿਰ ਆਪ ਬਾਹਰ ਜਾ ਰਹੇ ਹਨ। ਮੁੱਖ ਤੌਰ 'ਤੇ ਪੰਜਾਬ ਦੀ ਨਪੀੜੀ ਜਾ ਰਹੀ ਛੋਟੀ ਕਿਸਾਨੀ ਆਰਥਿਕ ਤੰਗੀ ਕਾਰਨ ਵਧੇਰੇ ਕਰਕੇ ਇਸੇ ਰਾਹ ਪੈ ਰਹੀ ਹੈ। ਗੱਲ ਹਰਿਆਣਾ ਦੀ ਵੀ ਇਹੋ ਹੈ ਅਤੇ ਦੱਖਣੀ ਸੂਬਿਆਂ ਦੀ ਵੀ ਇਹੋ ਹੈ। ਦੇਸ਼ ਦੀ ਹਕੂਮਤ ਨੌਜਵਾਨਾਂ ਲਈ ਦੋ ਕਰੋੜ ਨੌਕਰੀਆਂ ਦਾ ਵਾਇਦਾ ਪਰੋਸਦੀ ਹੈ, ਪਰ ਪੱਲੇ ਕੁਝ ਨਹੀਂ ਪਾਉਂਦੀ। ਦੇਸ਼ ਦੀ ਹਕੂਮਤ ਵਿਸ਼ਵ ਗੁਰੂ ਦਾ ਨਾਹਰਾ ਦਿੰਦੀ ਹੈ, ਪਰ ਪੱਲੇ ਗਰੀਬਾਂ ਲਈ ਹੋਰ ਗਰੀਬੀ ਪਾਉਂਦੀ ਹੈ। ਹਿੰਦੂਤਵੀ ਏਜੰਡਾ ਅਤੇ ਸਿਰਫ਼ ਵੋਟਾਂ ਦੀ ਨੀਤ ਅਤੇ ਨੀਤੀ ਚਮਕਾਉਂਦੀ ਹੈ।

***

## ਮੁੜ ਹਿੱਟ ਹੋ ਰਿਹੈ ਪੰਜਾਬੀ

ਉਨ੍ਹਾਂ ਦੀ ਪ੍ਰਸਿੱਧੀ ਵਿੱਚ ਜ਼ਿਕਰਯੋਗ ਵਾਧਾ ਹੋਇਆ ਸ਼ੈਮੀ ਦਾ ਕਹਿਣਾ ਹੈ, "ਇਹ ਇੱਕ ਅਜਿਹੇ ਬਿੰਦੂ 'ਤੇ ਪਹੁੰਚ ਗਿਆ ਸੀ ਜਿੱਥੇ ਤੁਸੀਂ ਕੁਝ ਵੀ ਨਹੀਂ ਦੇਖ ਸਕਦੇ ਸੀ ਕਿਉਂਕਿ ਉੱਥੇ ਬਹੁਤ ਸਾਰੇ ਲੋਕ ਸਨ।"

"ਸਾਨੂੰ ਆਪਣੀ ਕਾਰ ਤੋਂ ਸਟੇਜ ਤੱਕ ਪਹੁੰਚਣ ਲਈ ਦੋ ਮਿੰਟ ਲੱਗੇ ਪਰ ਸਟੇਜ ਤੋਂ ਵਾਪਸ ਆਪਣੀ ਕਾਰ ਤੱਕ ਪਹੁੰਚਣ ਲਈ ਸਾਨੂੰ ਦੋ ਘੰਟੇ ਲੱਗ ਗਏ।"

ਬੈਂਗਰ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਉਨ੍ਹਾਂ ਥਾਵਾਂ ਤੋਂ ਬੁਕਿੰਗ ਮਿਲ ਰਹੀ ਹੈ ਜਿੱਥੇ ਚਮਕੀਲੇ ਨੇ ਅਸਲ ਵਿੱਚ ਪੇਸ਼ਕਾਰੀ ਦਿੱਤੀ ਸੀ, ਇਸ ਦੇ ਨਾਲ ਹੀ ਦੁਬਈ, ਬੁਲਗਾਰੀਆ, ਆਸਟਰੇਲੀਆ ਅਤੇ ਇਟਲੀ ਤੋਂ ਵੀ ਬੁਕਿੰਗ ਮਿਲ ਰਹੀ ਹੈ।

"ਪੰਜਾਬੀ ਦੋਗਾਣਾ ਗਾਇਕੀ ਦਾ ਦੌਰ ਯਕੀਨੀ ਤੌਰ 'ਤੇ ਵਾਪਸ ਆ ਗਿਆ ਹੈ, ਇਹ ਬਹੁਤ ਮਕਬੂਲ ਹੋ ਰਹੀ ਹੈ।

ਬੈਂਗਰ ਕਹਿੰਦੇ ਹਨ, "ਇਹ ਮੇਰੇ ਲਈ ਹਮੇਸ਼ਾ ਮੌਜੂਦ ਰਿਹਾ ਹੈ, ਪਰ ਹਾਲ ਹੀ ਵਿੱਚ, ਇਹ ਅਚਾਨਕ ਵੱਡੀ ਛਾਲ ਮਾਰ ਗਿਆ ਹੈ ਅਤੇ ਪੂਰੀ ਤਰ੍ਹਾਂ ਨਾਲ ਬੇਕਾਬੂ ਹੋ ਗਿਆ ਹੈ।"ਪੀਆਰਐੱਸ ਫਾਰ ਮਿਊਜ਼ਿਕ ਗਰੁੱਪ ਦੀ ਰੁਪਿੰਦਰ ਵਿਰਦੀ ਦੇ ਅਨੁਸਾਰ, ਕਿਸੇ ਵੀ ਹੋਰ ਸ਼ੈਲੀ ਦੀ ਤਰ੍ਹਾਂ, ਇਸ ਵਿੱਚ ਵੀ 'ਉਚਾਣ ਅਤੇ ਨਿਵਾਣ' ਹਨ ਪਰ "ਇਸ ਸ਼ੈਲੀ ਦੇ ਮੂਲ ਰੂਪ ਵਿੱਚ ਵੱਡੇ ਪ੍ਰਸ਼ੰਸਕ ਨਿਰੰਤਰ ਬਣੇ ਹੋਏ ਹਨ।"

ਉਨ੍ਹਾਂ ਦਾ ਮੰਨਣਾ ਹੈ ਕਿ ਹਾਲ ਹੀ ਵਿੱਚ ਪੰਜਾਬੀ ਸੰਗੀਤ ਵਿੱਚ ਵਧੇਰੇ ਦਿਲਚਸਪੀ ਲਈ ਕੁਝ ਕਾਰਕ ਜ਼ਿੰਮੇਵਾਰ ਹਨ, ਜਿਨ੍ਹਾਂ ਵਿੱਚੋਂ ਇੱਕ ਹੈ ਵਿਸ਼ਵ ਪੱਧਰ 'ਤੇ ਪੰਜਾਬੀ ਸੰਗੀਤ 'ਤੇ ਵਧ ਰਿਹਾ ਧਿਆਨ।

"ਅਸੀਂ ਲਾਈਵ ਸ਼ੋਅ'ਜ਼ ਲਈ ਗਲਾਸਟਨਬਰੀ, ਕੋਚੇਲਾ, ਹਾਲ ਹੀ ਵਿੱਚ ਲੈਟੀਚਿਊਡ ਅਤੇ ਲੋਲਾਪਾਲੂਜ਼ਾ ਵਰਗੇ ਵਿਆਪਕ ਮੰਚਾਂ 'ਤੇ ਪੰਜਾਬੀ ਕਲਾਕਾਰਾਂ ਨੂੰ ਸ਼ਾਮਲ ਹੁੰਦੇ ਦੇਖ ਰਹੇ ਹਾਂ।"

ਉਹ ਅੱਗੇ ਕਹਿੰਦੇ ਹਨ ਹੈ ਕਿ ਸਟ੍ਰੀਮਿੰਗ ਅਤੇ ਪਬਲਿਸ਼ਿੰਗ ਦੇ ਮਾਮਲੇ ਵਿੱਚ "ਭਾਰਤ ਵਿੱਚ ਸੰਗੀਤ ਦਾ ਵਿਕਾਸ ਹੋਇਆ ਹੈ" ਜਿਸ ਨਾਲ ਦੇਸ਼ ਦੀ ਉਭਰਦੀ ਆਰਥਿਕ ਸ਼ਕਤੀ ਦੀ ਸਥਿਤੀ ਨੂੰ ਦੇਖਦੇ ਹੋਏ ਇਸ ਸ਼ੈਲੀ ਦੇ ਸੰਗੀਤ ਨੂੰ ਵਿਸ਼ਵ ਪੱਧਰ 'ਤੇ ਫੈਲਾਉਣ ਵਿੱਚ ਮਦਦ ਮਿਲ ਰਹੀ ਹੈ।

ਉਨ੍ਹਾਂ ਨੇ ਕਿਹਾ, "ਪ੍ਰੋਡਕਸ਼ਨ, ਬੀਟਸ ਅਤੇ ਭਾਸ਼ਾ ਪੱਖੋਂ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ ਅਤੇ ਸਾਨੂੰ ਪੰਜਾਬੀ ਸੰਗੀਤ ਸੱਭਿਆਚਾਰ 'ਤੇ ਮਾਣ ਹੈ ਜਿਸਦੀ ਸ਼ਲਾਘਾ ਕੀਤੀ ਜਾ ਰਹੀ ਹੈ।"

ਉਹ ਕਹਿੰਦੀ ਹੈ, "ਭਾਸ਼ਾ ਸਬੰਧੀ ਰੁਕਾਵਟਾਂ ਦੇ ਬਾਵਜੂਦ ਜ਼ਿਆਦਾ ਲੋਕ ਧੁਨਾਂ ਪ੍ਰਤੀ ਖੁੱਲ੍ਹੇ ਸੁਭਾਅ ਦੇ ਹਨ।"

ਰੁਪਿੰਦਰ ਦਾ ਅਨੁਮਾਨ ਹੈ ਕਿ ਵਿਕਾਸ "ਉਸੇ ਤਰ੍ਹਾਂ ਜਾਰੀ ਰਹੇਗਾ ਜਿਵੇਂ ਐਫਰੋਬੀਟਸ ਵਧਦਾ ਹੈ" ਪਰ ਇਹ ਸਹੀ ਸਾਧਨ ਪ੍ਰਦਾਨ ਕਰਨ 'ਤੇ ਨਿਰਭਰ ਕਰਦਾ ਹੈ।

***

## ਮਹਿੰਗੇ ਵਿਆਹਾਂ ਦੇ ਵਿਖਾਵਾਕਾਰੀ ਪ੍ਰਭਾਵਾਂ

ਸਾਡਾ ਦੇਸ਼ ਅੱਜ ਵੀ ਖੇਤੀ ਪ੍ਰਧਾਨ ਮੁਲਕ ਹੈ ਅਤੇ ਤਿੰਨ-ਚੌਥਾਈ ਕਿਸਾਨਾਂ ਦੀਆਂ ਖੇਤੀ ਜੋਤਾਂ ਦਾ ਆਕਾਰ ਇੰਨਾ ਛੋਟਾ ਹੈ, ਜਿਸ 'ਚੋਂ ਪਰਿਵਾਰ ਦਾ ਗੁਜ਼ਾਰਾ ਕਰਨਾ ਮੁਸ਼ਕਿਲ ਹੈ। ਇਕ ਆਮ ਮੁਲਾਜ਼ਮ ਵੀ 30-35 ਸਾਲਾਂ ਦੀ ਨੌਕਰੀ ਉਪਰੰਤ 30-35 ਲੱਖ ਤੱਕ ਹੀ ਬਚਾਅ ਸਕਦਾ ਹੈ। ਪਿਛਲੇ ਕੁਝ ਦਹਾਕਿਆਂ 'ਚ ਕਾਰੋਬਾਰੀ ਤਬਦੀਲੀਆਂ, ਸਾਕਾਦਾਰੀ ਦੀ ਟੁੱਟ-ਭੱਜ, ਪੜ੍ਹਾਈ-ਲਿਖਾਈ ਦੇ ਖ਼ਰਚ ਵਿਚ ਵਾਧਾ, ਬੱਚਿਆਂ ਵਲੋਂ ਚੰਗੇ ਸਾਜ਼ੋ-ਸਾਮਾਨ ਦੀ ਮੰਗ, ਮੰਡੀ ਸ਼ਕਤੀਆਂ ਦੁਆਰਾ ਉਪਜਾਏ ਭਰਮ-ਜਾਲ ਨੇ ਲੋਕਾਂ 'ਚ ਮਾਨਿਸਕ ਤਬਦੀਲੀ ਲਿਆਂਦੀਂ ਹੈ ਅਤੇ ਹੁਣ ਬਹੁਤੇ ਲੋਕ ਬੱਚਿਆਂ ਦੇ ਵਿਆਹ ਮੈਰਿਜ ਪੈਲੇਸਾਂ 'ਚ ਕਰਨ ਲੱਗ ਪਏ ਹਨ ਅਤੇ ਦਿਖਾਵੇਕਾਰੀ ਦਾ ਯੁੱਗ ਆ ਗਿਆ ਹੈ, ਜਿਸ ਨੂੰ ਰੋਕਣਾ ਮੁਸ਼ਕਿਲ ਹੈ। ਜੇਕਰ ਲੋਕ ਆਪਣੀ ਵਿੱਤ ਮੁਤਾਬਿਕ ਖਰਚਾ ਕਰਨ ਤਾਂ ਠੀਕ ਲਗਦਾ ਹੈ, ਪ੍ਰੰਤੂ ਮੈਰਿਜ ਪੈਲੇਸਾਂ ਦੇ ਖਰਚ ਅਕਸਰ ਵੱਧ ਹੁੰਦੇ ਹਨ ਅਤੇ ਦੇਖਾ-ਦੇਖੀ ਹੋਰ ਨਵੇਂ ਸਾਜ਼ੋ-ਸਾਮਾਨ ਅਤੇ ਖਾਣ-ਪੀਣ ਦੇ ਢੱਬਾਂ ਕਾਰਨ ਖਰਚੇ ਬਹੁਤ ਵੱਧ ਜਾਂਦੇ ਹਨ। ਮਿਲਣੀ, ਫੇਰੇ, ਡੋਲੀ ਤੋਰਨਾ ਵੀ ਹੁਣ ਮਕਾਨਕੀ ਜਿਹੀਆਂ ਰਸਮਾਂ ਲਗਦੀਆਂ ਹਨ ਭਾਵ ਸ਼ਾਦੀ ਦੀ ਪਵਿੱਤਰਤਾ ਵੇਲਾ ਵਿਹਾਅ ਚੁੱਕੀ ਹੈ। ਸਮਾਜਿਕ ਰਸਮਾਂ 'ਤੇ ਵੱਧ ਰਹੇ ਖਰਚਿਆਂ ਸੰਬੰਧੀ ਖੋਜਾਂ ਤੇ ਹੋਰ ਰਿਪੋਰਟਾਂ ਇਸ਼ਾਰਾ ਕਰਦੀਆਂ ਹਨ ਕਿ ਹੋਰ ਪਰਪੰਚਾਂ ਤੋਂ ਇਲਾਵਾ ਅਜੋਕੇ ਵਿਆਹ ਖਰਚਿਆਂ ਕਾਰਨ ਆਮ ਪਰਿਵਾਰ ਬਹੁਤ ਆਰਥਿਕ ਤੰਗੀ 'ਚ ਜਕੜੇ ਜਾਂਦੇ ਹਨ। ਭਰੂਣ ਹੱਤਿਆ ਅਤੇ ਕਈ ਲੋਕਾਂ ਵਲੋਂ ਬੱਚਿਆਂ ਤੋਂ ਬਿਨਾਂ ਹੀ ਜੀਵਨ ਬਤੀਤ ਕਰਨ ਦਾ ਰੁਝਾਨ ਵੀ ਸੁਣਨ ਨੂੰ ਮਿਲਦਾ ਹੈ। ਮਹਿੰਗੇ ਪੈਲੇਸਾਂ 'ਚ ਵਿਆਹ 'ਤੇ ਵੱਧ ਦਾਜ ਦੇ ਕੇ ਵੀ ਕੋਈ ਵਿਆਹ ਦੇ ਸਦੀਵੀ ਬੰਧਨ ਬਾਰੇ ਹਾਮੀ ਨਹੀਂ ਭਰ ਸਕਦਾ। ਜੇਕਰ ਤਲਾਕਾਂ ਦੇ ਅੰਕੜਿਆਂ, ਤਲਾਕਾਂ ਦੇ ਕਾਰਨਾਂ 'ਤੇ ਨਜ਼ਰ ਮਾਰੀ ਜਾਵੇ ਤਾਂ ਹਾਲਾਤ ਬਹੁਤ ਨਿਰਾਸ਼ਾਜਨਕ ਨਜ਼ਰ ਆਉਂਦੇ ਹਨ। ਅਜਿਹੇ ਸਮਾਜਿਕ ਖਰਚਿਆਂ ਉੱਪਰ ਕੋਈ ਰੈਗੂਲੇਟਰੀ ਪ੍ਰਬੰਧਾਂ ਦੀ ਘਾਟ ਤੇ ਮੰਡੀ ਸ਼ਕਤੀਆਂ ਦੀ ਪਕੜ ਕਾਰਨ ਲੋਕਾਂ 'ਚ ਵਿਖਾਵਾਕਾਰੀ ਵਧ ਰਹੀ। ਇਸ ਤੋਂ ਛੁਟ ਅੰਬਾਨੀ ਵਰਗੇ ਵਿਆਹਾਂ ਦੇ ਰੋਲ ਮਾਡਲ ਉਪਜਣ ਕਰਕੇ ਲੋਕ ਹੋਰ ਵੀ ਇਸ ਪ੍ਰਕਿਰਿਆ ਵੱਲ ਖਿੱਚੇ ਜਾ ਸਕਦੇ ਹਨ, ਜੋ ਕਿਸੇ ਵਿਅਕਤੀ, ਪਰਿਵਾਰ ਜਾਂ ਸਮਾਜ ਦੀ ਆਰਥਿਕ ਤਰੱਕੀ ਲਈ ਮਾਰੂ ਸਿੱਧ ਹੁੰਦੇ ਹਨ। ਮਹਿੰਗੇ ਵਿਆਹਾਂ ਦੇ ਵਿਖਾਵਾਕਾਰੀ ਪ੍ਰਭਾਵਾਂ ਨੂੰ ਤਦ ਹੀ ਨੱਥ ਪਾਈ ਜਾ ਸਕਦੀ ਹੈ, ਜੇਕਰ ਅਜਿਹੀ ਫਜ਼ੂਲਖਰਚੀ ਨੂੰ ਮਾਨਤਾ ਦੀ ਬਜਾਏ ਇਸ ਦਾ ਵਿਰੋਧ ਕੀਤਾ ਜਾਵੇ। ਤਰੱਕੀਯਾਫ਼ਤਾ ਮੁਲਕ ਸ਼ਾਇਦ ਇਸ ਲਈ ਹੀ ਉੱਨਤ ਹੋਣ ਦੇ ਨਾਲ-ਨਾਲ ਮਨੁੱਖੀ ਜੀਵਨ ਮਿਆਰ ਦੇ ਵੱਖ-ਵੱਖ ਕਾਰਕਾਂ ਦੀ ਦਰਜਾਬੰਦੀ 'ਚ ਮੋਹਰੀ ਹਨ, ਕਿਉਂਕਿ ਉਹ ਅਜਿਹੀ ਫਜ਼ੂਲ ਖਰਚੀ 'ਤੇ ਸਮੇਂ ਦੀ ਬਰਬਾਦੀ ਤੋਂ ਬਚੇ ਹੋਏ ਹਨ। ਰੱਬ ਸਾਨੂੰ ਵੀ ਸੁਮੱਤ ਬਖਸ਼ੇ ਕਿ ਅਸੀਂ ਸਮਾਜਿਕ ਸੱਭਿਆਚਾਰਕ ਖਰਚਿਆਂ ਨੂੰ ਘਟਾ ਕੇ ਪਰਿਵਾਰ ਤੇ ਸਮਾਜ ਦੀ ਆਰਥਿਕ ਤਰੱਕੀ ਵੱਲ ਵਧ ਸਕੀਏ।

****

## ਕੀ ਹੱਲ ਹੈ ਪੰਜਾਬ ਦੀ ਆਰਥਿਕਤਾ ਦਾ ?

ਇਸ ਨਾਲ ਸੂਬੇ ਵਿੱਚ ਰੁਜ਼ਗਾਰ ਦੇ ਮੌਕੇ ਵਧਣਗੇ ਅਤੇ ਆਮਦਨ ਵੀ ਵਧੇਗੀ। ਸੂਬੇ ਵਿੱਚ ਸਬਸਿਡੀਆਂ ਨੂੰ ਤਰਕਸੰਗਤ ਬਣਾਉਣ ਦੇ ਨਾਲ ਨਾਲ ਲੋੜਵੰਦਾਂ ਤੱਕ ਪੁੱਜਦਾ ਵੀ ਕਰਨਾ ਚਾਹੀਦਾ ਹੈ। ਭਵਿੱਖ ਵਿਚ ਲਏ ਜਾਣ ਵਾਲੇ ਕਰਜ਼ਾ ਉਪਜਾਊ ਧੰਦਿਆਂ ਵਿਚ ਲਗਾ ਕੇ ਸੂਬੇ ਦੀ ਆਮਦਨ ਅਤੇ ਰੁਜ਼ਗਾਰ ਵਧਾਉਣਾ ਚਾਹੀਦਾ ਹੈ; ਨਾਲ ਹੀ ਲਿਆ ਕਰਜ਼ਾ ਵਿਆਜ ਸਮੇਤ ਸਮੇਂ ਸਿਰ ਵਾਪਸ ਕੀਤਾ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ ਪਿਛਲਾ ਖੜ੍ਹਾ ਕਰਜ਼ਾ ਵੀ ਹੌਲੀ ਹੌਲੀ ਵਾਪਸ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਪੰਜਾਬ ਸਰਕਾਰ ਨੂੰ ਸੂਬੇ ਵੱਲੋਂ ਖੁਰਾਕ ਸੁਰੱਖਿਆ ਮੁਹੱਈਆ ਕਰਵਾਉਣ ਵਿਚ ਪਾਏ ਯੋਗਦਾਨ ਦੇ ਇਵਜ ਵਿਚ, ਸੂਬਾ ਸਰਹੱਦੀ ਖੇਤਰ ਹੋਣ ਕਾਰਨ ਝੱਲੀਆਂ ਜਾ ਰਹੀਆਂ ਮੁਸ਼ਕਿਲਾਂ ਖ਼ਾਸਕਰ ਨਿਵੇਸ਼ ਦੀ ਘਾਟ ਅਤੇ ਜੀ.ਐੱਸ.ਟੀ. ਤੋਂ ਮਾਲੀਏ ਦੀ ਘਾਟ ਪੂਰੀ ਕਰਨ ਲਈ ਪੂੰਜੀ ਨਿਵੇਸ਼ ਲਈ ਕੇਂਦਰ ਸਰਕਾਰ ਤੋਂ ਵਿਸ਼ੇਸ਼ ਤੇ ਵੱਡੇ ਆਰਥਿਕ ਪੈਕੇਜ ਦੀ ਮੰਗ ਕਰਨੀ ਚਾਹੀਦੀ ਹੈ। ਸੋ ਪੰਜਾਬ ਦੀ ਆਰਥਿਕਤਾ ਦੀ ਸਮੁੱਚੀ ਹਾਲਤ ਵਿੱਚ ਉਭਾਰ ਲਿਆਉਣ ਦੀ ਲੋੜ ਹੈ। ਖੇਤੀ ਪ੍ਰਧਾਨ ਦੇਸ਼ ਹੋਣ ਕਰ ਕੇ ਪੰਜਾਬ ਦੀ ਆਰਥਿਕ ਨੀਤੀ ਵਿਚ ਖੇਤੀ ਮੁੱਖ ਨੀਤੀ ਬਣਨੀ ਚਾਹੀਦੀ ਹੈ ਜਿਸ ਲਈ ਢੁਕਵੀਂ ਨੀਤੀ ਨੂੰ ਅਮਲ ਵਿਚ ਲਿਆਉਣਾ ਚਾਹੀਦਾ ਹੈ। ਕਣਕ ਅਤੇ ਝੋਨੇ ਤੋਂ ਇਲਾਵਾ ਉਹ ਵਸਤੂਆਂ ਜਿਨ੍ਹਾਂ ਦੀ ਦੇਸ਼ ਅਤੇ ਵਿਦੇਸ਼ ਵਿੱਚ ਵੱਡੀ ਮੰਗ ਹੈ (ਜਿਵੇਂ ਦਾਲਾਂ ਹਰ ਸਾਲ ਹਜ਼ਾਰਾਂ ਕਰੋੜ ਰੁਪਏ ਦੀਆਂ ਦਰਾਮਦ ਕੀਤੀਆਂ ਜਾਂਦੀਆਂ ਹਨ), ਦੀ ਪੈਦਾਵਾਰ ਤੇ ਜ਼ੋਰ ਦੇਣਾ ਚਾਹੀਦਾ ਹੈ। ਇਸੇ ਤਰ੍ਹਾਂ ਹੀ ਤੇਲਾਂ ਦੇ ਬੀਜਾਂ ਦੀ ਵੱਡੀ ਮੰਡੀ ਦੇਸ਼ ਅਤੇ ਵਿਦੇਸ਼ ਵਿਚ ਹੈ ਪਰ ਇਹ ਫ਼ਸਲਾਂ ਯਕੀਨੀ ਮੰਡੀਕਰਨ ਦੀ ਅਣਹੋਂਦ ਕਰ ਕੇ ਬੀਜੀਆਂ ਨਹੀਂ ਜਾਂਦੀਆਂ, ਜਦੋਂਕਿ ਕਣਕ ਅਤੇ ਝੋਨੇ ਦੀਆਂ ਫ਼ਸਲਾਂ ਅਧੀਨ ਵਧਦਾ ਹੋਇਆ ਖੇਤਰ ਪਾਣੀ ਦੀ ਥੁੜ੍ਹ ਅਤੇ ਹੋਰ ਸਮੱਸਿਆਵਾਂ ਦੇ ਬਾਵਜੂਦ ਨਹੀਂ ਘਟ ਰਿਹਾ। ਖੇਤੀ ਆਰਥਿਕਤਾ ਤੇ ਆਧਾਰਿਤ ਉਹ ਖੇਤੀ ਆਧਾਰਿਤ ਉਦਯੋਗ ਜਿਨ੍ਹਾਂ ਦੀ ਵੱਡੀ ਸਮਰੱਥਾ ਹੈ, ਉਸ ਸਬੰਧੀ ਬਹੁਤ ਨਿਗੂਣੀ ਪ੍ਰਾਪਤੀ ਹੋਈ ਹੈ। ਸਿਵਾਏ ਖੰਡ ਮਿੱਲਾਂ ਤੋਂ ਹੋਰ ਕਿਸੇ ਵੀ ਖੇਤੀ ਆਧਾਰਿਤ ਉਦਯੋਗ ਨੂੰ ਉਤਸ਼ਾਹਿਤ ਨਹੀਂ ਕੀਤਾ ਗਿਆ। ਪ੍ਰਾਈਵੇਟ ਉੱਦਮੀਆਂ ਨੇ ਇਸ ਵਿਚ ਦਿਲਚਸਪੀ ਨਹੀਂ ਦਿਖਾਈ ਕਿਉਂ ਜੋ ਸਭ ਤੋਂ ਵੱਡੀ ਰੁਕਾਵਟ ਕੱਚੇ ਮਾਲ ਦੀ ਅਨਿਸ਼ਚਿਤਤਾ ਰਹੀ ਹੈ। ਇਨ੍ਹਾਂ ਉਦਯੋਗਿਕ ਇਕਾਈਆਂ ਵਿੱਚ ਨਾ ਸਿਰਫ਼ ਰੁਜ਼ਗਾਰ ਸਗੋਂ ਵਿਦੇਸ਼ੀ ਮੁਦਰਾ ਦੀ ਕਮਾਈ ਦੇ ਵੱਡੇ ਮੌਕੇ ਹਨ। ਇਹ ਉਹ ਪੱਖ ਹੈ ਜਿਸ ਲਈ ਸਰਕਾਰ ਦੀ ਢੁਕਵੀਂ ਨੀਤੀ ਨੂੰ ਅਮਲ ਵਿੱਚ ਲਿਆਉਣਾ ਲੋੜੀਂਦਾ ਹੈ। ਆਰਥਿਕਤਾ ਵਿੱਚ ਉਭਾਰ ਆਉਣ ਤੋਂ ਬਗੈਰ ਨਾ ਕਰਜ਼ਾ ਘਟ ਸਕਦਾ ਹੈ ਅਤੇ ਨਾ ਪ੍ਰਤੀ ਵਿਅਕਤੀ ਆਮਦਨ ਜਾਂ ਰੁਜ਼ਗਾਰ ਵਧ ਸਕਦਾ ਹੈ।

****

## ਸਾਬਕਾ ਪੁਲਿਸ ਅਫਸਰ ਖੱਟੜਾ ਕਾਰਨ

ਬਾਰੇ ਪੱਕੇ ਸਬੂਤ ਮਿਲਨੇ ਮੁਸ਼ਕਲ ਹੋ ਗਏ ਹਨ। ਸੁਖਬੀਰ ਬਾਦਲ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲ਼ਾਂ ਕਿਹਾ ਸੀ, "ਜੇ ਸਾਡੀ ਸਰਕਾਰ ਬਣੀ ਤਾਂ ਉਹ ਬੇਅਦਬੀ ਦੀ ਜਾਂਚ ਦੁਬਾਰਾ ਕਰਾਉਣਗੇ। ਖੱਟੜਾ ਨੇ ਕਿਹਾ ਕਿ ਪ੍ਰਦੀਪ ਕਲੇਰ ਦੇ ਬਿਆਨਾਂ ਤੋਂ ਸੁਖਬੀਰ ਸਣੇ ਸਾਰੇ ਹੀ ਮੰਨ ਗਏ ਸਨ ਕਿ ਡੇਰਾ ਪ੍ਰੇਮੀ ਹੀ ਬੇਅਦਬੀ ਦੇ ਦੋਸ਼ੀ ਹਨ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ, "ਅਸੀਂ ਖੱਟੜਾ ਵੱਲੋਂ ਲਗਾਏ ਦੋਸ਼ਾਂ ਬਾਰੇ ਹੁਣ ਕੁਝ ਨਹੀਂ ਕਹਿਣਾ ਚਾਹੁੰਦੇ।" ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਵਿਰਸਾ ਸਿੰਘ ਵਲਟੋਹਾ ਨੇ ਦੋਸ਼ ਲਾਉਂਦਿਆਂ ਕਿਹਾ, "ਸਾਬਕਾ ਐੱਸ.ਐੱਸ.ਪੀ. ਰਣਬੀਰ ਸਿੰਘ ਖੱਟੜਾ ਦੇ ਹੱਥ ਸਿੱਖ ਨੌਜਵਾਨਾਂ ਦੇ ਖ਼ੂਨ ਨਾਲ ਰੰਗੇ ਹਨ ਅਤੇ ਅਕਾਲੀ ਦਲ 'ਤੇ ਹਮਲਾ ਕਰਨ ਲਈ ਹੁਣ ਪ੍ਰਦੀਪ ਕਲੇਰ ਤੋਂ ਬਾਅਦ 'ਆਪ' ਸਰਕਾਰ ਨੇ ਰਣਬੀਰ ਸਿੰਘ ਖੱਟੜਾ ਦੀ ਡਿਊਟੀ ਲਗਾਈ ਹੈ। ਰਣਬੀਰ ਸਿੰਘ ਖੱਟੜਾ ਜਦੋਂ ਬਟਾਲਾ, ਮਜੀਠਾ ਤੇ ਤਰਨ ਤਾਰਨ ਆਦਿ ਸਰਹੱਦੀ ਜ਼ਿਲ੍ਹਿਆਂ ਵਿੱਚ ਬਤੌਰ ਐੱਸ.ਐੱਸ.ਪੀ. ਤਾਇਨਾਤ ਸਨ ਤਾਂ ਉਸ ਵੇਲੇ ਉਨ੍ਹਾਂ ਨਾ ਸਿਰਫ਼ ਸਿੱਖ ਨੌਜਵਾਨਾਂ 'ਤੇ ਅੰਨ੍ਹਾ ਤਸ਼ੱਦਦ ਢਾਹਿਆ ਤੇ ਅਣਗਿਣਤ ਝੂਠੇ ਪੁਲੀਸ ਮੁਕਾਬਲੇ ਕੀਤੇ।"

***

## ਅਕਾਲੀ ਦਲ ਦੀ ਮੌਜੂਦਾ ਸਥਿਤੀ ਕਾਰਨ

ਵਾਲੀ ਜ਼ਿਮਨੀ ਚੋਣ ਤੋਂ ਪਹਿਲਾਂ-ਪਹਿਲਾਂ ਇਹ ਮਾਮਲਾ ਨਿਬੇੜਨਾ ਚਾਹੁੰਦੇ ਹਨ। ਉਹ ਨਹੀਂ ਚਾਹੁੰਦੇ ਕਿ ਇਨ੍ਹਾਂ ਜ਼ਿਮਨੀ ਚੋਣਾਂ 'ਤੇ ਕਿਸੇ ਵਿਵਾਦ ਦਾ ਪਰਛਾਵਾਂ ਅਕਾਲੀ ਦਲ 'ਤੇ ਪਵੇ। ਸੁਖਬੀਰ ਬਾਦਲ ਦਾ ਮੰਨਣਾ ਹੈ ਕਿ ਉਹ ਅਪਣਾ ਲਿਖਤੀ ਸਪੱਸ਼ਟੀਕਰਨ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸੌਂਪ ਚੁਕੇ ਹਨ ਤੇ ਹੁਣ ਸਿਰਫ਼ ਜਥੇਦਾਰ ਗਿ. ਰਘਬੀਰ ਸਿੰਘ ਵਲੋਂ ਅਪਣਾ ਫ਼ੈਸਲਾ ਸੁਣਾਉਣਾ ਬਾਕੀ ਹੈ। ਇਸ ਦੌਰਾਨ ਪੰਥਕ ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ ਹੁਣ ਸੁਖਬੀਰ ਬਾਦਲ ਦੇ ਸਪੱਸ਼ਟੀਕਰਨ ਤੇ ਸ਼੍ਰੋਮਣੀ ਅਕਾਲੀ ਦਲ ਦਾ ਮਾਮਲਾ ਇੰਨਾ ਸਿੱਧ-ਪੱਧਰਾ ਵੀ ਨਹੀਂ ਰਿਹਾ ਕਿ ਇਕੋ ਮੀਟਿੰਗ 'ਚ ਉਸ ਦਾ ਨਿਬੇੜਾ ਹੋ ਜਾਵੇ। ਦਰਅਸਲ, ਆਮ ਸੰਗਤ ਕੁਝ ਸਖ਼ਤ ਸਜ਼ਾ ਚਾਹੁੰਦੀ ਹੈ। ਇਹ ਵੀ ਹੋ ਸਕਦਾ ਹੈ ਕਿ ਕੋਈ ਅੰਤਿਮ ਫ਼ੈਸਲਾ ਜਨਤਾ ਨੂੰ ਅਪਣੇ ਪੱਧਰ 'ਤੇ ਹੀ ਲੈਣਾ ਪਵੇ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਸੂਤਰਾਂ ਅਨੁਸਾਰ ਪਾਰਟੀ ਤਿੰਨ 'ਚੋਂ ਦੋ ਸੀਟਾਂ-ਡੇਰਾ ਬਾਬਾ ਨਾਨਕ ਤੇ ਗਿੱਦੜਬਾਹਾ ਜ਼ਰੂਰ ਜਿਤਣਾ ਚਾਹੁੰਦੀ ਹੈ। ਕਰਤਾਰਪੁਰ ਸਾਹਿਬ ਲਾਂਘੇ ਕਾਰਨ ਡੇਰਾ ਬਾਬਾ ਨਾਨਕ ਸੀਟ ਨੂੰ ਪੰਥਕ ਸੀਟਾਂ 'ਚੋਂ ਇੱਕ ਮੰਨਿਆ ਜਾਂਦਾ ਹੈ ਤੇ ਗਿੱਦੜਬਾਹਾ ਸੀਟ 'ਤੇ ਅਕਸਰ ਅਕਾਲੀ ਦਲ ਹੀ ਜਿਤਦਾ ਰਿਹਾ ਹੈ।



## ਪੰਜਾਬ ਵਿੱਚ ਇਤਿਹਾਸ

ਕਰਨ ਦਾ ਵਾਅਦਾ ਕੀਤਾ ਸੀ, ਉਹ ਇਨ੍ਹਾਂ ਮਾਮਲਿਆਂ ਵਿੱਚ ਪਿਛਲੀ ਕਾਂਗਰਸ ਸਰਕਾਰ ਤੋਂ ਵੱਖ ਕਿਵੇਂ ਸਾਬਤ ਹੋਈ ਹੈ। ਕਾਂਗਰਸ ਨੇ ਵੀ ਇਸ ਤੋਂ ਪਹਿਲਾਂ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਲੋਕਾਂ ਨੂੰ ਇਨਸਾਫ਼ਓਮਪ; ਦਾ ਭਰੋਸਾ ਦਿੱਤਾ ਸੀ। ਜ਼ਿਕਰਯੋਗ ਹੈ ਕਿ ਸਾਬਕਾ ਆਈਜੀਪੀ ਅਤੇ ਹੁਣ ਆਪ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਕੁਝ ਮਹੀਨੇ ਪਹਿਲਾਂ ਇਹ ਕਹਿ ਕੇ ਚਿੰਤਾ ਜ਼ਾਹਰ ਕੀਤੀ ਸੀ ਕਿ ਇਹ ਮਾਮਲੇ ਕਦੇ ਵੀ ਤਰਕਪੂਰਨ ਸਿੱਟੇ 'ਤੇ ਨਹੀਂ ਪਹੁੰਚ ਸਕਦੇ। ਕੀ ਅਜਿਹੇ ਮਾਮਲਿਆਂ ਵਿੱਚ ਸਿਆਸੀ ਲੀਡਰਸ਼ਿਪ ਨੂੰ ਬੇਅਸਰ ਬਣਾ ਰਹੀ ਕੋਈ ਡੂੰਘੀ ਤਾਕਤ ਸੀਨ ਦੇ ਪਿੱਛੇ ਤੋਂ ਤਾਰਾਂ ਖਿੱਚ ਰਹੀ ਹੈ?

2024 ਵਿੱਚ ਸਿੱਖ ਧਰਮ-ਰਾਜਨੀਤਕ ਗਤੀਸ਼ੀਲਤਾ 1980 ਦੇ ਦਹਾਕੇ ਨਾਲੋਂ ਗੁਣਾਤਮਕ ਤੌਰ 'ਤੇ ਵੱਖਰੀ ਹੈ। ਅੱਸੀਵਿਆਂ ਦੇ ਸਿੱਖ ਸੰਘਰਸ਼ ਦਾ ਨਤੀਜਾ ਹੁਣ ਦੁਨੀਆ ਭਰ ਦੇ ਕਈ ਦੇਸ਼ਾਂ ਵਿੱਚ ਮਹਿਸੂਸ ਕੀਤਾ ਜਾ ਸਕਦਾ ਹੈ ਜਿੱਥੇ ਸਿੱਖ ਵੱਖਵਾਦੀ ਲਹਿਰ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ, ਹਾਲਾਂਕਿ ਪੰਜਾਬ ਵਿੱਚ ਜ਼ਮੀਨੀ ਸਮਰਥਨ ਘੱਟ ਹੈ।

ਇਸ ਸਥਿਤੀ ਨੇ ਭਾਰਤ ਦੇ ਭੂ-ਰਾਜਨੀਤਿਕ ਸਬੰਧਾਂ ਨੂੰ ਪ੍ਰਭਾਵਿਤ ਕੀਤਾ ਹੈ। ਅਮਰੀਕਾ ਨੇ ਸਿੱਖਸ ਫਾਰ ਜਸਟਿਸ ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਭਾਰਤੀ ਏਜੰਟਾਂ ਦੀ ਕਥਿਤ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ ਹੈ ਅਤੇ ਗ੍ਰਿਫਤਾਰੀਆਂ ਕੀਤੀਆਂ ਹਨ। ਸਰੀ ਦੇ ਇੱਕ ਗੁਰਦੁਆਰੇ ਦੇ ਮੁਖੀ ਅਤੇ ਐਸ.ਐਫ.ਜੇ ਲਈ ਸਰਗਰਮੀ ਨਾਲ ਕੰਮ ਕਰਨ ਵਾਲੇ ਹਰਦੀਪ ਸਿੰਘ ਨਿੱਝਰ ਦੀ ਗੋਲੀ ਮਾਰ ਕੇ ਹੱਤਿਆ ਕਰਨ ਤੋਂ ਬਾਅਦ ਕੈਨੇਡਾ ਨਾਲ ਸਬੰਧਾਂ ਵਿੱਚ ਖਟਾਸ ਆ ਗਈ ਹੈ। ਫੈਸਲਾ ਲੈਣ ਵਾਲਿਆਂ ਨੂੰ ਇਸ ਤੱਥ ਨੂੰ ਅੱਖੋਂ ਪਰੋਖੇ ਨਹੀਂ ਕਰਨਾ ਚਾਹੀਦਾ ਕਿ ਪੰਜਾਬ ਵਿੱਚ ਸਿਆਸੀ ਹਿੰਸਾ ਦਾ ਰੁਝਾਨ ਚੱਕਰਵਾਤੀ ਹੈ। ਨਿਆਂ ਦਿੱਤਾ ਜਾਣਾ ਚਾਹੀਦਾ ਹੈ ਅਤੇ ਉਹ ਵੀ ਬਿਨਾਂ ਦੇਰੀ ਦੇ। ਪੰਜਾਬ ਦੇਸ਼ ਦੇ ਬਾਕੀ ਸਾਰੇ ਖੇਤਰਾਂ ਤੋਂ ਉਲਟ ਹੈ।

***

## ਸਿੰਘ ਸਭਾ ਲਹਿਰ ਕਿਵੇਂ

ਇਹ ਚੌਖੜਾ ਬਿਨਾਂ ਕਿਸੇ ਊਚ-ਨੀਚ ਦੇ ਸਿੱਖ ਜਾਗ੍ਰਿਤੀ ਸੰਬੰਧੀ ਆਪਣੇ ਸਾਂਝੇ ਆਦਰਸ਼ ਨੂੰ ਸਮਰਪਿਤ ਹੋ ਗਿਆ ਸੀ। ਸ੍ਰੀ ਗੁਰੂ ਸਿੰਘ ਸਭਾ ਵੱਲੋਂ ਖ਼ਾਲਸਾ ਟ੍ਰੈਕਟ ਸੁਸਾਇਟੀ (1893) ਨਿਰਗੁਣਿਆਰਾ ਪੱਤ੍ਰਿਕਾ, ਗੁਰਮੁਖੀ ਅਖ਼ਬਾਰ, ਖ਼ਾਲਸਾ ਸਮਾਚਾਰ (1899) ਤੇ ਵਜ਼ੀਰ ਹਿੰਦ ਪ੍ਰੈੱਸ ਦੀ ਸਥਾਪਨਾ ਕੀਤੀ। ਵੱਡੀ ਪੱਧਰ 'ਤੇ ਗੁਰਮੁਖੀ ਤੇ ਪੰਜਾਬੀ ਪੱਤਰਕਾਰੀ ਦਾ ਮੁੱਢ ਬੰਨ੍ਹਿਆ।

ਇਹ ਸਿੱਖ ਲਹਿਰਾਂ ਇਸਤਰੀ ਵਿੱਦਿਆ ਦੀਆਂ ਵੀ ਅਲੰਬਰਦਾਰ ਸਨ। ਕਦੀ ਪਿੰਡਾਂ ਵਿੱਚ ਪੜ੍ਹਾਈ ਲਈ ਮਹਾਰਾਜਾ ਰਣਜੀਤ ਸਿੰਘ ਨੇ ਕਾਇਦਾ-ਏ-ਨੂਰ ਇੱਕ ਵੱਡੇ ਮਾਧਿਅਮ ਵਜੋਂ ਵਰਤਿਆ ਸੀ। ਪਰ ਅੰਗਰੇਜ਼ ਹਕੂਮਤ ਨੇ ਇਹ ਕਾਇਦਾ ਬੰਦ ਕਰ ਦਿੱਤਾ ਸੀ। ਪਰ ਇਨ੍ਹਾਂ ਮੁੱਢਲੇ ਸਿੱਖ ਸੰਗਠਨਾਂ ਨੇ ਆਪਣੇ ਮਿਲਵਰਤਨੀ ਤਰੀਕੇ ਨਾਲ ਸਿੱਖਿਆ ਦਾ ਮੁੜ ਪਿੜ ਬੰਨ੍ਹ ਦਿੱਤਾ ਸੀ। ਅੰਗਰੇਜ਼ ਹਕੂਮਤ ਦੇ ਈਸਾਈ ਕੇਂਦਰਾਂ ਵੱਲੋਂ ਜੋ ਪ੍ਰਚਾਰ ਸਾਧਨ ਵਰਤੇ ਜਾ ਰਹੇ ਸਨ, ਤਿਵੇਂ ਦੇ ਪ੍ਰਚਾਰ ਸਾਧਨ ਹੀ ਸਿੱਖ ਸਮੁਦਾਇ ਵੱਲੋਂ ਸ਼ੁਰੂ ਕੀਤੇ ਜਾ ਰਹੇ ਸਨ। ਸਿੰਘ ਸਭਾ ਲਹਿਰ ਤੇ ਚੀਫ਼ ਖ਼ਾਲਸਾ ਦੀਵਾਨ ਵੱਲੋਂ ਖ਼ਾਲਸਾ ਐਡਵੋਕੇਟ ਤੇ ਖ਼ਾਲਸਾ ਸਮਾਚਾਰ ਤੇ ਨਿਰਗੁਣਿਆਰਾ ਵਰਗੇ ਸਪਤਾਹਿਕ ਅਖ਼ਬਾਰ ਵੀ ਕੱਢੇ ਗਏ ਸਨ। ਭਾਈ ਵੀਰ ਸਿੰਘ ਦੇ ਨਾਵਲ ਸੁੰਦਰੀ (1897), ਬਿਜੈ ਸਿੰਘ (1898), ਸਤਵੰਤ ਕੌਰ (1899) ਅਤੇ ਬਾਬਾ ਨੌਧ ਸਿੰਘ (1917) ਈਸਾਈ ਮਿਸ਼ਨਰੀਆਂ ਦੇ ਪ੍ਰਚਾਰ ਦਾ ਪ੍ਰਤਿ-ਉੱਤਰ ਹੀ ਸਨ। ਭਾਈ ਵੀਰ ਸਿੰਘ ਨੇ ਆਪਣੇ ਨਾਵਲਾਂ 'ਚ ਸਿੱਖ ਔਰਤਾਂ, ਸਿੱਖ ਜਥੇਦਾਰਾਂ ਅਤੇ ਸਿੱਖ ਬਜ਼ੁਰਗਾਂ ਨੂੰ ਆਪਣੀ ਇੱਕ ਸ਼ਾਨਦਾਰ ਵਿਰਾਸਤ ਵਜੋਂ ਪੇਸ਼ ਕੀਤਾ ਹੈ। ਸੁੰਦਰੀ ਨਾਵਲ ਪੜ੍ਹ ਕੇ ਹੀ ਨਾਨਕ ਚੰਦ ਸਿੱਖੀ ਵਿੱਚ ਸ਼ਾਮਿਲ ਹੋ ਕੇ ਮਾਸਟਰ ਤਾਰਾ ਸਿੰਘ ਵਜੋਂ ਪ੍ਰਸਿੱਧ ਹੁੰਦਾ ਹੈ। ਈਸਾਈਅਤ ਦੇ ਪ੍ਰਚਾਰ ਵਾਲਿਆਂ ਰਚਨਾਵਾਂ ਦੇ ਸਮਾਨਾਂਤਰ ਹੋਰਨਾਂ ਸਿੱਖ ਵਿਦਵਾਨਾਂ ਦੇ ਨਾਲ-ਨਾਲ ਭਾਈ ਵੀਰ ਸਿੰਘ ਨੇ ਵੱਡਾ ਸਾਹਿਤਕ ਪਿੜ ਤਿਆਰ ਕੀਤਾ। ਭਾਈ ਵੀਰ ਸਿੰਘ ਨੇ ਆਪਣੀ ਸਾਹਿਤਕਾਰੀ ਨਾਲ ਸਿੱਖ ਇਤਿਹਾਸ, ਸਿੱਖ ਨਾਇਕਾਂ, ਸਿੱਖ ਇਸਤਰੀਆਂ ਤੇ ਸਿੱਖ ਪਰੰਪਰਾਵਾਂ ਦੀ ਉਸਤਤਿ ਸੰਬੰਧੀ ਇੱਕ ਵੱਡੀ ਲਹਿਰ ਪੈਦਾ ਕੀਤੀ। ਸਿੱਖ ਮਸਲਿਆਂ ਨੂੰ ਬਿਨਾਂ ਕਿਸੇ ਤਿੱਖੀ ਸੁਰ ਦੇ ਆਪਣੇ ਬਚਾਅ ਪੱਖ ਤੋਂ ਸਿੱਖ ਪੱਤਰਕਾਰੀ ਤੇ ਸਿੱਖ ਸਾਹਿਤ ਵਿਚ ਪੇਸ਼ ਕੀਤਾ ਜਾ ਰਿਹਾ ਸੀ। ਸਿੰਘ ਸਭਾ ਲਹਿਰ ਤੇ ਚੀਫ਼ ਖ਼ਾਲਸਾ ਦੀਵਾਨ ਨਾਲ ਹੀ ਸਾਡੇ ਖ਼ਾਲਸਾ ਵਿਦਿਅਕ ਅਦਾਰਿਆਂ ਦਾ ਮੁੱਢ ਬੱਝਦਾ ਹੈ। ਇਸ ਦੀ ਪ੍ਰਤੀਨਿਧ ਮਿਸਾਲ ਖ਼ਾਲਸਾ ਕਾਲਜ ਸਕੂਲ ਤੇ ਖ਼ਾਲਸਾ ਕਾਲਜ ਅੰਮ੍ਰਿਤਸਰ (1892) ਹੈ। ਅਜਿਹੇ ਸਕੂਲ ਪੂਰੇ ਪੰਜਾਬ ਵਿੱਚ ਕਈ ਦਰਜਨਾਂ ਦੀ ਗਿਣਤੀ ਵਿਚ ਸਥਾਪਿਤ ਹੋਏ। ਇਨ੍ਹਾਂ ਸਕੂਲਾਂ/ਕਾਲਜਾਂ ਦਾ ਮਹੱਤਵ ਵੀ ਦੋਹਰੀ ਕਿਸਮ ਦਾ ਸੀ। ਇੱਕ ਪਾਸੇ ਇਹ ਵਿੱਦਿਅਕ ਸੰਸਥਾਵਾਂ ਆਧੁਨਿਕ ਵਿੱਦਿਆ ਨਾਲ ਨੌਕਰੀਆਂ ਦੇ ਪੱਖ ਤੋਂ ਕੌਮ ਨੂੰ ਨਵੇਂ ਯੁੱਗ ਦੇ ਹਾਣੀ ਬਣਾ ਰਹੀਆਂ ਸਨ, ਦੂਜੇ ਪਾਸੇ ਇਹ ਆਪਣੇ ਧਰਮ, ਇਤਿਹਾਸ ਤੇ ਭਾਸ਼ਾ ਦੀ ਜਾਗ੍ਰਿਤੀ ਲਈ ਵੱਡੀ ਮੁਹਿੰਮ ਦਾ ਸਾਧਨ ਬਣੀਆਂ ਸਨ। ਇਨ੍ਹਾਂ ਵਿਦਿਅਕ ਸੰਸਥਾਵਾਂ ਤੋਂ ਆਈ ਜਾਗ੍ਰਿਤੀ ਨਾਲ ਅਸੀਂ ਸਿੱਖੀ ਦੇ ਪ੍ਰਚਾਰ ਤੇ ਪਾਸਾਰ ਦੇ ਰਸਤੇ ਚਲਦੇ ਹੋਏ ਆਪਣੇ ਧਰਮ-ਅਸਥਾਨਾਂ ਦੇ ਸੁਧਾਰ ਦੀ ਸਾਂਭ-ਸੰਭਾਲ ਤੇ ਫਿਰ ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਵੱਡੀ ਪੱਧਰ 'ਤੇ ਸਰਗਰਮ ਹੋਏ। ਅੰਗਰੇਜ਼ੀ ਰਾਜ ਦੌਰਾਨ ਸ਼ੁਰੂ ਵਿੱਚ ਬਾਰਾਂ ਆਬਾਦ ਹੋਣ ਤੇ ਪਾਣੀ ਦੀ ਨਵੀਂ ਨਹਿਰੀ ਪ੍ਰਣਾਲੀ ਨਾਲ ਪੰਜਾਬ ਵਿੱਚ ਆਮਦਨ ਵਧੀ ਸੀ। 1870 ਵਿੱਚ ਦਸ ਰੁਪਏ ਕਿੱਲਾ ਵਾਲੀ ਜ਼ਮੀਨ 1890 ਵਿੱਚ ਸੌ ਰੁਪਏ ਕਿੱਲਾ ਹੋ ਗਈ ਸੀ। ਇਸ ਖ਼ੁਸ਼ਹਾਲੀ ਨਾਲ ਧਾਰਮਿਕ ਅਸਥਾਨਾਂ ਵਿੱਚ ਵੀ ਚੜ੍ਹਾਵੇ ਦੀ ਰਾਸ਼ੀ ਵਧ ਗਈ ਸੀ। ਅੰਗਰੇਜ਼ੀ ਰਾਜ ਅਧੀਨ ਕੁਰਪੱਟ ਮਹੰਤ ਤੇ ਪੁਜਾਰੀ ਸਿੱਖ ਧਾਰਮਿਕ ਸਥਾਨਾਂ ਉੱਤੇ ਕਾਬਜ਼ ਹੋ ਚੁੱਕੇ ਸਨ। ਗੁਰਦੁਆਰਿਆਂ ਨਾਲ ਵੱਡੀ ਆਮਦਨ ਤੇ ਤਾਕਤ ਜੁੜੀ ਹੋਈ ਸੀ। ਇਸ ਕਰਕੇ ਅੰਗਰੇਜ਼ ਸਰਕਾਰ ਪੁਜਾਰੀਆਂ ਦੀ ਪਿੱਠ ਉੱਤੇ ਸੀ। ਪਰ ਇਨ੍ਹਾਂ ਪੁਜਾਰੀਆਂ ਦਾ ਵਤੀਰਾ ਸਿੱਖੀ ਦੇ ਮੂਲ ਸਿਧਾਂਤਾਂ ਤੋਂ ਵੱਖਰਾ ਸੀ। ਇਹ ਅੱਯਾਸ਼ ਵੀ ਸਨ ਤੇ ਮਨਮਤੀਏ ਵੀ। ਅਜਿਹੇ ਵਿਹਾਰ ਤਹਿਤ ਹੀ ਇਨ੍ਹਾਂ ਨੇ ਦਲਿਤ ਸ਼੍ਰੇਣੀਆਂ ਦੀ ਖ਼ਾਲਸਾ ਬਿਰਾਦਰੀ ਨੂੰ ਸ੍ਰੀ ਹਰਿਮੰਦਰ ਸਾਹਿਬ ਵਿੱਚ ਦਾਖ਼ਲ ਹੋਣ ਤੋਂ ਰੋਕ ਦਿੱਤਾ ਸੀ। ਇਸ ਬਿਰਾਦਰੀ ਨੂੰ ਸਿੰਘ ਸਭਾ ਲਹਿਰ ਤੇ ਚੀਫ਼ ਖ਼ਾਲਸਾ ਦੀਵਾਨ ਦੇ ਕੁਝ ਸਿਆਣਿਆਂ ਦੀ ਹਮਾਇਤ ਹਾਸਿਲ ਸੀ। ਇਹ ਬਿਰਾਦਰੀ ਸੰਗਤੀ ਰੂਪ ਵਿੱਚ 12 ਅਕਤੂਬਰ ਨੂੰ ਜਲ੍ਹਿਆਂ ਵਾਲੇ ਬਾਗ ਵਿੱਚ ਕੀਤੀ ਗਈ ਵਿਚਾਰ-ਚਰਚਾ ਤੋਂ ਬਾਅਦ ਦਰਬਾਰ ਸਾਹਿਬ ਵਿਖੇ ਕੜਾਹ-ਪ੍ਰਸ਼ਾਦਿ ਦੀ ਦੇਗ ਕਰਾਉਣ ਲਈ ਰਵਾਨਾ ਹੋਈ ਸੀ। ਇਨ੍ਹਾਂ ਦੇ ਜਥੇ ਵਿੱਚ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਤਿੰਨ ਪ੍ਰੋਫ਼ੈਸਰ (ਪ੍ਰੋ. ਤੇਜਾ ਸਿੰਘ, ਪ੍ਰੋ. ਬਾਵਾ ਹਰਕ੍ਰਿਸ਼ਨ ਸਿੰਘ ਤੇ ਪ੍ਰੋ. ਨਰਿੰਜਨ ਸਿੰਘ) ਅਤੇ ਕੁਝ ਵਿਦਿਆਰਥੀ ਵੀ ਸ਼ਾਮਿਲ ਸਨ। ਪਰ ਹਰਿਮੰਦਰ ਸਾਹਿਬ ਵਿਚ ਭਾਈ ਗੁਰਬਚਨ ਸਿੰਘ ਨਾਂ ਦੇ ਪੁਜਾਰੀ ਨੇ ਕੜਾਹ-ਪ੍ਰਸ਼ਾਦਿ ਦੀ ਦੇਗ ਚੜ੍ਹਾਉਣ ਤੇ ਅਰਦਾਸ ਕਰਨ ਤੋਂ ਨਾਂਹ ਕਰ ਦਿੱਤੀ ਸੀ। ਕੁਝ ਹੋਰ ਧੜੱਲੇਦਾਰ ਸਿੱਖ ਸਿਆਣਿਆਂ ਦੀ ਹਮਾਇਤ ਅਤੇ ਇਨ੍ਹਾਂ ਤਿੰਨਾਂ ਪ੍ਰੋਫ਼ੈਸਰ ਸਾਹਿਬਾਨ ਦੀ ਸਿੱਖੀ ਸੰਬੰਧੀ ਸੂਝ ਭਰੀ ਵਿਆਖਿਆ ਨੇ ਪੁਜਾਰੀ ਨੂੰ ਨਿਰ-ਉੱਤਰ ਕਰ ਦਿੱਤਾ। ਇਸ ਕਾਰਨ ਹਰਿਮੰਦਰ ਸਾਹਿਬ ਦਾ ਪੁਜਾਰੀ ਖਿਸਕ ਗਿਆ। ਇਹੀ ਜਥਾ ਫਿਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚ ਗਿਆ ਸੀ। ਜਥੇ ਦੇ ਵੱਡੇ ਪ੍ਰਭਾਵ ਨੂੰ ਦੇਖ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਰਬਰਾਹ ਸ. ਅਰੂੜ ਸਿੰਘ ਵੀ ਅਲੋਪ ਹੋ ਗਿਆ। ਇਸ ਘਟਨਾ ਤੋਂ ਹੀ ਅੱਗੇ ਗੁਰਦੁਆਰਿਆਂ ਦੀ ਸਾਂਭ-ਸੰਭਾਲ ਲਈ ਗੁਰਦੁਆਰਾ ਸੁਧਾਰ ਲਹਿਰ (ਅਕਤੂਬਰ 1920) ਅਤੇ ਅਕਾਲੀ ਲਹਿਰ (ਨਵੰਬਰ 1920) ਦਾ ਆਰੰਭ ਹੁੰਦਾ ਹੈ। ਅਜਿਹੀ ਜਾਗ੍ਰਿਤੀ ਦੇ ਮੰਚ ਵਜੋਂ ਹੀ ਅੱਗੇ 'ਅਕਾਲੀ' ਨਾਂਅ ਦਾ ਅਖ਼ਬਾਰ (1920) ਆਰੰਭ ਹੋਇਆ। ਇਸ ਸ਼ਬਦ ਦਾ ਸੰਬੰਧ ਗੁਰੂ ਸਾਹਿਬ ਦੇ ਫਲਸਫ਼ੇ ਅਤੇ ਛੇਵੇਂ ਗੁਰੂ ਸਾਹਿਬਾਨ ਵਲੋਂ ਦਰਬਾਰ ਸਾਹਿਬ ਦੇ ਨਜ਼ਦੀਕ ਉਸਾਰੇ ਗਏ 'ਅਕਾਲ ਤਖ਼ਤ' ਸਾਹਿਬ ਨਾਲ ਜੁੜਦਾ ਹੈ। ਗੁਰਦੁਆਰਾ ਸੁਧਾਰ ਦੀ ਅਕਾਲੀ ਲਹਿਰ ਲਈ 'ਅਕਾਲੀ' ਸ਼ਬਦ ਬਹੁਤ ਢੁੱਕਵਾਂ ਤੇ ਪ੍ਰੇਰਕ ਸ਼ਕਤੀ ਸੀ। 'ਅਕਾਲੀ ਦਲ' ਦੇ ਹੋਂਦ ਵਿੱਚ ਆਉਣ ਨਾਲ ਹੀ ਸਿੱਖ ਸਿਆਸਤ ਦਾ ਨਵਾਂ ਯੁੱਗ ਸ਼ੁਰੂ ਹੋਇਆ। ਇਸ ਸੰਗਠਨ ਜਾਂ ਜਥੇਬੰਦੀ ਦੇ ਬਣਨ ਨਾਲ ਹੀ ਗੁਰਦੁਆਰਿਆਂ ਦੇ ਸੁਧਾਰ ਲਈ ਅਕਾਲੀ ਮੋਰਚਿਆਂ ਦਾ ਵਿਧੀਵਧ ਰੂਪ ਵਿੱਚ ਸ਼ਾਂਤਮਈ ਸੰਘਰਸ਼ ਆਰੰਭ ਹੋਇਆ।

ਸਿੰਘ ਸਭਾ ਲਹਿਰ ਤੇ ਚੀਫ਼ ਖ਼ਾਲਸਾ ਦੀਵਾਨ ਜਿਥੇ ਸ਼ਹਿਰੀ ਖੇਤਰ ਵਿੱਚ ਵਿੱਦਿਆ ਤੇ ਸਿੱਖੀ ਦੇ ਪ੍ਰਚਾਰ ਦਾ ਆਧਾਰ ਤੇ ਕਾਰਨ ਬਣੀਆਂ ਸਨ, ਉਥੇ ਫਿਰ ਸ਼੍ਰੋਮਣੀ ਅਕਾਲੀ ਦਲ ਨਾਲ ਅਕਾਲੀ ਲਹਿਰ ਕੁਰਬਾਨੀਆਂ ਤੇ ਸ਼ਹੀਦੀਆਂ ਦੁਆਰਾ ਗੁਰਦੁਆਰਾ ਪ੍ਰਬੰਧ ਦਾ ਵੱਡਾ ਹੱਕ ਹਾਸਲ ਕਰਨ ਵਿੱਚ ਕਾਮਯਾਬ ਹੋਈ ਸੀ। ਅਕਾਲੀ ਦਲ ਵੱਲੋਂ ਕੀਤੇ ਸੰਘਰਸ਼ ਦੇ ਸਿੱਟੇ ਵਜੋਂ ਹੀ ਮੈਲਕਮ ਹੈਲੀ (ਗਵਰਨਰ ਪੰਜਾਬ) ਨੇ 09 ਜੁਲਾਈ 1925 ਨੂੰ ਪੰਜਾਬ ਕੌਂਸਲ ਵਿੱਚ ਗੁਰਦੁਆਰਾ ਐਕਟ ਪਾਸ ਕੀਤਾ। ਇਸ ਦੇ ਨਾਲ ਹੀ ਅੱਗੇ 13 ਸਤੰਬਰ 1926 ਨੂੰ ਅਕਾਲੀ ਦਲ ਨੂੰ ਕਾਨੂੰਨ ਵਿਰੋਧੀ ਜਮਾਤ ਮੰਨਣ ਵਾਲਾ ਸਰਕਾਰੀ ਹੁਕਮ ਵਾਪਸ ਹੋ ਗਿਆ ਸੀ। ਇਹ ਪ੍ਰਾਪਤੀ ਅਨੇਕਾਂ ਸ਼ਹੀਦੀਆਂ, ਜੇਲ੍ਹ ਸਜ਼ਾਵਾਂ ਤੇ ਨੌਕਰੀਆਂ ਤੋਂ ਬਰਖ਼ਾਸਤ ਹੋਣ ਵਰਗੀਆਂ ਕੁਰਬਾਨੀਆਂ ਦੇ ਸਿੱਟੇ ਵਜੋਂ ਸੀ। ਅਕਾਲੀ ਦਲ ਦਾ ਅਜਿਹਾ ਸੰਘਰਸ਼ ਕਿਸੇ ਖਲਾਅ ਦੇ ਓਪਰੇ ਰੂਪ ਵਿਚੋਂ ਨਹੀਂ, ਬਲਕਿ ਆਪਣੀ ਗੌਰਵਸ਼ੀਲ ਸਿੱਖ ਵਿਰਾਸਤ ਵਿਚੋਂ ਉਪਜਿਆ ਸੀ। ਸਿੱਖਾਂ ਲਈ ਗੁਰੂ ਸਾਹਿਬਾਨ ਤੋਂ ਬਾਅਦ ਬਾਣੀ ਗੁਰੂ-ਰੂਪ ਹੈ ਤੇ ਗੁਰਦੁਆਰੇ ਗੁਰੂ-ਘਰ। ਅਕਾਲੀ ਦਲ ਦਾ ਗੁਰਮਤਿ ਤੇ ਪੰਥਕ ਪਿਆਰ ਆਪਣੇ ਸਮਿਆਂ ਵਿੱਚ ਆਪਣੇ ਸਰਬ ਸਾਂਝੇ ਸਮੂਹਿਕ ਹਿੱਤਾਂ ਤੋਂ ਪ੍ਰੇਰਿਤ ਸੀ। ਇਸ ਵਿੱਚ ਨਿੱਜੀ ਸਵਾਰਥ ਨੂੰ ਕੋਈ ਥਾਂ ਨਹੀਂ ਸੀ। ਅਕਾਲੀ ਦਲ ਨੇ ਆਪਣੇ ਮੋਰਚਿਆਂ ਦੌਰਾਨ ਆਪਣੀਆਂ ਪੰਥਕ ਰਵਾਇਤਾਂ ਦੀ ਹੀ ਪ੍ਰਜਨ ਜਾਗ੍ਰਿਤੀ ਕੀਤੀ ਸੀ। ਉਨ੍ਹੀਵੀਂ ਸਦੀ ਦੇ ਅਖ਼ੀਰ ਤੇ ਵੀਹਵੀਂ ਸਦੀ ਦੇ ਆਰੰਭ ਨੂੰ ਵੱਡਾ ਸੰਕ੍ਰਾਂਤੀ/ਜਾਗ੍ਰਿਤੀ/ਤਬਦੀਲੀ ਕਾਲ ਮੰਨਿਆ ਜਾਂਦਾ ਹੈ। ਇਨ੍ਹਾਂ ਸਾਰੀਆਂ ਲਹਿਰਾਂ ਦੀ ਰੂਹੇ-ਰਵਾਂ ਸਿੰਘ ਸਭਾ ਲਹਿਰ ਹੀ ਸੀ। ਇਸ ਤਰ੍ਹਾਂ ਸਿੰਘ ਸਭਾ ਲਹਿਰ ਨੂੰ ਇੱਕ ਤਰ੍ਹਾਂ ਨਾਲ ਮਾਂ ਲਹਿਰ ਹੋਣ ਦਾ ਰੁਤਬਾ ਹਾਸਿਲ ਹੈ। ਉਨ੍ਹੀਵੀਂ ਸਦੀ ਵਿੱਚ ਆਏ ਅੰਗਰੇਜ਼ੀ ਰਾਜ ਦੌਰਾਨ ਸਿੱਖਾਂ ਨੂੰ ਚੇਤਨ ਤੇ ਲਾਮਬੰਦ ਕਰਨ ਵਾਲੀ ਪਹਿਲੀ ਵੱਡੀ ਤੇ ਪ੍ਰਭਾਵੀ ਲਹਿਰ ਸਿੰਘ ਸਭਾ ਹੀ ਸੀ। ਇਸ ਲਹਿਰ ਦੇ ਸਿੱਟੇ ਵਜੋਂ ਆਈ ਵਿਦਿਅਕ ਜਾਗ੍ਰਿਤੀ ਦੀਆਂ ਫਿਰ ਆਪਣੀਆਂ ਬਰਕਤਾਂ ਸਨ। ਸਿੰਘ ਸਭਾ ਲਹਿਰ ਦੁਆਰਾ ਜਾਗਰਤੀ ਦੇ ਉਸਾਰੇ ਮਹਿਲ ਸਦਕਾ ਹੀ ਸਿੱਖਾਂ ਨੇ ਸ਼ਾਂਤਮਈ ਤਰੀਕੇ ਨਾਲ ਸ਼ਾਨਮੱਤੀਆਂ ਪ੍ਰਾਪਤੀਆਂ ਕੀਤੀਆਂ ਸਨ। ਸਾਡੇ ਇਤਿਹਾਸ ਵਿੱਚ ਇੱਕ ਪਾਸੇ 1857 ਦਾ ਵਿਦਰੋਹ, ਕੂਕਾ ਲਹਿਰ (1872), ਗ਼ਦਰ ਲਹਿਰ (1914), ਬੱਬਰ ਅਕਾਲੀ ਲਹਿਰ, ਨਕਸਲਬਾੜੀ ਲਹਿਰ (1971) ਅਤੇ ਖਾੜਕੂ ਲਹਿਰ (1980) ਵਗੈਰਾ ਹਥਿਆਰਬੰਦ ਲਹਿਰਾਂ ਹਨ। ਦੂਜੇ ਪਾਸੇ ਸਿੰਘ ਸਭਾ ਲਹਿਰ (1873), ਗੁਰਦੁਆਰਾ ਸੁਧਾਰ ਲਹਿਰ ਤੇ ਅਕਾਲੀ ਲਹਿਰ (1920) ਹੈ। ਇਨ੍ਹਾਂ ਦੋ ਵੱਖ-ਵੱਖ ਵਿਚਾਰਧਾਰਾਈ ਧਿਰਾਂ ਦੀਆਂ ਪ੍ਰਾਪਤੀਆਂ ਦਾ ਜਦ ਕਦੀ ਤੱਕੜੀ ਤੋਲ ਹੋਵੇਗਾ ਤਾਂ ਅਵੱਸ਼ ਹੀ ਸ਼ਾਂਤਮਈ ਪ੍ਰਚਾਰ ਵਾਲੇ ਸੰਗਠਨਾਂ ਤੇ ਸ਼ਾਂਤਮਈ ਸੰਘਰਸ਼/ਅੰਦੋਲਨ ਨਾਲ ਜੁੜੀਆਂ ਲਹਿਰਾਂ ਦੀਆਂ ਪ੍ਰਾਪਤੀਆਂ ਦਾ ਪੱਲੜਾ ਭਾਰਾ ਤੇ ਗੌਰਵਮਈ ਨਜ਼ਰ ਆਵੇਗਾ। ਸਾਨੂੰ ਭਵਿੱਖ ਵਿੱਚ ਅਜਿਹੀ ਪ੍ਰਾਪਤੀਆਂ ਵਾਲੀ ਗੌਰਵਸ਼ਾਲੀ ਵਿਰਾਸਤ ਤੋਂ ਸਿੱਖਣ ਤੇ ਸਮਝਣ ਦੀ ਲੋੜ ਹੈ। ਇਹੀ ਸ਼ਤਾਬਦੀ ਸਮਾਰੋਹ ਪ੍ਰਤੀ ਸਾਡੀ ਸੱਚੀ ਸ਼ਰਧਾਂਜਲੀ ਹੋਵੇਗੀ।

***

## ਸ਼ਾਂਤੀ, ਪ੍ਰੇਮ ਅਤੇ ਕੁਦਰਤੀ

ਉਸ ਦੀ ਸਾਂਝੀ ਤਕਦੀਰ ਦਾ ਬਿਆਨ ਪੜ੍ਹੋ--ਇੱਕ ਗੋਰਾ ਵਿਅਕਤੀ ਜਿਸ ਦਾ ਰੱਬ ਉਸ ਨਾਲ ਦੋਸਤਾਂ ਵਾਂਗ ਤੁਰਦਾ ਹੈ ਅਤੇ ਦੋਸਤਾਂ ਵਾਂਗ ਗੱਲ ਕਰਦਾ ਹੈ, ਸਾਂਝੀ ਤਕਦੀਰ ਤੋਂ ਬਚ ਨਹੀਂ ਸਕਦਾ। ਆਖ਼ਰ ਅਸੀਂ ਸਾਰੇ ਹੀ ਭਰਾ ਹੋ ਸਕਦੇ ਹਾਂ। ਇੱਕ ਗੱਲ ਪੱਕੀ ਜੋ ਸਾਨੂੰ ਪਤਾ ਹੈ ਅਤੇ ਇੱਕ ਦਿਨ ਗੋਰਾ ਮਨੁੱਖ ਵੀ ਜਾਣ ਜਾਏਗਾ, ਉਹ ਇਹ ਹੈ ਕਿ ਸਾਡਾ ਰੱਬ ਵੀ ਓਹੀ ਹੈ, ਉਨ੍ਹਾਂ ਵਾਲਾ ਹੀ। ਕਿਉਂਕਿ ਤੁਸੀਂ ਸਾਡੀ ਜ਼ਮੀਨ ਲੈਣ ਦੀ ਇੱਛਾ ਰੱਖਦੇ ਹੋ, ਪਰ ਇਸ ਤਰ੍ਹਾਂ ਨਹੀਂ ਹੋ ਸਕਦਾ।

ਰੱਬ ਦਾ ਪਿਆਰ ਗੋਰੇ ਨਾਲ ਅਤੇ ਲਾਲ ਆਦਮੀ ਨਾਲ ਇੱਕੋ ਜਿਹਾ ਹੈ। ਉਸ ਲਈ ਇਸ ਧਰਤ ਦੀ ਬਹੁਤ ਕੀਮਤ ਅਤੇ ਮਹੱਤਤਾ ਹੈ। ਧਰਤ ਨੂੰ ਜ਼ਰਾ ਜਿੰਨਾ ਵੀ ਖ਼ਰਾਬ ਕਰਨਾ ਉਸਦੇ ਹੁਕਮ ਦੀ ਹੁਕਮ ਅਦੂਲੀ ਹੈ। ਗੋਰੇ ਵੀ ਇੱਕ ਦਿਨ ਮਰ ਜਾਣਗੇ, ਸ਼ਾਇਦ ਕਬੀਲਿਆਂ ਨਾਲੋਂ ਵੀ ਛੇਤੀ ਹੀ।

ਪਰ ਯਾਦ ਰੱਖਿਓ, ਆਪਣੇ ਰਹਿਣ ਦੀ ਥਾਂ ਨੂੰ ਦੂਸ਼ਿਤ ਕਰੋਗੇ ਤਾਂ ਇੱਕ ਦਿਨ ਆਪਣੇ ਹੀ ਰਹਿੰਦ-ਖੂੰਹਦ ਦੀ ਸੜ੍ਹਾਂਦ ਨਾਲ ਮਰ ਜਾਓਗੇ। ਪਰ ਤੁਹਾਡੇ ਖ਼ਾਕ ਹੋਣ ਸਮੇਂ ਤੁਸੀਂ ਪਰਮਾਤਮਾ ਦੀ ਤਾਕਤ ਨਾਲ ਚਮਕਣ ਲੱਗੋਗੇ ਜਿਸ ਨੇ ਤੁਹਾਨੂੰ ਜ਼ਮੀਨ ਦਿਵਾਈ ਹੈ ਅਤੇ ਕਿਸੇ ਖਾਸ ਕਾਰਨ ਕਰਕੇ ਇਸ ਜ਼ਮੀਨ ਉੱਪਰ ਅਤੇ ਲਾਲ ਆਦਮੀਆਂ ਉੱਪਰ ਅਧਿਕਾਰ ਦਿੱਤਾ ਹੈ। ਇਹਨਾਂ ਸ਼ਬਦਾਂ ਵਿਚੋਂ ਕੁਦਰਤ ਨਾਲ ਅਤੇ ਵਾਤਾਵਰਣ ਨਾਲ ਰੂਹ ਦਾ ਪਿਆਰ ਝਲਕਦਾ ਹੈ। ਜੇ ਹਰ ਮਨੁੱਖ ਆਪਣੇ ਕੁਦਰਤੀ ਵਸੀਲਿਆਂ ਨੂੰ ਇਸ ਇਸ਼ਕ ਦੀ ਇੰਤਹਾ ਤੱਕ ਚਾਹੁਣ ਲੱਗ ਜਾਵੇ, ਤਾਂ ਸਾਰੀ ਦੁਨੀਆਂ ਸਵਰਗ ਬਣ ਸਕਦੀ ਹੈ।

***

## ਨਿਰੰਤਰ ਬਦਲਦਾ ਸੱਭਿਆਚਾਰ

ਜਦੋਂ ਦੋਵੇਂ ਸੱਭਿਆਚਾਰ ਮਿਲ ਕੇ ਇੱਕ ਤੀਜੇ ਸੱਭਿਆਚਾਰ ਨੂੰ ਜਨਮ ਦਿੰਦੇ ਹਨ ਜਿਸ ਵਿੱਚ ਦੋਹਾਂ ਸੱਭਿਆਚਾਰਾਂ ਦੇ ਅੰਸ਼ ਪਾਏ ਜਾਂਦੇ ਹਨ ਅਤੇ ਜਿਸ ਦੀ ਆਪਣੀ ਨਿਵੇਕਲੀ ਹਸਤੀ ਵੀ ਹੁੰਦੀ ਹੈ। ਭਾਰਤ ਵਿਚਲੀ ਭਗਤੀ ਲਹਿਰ ਨੂੰ ਇਸ ਤਰ੍ਹਾਂ ਦੇ ਸੰਸਲਿਸ਼ਤ ਸੱਭਿਆਚਾਰ ਵੱਲ ਨੂੰ ਪਤਨ ਕਿਹਾ ਗਿਆ ਹੈ। ਉਡੀਕਦਿਆਂ ਉਡੀਕਦਿਆਂ ਅੰਤ ਨੂੰ ਸਾਰਾ ਸਮਾਂ ਕਿਸੇ ਦੇ ਪਿਆਰ ਵਿੱਚ ਡੁੱਬ ਜਾਂਦਾ ਹੈ। ਜੇ ਇਹੋ ਜਿਹੀਆਂ ਪ੍ਰਸਥਿਤੀਆਂ ਉੱਸਰਦੀਆਂ ਬਣਦੀਆਂ ਰਹਿਣ ਤਾਂ ਜੱਗ ਨੂੰ ਜਿਊਣਾ ਆ ਸਕਦਾ ਹੈ। ਲੜਾਈ ਝਗੜੇ ਕਿਤੇ ਨਹੀਂ ਦਿਸਣਗੇ। ਪਿਆਰ ਦੀਆਂ ਪੀਂਘਾਂ ਹਰ ਅੰਬਰ 'ਤੇ ਪਈਆਂ ਦਿਸਣਗੀਆਂ।

ਪੰਜਾਬ ਸਦਾ ਹੀ ਨਵਾਂ ਇਤਿਹਾਸ ਸਿਰਜਣ ਦਾ ਆਸ਼ਕ ਰਿਹਾ ਹੈ। ਨਵੇਂ ਸਫ਼ੇ ਲਿਖੇ ਵੀ ਜਾਣੇ ਚਾਹੀਦੇ ਹਨ। ਨਵੀਨਤਮਕਾਰੀ ਵਿੱਚ ਹੀ ਨਵੇਂ ਰਾਹ ਅਤੇ ਪੈੜਾਂ ਹੁੰਦੀਆਂ ਹਨ। ਉਹ ਤਾਂ ਉਡੀਕਦੇ ਰਹਿੰਦੇ ਹਨ ਤੂਫ਼ਾਨਾਂ ਨੂੰ ਤਾਂ ਕਿ ਬਾਹਾਂ ਦਾ ਜ਼ੋਰ ਇੱਕ ਵਾਰ ਫਿਰ ਪਰਖ ਲਿਆ ਜਾਵੇ। ਤਵਾਰੀਖ਼ ਤੇ ਜ਼ਿੰਦਗੀ ਨੇ ਪੰਜਾਬ ਨੂੰ ਕਈ ਸਬਕ ਸਿਖਾਏ ਹਨ। ਉਹ ਨਿਰੰਤਰ ਬਾਹਰੀ ਹਮਲਿਆਂ ਦਾ ਸ਼ਿਕਾਰ ਹੁੰਦਾ ਰਿਹਾ ਹੈ। ਪੰਜਾਬੀਆਂ ਨੇ ਟਿਕਾਓ ਵਾਲੀ ਜ਼ਿੰਦਗੀ ਜਿਊਣ ਤੋਂ ਸਦਾ ਹੀ ਇਨਕਾਰ ਕੀਤਾ ਹੈ ਜਾਂ ਕਹੋ ਕਿ ਉਹ ਆਰਾਮ ਨਾਲ ਟਿਕ ਕੇ ਬੈਠਣਾ ਹੀ ਨਹੀਂ ਜਾਣਦੇ ਤੇ ਇਨ੍ਹਾਂ ਦਾ ਦੂਜਾ ਰੁਝਾਨ ਬਹੁਤ ਉੱਚੀ ਉੱਚੀ ਪੁਕਾਰਨਾ ਤੇ ਲਲਕਾਰਨਾ ਹੈ। ਪੰਜਾਬੀਆਂ ਦਾ ਸੁਭਾਅ ਛੇਤੀ ਹੀ ਉਬਾਲਾ ਖਾਣ ਲੱਗ ਜਾਂਦਾ ਹੈ। ਫਿਰ ਨਹੀਂ ਇਹ ਕਾਬੂ ਆਉਂਦੇ ਜਿੰਨੇ ਮਰਜ਼ੀ ਇਨ੍ਹਾਂ ਨੂੰ ਕੰਟਰੋਲ ਕਰ ਲਓ। ਪੰਜਾਬੀਆਂ ਦਾ ਭਾਸ਼ਣ ਉੱਚਾ ਹੁੰਦਾ ਹੈ। ਸੰਗੀਤ ਤਿੱਖਾ ਜਿਹਾ ਉੱਚਾ ਅਤੇ ਤੇਜ਼। ਦਿਖਾਵਾ ਕਰਨ ਵਿੱਚ ਪੰਜਾਬੀਆਂ ਦੀ ਰੁਚੀ ਬਹੁਤ ਰਹਿੰਦੀ ਹੈ। ਨਿਰੰਤਰ ਦਬਾਅ ਅਤੇ ਕਲੇਸ਼ਾਂ ਵਿੱਚ ਪੰਜਾਬੀ ਸਮੂਹਿਕ ਅਵਚੇਤਨ ਦੀ ਇੱਕ ਅਨੋਖੀ ਮਿਸਾਲ ਹਨ। ਇੱਕ ਪੰਜਾਬੀ ਨਾਇਕ ਦਾ ਚਿਹਰਾ ਵੀ ਉਸ ਵਿਅਕਤੀ ਵਰਗਾ ਹੁੰਦਾ ਹੈ ਜੋ ਪੂਰੀ ਸਰਗਰਮੀ, ਤੀਬਰਤਾ ਅਤੇ ਜੋਸ਼ ਨਾਲ ਉਸ ਦੀਆਂ ਪੈੜਾਂ 'ਤੇ ਟੁਰਦਾ ਹੈ। ਪੰਜਾਬੀਆਂ ਦੇ ਨਾਇਕ ਹਨ ਗੁਰੂ ਸਾਹਿਬਾਨ, ਨਾਥ ਜੋਗੀ, ਯੋਧੇ ਆਸ਼ਕ ਅਤੇ ਪ੍ਰੇਮੀ। ਰਾਜਾ ਪੰਜਾਬੀ ਸੱਭਿਆਚਾਰ ਦਾ ਲੋਕ ਨਾਇਕ ਨਹੀਂ ਹੈ ਸਗੋਂ ਸ਼ਾਸਕ ਨਫ਼ਰਤ ਦਾ ਪਾਤਰ ਹੈ। ਪੰਜਾਬੀਆਂ ਨੇ ਸਦਾ ਪਾਤਸ਼ਾਹ ਦੀ ਤਾਕਤ ਅਤੇ ਸ਼ਾਨ ਦੀ ਬਜਾਏ, ਫ਼ਕੀਰ ਫ਼ੱਕਰ ਦੀ ਉੱਤਮਤਾ ਦਾ ਸਨਮਾਨ ਕੀਤਾ ਹੈ। ਇਹ ਉਹ ਧਰਤੀ ਹੈ ਜਿੱਥੇ ਫ਼ਕੀਰ ਰਾਜੇ ਨੂੰ ਵੀ ਸਾਹਮਣੇ ਖੜ੍ਹ ਕੇ ਸੂਰਜ ਛੱਡਣ ਲਈ ਨਿਡਰ ਹੋ ਕੇ ਆਖਦੇ ਹਨ। ਪੰਜਾਬੀਆਂ ਨੇ ਰਾਜਾ ਦਰਵੇਸ਼ ਨੂੰ ਹੀ ਸਦਾ ਲੋਕ ਨਾਇਕ ਮੰਨਿਆ ਹੈ। ਪੰਜਾਬੀ ਮਿੱਟੀ ਜੀਵਨ ਤਿਆਗ ਦੇ ਫਲਸਫ਼ੇ ਨੂੰ ਅਸਵੀਕਾਰ ਕਰਦੀ ਹੈ। ਇਹ ਜੀਵਨ ਵਿੱਚ ਮਨੁੱਖੀ ਵਿਕਾਸ ਪੈਦਾ ਕਰਨ ਦੀ ਬੁੱਧੀ ਦੀ ਪੇਸ਼ਕਸ਼ ਕਰਦਾ ਹੈ। ਜ਼ਿੰਦਗੀ, ਮਨੁੱਖ ਅਤੇ ਸੰਸਾਰ ਵਿਚਲੇ ਵਿਸ਼ਵਾਸ ਸਦਕਾ ਪੰਜਾਬੀਆਂ ਦੀਆਂ ਸਾਰੀਆਂ ਗੱਲਾਂ, ਆਦਰਸ਼ ਅਤੇ ਇੱਛਾਵਾਂ ਮਨੁੱਖ ਕੇਂਦਰਿਤ ਹੋ ਗਈਆਂ ਹਨ। ਇਸੇ ਲਈ ਜ਼ਿੰਦਗੀ ਜਿਊਣ ਦੀ ਇੱਛਾ ਅਤੇ ਸ਼ਕਤੀ ਦਾ ਪੰਜਾਬੀ ਸੱਭਿਆਚਾਰ ਵਿੱਚ ਇੱਕ ਕੇਂਦਰੀ ਸਥਾਨ ਬਣ ਗਿਆ ਹੈ। ਸਿਰਤੋੜ ਮਿਹਨਤ ਸੰਘਰਸ਼ ਪੂਰੀ ਜ਼ਿੰਦਗੀ ਲਈ ਪੰਜਾਬੀਆਂ ਦਾ ਨਿਚੋੜ ਹੈ।

'ਖਾਧਾ ਪੀਤਾ ਲਾਹੇ ਦਾ' ਦੀ ਧਾਰਨਾ ਪੰਜਾਬੀ ਜੀਵਨ ਤਜਰਬੇ ਦੀ ਸੁਰਤਾਲ ਤੇ ਹਾਸਲ ਹੈ। ਪੰਜਾਬੀਆਂ ਦੇ ਪਹਿਰਾਵੇ, ਰਿਵਾਜ, ਸਜਾਵਟ ਅਤੇ ਲੋਕ ਗੀਤ ਪੰਜਾਬੀ ਸੱਭਿਆਚਾਰ ਦੀ ਰੰਗੀਨ ਤਸਵੀਰ ਚਿਤਰਦੇ ਹਨ। ਜ਼ਿੰਦਗੀ ਦੇ ਹਰ ਮੌਕੇ ਦੀਆਂ ਦਿਲਚਸਪ ਰਸਮਾਂ ਦੀ ਲੜੀ ਹਰ ਪੰਜਾਬੀ ਅਤੇ ਇਸ ਦੇ ਭਾਈਚਾਰੇ ਨੂੰ ਕਾਇਮ ਕਰਕੇ ਰੱਖਦੀ, ਉਸਾਰਦੀ ਅਤੇ ਨਵੀਆਂ ਪੈੜਾਂ ਲੱਭਦੀ ਰਹਿੰਦੀ ਹੈ।

***

## ਅਕਾਲ ਤਖ਼ਤ ਦੇ ਜਥੇਦਾਰ ਪੰਥਕ ਮਾਨਸਿਕਤਾ

ਟੌਹੜੇ 'ਤੇ ਦੋਸ਼ ਸੀ ਕਿ ਉਹ ਚੰਦੂਮਾਜਰੇ ਲਈ ਨਿਰੰਕਾਰੀਆਂ ਕੋਲੋਂ ਵੋਟਾਂ ਮੰਗਣ ਗਿਆ ਸੀ। ਉਸ ਮੀਟਿੰਗ ਵਿੱਚ ਟੌਹੜੇ ਨਾਲ ਕਈ ਹੋਰ ਸਿੱਖ ਵੀ ਹੋਣਗੇ ਪਰ ਰਾਜਨੀਤਕ ਤੌਰ 'ਤੇ ਨਿਸ਼ਾਨਾ ਕੇਵਲ ਟੌਹੜੇ ਨੂੰ ਬਣਾਇਆ ਗਿਆ। ਗੱਲ ਸਪਸ਼ਟ ਹੈ, ਇਸ ਹੁਕਮਨਾਮੇ ਦੀ ਆੜ ਲੈ ਕੇ ਸਿਆਸੀ ਵਿਰੋਧੀਆਂ ਦਾ ਸਿਆਸੀ ਨੁਕਸਾਨ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਗੱਲ ਸਾਫ ਹੈ, ਨਿਸ਼ਾਨਾ ਬਣਾਉਣ ਵਾਲਿਆਂ ਦਾ ਮਨੋਰਥ ਧਾਰਮਿਕ ਨਹੀਂ, ਸਗੋਂ ਸਿਆਸੀ ਹੁੰਦਾ ਹੈ। ਇਹ ਖ਼ੁੱਜਲ ਹੋਣ ਲਈ ਆਪ ਸਹੇੜੀ ਮੁਸੀਬਤ ਵਾਂਗ ਹੈ, ਇਸ ਦਾ ਕੋਈ ਰਾਹ ਲੱਭਣਾ ਚਾਹੀਦਾ ਹੈ। ਹੁਣ ਜਦੋਂ ਅਕਾਲ ਤਖਤ ਬਾਰੇ ਵਿਚਾਰ ਚਰਚਾ ਦੀ ਹਨੇਰੀ ਝੁੱਲੀ ਹੋਈ ਹੈ ਤਾਂ ਇਸ ਸਵਾਲ ਬਾਰੇ ਵੀ ਵਿਚਾਰ ਚਰਚਾ ਹੋ ਜਾਏ ਤਾਂ ਚੰਗੀ ਗੱਲ ਹੋਏਗੀ।

***

## ਮੋਦੀ ਸਰਕਾਰ ਨੇ ਬਜਟ 'ਚ ਸਿਹਤ ਦੇ ਖੇਤਰ

ਕਾਰਪੋਰੇਟ ਸੈਕਟਰ ਵੱਡੇ ਪੱਧਰ 'ਤੇ ਡਾਇਗਨੌਸਟਿਕਸ (ਟੈਸਟ) 'ਚ ਦਾਖਲ ਹੋਇਆ ਹੈ। ਭਾਰਤ 'ਚ ਡਾਇਗਨੌਸਟਿਕਸ ਉਦਯੋਗ ਦੀ ਕੀਮਤ ਇਸ ਵੇਲੇ 4 ਬਿਲੀਅਨ ਡਾਲਰ ਹੈ। ਸੰਗਠਿਤ ਖੇਤਰ ਦਾ ਹਿੱਸਾ ਇਸ ਹਿੱਸੇ 'ਚ ਲਗਭਗ 25 ਫ਼ੀਸਦੀ ਹੈ (15 ਫ਼ੀਸਦੀ ਲੈਬਾਂ 'ਚ ਅਤੇ 10 ਫ਼ੀਸਦੀ ਰੇਡੀਓਲੋਜੀ 'ਚ)। ਭਾਰਤ 'ਚ ਹਸਪਤਾਲ ਉਦਯੋਗ, ਕੁੱਲ ਹੈਲਥਕੇਅਰ ਮਾਰਕੀਟ ਦਾ 80 ਫ਼ੀਸਦੀ ਹਿੱਸਾ ਹਨ। ਵਿਦੇਸ਼ੀ ਤੇ ਘਰੇਲੂ ਨਿਵੇਸ਼ਕ ਇਸ ਖੇਤਰ 'ਚ ਵੱਡੀ ਪੱਧਰ 'ਤੇ ਨਿਵੇਸ਼ ਕਰਨ ਲੱਗੇ ਹੋਏ ਹਨ। ਸੇਵਾ ਖੇਤਰ ਅਤੇ ਸਰਕਾਰ ਦੀ ਜ਼ਿੰਮੇਵਾਰੀ ਵਜੋਂ ਸਿਹਤ ਸੰਭਾਲ ਦਾ ਪੂਰਾ ਸੰਕਲਪ ਬਦਲ ਗਿਆ ਹੈ। ਇਹ ਬਜਟ 'ਚ ਹੀ ਝਲਕਦਾ ਹੈ। ਸਿਹਤ 'ਤੇ ਪ੍ਰਤੀ ਵਿਅਕਤੀ ਜਨਤਕ ਖਰਚ ਭਾਰਤ 'ਚ ਬ੍ਰਿਕਸ ਦੇਸ਼ਾਂ ਵਿਚੋਂ ਸਭ ਤੋਂ ਘੱਟ ਹੈ, ਜਿਸ 'ਚ ਰੂਸ 61.25 ਫ਼ੀਸਦੀ, ਚੀਨ 55.64 ਫ਼ੀਸਦੀ, ਦੱਖਣੀ ਅਫ਼ਰੀਕਾ 48.08 ਫ਼ੀਸਦੀ, ਬ੍ਰਾਜ਼ੀਲ 40.24 ਫ਼ੀਸਦੀ ਅਤੇ ਅੰਤ 'ਚ ਭਾਰਤ 33.76 ਫ਼ੀਸਦੀ ਹੈ। ਹੁਣ ਸਮਾਂ ਆ ਗਿਆ ਹੈ ਕਿ ਨਾਗਰਿਕਾਂ ਦੀ ਸਿਹਤ ਸੰਭਾਲ ਪ੍ਰਤੀ ਸਰਕਾਰ ਦੀ ਸਮੁੱਚੀ ਪਹੁੰਚ ਦੀ ਸਮੀਖਿਆ ਕੀਤੀ ਜਾਵੇ। ਬੀਮਾ ਆਧਾਰਿਤ ਸਿਹਤ ਸੰਭਾਲ 'ਤੇ ਮੌਜੂਦਾ ਜ਼ੋਰ ਲੋਕਾਂ ਦੇ ਪੈਸੇ ਨੂੰ ਨਿੱਜੀ ਸਮੂਹਾਂ ਤੱਕ ਪਹੁੰਚ ਰਿਹਾ ਹੈ। ਸਮਾਜਿਕ ਆਰਥਿਕ ਸਥਿਤੀ ਦੀ ਪਰਵਾਹ ਕੀਤੇ ਬਿਨਾਂ ਹਰੇਕ ਵਿਅਕਤੀ ਅਤੇ ਸਮਾਜ ਦੀ ਲੋੜ ਅਨੁਸਾਰ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੀ ਜ਼ਿੰਮੇਵਾਰੀ ਸਰਕਾਰ ਦੀ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com